ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Thursday, 1 May, 2025) ਪਟਿਆਲਾ ਵੀਰਵਾਰ, 1 ਮਈ, 2025, 19 ਵੈਸਾਖ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 119 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ

ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

## ਪੰਜਾਬ 'ਚ ਅੱਜ ਸਰਕਾਰੀ ਛੁੱਟੀ ਦਾ ਐਲਾਨ

ਚੰਡੀਗੜ੍ਹ, 30 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਪੰਜਾਬ ਸਰਕਾਰ ਵੱਲੋਂ ਭਲਕੇ ਯਾਨੀ 1 ਮਈ ਦਿਨ ਵੀਰਵਾਰ ਨੂੰ ਛੁੱਟੀ ਦਾ ਐਲਾਨ ਕੀਤਾ ਹੈ। ਸੂਬਾ ਸਰਕਾਰ ਨੇ ਇਸ ਦਿਨ ਲੇਬਰ ਡੇਅ ਦੇ ਮੱਦੇਨਜ਼ਰ ਛੁੱਟੀ ਦਾ ਐਲਾਨ ਕੀਤਾ ਹੈ। ਇਸ ਦਿਨ ਪੰਜਾਬ ਭਰ ਦੇ ਸਾਰੇ ਸਕੂਲ, ਕਾਲਜ ਅਤੇ ਹੋਰ ਵਿਦਿਅਕ ਅਦਾਰੇ, ਸਰਕਾਰੀ ਦਫਤਰ, ਬੋਰਡ ਕਾਰਪੋਰੇਸ਼ਨ ਬੰਦ ਰਹਿਣਗੇ। ਇਸ ਬਾਰੇ ਪੰਜਾਬ ਸਰਕਾਰ ਦੇ ਵੱਲੋਂ ਨੋਟੀਫਿਕੇਸ਼ਨ ਕਰਕੇ ਜਾਣਕਾਰੀ ਦਿੱਤੀ ਗਈ ਹੈ।



# ਰਾਜਪਾਲ ਪੰਜਾਬ ਵੱਲੋਂ 'ਦਿਸ਼ਾ ਇੰਡੀਅਨ ਐਵਾਰਡ- ਪਰਾਈਡ ਆਫ਼ ਨੇਸ਼ਨ' ਨਾਲ 22 ਸ਼ਖ਼ਸੀਅਤਾਂ ਸਨਮਾਨਤ

## ਦੇਸ਼ ਭਗਤ ਯੂਨੀਵਰਸਿਟੀ ਸਮੇਤ ਪੱਤਰਕਾਰ, ਲੇਖਕ ਤੇ ਖਿਡਾਰੀਆਂ ਨੂੰ ਮਿਲਿਆ ਐਵਾਰਡ







### ਆਮ ਘਰਾਂ ਦੀਆਂ ਬੱਚੀਆਂ ਨੂੰ ਕਿਸੇ ਕੰਮ ਨਾਲ ਜੋੜ ਦੇਣਾ ਵੱਡਾ ਪੁੰਨ ਦਾ ਕੰਮ : ਕਟਾਰੀਆ

ਮੋਹਾਲੀ, 30 ਅਪ੍ਰੈਲ (ਹਰਦੀਪ ਕੌਰ) : ਆਮ ਘਰਾਂ ਦੀਆਂ ਬੱਚੀਆਂ ਨੂੰ ਕਿਸੇ ਕੰਮ ਦੇ ਨਾਲ ਜੋੜ ਦੇਣਾ ਵੱਡਾ ਪੁੰਨ ਦਾ ਕੰਮ ਹੈ। ਮੈਨੂੰ ਹਲੇ ਤੱਕ ਐਸੀ ਸੋਚ ਨਹੀਂ ਮਿਲੀ ਜਿਸਨੇ ਘਰਾਂ ਦੇ ਵਿੱਚ ਝਾੜੂ ਪੋਚੇ ਦਾ ਕੰਮ ਕਰਨ ਵਾਲੀਆਂ ਲੜਕੀਆਂ ਨੂੰ ਵੀ ਸਸ਼ਕਤ ਕੀਤਾ ਹੋਵੇ। ਲੜਕੀਆਂ ਨੂੰ ਜਲਦੀ ਕੰਮ 'ਤੇ ਪਹੁੰਚਣ ਲਈ ਸਾਈਕਲਾਂ ਦੀ ਵੰਡ ਕਰਨਾ ਸਾਧਨ ਛੋਟਾ ਹੋ ਸਕਦਾ ਹੈ, ਪਰ ਟਰੱਸਟ ਦੀ ਭਾਵਨਾ ਵੱਡੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰੀ ਗੁਲਾਬ ਚੰਦ ਕਟਾਰੀਆ ਗਵਰਨਰ ਪੰਜਾਬ ਨੇ ਦਿਸ਼ਾ ਵੋਮੈਨ ਵੈੱਲਫੇਅਰ ਟਰੱਸਟ ਰਜਿ. ਪੰਜਾਬ ਵੱਲੋਂ ਟਰੱਸਟ ਪ੍ਰਧਾਨ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਪੰਜਵੇਂ ਦਿਸ਼ਾ ਇੰਡੀਅਨ ਐਵਾਰਡ ਸਮਾਰੋਹ ਦੌਰਾਨ ਟਰੱਸਟ ਦੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਹਾਜ਼ਰੀਨ ਨੂੰ ਸੰਬੋਧਨ ਕਰਦੇ ਹੋਏ ਕੀਤਾ। ਇਸ ਪ੍ਰੋਗਰਾਮ ਵਿੱਚ ਭਾਰਤੀ ਜਨਤਾ ਪਾਰਟੀ ਤੋਂ ਸੀਨੀਅਰ ਆਗੂ ਅਵਿਨਾਸ਼ ਰਾਏ ਖੰਨਾ , ਸਰਦਾਰ ਸਤਨਾਮ ਸਿੰਘ ਸੰਧੂ ਮੈਂਬਰ ਰਾਜ ਸਭਾ , ਪਦਮ ਸ੍ਰੀ ਐਵਾਰਡੀ ਸਰਦਾਰ ਜਗਜੀਤ ਸਿੰਘ ਦਰਦੀ ਅਤੇ ਸਰਗੁਣ ਕੌਰ ਡਾਇਰੈਕਟਰ ਮਨੋਹਰ ਕੰਪਨੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ। ਹੋਰ ਅੱਗੇ ਬੋਲਦੇ ਹੋਏ ਗਵਰਨਰ ਪੰਜਾਬ ਨੇ ਕਿਹਾ ਕਿ ਤੇਜਾਬ ਪੀੜਤ ਧੀਆਂ ਦਾ ਦਰਦ ਸਮਾਜ ਵੀ ਨਹੀਂ ਸਮਝਦਾ। ਦੁੱਖ ਹੁੰਦਾ ਹੈ ਕਿ ਸਾਡੇ ਸਮਾਜ ਨੇ ਮਹਿਲਾ ਦੇ ਸਨਮਾਨ ਨੂੰ ਮਲੀਆ ਮੇਟ ਕਰ ਦਿੱਤਾ। ਉਹਨਾਂ ਕਿਹਾ ਕਿ ਮੈਂ ਡਾਕਟਰ ਅੰਬੇਡਕਰ ਦਾ ਧੰਨਵਾਦ ਕਰਦਾ ਹਾਂ , ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੇ ਨਾਲ ਹੀ ਔਰਤ ਨੂੰ ਵੀ ਮਤਦਾਨ ਦਾ ਅਧਿਕਾਰ ਦਿੱਤਾ। ਇਸ ਮੌਕੇ ਸਾਬਕਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਆਪਣੇ ਹਲਕੇ ਵਿੱਚ ਸ਼ੁਰੂ ਕੀਤੇ ਗਏ ਕਾਲਜ ਦੀ ਉਦਾਹਰਨ ਦੇ ਕੇ ਮਹਿਲਾ ਸਸ਼ਕਤੀਕਰਨ ਦੇ ਉੱਤੇ ਜ਼ੋਰ ਦਿੱਤਾ। ਇਸਦੇ ਨਾਲ ਹੀ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਹੁਰਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੂਰੇ ਦੇਸ਼ ਵਿੱਚ ਇਸ ਕਦਰ ਬਦਲਾਵ ਕੀਤੇ ਹਨ ਕਿ ਮਹਿਲਾਵਾਂ ਪ੍ਰਤੀ ਵਿਅਕਤੀ ਸਮਾਜ ਦੀ ਸੋਚ ਬਦਲੀ ਹੈ। ਜ਼ਿਕਰਯੋਗ ਹੈ ਕਿ ਦਿਸ਼ਾ ਟਰੱਸਟ ਵੱਲੋਂ ਸਮਾਜ ਦੇ ਵੱਖੋ ਵੱਖਰੇ ਖੇਤਰ੍ਹਾਂ ਵਿੱਚ ਯੋਗਦਾਨ ਪਾਉਣ ਵਾਲੀਆਂ 22 ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਵਿੱਚ ਡਾਕਟਰ ਹਰਜਿੰਦਰ ਕੌਰ, ਮਨਦੀਪ ਕੌਰ ਟਾਂਗਰਾ, ਬਲਵੀਰ ਕੌਰ ਰਾਏਕੋਟੀ, ਡਾਕਟਰ ਭਾਨੂੰ ਸਲੂਜਾ, ਜਗਜੀਤ ਕੌਰ ਕਾਹਲੋਂ, ਕੰਚਨ ਬੇਦੀ, ਡਾਕਟਰ ਰਜਿੰਦਰ ਸਿੰਘ, ਸੁਭਾਸ਼ ਗੋਇਲ, ਪ੍ਰੋਫੈਸਰ ਖ਼ੁਸ਼ ਧਾਲੀਵਾਲ, ਨਿਸ਼ਾ ਥਾਨੇ, ਬੀਬੀ ਸਤਵੰਤ ਕੌਰ ਜੌਹਲ, ਪਹਿਲਵਾਨ ਪੂਰਵੀ ਅਤੇ ਸਮਾਜ ਸੇਵੀ ਰਵੀ ਸ਼ਰਮਾ ਦਾ ਨਾਂ ਸ਼ਾਮਿਲ ਹੈ।

**ਦੇਸ਼ ਭਗਤ ਯੂਨੀਵਰਸਿਟੀ ਸਮੇਤ ਪੱਤਰਕਾਰ ਵੀ ਸਨਮਾਨਿਤ**

ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਨੂੰ ਬੈਸਟ ਯੂਨੀਵਰਸਿਟੀ ਆਫ ਨੌਰਥ ਇੰਡੀਆ ਦਾ ਐਵਾਰਡ ਪ੍ਰਾਪਤ ਕੀਤਾ। ਜਦੋਂ ਕਿ ਸੀਨੀਅਰ ਪੱਤਰਕਾਰ ਹਰਪ੍ਰੀਤ ਸਿੰਘ ਦਰਦੀ, ਤਰਲੋਚਨ ਸਿੰਘ, ਸਿਮਰਨਜੀਤ ਸਿੰਘ ਮੱਕੜ, ਮਹਿਲਾ ਪੱਤਰਕਾਰ ਅਕਾਂਕਸ਼ਾ ਕਸ਼ੈਨਾ ਨੇ ਫੋਰਥ ਪਿਲਰ ਆਫ ਡੈਮੋਕਰੇਸੀ ਦਿਸ਼ਾ ਇੰਡੀਅਨ ਐਵਾਰਡ ਪ੍ਰਾਪਤ ਕੀਤਾ। ਦੱਸਣ ਯੋਗ ਹੈ ਕਿ ਪਿਛਲੇ ਪੰਜ ਸਾਲਾਂ ਤੋਂ ਦਿਸ਼ਾ ਟਰੱਸਟ ਵੱਲੋਂ ਪੰਜਾਬ ਦੀਆਂ ਧੀਆਂ ਨੂੰ ਸ਼ਸ਼ਕਤ ਕਰਨ ਦੇ ਲਈ ਦਿਸ਼ਾ ਰੁਜ਼ਗਾਰ ਮੁਹਿੰਮ ਚਲਾਈ ਜਾ ਰਹੀ ਹੈ। ਟਰੱਸਟ ਵੱਲੋਂ ਕਰਵਾਏ ਗਏ ਪੰਜਵੇਂ ਦਿਸ਼ਾ ਇੰਡੀਅਨ ਐਵਾਰਡ ਸਮਾਰੋਹ ਦੌਰਾਨ ਵੀ ਇਸ ਪ੍ਰੋਗਰਾਮ ਨੇ ਮਹਿਲਾਵਾਂ ਨੂੰ ਵਿੱਤੀ ਤੌਰ 'ਤੇ ਸ਼ਸ਼ਕਤ ਕਰਨ ਦਾ ਹੋਕਾ ਦਿੱਤਾ।

## ਕਬਾਇਲੀ ਮਾਮਲਿਆਂ ਮੰਤਰਾਲਾ ਅਤੇ ਭਾਰਤ ਪੈਟਰੋਲੀਅਮ ਨੇ ਇਸਰੋ ਦੇ ਤਕਨੀਕੀ ਮਾਰਗਦਰਸ਼ਨ ਹੇਠ ਈ.ਐਮ.ਆਰ. ਸਕੂਲਾਂ ਵਿੱਚ 75 ਪੁਲਾੜ ਪ੍ਰਯੋਗਸ਼ਾਲਾਵਾਂ ਸਥਾਪਤ ਕਰਨਗੇ

ਨਵੀਂ ਦਿੱਲੀ, 30 ਅਪ੍ਰੈਲ, (ਚ.ਨ.ਸ.) : ਕਬਾਇਲੀ ਮਾਮਲਿਆਂ ਦਾ ਮੰਤਰਾਲਾ ਅਤੇ ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਇਸਰੋ ਦੇ ਤਕਨੀਕੀ ਮਾਰਗਦਰਸ਼ਨ ਹੇਠ ਈਐਮਆਰ ਸਕੂਲਾਂ ਵਿੱਚ 75 ਪੁਲਾੜ ਪ੍ਰਯੋਗਸ਼ਾਲਾਵਾਂ ਸਥਾਪਤ ਕਰਨਗੇ ਇੱਕ ਇਤਿਹਾਸਕ ਕਦਮ ਵਿੱਚ, ਕਬਾਇਲੀ ਮਾਮਲਿਆਂ ਦੇ ਮੰਤਰਾਲੇ ਅਤੇ ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਬੀਪੀਸੀਐਲ) ਨੇ ਦੇਸ਼ ਦੇ 19 ਰਾਜਾਂ ਵਿੱਚ 75 ਏਕਲਵਿਆ ਮਾਡਲ ਰਿਹਾਇਸ਼ੀ ਸਕੂਲਾਂ (ਈਐਮਆਰਐਸ) ਵਿੱਚ 'ਪੁਲਾੜ ਪ੍ਰਯੋਗਸ਼ਾਲਾਵਾਂ' ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਭਾਰਤ ਸਰਕਾਰ ਦਾ ਕਬਾਇਲੀ ਮਾਮਲਿਆਂ ਦਾ ਮੰਤਰਾਲਾ ਐਸਟੀ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਈਐਮਆਰਐਸ ਸਥਾਪਤ ਕਰਦਾ ਹੈ, ਜਿਸ ਨਾਲ ਉਹ ਉੱਚ ਅਤੇ ਪੇਸ਼ੇਵਰ ਵਿਦਿਅਕ ਕੋਰਸਾਂ ਅਤੇ ਵੱਖ-ਵੱਖ ਖੇਤਰਾਂ ਵਿੱਚ ਲਾਭਦਾਇਕ ਰੁਜ਼ਗਾਰ ਦੇ ਮੌਕੇ ਪ੍ਰਾਪਤ ਕਰ ਸਕਣ। ਉੱਚ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਤੋਂ ਇਲਾਵਾ, ਈਐਮਆਰਐਸ ਉਨ੍ਹਾਂ ਦੇ ਪੋਸ਼ਣ ਅਤੇ ਸਮੁੱਚੀ ਸਿਹਤ ਅਤੇ ਵਿਕਾਸ ਦਾ ਵੀ ਧਿਆਨ ਰੱਖਦਾ ਹੈ। ਅੱਜ ਤੱਕ, ਦੇਸ਼ ਭਰ ਵਿੱਚ 470 ਈਐਮਆਰਐਸ ਕੰਮ ਕਰ ਰਹੇ ਹਨ। ਬੀਪੀਸੀਐਲ ਨੇ ਐਲਾਨ ਕੀਤਾ ਹੈ ਕਿ ਉਹ ਆਪਣੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀਐਸਆਰ) ਪਹਿਲਕਦਮੀ ਤਹਿਤ ਪੁਲਾੜ ਪ੍ਰਯੋਗਸ਼ਾਲਾਵਾਂ ਸਥਾਪਤ ਕਰਨ ਲਈ ਕਬਾਇਲੀ ਮਾਮਲਿਆਂ ਦੇ ਮੰਤਰਾਲੇ ਨੂੰ ਸਹਾਇਤਾ ਪ੍ਰਦਾਨ ਕਰੇਗਾ ਅਤੇ ਇਸਦੇ ਲਈ ਲੱਗਭੱਗ 12 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਇਸ ਪਹਿਲਕਦਮੀ ਨੂੰ ਭਾਰਤੀ ਪੁਲਾੜ ਖੋਜ ਸੰਗਠਨ (ISRO) ਦੁਆਰਾ ਮਾਨਤਾ ਪ੍ਰਾਪਤ ਸਪੇਸ ਟਿਊਟਰ ਏਜੰਸੀਆਂ ਦੁਆਰਾ ਤਕਨੀਕੀ ਤੌਰ 'ਤੇ ਸਮੱਰਥਨ ਦਿੱਤਾ ਜਾਵੇਗਾ। ਇਹ ਪ੍ਰਯੋਗਸ਼ਾਲਾਵਾਂ ਭਾਰਤ ਦੇ 19 ਰਾਜਾਂ ਦੇ EMRS ਵਿੱਚ ਸਥਾਪਿਤ ਕੀਤੀਆਂ ਜਾਣੀਆਂ ਹਨ ਜਿਨ੍ਹਾਂ ਵਿੱਚ ਓਡੀਸ਼ਾ, ਮੱਧ ਪ੍ਰਦੇਸ਼, ਝਾਰਖੰਡ, ਅਰੁਣਾਚਲ ਪ੍ਰਦੇਸ਼, ਮਿਜ਼ੋਰਮ, ਤ੍ਰਿਪੁਰਾ, ਗੁਜਰਾਤ, ਮਹਾਰਾਸ਼ਟਰ, ਤੇਲੰਗਾਨਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ ਆਦਿ ਸ਼ਾਮਲ ਹਨ।

## ਪ੍ਰਸਿੱਧ ਇਤਿਹਾਸਕਾਰ ਡਾ. ਤੇਜਿੰਦਰ ਸਿੰਘ ਵਾਲੀਆ ਦੀਆਂ ਕਿਤਾਬਾਂ ਦੀ ਘੁੰਡ ਚੁਕਾਈ



ਸ਼ਾਹਬਾਦ ਮਾਰਕੰਡਾ, 30 ਅਪ੍ਰੈਲ, (ਅਵਤਾਰ ਸਿੰਘ):ਪ੍ਰਸਿੱਧ ਇਤਿਹਾਸਕਾਰ ਡਾ. ਤੇਜਿੰਦਰ ਸਿੰਘ ਵਾਲੀਆ ਦੀਆਂ ਕਿਤਾਬਾਂ 'ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਤਿਹਾਸ' ਅਤੇ ਦਾਸਤਾਨ-ਏ-ਅੰਬਾਲਾ (ਅੰਬਾਲਾ ਦਾ ਇਤਿਹਾਸ) ਦਾ ਤੀਜਾ ਐਡੀਸ਼ਨ ਅੰਬਾਲਾ ਕਲੱਬ ਵਿਖੇ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਵਿੱਚ ਜਾਰੀ ਕੀਤਾ ਗਿਆ। ਇਸ ਸਮਾਗਮ ਵਿੱਚ ਰੋਟਰੀ ਕਲੱਬ ਦੇ ਡੀਜੀ ਰਾਜਪਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਇੰਜੀਨੀਅਰ ਸਰਦਾਰ ਬਲਬੀਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰੋਗਰਾਮ ਦੇ ਕੋਆਰਡੀਨੇਟਰ ਮਹਿੰਦਰ ਪਾਲ ਗੁਪਤਾ ਸਨ। ਇਹ ਸਮਾਗਮ ਰੋਟਰੀ ਕਲੱਬ ਮਿਡਟਾਊਨ ਅਤੇ ਦੀਪ ਐਕਸਪ੍ਰੈਸ ਨਿਊਜ਼ ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਗਿਆ ਸੀ। ਸਮਾਰੋਹ ਦੀ ਸ਼ੁਰੂਆਤ ਦੀਵੇ ਜਗਾ ਕੇ ਕੀਤੀ ਗਈ। ਸਟੇਜ ਸੰਚਾਲਨ ਡਾ. ਕਿਰਨ ਆਗਰਾ ਨੇ ਕੀਤਾ। ਪ੍ਰਸਿੱਧ ਸਿੱਖਿਆ ਸ਼ਾਸਤਰੀ ਡਾ: ਰਤਨ ਸਿੰਘ ਢਿੱਲੋਂ, ਸੀਨੀਅਰ ਐਡਵੋਕੇਟ ਦਲਜੀਤ ਸਿੰਘ ਪੂਨੀਆ ਅਤੇ ਡਾ: ਕਿਰਨ ਆਂਗਰਾ ਨੇ ਪੁਸਤਕਾਂ ਅਤੇ ਇਤਿਹਾਸਕਾਰ ਡਾ: ਤੇਜਿੰਦਰ ਸਿੰਘ ਵਾਲੀਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਇੱਕ ਬਹੁਤ ਵਧੀਆ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ। ਮੁੱਖ ਮਹਿਮਾਨ ਰਾਜਪਾਲ ਸਿੰਘ ਨੇ ਤੇਜਿੰਦਰ ਸਿੰਘ ਵਾਲੀਆ ਦੀ ਪ੍ਰਸ਼ੰਸਾ ਕੀਤੀ ਅਤੇ ਉਮੀਦ ਪ੍ਰਗਟ ਕੀਤੀ ਕਿ ਭਵਿੱਖ ਵਿੱਚ ਵੀ ਉਹ ਨਾ ਸਿਰਫ਼ ਦੇਸ਼ ਦੇ ਲੋਕਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਉਣਗੇ ਬਲਕਿ ਸਮਾਜ ਸੇਵਾ ਦੇ ਆਪਣੇ ਕਾਰਜ ਵੀ ਜਾਰੀ ਰੱਖਣਗੇ। ਇੰਜੀਨੀਅਰ ਬਲਬੀਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਤੇਜਿੰਦਰ ਸਿੰਘ ਵਾਲੀਆ ਦੀ ਬਹੁਪੱਖੀ ਪ੍ਰਤਿਭਾ ਬਾਰੇ ਗੱਲ ਕੀਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਤਿਹਾਸਕਾਰ ਡਾ. ਤੇਜਿੰਦਰ ਸਿੰਘ ਵਾਲੀਆ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਇਸ ਮੌਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸੁਦਰਸ਼ਨ ਸਿੰਘ ਸਹਿਗਲ, ਕਾਰਜਕਾਰੀ ਮੈਂਬਰ ਟੀ.ਪੀ.ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਹਰਪਾਲ ਸਿੰਘ ਪਾਲੀ, ਜਥੇਦਾਰ ਬਲਦੇਵ ਸਿੰਘ ਕਾਯਾਮਪੁਰੀ, ਜਥੇਦਾਰ ਗੁਰਦੀਪ ਸਿੰਘ ਭਾਨੋਖੇੜੀ, ਕਿਸਾਨ ਆਗੂ ਅਮਰਜੀਤ ਸਿੰਘ ਮੋਹਰੀ, ਹਰਿਆਣਾ ਸਿੱਖ ਫੋਰਮ ਦੇ ਪ੍ਰਧਾਨ ਜਸਦੀਪ ਸਿੰਘ ਦੀਪਗੜ੍ਹ, ਦੀਪਇੰਦਰ ਸਿੰਘ ਦੀਪਿਕਾ, ਕਲਾਕਾਰ ਡਾ. ਸਮਾਗਮ ਵਿੱਚ ਅੰਜੇ ਕੁਮਾਰ ਕੌਸ਼ਲ, ਅਰਵਿੰਦ ਸੂਰੀ, ਬਲਜੀਤ ਸਿੰਘ, ਅਨਿਲ ਮਹੰਤ ਬਿੱਟੂ, ਬੁੱਧ ਰਾਮ, ਡਾ: ਸੰਜੇ ਗੌਤਮ, ਸੁਨੀਲ ਜੈਨ, ਡਾ: ਸੁਨੀਲ ਸਾਦਿਕ, ਸ਼ਾਇਰ ਰਵਿੰਦਰ ਰਵੀ, ਗੁਰਚਰਨ ਸਿੰਘ ਜੋਗੀ, ਸਮੇਤ ਸ਼ਹਿਰ ਦੀਆਂ ਕਈ ਪਤਵੰਤੇ ਸੱਜਣ ਹਾਜ਼ਰ ਸਨ। ਇਸ ਸਮਾਰੋਹ ਵਿੱਚ ਸ਼ਾਹਬਾਦ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਸਤਪਾਲ ਬੱਤਰਾ, ਮੈਨੇਜਰ ਰਾਮ ਪ੍ਰਸਾਦ ਡੀਏਵੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਪ੍ਰਦੀਪ ਅਤਰੀ, ਸਾਬਕਾ ਪ੍ਰਿੰਸੀਪਲ ਅਤੇ ਪ੍ਰਸਿੱਧ ਕਵੀ ਕੁਲਵੰਤ ਸਿੰਘ ਚਾਵਲਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

## ਹੁਣ ਭਾਰੂਵਾ ਸਲਿਊਸ਼ਨਜ਼ ਸੀ.ਬੀ.ਐਸ. ਸਾਫਟਵੇਅਰ ਬੈਂਕਿੰਗ ਵਿੱਚ ਮੋਹਰੀ ਭੂਮਿਕਾ ਨਿਭਾਏਗਾ

ਨਵੀਂ ਦਿੱਲੀ, 30 ਅਪ੍ਰੈਲ, (ਚ.ਨ.ਸ.) : ਪਤੰਜਲੀ ਗਰੁੱਪ ਦੀ ਤਕਨਾਲੋਜੀ ਸ਼ਾਖਾ, ਭਾਰੂਵਾ ਸਲਿਊਸ਼ਨਜ਼ ਪ੍ਰਾਈਵੇਟ ਲਿਮਟਿਡ (ਬੀਐਸਪੀਐਲ) ਨੇ ਇੱਕ ਏਆਈ-ਸੰਚਾਲਿਤ, ਬਹੁ-ਭਾਸ਼ਾਈ (ਦੋ ਭਾਸ਼ੀ) 360 ਬੈਂਕਿੰਗ ਈ ਆਰ ਪੀ ਸਿਸਟਮ ਦੀ ਸ਼ੁਰੂਆਤ ਦੇ ਨਾਲ ਭਾਰਤੀ ਬੈਂਕਿੰਗ ਖੇਤਰ ਵਿੱਚ ਆਪਣੀ ਰਣਨੀਤਕ ਪ੍ਰਵੇਸ਼ ਦਾ ਐਲਾਨ ਕੀਤਾ। ਇਹ ਅਗਲੀ ਪੀੜ੍ਹੀ ਦਾ ਪਲੇਟਫਾਰਮ ਖੇਤਰੀ, ਸਹਿਕਾਰੀ ਅਤੇ ਛੋਟੇ ਵਿੱਤੀ ਸੰਸਥਾਨਾਂ ਨੂੰ ਬੁੱਧੀਮਾਨ, ਸਮਾਵੇਸ਼ੀ ਅਤੇ ਅਨੁਕੂਲ ਤਕਨਾਲੋਜੀ ਨਾਲ ਸਸ਼ਕਤ ਬਣਾ ਕੇ ਡਿਜੀਟਲ ਬੈਂਕਿੰਗ ਵਿੱਚ ਕ੍ਰਾਂਤੀ ਲਿਆਉਣ ਲਈ ਤਿਆਰ ਕੀਤਾ ਗਿਆ ਹੈ।

ਭਾਸ਼ਾ ਦੀ ਸ਼ਮੂਲੀਅਤ : ਭਾਰਤ ਦੀ ਭਾਸ਼ਾਈ ਵਿਭਿੰਨਤਾ ਦੇ ਨਾਲ, ਜ਼ਿਆਦਾਤਰ ਬੈਂਕਿੰਗ ਸੇਵਾਵਾਂ ਅੰਗਰੇਜ਼ੀ ਤੱਕ ਸੀਮਤ ਹਨ। ਬੀਐਸਪੀਐਲ ਦਾ ਦੋਭਾਸ਼ੀ ਹੱਲ ਬੈਂਕਾਂ ਨੂੰ ਗਾਹਕਾਂ ਨੂੰ ਅੰਗਰੇਜ਼ੀ ਅਤੇ ਉਨ੍ਹਾਂ ਦੀ ਸਥਾਨਕ ਭਾਸ਼ਾ ਦੋਵਾਂ ਵਿੱਚ ਸੇਵਾ ਕਰਨ ਦੀ ਆਗਿਆ ਦਿੰਦਾ ਹੈ, ਉਦਾਹਰਨ ਲਈ, ਗੁਜਰਾਤ ਵਿੱਚ ਗੁਜਰਾਤੀ, ਪੰਜਾਬ ਵਿੱਚ ਪੰਜਾਬੀ - ਸਾਰੇ ਨਾਗਰਿਕਾਂ ਲਈ ਪਹੁੰਚ ਅਤੇ ਵਰਤੋਂ ਵਿੱਚ ਆਸਾਨੀ ਨੂੰ ਯਕੀਨੀ ਬਣਾਉਣਾ।

2. ਵਧੀ ਹੋਈ ਸੁਰੱਖਿਆ : ਪਲੇਟਫਾਰਮ ਵਿੱਚ ਡੇਟਾ, ਲੈਣ-ਦੇਣ ਅਤੇ ਡਿਜੀਟਲ ਪਰਸਪਰ ਪ੍ਰਭਾਵ ਲਈ ਵਿਆਪਕ ਸੁਰੱਖਿਆ ਪ੍ਰਦਾਨ ਕਰਨ ਲਈ ਅਤਿ-ਆਧੁਨਿਕ 19 ਅਤੇ ਸਾਈਬਰ ਸੁਰੱਖਿਆ ਪ੍ਰੋਟੋਕੋਲ ਸ਼ਾਮਲ ਹਨ।

3. ਪ੍ਰਕਿਰਿਆ ਕੁਸ਼ਲਤਾ : ਐਂਡ-ਟੂ-ਐਂਡ ਬੈਂਕਿੰਗ ਪਰਿਵਰਤਨ ਲਈ ਤਿਆਰ ਕੀਤਾ ਗਿਆ, ਸਿਸਟਮ ਵਿੱਚ ਏਪੀਆਈ ਬੈਂਕਿੰਗ, ਐਮ ਆਈ ਐਸ ਐਚਆਰਐਮਐਸ, ਈ.ਆਰ.ਪੀ. ਮੋਡੀਊਲ, ਏਐਮਐਲ ਟੂਲ, ਅਤੇ ਸਹਿਜ ਕਾਰਜਾਂ ਅਤੇ ਪਾਲਣਾ ਲਈ ਵਰਕਫਲੋ ਆਟੋਮੇਸ਼ਨ ਸਮੇਤ ਮਜ਼ਬੂਤ ਸਮਰੱਥਾਵਾਂ ਹਨ।

4. ਰੈਗੂਲੇਟਰੀ ਪਾਲਣਾ : ਸਰਕਾਰੀ ਭਾਸ਼ਾ ਐਕਟ, 1963 ਅਤੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਨਾਲ ਪੂਰੀ ਤਰ੍ਹਾਂ ਇਕਸਾਰ, ਇਹ ਹੱਲ ਵਿੱਤੀ ਸੰਸਥਾਵਾਂ ਵਿੱਚ ਦੋਭਾਸ਼ੀ ਸੌਫਟਵੇਅਰ ਲਈ ਸਰਕਾਰੀ ਆਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦਾ ਹੈ।

ਇਹ ਸੰਪੂਰਨ ਪੇਸ਼ਕਸ਼ ਭਾਰਤ ਭਰ ਵਿੱਚ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿੱਚ, ਖਾਸ ਕਰਕੇ ਬਹੁ-ਭਾਸ਼ਾਈ ਬੈਂਕਿੰਗ ਜ਼ਰੂਰਤਾਂ ਵਾਲੇ ਖੇਤਰਾਂ ਵਿੱਚ, ਰਾਜ ਸਹਿਕਾਰੀ ਬੈਂਕਾਂ, ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ, ਸ਼ਹਿਰੀ ਸਹਿਕਾਰੀ ਬੈਂਕਾਂ, ਐਨਬੀਐਫਸੀ ਅਤੇ ਹੋਰ ਵਿੱਤੀ ਸੰਸਥਾਵਾਂ ਲਈ ਡਿਜੀਟਲ ਪਰਿਵਰਤਨ ਨੂੰ ਸਮਰੱਥ ਬਣਾਉਣ ਲਈ ਤਿਆਰ ਕੀਤੀ ਗਈ ਹੈ।

**ਚੜ੍ਹਦੀਕਲਾ**
**ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**
PRGI (RNI) Regd. No. 22972/1972

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**
PRGI (RNI) Regd. No. 22972/1972

## ਸ੍ਰੀ ਹਰਿਮੰਦਰ ਸਾਹਿਬ ਵਿਖੇ ਕੇਂਦਰੀ ਰਾਜ ਮੰਤਰੀ ਹਰਸ਼ ਮਲਹੋਤਰਾ ਹੋਏ ਨਤਮਸਤਕ



ਅੰਮ੍ਰਿਤਸਰ, 30 ਅਪ੍ਰੈਲ, (ਬਬਲੂ ਮਹਾਜਨ) :ਕੇਂਦਰੀ ਸੜਕੀ ਆਵਾਜਾਈ ਅਤੇ ਹਾਈਵੇ ਰਾਜ ਮੰਤਰੀ ਹਰਸ਼ ਮਲਹੋਤਰਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਸਰਬਤ ਦੇ ਭਲੇ ਦੀ ਅਰਦਾਸ ਕੀਤੀ। ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਵਲੋਂ ਕੇਂਦਰੀ ਰਾਜ ਮੰਤਰੀ ਹਰਸ਼ ਮਲਹੋਤਰਾ ਨੂੰ ਸਨਮਾਨਿਤ ਵੀ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਬਹੁਤ ਆਨੰਦ ਤੇ ਸਕੂਨ ਮਿਲਿਆ ਹੈ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਪਹਿਲਗਾਮ ਹਮਲੇ ਦੀ ਨਿੰਦਾ ਕਰਦਿਆ ਭਾਰਤ ਸਰਕਾਰ ਵੱਲੋਂ ਭਰੋਸਾ ਦਿੱਤਾ ਕਿ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੀ ਅਗਵਾਈ ਹੇਠ ਭਾਰਤ ਸਰਕਾਰ ਵੱਲੋਂ ਅੱਤਵਾਦ ਦਾ ਖਾਤਮਾ ਕਰ ਦਿੱਤਾ ਜਾਵੇਗਾ। ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਦਿੱਲੀ ਅੰਮ੍ਰਿਤਸਰ ਕੱਟੜਾ ਐਕਸਪ੍ਰੈਸਵੇਅ ਡੇਢ ਸਾਲ ਵਿਚ ਭਾਰਤ ਦੀ ਜਨਤਾ ਨੂੰ ਸੌਂਪ ਦਿੱਤਾ ਜਾਵੇਗਾ। ਪਿਛਲੇ 10 ਸਾਲਾਂ ਵਿਚ ਵਿਸ਼ਾਲ ਸੜਕੀ ਬੁਨਿਆਦੀ ਢਾਂਚਾ ਬਣਾਇਆ ਹੈ, ਜਿਸ ਨਾਲ ਦੇਸ਼ ਦੀ ਜੀਡੀਪੀ ਵਿਚ ਵੀ ਵਾਧਾ ਹੋਇਆ ਹੈ। ਉਨ੍ਹਾਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਦੇਸ਼ ਦੀ ਬੇਹਤਰੀ ਲਈ ਸੜਕੀ ਮਾਰਗ ਬਹੁਤ ਜਰੂਰੀ ਹੈ। ਨਵੀਆਂ ਸੜਕਾਂ ਲਈ ਸਰਕਾਰ ਨੂੰ ਜ਼ਮੀਨ ਦੀ ਜਰੂਰਤ ਪੈਂਦੀ ਹੈ, ਜਿੱਥੇ ਨਵੇਂ ਮਾਰਗ ਤਿਆਰ ਹੁੰਦੇ ਹਨ। ਜਿਸ ਪਿੰਡ ਜਾਂ ਸ਼ਹਿਰ ਤੋਂ ਨਵੀਂ ਸੜਤ ਤਿਆਰ ਹੁੰਦੀ ਹੈ, ਉਸ ਇਲਾਕੇ ਦੀ ਵੀ ਤਰੱਕੀ ਹੁੰਦੀ ਹੈ, ਇਸ ਲਈ ਸਰਕਾਰ ਹਮੇਸ਼ਾ ਕੋਸ਼ਿਸ਼ ਕਰਦੀ ਹੈ ਕਿ ਕਿਸਾਨਾਂ ਪਾਸੋਂ ਜ਼ਮੀਨ ਲੈਣ ਸਮੇਂ ਬਣਦਾ ਮੁਆਵਜਾ ਦਿੱਤਾ ਜਾਵੇ, ਇਸ ਲਈ ਕਿਸਾਨਾਂ ਨੂੰ ਵੀ ਦੇਸ਼ ਅਤੇ ਇਲਾਕੇ ਦੀ ਤਰੱਕੀ ਲਈ ਸਾਥ ਦੇਣਾ ਚਾਹੀਦਾ ਹੈ। ਇਸ ਮੌਕੇ ਸੂਚਨਾ ਅਧਿਕਾਰੀ ਰਣਧੀਰ ਸਿੰਘ, ਜਸਪਾਲ ਸਿੰਘ ਆਦਿ ਮੌਜੂਦ ਸਨ।

## ਜਸਵੀਰ ਸਿੰਘ ਗੜ੍ਹੀ ਵੱਲੋਂ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਨਾਲ ਮੁਲਾਕਾਤ



ਚੰਡੀਗੜ੍ਹ , 30 ਅਪ੍ਰੈਲ, (ਚ.ਨ.ਸ.) : ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਅੱਜ ਚੰਡੀਗੜ੍ਹ ਦੌਰੇ 'ਤੇ ਆਏ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨਾਲ ਮੁਲਾਕਾਤ ਕੀਤੀ।

ਇਸ ਮੁਲਾਕਾਤ ਦੌਰਾਨ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਕਿਸ਼ੋਰ ਮਕਵਾਨਾ ਨੂੰ ਜਾਣੂੰ ਕਰਵਾਇਆ ਗਿਆ।

ਸ੍ਰੀ ਗੜ੍ਹੀ ਨੇ ਸ਼੍ਰੀ ਮਕਵਾਨਾ ਨੂੰ ਅਪੀਲ ਕੀਤੀ ਕਿ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਅਤੇ ਦੇਸ਼ ਦੇ ਵੱਖ ਵੱਖ ਰਾਜਾਂ ਦੇ ਅਨੁਸਚਿਤ ਜਾਤੀਆਂ ਕਮਿਸ਼ਨ ਵਿੱਚ ਬਿਹਤਰ ਤਾਲਮੇਲ ਬਨਾਉਣ ਲਈ ਈ.ਗਵਰਨੈਸ ਰਾਹੀਂ ਕੋਈ ਸਿਸਟਮ ਵਿਕਸਤ ਕੀਤਾ ਜਾਣਾ ਚਾਹੀਦਾ ਹੈ ਤਾਂ ਜ਼ੋ ਕੌਮੀ ਕਮਿਸ਼ਨ ਵੱਲੋਂ ਅਨੂਸੁਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਕੀਤੇ ਗਏ ਫੈਸਲਿਆਂ ਤੋਂ ਸੇਧ ਲੈ ਕੇ ਮਿਲਦੇ ਜੁਲਦੇ ਮਾਮਲਿਆਂ ਵਿੱਚ ਜਲਦ ਫੈਸਲਾ ਸੁਣਾਇਆ ਜਾ ਸਕੇ।

ਸ੍ਰੀ ਗੜ੍ਹੀ ਨੇ ਕਿਹਾ ਕਿ ਕਈ ਵਾਰ ਅਨੂਸੁਚਿਤ ਜਾਤੀਆਂ ਦੇ ਲੋਕ ਇਨਸਾਫ਼ ਲੈਣ ਲਈ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਨਾਲ ਨਾਲ ਕੌਮੀ ਕਮਿਸ਼ਨ ਕੋਲ ਵੀ ਅਪੀਲ ਦਾਇਰ ਕਰ ਦਿੰਦੇ ਹਨ। ਇਸ ਤਰ੍ਹਾਂ ਦੇ ਮਾਮਲਿਆਂ ਨੂੰ ਸਾਂਝੇ ਤੌਰ 'ਤੇ ਨਜਿੱਠਣ ਅਤੇ ਕਮਿਸ਼ਨ ਦੇ ਕੰਮਕਾਜ ਵਿਚ ਇਕਸਾਰਤਾ ਲਿਆਉਣ ਲਈ ਵੀ ਕੌਮੀ ਕਮਿਸ਼ਨ ਨੂੰ ਪਹਿਲ ਕਰਨੀ ਚਾਹੀਦੀ ਹੈ।

ਇਸ ਮੌਕੇ ਸ੍ਰੀ ਗੜ੍ਹੀ ਨੇ ਦੇਸ਼ ਦੇ ਦੂਜੇ ਰਾਜਾਂ ਵਿਚ ਅਨੂਸੁਚਿਤ ਜਾਤੀਆਂ ਦੇ ਲੋਕਾਂ ਉੱਤੇ ਹੋ ਰਹੇ ਅੱਤਿਆਚਾਰ ਦਾ ਮਾਮਲਾ ਵੀ ਚੁੱਕਿਆ ਗਿਆ ਅਤੇ ਸ੍ਰੀ ਮਕਵਾਨਾ ਨੂੰ ਬੇਨਤੀ ਕੀਤੀ ਕਿ ਇਸ ਕੇਂਦਰ ਸਰਕਾਰ ਨੂੰ ਆਦੇਸ਼ ਦੇ ਕੇ ਅਨੂਸੁਚਿਤ ਜਾਤੀਆਂ ਅੱਤਿਆਚਾਰ ਰੋਕੂ ਕਾਨੂੰਨ ਨੂੰ ਹੋਰ ਸਖਤੀ ਨਾਲ ਲਾਗੂ ਕਰਵਾਇਆ ਜਾਵੇ।



**ਯੂਨੀਵਰਸਲ ਸਿੱਖ ਵੈਲਫੇਅਰ ਸੁਸਾਇਟੀ, (ਰਜਿ) ਦੇ ਯਾਦਵਿੰਦਰ ਸਿੰਘ, ਬਲਕਾਰ ਸਿੰਘ, ਸਤਨਾਮ ਸਿੰਘ, ਇੰਦਰਜੀਤ ਸਿੰਘ ਦਾ ਅੱਜ ਚੜ੍ਹਦੀਕਲਾ ਟਾਈਮ ਟੀ.ਵੀ. ਦੇ ਦਫ਼ਤਰ ਵਿਖੇ ਆਉਣ 'ਤੇ ਸਨਮਾਨ ਕਰਦੇ ਹੋਏ ਪਦਮਸ੍ਰੀ ਸ੍ਰ. ਜਗਜੀਤ ਸਿੰਘ ਦਰਦੀ, ਨਾਲ ਹਨ ਮੈਨੇਜਰ ਪਰਮਜੀਤ ਸਿੰਘ ਅਤੇ ਹੋਰ ਸਟਾਫ਼ ਮੈਂਬਰ।**

## ਗੁਰਮਤਿ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਬੱਚਿਆਂ ਨੇ ਜਿੱਤੇ ਇਨਾਮ




ਪਟਿਆਲਾ, 30 ਅਪ੍ਰੈਲ, (ਚ.ਨ.ਸ.) : ਗੁਰੂ ਅਰਜਨ ਕੀਰਤਨ ਮੰਡਲ ਰਜਿਸਟਰਡ ਪਟਿਆਲਾ ਵੱਲੋਂ ਮਿਤੀ 27-4-25 ਦਿਨ ਐਤਵਾਰ ਨੂੰ ਸਕੂਲੀ ਬੱਚਿਆਂ ਦੇ ਅਰਦਾਸ ਅਤੇ ਸਾਖੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ , ਐਸ.ਐਸ. ਟੀ. ਨਗਰ ਦੇ ਬੱਚਿਆਂ ਨੇ ਵੀ ਭਾਗ ਲਿਆ। ਅਰਦਾਸ ਮੁਕਾਬਲੇ ਵਿੱਚ ਦੂਜੀ ਜਮਾਤ ਦੀ ਮਨਸੀਰਤ ਕੌਰ ਨੇ ਦੂਜਾ,7ਵੀਂ ਜਮਾਤ ਦੇ ਕਰਮਜੋਤ ਸਿੰਘ ਨੇ ਤੀਜਾ ਅਤੇ 5ਵੀਂ ਜਮਾਤ ਦੀ ਜਪਲੀਨ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੀ ਸਾਖੀ ਮੁਕਾਬਲੇ ਵਿੱਚ ਦੂਜੀ ਜਮਾਤ ਦੇ ਪ੍ਰਭਜੋਤ ਸਿੰਘ ਨੇ ਪਹਿਲਾ ,ਸੱਤਵੀਂ ਜਮਾਤ ਦੀ ਸ਼ਗੁਨਦੀਪ ਕੌਰ ਨੇ ਤੀਜਾ ਸਥਾਨ, ਤੀਜੀ ਜਮਾਤ ਦੀ ਅਮੀਤੋਜ ਕੌਰ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ। ਸੰਸਥਾ ਵੱਲੋਂ ਸਾਰੇ ਬੱਚਿਆਂ ਨੂੰ ਇਨਾਮ ਤੇ ਸਰਟੀਫਿਕੇਟ ਦਿੱਤੇ ਗਏ। ਇਸ ਤੋਂ ਇਲਾਵਾ ਇਸੇ ਸਕੂਲ ਦੇ ਬੱਚਿਆਂ ਨੇ ਸਿੱਖ ਮਿਸ਼ਨਰੀ ਕਾਲਜ ਦੀ ਧਾਰਮਿਕ ਪ੍ਰੀਖਿਆ ਪ੍ਰਸ਼ਨੋਤਰੀ ਵਿੱਚੋਂ ਵੀ ਇਨਾਮ ਤੇ ਸਰਟੀਫਿਕੇਟ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੋਸ਼ਨ ਕੀਤਾ। ਸਕੂਲ ਦੇ ਡਾਇਰੈਕਟਰ ਸ੍ਰੀਮਤੀ ਜਸਵਿੰਦਰ ਕੌਰ ਜੀ ਦਰਦੀ, ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਜੀ ਵੱਲੋਂ ਸਾਰੇ ਬੱਚਿਆਂ ਨੂੰ ਤੇ ਉਹਨਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਗਈ ਅਤੇ ਹਮੇਸ਼ਾਂ ਕਾਮਯਾਬ ਹੁੰਦੇ ਰਹਿਣ ਅਤੇ ਗੁਰਮਤਿ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ।

## ਨਸ਼ਾ ਛੁਡਾਊ ਕੇਂਦਰਾਂ ਵਿੱਚ ਬਿਸਤਰਿਆਂ ਦੀ ਗਿਣਤੀ 1,500 ਤੋਂ ਵਧਾ ਕੇ 5,000 ਕੀਤੀ

ਚੰਡੀਗੜ੍ਹ, 30 ਅਪ੍ਰੈਲ, (ਚ.ਨ.ਸ.) : ਨਸ਼ਿਆਂ ਦੀ ਲਾਹਨਤ ਵਿਰੁੱਧ ਜਾਰੀ ਮੁਹਿੰਮ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੁਣ ਨਸ਼ੇ ਦੇ ਆਦੀਆਂ ਦਾ ਨਸ਼ਾ ਛੁਡਾਉਣ ਅਤੇ ਉਨ੍ਹਾਂ ਦੇ ਮੁੜ ਵਸੇਬੇ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ, ਜਿਸ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਬਿਸਤਰਿਆਂ ਦੀ ਗਿਣਤੀ 1500 ਤੋਂ ਵਧਾ ਕੇ 5000 ਕਰ ਦਿੱਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਸੂਬਾ ਸਰਕਾਰ ਨਸਾ ਤਸਕਰਾਂ ਨੂੰ ਸਲਾਖਾਂ ਪਿੱਛੇ ਸੁੱਟ ਕੇ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ 'ਤੇ ਪਹਿਲਾਂ ਹੀ ਧਿਆਨ ਕੇਂਦਰਿਤ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸਾ ਤਸਕਰਾਂ 'ਤੇ ਸ਼ਿਕੰਜਾ ਕੱਸਣ ਦੇ ਨਾਲ ਹੀ ਨਸ਼ਿਆਂ ਦੀ ਸਪਲਾਈ ਲਾਈਨ ਟੁੱਟ ਗਈ ਹੈ ਜਿਸ ਦੇ ਨਤੀਜੇ ਵਜੋਂ ਨਸਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਵਿੱਚ ਪੀੜਤਾਂ ਦੀ ਗਿਣਤੀ ਵਧ ਗਈ ਹੈ। ਇਸ ਲਈ ਨਸਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਦਾ ਨੈੱਟਵਰਕ ਸਥਾਪਤ ਕੀਤਾ ਗਿਆ ਹੈ ਤਾਂ ਜੋ ਨਸ਼ੇ ਦੇ ਆਦੀਆਂ ਨੂੰ ਨਸ਼ਾ ਛੱਡਣ ਵਿੱਚ ਸਹਾਇਤਾ ਪ੍ਰਦਾਨ ਕਰਕੇ ਉਨ੍ਹਾਂ ਨੂੰ ਮਾਣ-ਸਨਮਾਨ ਵਾਲੀ ਜ਼ਿੰਦਗੀ ਜਿਊਣ ਦਾ ਮੌਕਾ ਦਿੱਤਾ ਜਾ ਸਕੇ।

ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਮੱਦੇਨਜਰ ਮੌਜੂਦਾ ਨਸਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਦੀ ਸਮਰੱਥਾ ਵਿੱਚ ਕਾਫੀ ਵਾਧਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਈ ਨਵੇਂ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਮੌਜੂਦਾ ਕੇਂਦਰਾਂ ਵਿੱਚ ਸੇਵਾ ਦੀ ਗੁਣਵੱਤਾ ਅਤੇ ਸਮੁੱਚੇ ਮਾਹੌਲ ਵਿੱਚ ਕਾਫੀ ਸੁਧਾਰ ਕੀਤਾ ਗਿਆ ਹੈ, ਜਿਸ ਵਿੱਚ ਏਅਰ ਕੰਡੀਸਨਿੰਗ ਦੀ ਵਿਵਸਥਾ ਵੀ ਸਾਮਲ ਹੈ। ਸਰਕਾਰ ਦੁਆਰਾ ਪ੍ਰਬੰਧਿਤ ਨਸਾ ਛੁਡਾਊ ਤੇ ਮੁੜ ਵਸੇਬਾ ਕੇਂਦਰਾਂ ਵਿੱਚ ਬਿਸਤਰਿਆਂ ਦੀ ਗਿਣਤੀ 1,500 ਤੋਂ ਵਧਾ ਕੇ 5,000 ਕਰ ਦਿੱਤੀ ਗਈ ਹੈ।

ਇਸੇ ਤਰ੍ਹਾਂ ਓ.ਓ.ਏ.ਟੀ. ਕੇਂਦਰਾਂ ਨੂੰ ਅਪਗ੍ਰੇਡ ਕਰਨ ਦੇ ਨਾਲ-ਨਾਲ ਜਰੂਰੀ ਦਵਾਈਆਂ ਦੀ ਢੁਕਵੀਂ ਉਪਲਬਧਤਾ ਨੂੰ ਯਕੀਨੀ ਬਣਾਇਆ ਗਿਆ ਹੈ। ਲੋੜ ਅਨੁਸਾਰ ਨਵੇਂ ਓ.ਓ.ਏ.ਟੀ. ਕੇਂਦਰ ਵੀ ਸਥਾਪਿਤ ਕੀਤੇ ਗਏ ਹਨ, ਜਿਸ ਨਾਲ ਓ.ਓ.ਏ.ਟੀ. ਕੇਂਦਰਾਂ ਦੀ ਕੁੱਲ ਗਿਣਤੀ 529 ਤੋਂ ਵਧ ਕੇ 565 ਹੋ ਗਈ ਹੈ। ਅਗਲੇ ਕੁਝ ਦਿਨਾਂ ਵਿੱਚ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ 'ਤੇ ਜ਼ੋਰਦਾਰ ਲਗਾਮ ਕੱਸਦਿਆਂ ਆਪਣੀ ਕਾਰਵਾਈ ਨੂੰ ਹੋਰ ਤੇਜ ਕੀਤਾ ਜਾਵੇਗਾ ਜਿਸ ਦੇ ਨਤੀਜੇ ਵਜੋਂ ਪੀੜਤਾਂ ਦੇ ਵੱਡੀ ਗਿਣਤੀ ਵਿੱਚ ਓ.ਓ.ਏ.ਟੀ. ਅਤੇ ਨਸਾ ਛੁਡਾਊ ਕੇਂਦਰਾਂ ਵਿੱਚ ਆਉਣ ਦੀ ਸੰਭਾਵਨਾ ਹੈ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ ਦੀ ਰੂਪ ਰੇਖਾ ਉਲੀਕੀ

ਪਟਿਆਲਾ, 30 ਅਪ੍ਰੈਲ (ਚ.ਨ.ਸ.) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਸਮਾਗਮ ਜੋ 25 ਨਵੰਬਰ ਨੂੰ ਆ ਰਿਹਾ ਹੈ, ਸਬੰਧੀ ਯੂਨੀਵਰਸਲ ਫੈਲਫੇਅਰ ਸੁਸਾਇਟੀ ਅਤੇ ਇਸਦੀ ਇਕਾਈ ਨਿਸ਼ਕਾਮ ਸੇਵਾ ਦਲ ਬਹਾਦਰਗੜ੍ਹ ਵੱਲੋਂ ਸਮਾਗਮ ਨੂੰ ਪੂਰੀ ਸ਼ਰਧਾ ਨਾਲ ਮਨਾਉਣ ਹਿੱਤ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸ਼ਤਾਬਦੀ ਸਮਾਗਮਾਂ ਨੂੰ ਚੜ੍ਹਦੀਕਲਾ ਨਾਲ ਨੇਪਰੇ ਚਾੜ੍ਹਨ ਲਈ ਕਮੇਟੀ ਬਣਾਈ ਜਾਵੇਗੀ। ਸੰਗਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਸਥਾਨਾਂ ਦੇ ਦਰਸ਼ਨ ਵੀ ਕਰਵਾਏ ਜਾਣਗੇ। ਉਨ੍ਹਾਂ ਸਥਾਨਾਂ ਦੇ ਦਰਸ਼ਨ ਵੀ ਕਰਵਾਏ ਜਾਣਗੇ, ਜਿਨ੍ਹਾਂ ਸਥਾਨਾਂ ਤੋਂ ਹੁੰਦੇ ਹੋਏ ਭਾਈ ਜੈਤਾ ਜੀ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ ਸਨ। ਨਿਸ਼ਕਾਮ ਸੇਵਾ ਦਲ ਬਹਾਦਰਗੜ੍ਹ ਵੱਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮਾਂ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।



**ਮਾਣਯੋਗ ਡੀ.ਜੀ.ਐਮ. ਸ਼੍ਰੀ ਕੁਲਦੀਪ ਸਿੰਘ ਜੀ ਦਾ ਚੰਡੀਗੜ੍ਹ ਦੇ ਜ਼ੋਨਲ ਮੈਨੇਜਰ ਵਜੋਂ ਸਵਾਗਤ ਕਰਦੇ ਹੋਏ। ਟੀਮ ਏ.ਆਈ.ਬੀ.ਓ.ਸੀ. ਉਨ੍ਹਾਂ ਨੂੰ ਜ਼ੈਡ ਐਮ ਚੰਡੀਗੜ੍ਹ ਦੇ ਤੌਰ 'ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦੇ ਹੋਏ।**



**ਐਫ.ਜੀ.ਐਮ.ਓ. ਚੰਡੀਗੜ੍ਹ ਵਿਖੇ ਸਤਿਕਾਰਯੋਗ ਡੀ.ਜੀ.ਐਮ. ਸ਼੍ਰੀ ਕੰਵਰ ਲਾਲ ਜੀ ਦਾ ਨਿੱਘਾ ਸਵਾਗਤ। ਟੀਮ ਏ.ਆਈ.ਬੀ.ਓ.ਸੀ. ਉਨ੍ਹਾਂ ਨੂੰ ਭਵਿੱਖ ਦੇ ਸਾਰੇ ਕਾਰਜਾਂ ਲਈ ਸ਼ੁਭਕਾਮਨਾਵਾਂ ਦਿੰਦੇ ਹੋਏ।**

ਪੰਜਾਬ-ਹਰਿਆਣਾ 'ਚ ਪਾਣੀ ਵਿਵਾਦ ਗਰਮਾਇਆ

# ਮਾਨ ਨੇ ਪਾਣੀਆਂ ਦੇ ਮੁੱਦੇ 'ਤੇ ਸੈਣੀ ਨੂੰ ਲਿਖੀ ਚਿੱਠੀ

## ਭਾਜਪਾ ਪੰਜਾਬ ਨਾਲ ਕਰ ਰਹੀ ਹੈ ਬੇਇਨਸਾਫ਼ੀ: ਮੁੱਖ ਮੰਤਰੀ ਪੰਜਾਬ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 30 ਅਪ੍ਰੈਲ : ਹਰਿਆਣਾ ਅਤੇ ਪੰਜਾਬ ਵਿਚਾਲੇ ਚੱਲ ਰਹੇ ਪਾਣੀ ਵਿਵਾਦ ਵਿੱਚ ਹੁਣ ਇੱਕ ਨਵਾਂ ਮੋੜ ਆ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹੁਣ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੂੰ ਇੱਕ ਚਿੱਠੀ ਲਿਖੀ ਹੈ। ਉਨ੍ਹਾਂ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਉਨ੍ਹਾਂ ਕੋਲ ਹਰਿਆਣਾ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਭਾਜਪਾ ਪੰਜਾਬ ਨਾਲ ਬੇਇਨਸਾਫ਼ੀ ਕਰ ਰਹੀ ਹੈ। ਨਾਲ ਹੀ ਇਹ ਪੰਜਾਬੀਆਂ ਵਿਰੁੱਧ ਸਾਜ਼ਿਸ਼ ਰਚ ਰਹੀ ਹੈ। ਭਾਜਪਾ ਪੰਜਾਬ ਦੇ ਪਾਣੀ ਨੂੰ ਜ਼ਬਰਦਸਤੀ ਲੁੱਟਣਾ ਚਾਹੁੰਦੀ ਹੈ। ਮੈਂ ਕਿਸੇ ਵੀ ਹਾਲਤ ਵਿੱਚ ਪੰਜਾਬ ਦੇ ਲੋਕਾਂ ਨਾਲ ਬੇਇਨਸਾਫ਼ੀ ਨਹੀਂ ਹੋਣ ਦਿਆਂਗਾ।

ਦੱਸ ਦੇਈਏ ਕਿ ਪਿਛਲੇ ਦੋ ਦਿਨਾਂ ਤੋਂ ਪੰਜਾਬ ਅਤੇ ਹਰਿਆਣਾ ਵਿਚਾਲੇ ਪਾਣੀ ਦਾ ਮੁੱਦਾ ਗਰਮਾਇਆ ਹੋਇਆ ਹੈ। ਪੰਜਾਬ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਹਰਿਆਣਾ ਨੇ ਆਪਣੇ ਹਿੱਸੇ ਦੇ ਪਾਣੀ ਦੀ ਵਰਤੋਂ ਕਰ ਲਈ ਹੈ ਅਤੇ ਹੁਣ ਇਹ ਵਾਧੂ ਪਾਣੀ ਦੀ ਮੰਗ ਕਰ ਰਿਹਾ ਹੈ। ਮਨੁੱਖਤਾ ਆਧਾਰ 'ਤੇ ਉਸ ਨੂੰ ਅਜੇ ਵੀ ਪਾਣੀ ਦਿੱਤਾ ਜਾ ਰਿਹਾ ਹੈ ਜਦੋਂਕਿ ਹਰਿਆਣਾ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੇ ਉਸ ਨੂੰ ਪਾਣੀ ਦੀ ਸਪਲਾਈ ਘਟਾ ਦਿੱਤੀ ਹੈ। ਪਹਿਲਾਂ ਰੋਜ਼ਾਨਾ ਸਾਢੇ ਅੱਠ ਹਜ਼ਾਰ ਕਿਊਸਿਕ ਪਾਣੀ ਮਿਲਦਾ ਸੀ, ਜਦੋਂਕਿ ਹੁਣ ਸਿਰਫ਼ ਚਾਰ ਹਜ਼ਾਰ ਕਿਊਸਿਕ ਪਾਣੀ ਹੀ ਦਿੱਤਾ ਜਾ ਰਿਹਾ ਹੈ। ਇਸ ਪਾਣੀ ਦੇ ਮੁੱਦੇ 'ਤੇ ਜਿੱਥੇ ਬੀ.ਬੀ.ਐਮ.ਬੀ. ਨੇ ਕੇਂਦਰੀ ਬਿਜਲੀ ਮੰਤਰਾਲੇ ਨੂੰ ਇੱਕ ਪੱਤਰ ਲਿਖ ਕੇ ਇਸ ਦਿਸ਼ਾ ਵਿੱਚ ਢੁਕਵੀਂ ਕਾਰਵਾਈ ਦੀ ਮੰਗ ਕੀਤੀ ਹੈ, ਉੱਥੇ ਹੀ ਹਰਿਆਣਾ ਦੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਕੇਂਦਰੀ ਬਿਜਲੀ ਮੰਤਰੀ ਮਨੋਹਰ ਲਾਲ ਖੱਟਰ ਦਾ ਇੱਕ ਬਿਆਨ ਆਇਆ ਹੈ। ਉਨ੍ਹਾਂ ਕਿਹਾ ਸੀ ਕਿ ਪੰਜਾਬ ਸਰਕਾਰ ਆਪਣਾ ਰਾਜਧਰਮ ਪੂਰਾ ਨਹੀਂ ਕਰ ਰਹੀ। ਪਾਣੀ ਸਬੰਧੀ ਪੰਜਾਬ ਸਰਕਾਰ ਦੀ ਕਾਰਵਾਈ ਸਹੀ ਨਹੀਂ ਹੈ। ਅਸੀਂ ਬੀ.ਬੀ.ਐਮ.ਬੀ. 'ਤੇ ਕਿਸੇ ਵੀ ਤਰ੍ਹਾਂ ਦਾ ਦਬਾਅ ਨਹੀਂ ਪੈਣ ਦਿਆਂਗੇ। ਜੇ ਕੋਈ ਦਬਾਅ ਪਾਇਆ ਗਿਆ, ਤਾਂ ਕੇਂਦਰ 'ਤੇ ਪਾਣੀ ਵੰਡਣ ਦਾ ਫੈਸਲਾ ਲੈ ਸਕਦਾ ਹੈ।

## ਪੰਜਾਬ ਦੀਆਂ ਪਾਕਿ ਨਾਲ ਲੱਗਦੀਆਂ ਸਰਹੱਦਾਂ 'ਤੇ ਹੋਣਗੇ ਐਂਟੀ ਡਰੋਨ ਸਿਸਟਮ ਤਾਇਨਾਤ

ਚੰਡੀਗੜ੍ਹ , 30 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਪਾਕਿਸਤਾਨ ਤੇ ਭਾਰਤ ਵਿਚਾਲੇ ਜਿਹੜੀ ਤਣਾਅ ਦੀ ਸਥਿਤੀ ਬਣੀ ਹੋਈ ਹੈ, ਉਨ੍ਹਾਂ ਸਭ ਦੇ ਵਿਚਾਲੇ ਮਾਨ ਸਰਕਾਰ ਵੱਲੋਂ ਵੱਡਾ ਐਕਸ਼ਨ ਲੈਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ। ਪਾਕਿਸਤਾਨ ਦੇ ਨਾਪਾਕ ਇਰਾਦਿਆਂ ਖਿਲਾਫ ਐਂਟੀ ਡ੍ਰੋਨ ਸਿਸਟਮ ਰਾਹੀਂ ਨਜ਼ਰ ਰੱਖੀ ਜਾਵੇਗੀ। ਪਾਕਿਸਤਾਨ ਤੋਂ ਡ੍ਰੋਨ ਰਾਹੀਂ ਪੰਜਾਬ ਵਿਚ ਜਿਹੜਾ ਨਸ਼ੀਲਾ ਪਦਾਰਥ ਲਿਆਂਦਾ ਜਾਂਦਾ ਹੈ ਉਨ੍ਹਾਂ ਸਾਜਿਸ਼ਾਂ ਨੂੰ ਨਾਕਾਮ ਕੀਤਾ ਜਾਵੇਗਾ। ਇਕ ਪਾਸੇ ਜਿਥੇ ਪਹਿਲਗਾਮ ਹਮਲੇ ਦੇ ਬਾਅਦ ਭਾਰਤ ਤੇ ਪਾਕਿਸਤਾਨ ਵਿਚ ਤਣਾਅ ਦੀ ਸਥਿਤੀ ਬਣੀ ਹੋਈ ਹੈ ਤੇ ਪਾਕਿਸਤਾਨ ਨੇ ਸਾਫ ਤੌਰ 'ਤੇ ਇਨਕਾਰ ਕਰ ਦਿੱਤਾ ਹੈ ਕਿ ਸਾਡੇ ਵੱਲੋਂ ਇਹ ਹਮਲਾ ਨਹੀਂ ਕਰਵਾਇਆ ਗਿਆ ਹੈ ਜਦੋਂ ਕਿ ਦੂਜੇ ਪਾਸੇ ਭਾਰਤ ਦਾ ਕਹਿਣਾ ਹੈ ਕਿ ਇਹ ਹਮਲਾ ਪਾਕਿਸਤਾਨ ਵੱਲੋਂ ਕਰਵਾਇਆ ਗਿਆ ਹੈ। ਦੂਜੇ ਪਾਸੇ ਪਾਣੀ ਦਾ ਮੁੱਦਾ ਵੀ ਗਰਮਾਇਆ ਹੋਇਆ ਹੈ। ਇਨ੍ਹਾਂ ਸਭ ਦੇ ਦਰਮਿਆਨ ਵੱਡਾ ਐਕਸ਼ਨ ਮਾਨ ਸਰਕਾਰ ਵੱਲੋਂ ਲਿਆ ਗਿਆ ਹੈ।

ਕੈਬਨਿਟ ਬੈਠਕ 'ਚ ਵੱਡੇ ਫ਼ੈਸਲੇ

# ਦੇਸ਼ 'ਚ ਜਾਤੀ ਮਰਦਮਸ਼ੁਮਾਰੀ ਕਰਵਾਏਗੀ ਮੋਦੀ ਸਰਕਾਰ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 30 ਅਪ੍ਰੈਲ : ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵਲੋਂ ਕੈਬਨਿਟ ਬੈਠਕ 'ਚ ਵੱਡਾ ਫ਼ੈਸਲਾ ਲਿਆ ਹੈ। ਸਰਕਾਰ ਨੇ ਜਾਤੀ ਜਨਗਣਨਾ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਪ੍ਰੈਸ ਕਾਨਫਰੰਸ 'ਚ ਦੱਸਿਆ ਕਿ ਜਾਤੀ ਜਨਗਣਨਾ, ਮੂਲ ਜਨਗਣਨਾ 'ਚ ਹੀ ਸ਼ਾਮਲ ਹੋਵੇਗੀ। ਜਨਗਣਨਾ ਇਸ ਸਾਲ ਸਤੰਬਰ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਇਸ ਨੂੰ ਪੂਰਾ ਹੋਣ 'ਚ ਘੱਟੋ-ਘੱਟ 2 ਸਾਲ ਲੱਗਣਗੇ।

ਅਜਿਹੇ 'ਚ ਜੇਕਰ ਸਤੰਬਰ 'ਚ ਵੀ ਜਨਗਣਨਾ ਦੀ ਪ੍ਰਕਿਰਿਆ ਸ਼ੁਰੂ ਹੋਈ ਤਾਂ ਅੰਤਿਮ ਅੰਕੜੇ 2026 ਦੇ ਅੰਤ ਜਾਂ 2027 ਦੀ ਸ਼ੁਰੂਆਤ 'ਚ ਆਉਣਗੇ। ਅਸ਼ਵਨੀ ਵੈਸ਼ਨਵ ਨੇ ਕਿਹਾ,"1947 ਤੋਂ ਜਾਤੀ ਜਨਗਣਨਾ ਨਹੀਂ ਕੀਤੀ ਗਈ। ਮਨਮੋਹਨ ਸਿੰਘ ਨੇ ਜਾਤੀ ਜਨਗਣਨਾ ਦੀ ਗੱਲ ਕਹੀ ਸੀ। ਕਾਂਗਰਸ ਨੇ ਜਾਤੀ ਜਨਗਣਨਾ ਦੀ ਗੱਲ ਨੂੰ ਸਿਰਫ਼ ਆਪਣੇ ਫਾਇਦੇ ਲਈ ਇਸਤੇਮਾਲ ਕੀਤਾ ਹੈ। ਜਾਤੀ ਜਨਗਣਨਾ ਸਿਰਫ਼ ਕੇਂਦਰ ਦਾ ਵਿਸ਼ਾ ਹੈ। ਕੁਝ ਰਾਜਾਂ ਨੇ ਇਹ ਕੰਮ ਸਹੀ ਢੰਗ ਨਾਲ ਕੀਤਾ ਹੈ। ਸਾਡਾ ਸਮਾਜਿਕ ਤਾਣਾ-ਬਾਣਾ ਪ੍ਰਭਾਵਿਤ ਨਾ ਹੋਵੇ, ਅਸੀਂ ਇਸ ਦੀ ਕੋਸ਼ਿਸ਼ ਕਰ ਰਹੇ ਹਾਂ।" ਭਾਰਤ 'ਚ ਹਰੇਕ 10 ਸਾਲ 'ਚ ਹੋਣ ਵਾਲੀ ਜਨਗਣਨਾ ਅਪ੍ਰੈਲ, 2020 'ਚ ਸ਼ੁਰੂ ਹੋਣੀ ਸੀ ਪਰ ਕੋਵਿਡ ਮਹਾਂਮਾਰੀ ਕਾਰਨ ਇਸ 'ਚ ਦੇਰੀ ਹੋਈ। ਇਹ ਇਕ ਅਜਿਹਾ ਸਰਵੇਖਣ ਹੈ, ਜਿਸ 'ਚ ਕਿਸੇ ਖੇਤਰ ਜਾਂ ਦੇਸ਼ 'ਚ ਲੋਕਾਂ ਦੀ ਜਾਤੀ ਦੇ ਆਧਾਰ 'ਤੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ। ਇਸ ਦਾ ਮੁੱਖ ਮਕਸਦ ਵੱਖ-ਵੱਖ ਜਾਤੀਆਂ ਦੀ ਗਿਣਤੀ, ਉਨ੍ਹਾਂ ਦੀ ਸਮਾਜਿਕ-ਆਰਥਿਕ ਸਥਿਤੀ, ਸਿੱਖਿਆ ਪੱਧਰ ਅਤੇ ਹੋਰ ਮਹੱਤਵਪੂਰਨ ਵਿਸ਼ੇਸ਼ਤਾਵਾਂ ਦਾ ਪਤਾ ਲਗਾਉਣਾ ਹੁੰਦਾ ਹੈ।

## ਕੇਂਦਰ ਵੱਲੋਂ ਗੰਨੇ ਦੇ ਵਾਜਬ ਤੇ ਲਾਭਕਾਰੀ ਮੁੱਲ 'ਚ 15 ਰੁ. ਪ੍ਰਤੀ ਕੁਇੰਟਲ ਦਾ ਵਾਧਾ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 30 ਅਪ੍ਰੈਲ : ਕੇਂਦਰ ਸਰਕਾਰ ਨੇ ਬੁੱਧਵਾਰ ਨੂੰ ਕੀਤੇ ਇਕ ਫ਼ੈਸਲੇ ਵਿਚ ਆਗਾਮੀ ਅਕਤੂਬਰ ਤੋਂ ਸ਼ੁਰੂ ਹੋਣ ਵਾਲੇ 2025-26 ਸੀਜ਼ਨ ਲਈ ਗੰਨੇ ਦੇ ਵਾਜਬ ਅਤੇ ਲਾਹੇਵੰਦ ਮੁੱਲ ਵਿਚ 4.41 ਫ਼ੀਸਦੀ ਵਾਧਾ ਕਰ ਕੇ ਇਸ ਨੂੰ 355 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਫੈਸਲਾ ਕੀਤਾ ਹੈ।

ਇਸ ਸਬੰਧ ਵਿੱਚ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਦੀ ਮੀਟਿੰਗ ਵਿੱਚ ਗੰਨਾ ਕਾਸ਼ਤਕਾਰਾਂ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਗਿਆ ਹੈ।ਗੌਰਤਲਬ ਹੈ ਕਿ ਮੌਜੂਦਾ 2024-25 ਸੀਜ਼ਨ ਲਈ ਗੰਨੇ ਦੀ ਐਫਆਰਪੀ 340 ਰੁਪਏ ਪ੍ਰਤੀ ਕੁਇੰਟਲ ਤੈਅ ਕੀਤੀ ਗਈ ਸੀ। ਐਫਆਰਪੀ ਭਾਰਤ ਸਰਕਾਰ ਵੱਲੋਂ ਤੈਅ ਉਹ ਘੱਟੋ-ਘੱਟ ਮੁੱਲ ਹੈ, ਜੋ ਖੰਡ ਮਿੱਲਾਂ ਗੰਨਾ ਕਾਸ਼ਤਕਾਰਾਂ ਨੂੰ ਉਨ੍ਹਾਂ ਦੀ ਪੈਦਾਵਾਰ ਲਈ ਅਦਾ ਕਰਨ ਵਾਸਤੇ ਕਾਨੂੰਨਨ ਪਾਬੰਦ ਹਨ। ਸੀਸੀਈਏ ਦੀ ਮੀਟਿੰਗ ਤੋਂ ਬਾਅਦ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ 10.25 ਫ਼ੀਸਦੀ ਦੀ ਮੂਲ ਰਿਕਵਰੀ ਦਰ ਲਈ 355 ਰੁਪਏ ਪ੍ਰਤੀ ਕੁਇੰਟਲ ਦੀ ਐਫਆਰਪੀ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਉਨ੍ਹਾਂ ਖੰਡ ਮਿੱਲਾਂ ਦੇ ਮਾਮਲੇ ਵਿੱਚ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ ਜਿੱਥੇ ਰਿਕਵਰੀ 9.5 ਫ਼ੀਸਦੀ ਤੋਂ ਘੱਟ ਹੋਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਕਿਸਾਨਾਂ ਨੂੰ ਆਉਣ ਵਾਲੇ 2025-26 ਸੀਜ਼ਨ ਵਿੱਚ ਗੰਨੇ ਲਈ 329.05 ਰੁਪਏ ਫ਼ੀ ਕੁਇੰਟਲ ਮਿਲਣਗੇ।

## ਕੌਮੀ ਸੁਰੱਖਿਆ ਸਲਾਹਕਾਰ ਬੋਰਡ ਦਾ ਪੁਨਰਗਠਨ, ਸਾਬਕਾ ਰਾਅ ਮੁਖੀ ਆਲੋਕ ਜੋਸ਼ੀ ਹੋਣਗੇ ਚੇਅਰਮੈਨ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 30 ਅਪ੍ਰੈਲ : ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸਰਕਾਰ ਨੇ ਬੁੱਧਵਾਰ ਨੂੰ ਇਕ ਵੱਡਾ ਕਦਮ ਚੁੱਕਦੇ ਹੋਏ ਰਾਸ਼ਟਰੀ ਸੁਰੱਖਿਆ ਸਲਾਹਕਾਰ ਬੋਰਡ ਦਾ ਪੁਨਰਗਠਨ ਕੀਤਾ ਅਤੇ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੇ ਸਾਬਕਾ ਮੁਖੀ ਆਲੋਕ ਜੋਸ਼ੀ ਨੂੰ ਇਸ ਦਾ ਨਵਾਂ ਚੇਅਰਮੈਨ ਨਿਯੁਕਤ ਕੀਤਾ। ਪੁਨਰਗਠਿਤ ਰਾਸ਼ਟਰੀ ਸੁਰੱਖਿਆ ਸਲਾਹਕਾਰ ਬੋਰਡ ਦੇ 7 ਮੈਂਬਰਾਂ 'ਚ ਭਾਰਤੀ ਪੁਲਿਸ ਸੇਵਾ ਦੇ ਉੱਚ ਅਧਿਕਾਰੀਆਂ ਤੋਂ ਇਲਾਵਾ ਕਈ ਉੱਚ-ਪੱਧਰੀ ਫੌਜ, ਜਲ ਸੈਨਾ ਅਤੇ ਹਵਾਈ ਸੈਨਾ ਦੇ ਅਧਿਕਾਰੀ ਸ਼ਾਮਲ ਹਨ। ਬੋਰਡ ਦੇ ਨਵੇਂ ਮੈਂਬਰਾਂ 'ਚ ਏਅਰ ਮਾਰਸ਼ਲ ਪੰਕਜ ਮੋਹਨ ਸਿਨਹਾ, ਲੈਫਟੀਨੈਂਟ ਜਨਰਲ ਏ.ਕੇ. ਸਿੰਘ, ਰੀਅਰ ਐਡਮਿਰਲ ਮੋਂਟੀ ਖੰਨਾ ਅਤੇ ਦੋ ਸਾਬਕਾ ਭਾਰਤੀ ਪੁਲਿਸ ਸੇਵਾ ਅਧਿਕਾਰੀ-ਰਾਜੀਵ ਰੰਜਨ ਵਰਮਾ ਅਤੇ ਮਨਮੋਹਨ ਸਿੰਘ ਸ਼ਾਮਲ ਹਨ। ਇਸ ਤੋਂ ਇਲਾਵਾ, ਭਾਰਤੀ ਵਿਦੇਸ਼ ਸੇਵਾ ਅਧਿਕਾਰੀ ਬੀ ਵੈਂਕਟੇਸ਼ ਵਰਮਾ ਨੂੰ ਵੀ 7 ਮੈਂਬਰੀ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ।

ਇਹ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਅਤੇ ਦੇਸ਼ ਦੀ ਸੁਰੱਖਿਆ ਸਥਿਤੀ 'ਤੇ ਚਰਚਾ ਕਰਨ ਲਈ ਬੁਲਾਈ ਗਈ ਇਕ ਉੱਚ-ਪੱਧਰੀ ਮੀਟਿੰਗ 'ਚ ਲਿਆ ਗਿਆ। ਬੋਰਡ ਨੂੰ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਪੁਨਰਗਠਨ ਕੀਤਾ ਗਿਆ ਹੈ ਕਿਉਂਕਿ ਇਹ ਲੰਬੇ ਸਮੇਂ ਦੇ ਰਣਨੀਤਕ ਵਿਸ਼ਲੇਸ਼ਣ ਪ੍ਰਦਾਨ ਕਰਨ ਅਤੇ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ੀ ਮਾਮਲਿਆਂ ਬਾਰੇ ਸਰਕਾਰ ਨੂੰ ਨੀਤੀਆਂ ਦੀ ਸਿਫ਼ਾਰਸ਼ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਅੱਤ ਦੀ ਗਰਮੀ ਵਿਚਾਲੇ ਰਾਹਤ ਭਰੀ ਖ਼ਬਰ

## ਪੰਜਾਬ 'ਚ ਹਨ੍ਹੇਰੀ ਤੇ ਗਰਜ ਨਾਲ ਪਏਗਾ ਮੀਂਹ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 30 ਅਪ੍ਰੈਲ : ਪੰਜਾਬ ਵਿਚ ਪੈ ਰਹੀ ਅੱਤ ਦੀ ਗਰਮੀ ਵਿਚਾਲੇ ਮੌਸਮ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਮੌਸਮ ਵਿਭਾਗ ਨੇ ਸੂਬੇ ਵਿੱਚ ਗਰਜ ਦੇ ਨਾਲ-ਨਾਲ ਭਾਰੀ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਹੈ। ਵਿਭਾਗ ਮੁਤਾਬਕ ਸੂਬੇ ਵਿੱਚ 5 ਦਿਨ ਯਾਨੀ 1, 2,3, 4 ਅਤੇ 7 ਮਈ ਨੂੰ ਭਾਰੀ ਮੀਂਹ ਪਵੇਗਾ। ਮੌਸਮ ਮਾਹਿਰਾਂ ਦਾ ਕਹਿਣਾ ਹੈ ਕਿ ਦੱਖਣ-ਪੱਛਮੀ ਰਾਜਸਥਾਨ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਇੱਕ ਚੱਕਰਵਾਤੀ ਹਵਾ ਵਾਲਾ ਖੇਤਰ ਬਣਿਆ ਹੋਇਆ ਹੈ, ਜਿਸ ਦਾ ਪ੍ਰਭਾਵ ਪੰਜਾਬ ਵਿੱਚ ਵੀ ਦਿਖਾਈ ਦੇਵੇਗਾ। ਕਿਹਾ ਜਾ ਰਿਹਾ ਹੈ ਕਿ ਅਗਲੇ 72 ਘੰਟਿਆਂ ਤੱਕ ਸੂਬੇ ਵਿੱਚ ਵੱਧ ਤੋਂ ਵੱਧ ਤਾਪਮਾਨ ਵਿੱਚ ਕੋਈ ਵੱਡਾ ਬਦਲਾਅ ਨਹੀਂ ਹੋਵੇਗਾ ਪਰ ਉਸ ਤੋਂ ਬਾਅਦ ਕੁਝ ਗਿਰਾਵਟ ਆਵੇਗੀ। ਤੇਜ਼ ਹਵਾਵਾਂ ਅਤੇ ਬਿਜਲੀ ਡਿੱਗਣ ਲਈ ਯੈਲੋ ਅਤੇ ਆਰੇਂਜ ਅਲਰਟ ਵੀ ਜਾਰੀ ਕੀਤੇ ਗਏ ਹਨ। ਤੁਹਾਨੂੰ ਦੱਸ ਦੇਈਏ ਕਿ 24 ਘੰਟਿਆਂ ਵਿੱਚ ਤਾਪਮਾਨ ਵਿੱਚ 2.2 ਡਿਗਰੀ ਦੀ ਗਿਰਾਵਟ ਆਈ ਹੈ। ਇਹ ਆਮ ਤਾਪਮਾਨ ਦੇ ਨੇੜੇ ਹੈ। ਬਠਿੰਡਾ ਵਿੱਚ ਸਭ ਤੋਂ ਵੱਧ ਤਾਪਮਾਨ 42.8 ਡਿਗਰੀ ਦਰਜ ਕੀਤਾ ਗਿਆ। ਦੂਜੇ ਪਾਸੇ ਚੰਡੀਗੜ੍ਹ ਵਿੱਚ ਦਿਨ ਦਾ ਤਾਪਮਾਨ ਪਿਛਲੇ 2 ਦਿਨਾਂ ਤੋਂ ਡਿੱਗ ਰਿਹਾ ਹੈ, ਪਰ ਮੋਹਾਲੀ ਅਤੇ ਚੰਡੀਗੜ੍ਹ ਵਿੱਚ ਸੋਮਵਾਰ ਦੀ ਰਾਤ ਇਸ ਖੇਤਰ ਦੀ ਸਭ ਤੋਂ ਗਰਮ ਰਾਤ ਸੀ। ਮੋਹਾਲੀ ਵਿੱਚ ਰਾਤ ਦਾ ਤਾਪਮਾਨ 26.7 ਡਿਗਰੀ ਤੋਂ ਘੱਟ ਨਹੀਂ ਗਿਆ। ਚੰਡੀਗੜ੍ਹ ਵਿੱਚ ਤਾਪਮਾਨ 26.6 ਡਿਗਰੀ ਰਿਹਾ। ਰਾਤ ਦਾ ਪਾਰਾ ਪੰਜਾਬ ਅਤੇ ਹਰਿਆਣਾ ਦੇ ਸਾਰੇ ਸ਼ਹਿਰਾਂ ਅਤੇ ਦਿੱਲੀ ਸਮੇਤ ਟ੍ਰਾਈਸਿਟੀ ਵਿੱਚ ਸਭ ਤੋਂ ਵੱਧ ਸੀ। ਹਾਲਾਂਕਿ ਰਾਤ ਦਾ ਤਾਪਮਾਨ ਇਸ ਖੇਤਰ ਵਿੱਚ ਸਭ ਤੋਂ ਵੱਧ ਦਰਜ ਕੀਤਾ ਗਿਆ ਸੀ, ਪਰ ਮੰਗਲਵਾਰ ਦੁਪਹਿਰ ਨੂੰ ਪਾਰਾ 35 ਡਿਗਰੀ ਦੇ ਆਸ-ਪਾਸ ਰਿਹਾ। ਦਿਨ ਦੇ ਤਾਪਮਾਨ ਵਿੱਚ ਲਗਾਤਾਰ ਗਿਰਾਵਟ ਅਗਲੇ ਇੱਕ ਹਫ਼ਤੇ ਤੱਕ ਜਾਰੀ ਰਹੇਗੀ।

ਉੱਤਰੀ ਭਾਰਤ ਵਿੱਚ ਬਦਲਦੇ ਮੌਸਮ ਕਾਰਨ, 5 ਮਈ ਤੱਕ ਚੰਡੀਗੜ੍ਹ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਬੱਦਲਾਂ ਦੇ ਨਾਲ ਤੇਜ਼ ਤੂਫਾਨ ਅਤੇ ਹਲਕੀ ਬੂੰਦਾ-ਬਾਂਦੀ ਕਾਰਨ ਗਰਮੀ ਦਾ ਪ੍ਰਭਾਵ ਘੱਟ ਰਹੇਗਾ।

## ਸੀ.ਆਈ.ਐਸ.ਸੀ.ਈ. ਬੋਰਡ ਦੇ ਨਤੀਜਿਆਂ 'ਚ ਕੁੜੀਆਂ ਨੇ ਮੁੰਡਿਆਂ ਨੂੰ ਪਛਾੜਿਆ

ਨਵੀਂ ਦਿੱਲੀ, 30 ਅਪ੍ਰੈਲ (ਚੜ੍ਹਦੀਕਲਾ ਬਿਊਰੋ): ਕਾਊਂਸਿਲ ਫਾਰ ਦਿ ਇੰਡੀਅਨ ਸਕੂਲ ਸਰਟੀਫਿਕੇਟ ਪ੍ਰੀਖਿਆ (ਸੀ.ਆਈ.ਐਸ.ਸੀ.ਈ.) ਦੀ ਜਮਾਤ 10ਵੀਂ ਅਤੇ 12ਵੀਂ ਜਮਾਤ ਦੇ ਨਤੀਜੇ ਬੁੱਧਵਾਰ ਨੂੰ ਐਲਾਨੇ ਗਏ, ਜਿਸ 'ਚ ਕੁੜੀਆਂ ਨੇ ਇਕ ਵਾਰ ਫਿਰ ਮੁੰਡਿਆਂ ਨੂੰ ਪਛਾੜ ਦਿੱਤਾ। 10ਵੀਂ ਜਮਾਤ ਦੀ ਪ੍ਰੀਖਿਆ 'ਚ ਕੁੜੀਆਂ ਦੀ ਪਾਸ ਫੀਸਦੀ 99.37 ਅਤੇ ਮੁੰਡਿਆਂ ਦੀ ਪਾਸ ਫੀਸਦੀ 98.84 ਹੈ। ਇਸੇ ਤਰ੍ਹਾਂ 12ਵੀਂ ਜਮਾਤ 'ਚ ਵੀ ਕੁੜੀਆਂ ਨੇ ਮੁੰਡਿਆਂ ਨਾਲੋਂ ਵਧੀਆ ਪ੍ਰਦਰਸ਼ਨ ਕੀਤਾ, ਜਿਸ 'ਚ ਕੁੜੀਆਂ ਦੀ ਪਾਸ ਫੀਸਦੀ 99.45 ਅਤੇ ਮੁੰਡਿਆਂ ਦੀ ਪਾਸ ਫੀਸਦੀ 98.64 ਹੈ। ਸੀ.ਆਈ.ਐਸ.ਸੀ.ਈ. ਪ੍ਰੀਖਿਆ (10ਵੀਂ ਜਮਾਤ) 67 ਲਿਖਤੀ ਵਿਸ਼ਿਆਂ 'ਚ ਹੋਈ ਸੀ, ਜਿਨ੍ਹਾਂ 'ਚੋਂ 20 ਭਾਰਤੀ ਭਾਸ਼ਾਵਾਂ ਅਤੇ 14 ਵਿਦੇਸ਼ੀ ਭਾਸ਼ਾਵਾਂ ਸਨ ਅਤੇ ਇਕ ਕਲਾਸੀਕਲ ਭਾਸ਼ਾ ਸੀ। ਆਈ.ਐਸ.ਸੀ. ਪ੍ਰੀਖਿਆ (12ਵੀਂ ਜਮਾਤ) 47 ਲਿਖਤੀ ਵਿਸ਼ਿਆਂ 'ਚ ਹੋਈ ਸੀ, ਜਿਨ੍ਹਾਂ 'ਚੋਂ 12 ਭਾਰਤੀ ਭਾਸ਼ਾਵਾਂ, ਚਾਰ ਵਿਦੇਸ਼ੀ ਭਾਸ਼ਾਵਾਂ ਅਤੇ 2 ਸ਼ਾਸਤਰੀ ਭਾਸ਼ਾਵਾਂ ਸਨ।

ਦਿੱਲੀ ਦੇ ਕਲਾਸਰੂਮਾਂ ਦੀ ਉਸਾਰੀ 'ਚ 2,000 ਕਰੋੜ ਘਪਲੇ ਦਾ ਦੋਸ਼

## ਸਿਸੋਦੀਆ ਤੇ ਜੈਨ ਵਿਰੁੱਧ ਕੇਸ ਦਰਜ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 30 ਅਪ੍ਰੈਲ :ਨਵੀਂ ਦਿੱਲੀ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਨੇ 'ਆਪ' ਨੇਤਾ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਨਾਲ-ਨਾਲ ਸਾਬਕਾ ਮੰਤਰੀ ਸਤੇਂਦਰ ਜੈਨ ਵਿਰੁੱਧ ਬਹੁਤ ਜ਼ਿਆਦਾ ਮਹਿੰਗੇ ਰੇਟ 'ਤੇ ਕਲਾਸਰੂਮਾਂ ਦੀ ਉਸਾਰੀ ਵਿੱਚ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ। ਅਧਿਕਾਰੀਆਂ ਦੇ ਅਨੁਸਾਰ, ਦਿੱਲੀ ਵਿੱਚ 'ਆਪ' ਸਰਕਾਰ ਦੇ ਅਧੀਨ 12,748 ਕਲਾਸਰੂਮਾਂ ਅਤੇ ਇਮਾਰਤਾਂ ਦੀ ਉਸਾਰੀ ਵਿੱਚ 2,000 ਕਰੋੜ ਰੁਪਏ ਦੇ ਵੱਡੇ ਘੁਟਾਲੇ ਦਾ ਪਰਦਾਫਾਸ਼ ਹੋਇਆ ਹੈ। ਸਿਸੋਦੀਆ ਸਿੱਖਿਆ ਪੋਰਟਫੋਲੀਓ ਨੂੰ ਸੰਭਾਲ ਰਹੇ ਸਨ, ਜਦੋਂ ਕਿ ਜੈਨ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਮੰਤਰੀ ਸਨ। ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਨੇ ਕਿਹਾ ਕਿ, 'ਮਹੱਤਵਪੂਰਨ ਭਟਕਣਾਵਾਂ ਅਤੇ ਲਾਗਤ ਵਿੱਚ ਵਾਧਾ ਦੇਖਿਆ ਗਿਆ ਅਤੇ ਨਿਰਧਾਰਤ ਸਮੇਂ ਦੇ ਅੰਦਰ ਇੱਕ ਵੀ ਕੰਮ ਪੂਰਾ ਨਹੀਂ ਕੀਤਾ ਗਿਆ। ਸਲਾਹਕਾਰ ਅਤੇ ਆਰਕੀਟੈਕਟ ਨੂੰ ਬਿਨਾਂ ਕਿਸੇ ਪ੍ਰਕਿਰਿਆ ਦੀ ਪਾਲਣਾ ਕੀਤੇ ਨਿਯੁਕਤ ਕੀਤਾ ਗਿਆ ਅਤੇ ਲਾਗਤ ਵਿੱਚ ਵਾਧਾ ਉਸ ਰਾਹੀਂ ਕੀਤਾ ਗਿਆ। ਸਮਰੱਥ ਅਧਿਕਾਰੀ ਤੋਂ ਧਾਰਾ 17-ਏ ਪੀਓਸੀ ਐਕਟ ਤਹਿਤ ਇਜਾਜ਼ਤ ਪ੍ਰਾਪਤ ਕਰਨ ਤੋਂ ਬਾਅਦ ਕੇਸ ਦਰਜ ਕੀਤਾ ਗਿਆ।" ਭ੍ਰਿਸ਼ਟਾਚਾਰ ਵਿਰੋਧੀ ਏਜੰਸੀ ਦੀ ਇੱਕ ਰਿਪੋਰਟ ਦੇ ਅਨੁਸਾਰ, ਕਲਾਸਰੂਮ ਕਥਿਤ ਤੌਰ 'ਤੇ 8,800 ਰੁਪਏ ਪ੍ਰਤੀ ਵਰਗ ਫੁੱਟ ਦੀ ਵੱਧ ਦਰ ਨਾਲ ਬਣਾਏ ਗਏ ਸਨ।

## ਮਦਰ ਡੇਅਰੀ ਤੇ ਅਮੂਲ ਵੱਲੋਂ ਦੁੱਧ ਦੇ ਰੇਟ 'ਚ 2 ਰੁ. ਦਾ ਵਾਧਾ

ਨਵੀਂ ਦਿੱਲੀ , 30 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਵੇਰਕਾ ਤੋਂ ਬਾਅਦ ਹੁਣ ਮਦਰ ਡੇਅਰੀ ਤੇ ਅਮੂਲ ਨੇ ਮਹਿੰਗਾਈ ਦਾ ਝਟਕਾ ਦਿੱਤਾ ਹੈ। ਮਦਰ ਡੇਅਰੀ ਤੇ ਅਮੂਲ ਵੱਲੋਂ ਦੁੱਧ ਦੇ ਰੇਟ ਵਧਾਏ ਗਏ ਹਨ। ਦੁੱਧ ਦੇ ਰੇਟ ਵਿਚ 2 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਹੈ। ਨਵੀਆਂ ਕੀਮਤਾਂ ਅੱਜ ਯਾਨੀ 30 ਅਪ੍ਰੈਲ ਤੋਂ ਹੀ ਲਾਗੂ ਹਨ। ਇਸ ਵਾਧੇ ਦੇ ਨਾਲ ਹੁਣ ਮਦਰ ਡੇਅਰੀ ਦੇ ਫੁੱਲ ਕ੍ਰੀਮ ਦੁੱਧ ਦੀ ਕੀਮਤ 67 ਤੋਂ ਵਧ ਕੇ 69 ਰੁਪਏ ਪ੍ਰਤੀ ਲੀਟਰ ਤੇ ਟੋਂਡ ਮਿਲਕ ਦੀ 54 ਤੋਂ ਵਧ ਕੇ 56 ਰੁਪਏ ਪ੍ਰਤੀ ਲੀਟਰ ਹੋ ਗਈ ਹੈ। ਮਦਰ ਡੇਅਰੀ ਤੇ ਅਮੂਲ ਨੇ ਦੱਸਿਆ ਕਿ ਗਰਮੀ ਦੇ ਮੌਸਮ ਵਿਚ ਵਧਦੀ ਲਾਗਤ ਨੂੰ ਦੇਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ। ਨਵੀਆਂ ਕੀਮਤਾਂ ਉਨ੍ਹਾਂ ਖੇਤਰਾਂ ਵਿਚ ਲਾਗੂ ਹੋਣਗੀਆਂ ਜਿਥੇ ਮਦਰ ਡੇਅਰੀ ਆਪਣੇ ਉਤਪਾਦ ਵੇਚਦੀ ਹੈ। ਮਦਰ ਡੇਅਰੀ ਆਪਣੇ ਸਟੋਰ, ਹੋਰ ਦੁਕਾਨਾਂ ਤੇ ਈ-ਕਾਮਰਸ ਪਲੇਟਫਾਰਮ ਜ਼ਰੀਏ ਦਿੱਲੀ-ਐਨ .ਸੀ.ਆਰ. ਦੇ ਬਾਜ਼ਾਰ ਵਿਚ ਰੋਜ਼ਾਨਾ ਲਗਭਗ 35 ਲੱਖ ਲੀਟਰ ਦੁੱਧ ਵੇਚਦੀ ਹੈ।

## ਆਂਧਰਾ 'ਚ ਮੰਦਿਰ ਦੀ ਕੰਧ ਡਿੱਗਣ ਕਾਰਨ 8 ਸ਼ਰਧਾਲੂਆਂ ਦੀ ਮੌਤ

ਬੰਗਲੁਰੂ, 30 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਆਂਧਰਾ ਪ੍ਰਦੇਸ਼ ਦੇ ਮਸ਼ਹੂਰ ਸ਼੍ਰੀ ਵਰਾਹ ਲਕਸ਼ਮੀ ਨਰਸਿੰਹ ਮੰਦਰ ਸਿਮਹਾਚਲਮ ਵਿਚ ਦਰਦਨਾਕ ਹਾਦਸਾ ਵਾਪਰ ਗਿਆ। ਮੰਦਰ ਕੋਲ ਸਥਿਤ ਇਕ ਸੀਮੈਂਟ ਦੀ ਕੰਧ ਅਚਾਨਕ ਡਿੱਗ ਗਈ ਜਿਸ ਵਿਚ ਦੱਬ ਕੇ 8 ਸ਼ਰਧਾਲੂਆਂ ਦੀ ਮੌਤ ਹੋ ਗਈ ਜਦੋਂ ਕਿ ਕਈ ਗੰਭੀਰ ਜ਼ਖ਼ਮੀ ਹੋ ਗਏ। ਹਾਦਸਾ ਉਸ ਸਮੇਂ ਹੋਇਆ ਜਦੋਂ ਸ਼ਰਧਾਲੂ ਟਿਕਟ ਲਾਈਨ ਵਿਚ ਖੜ੍ਹੇ ਹੋ ਕੇ ਮੰਦਰ ਵੱਲ ਵਧ ਰਹੇ ਸਨ। ਜਾਣਕਾਰੀ ਮੁਤਾਬਕ ਹਾਦਸਾ ਮੀਂਹ ਨਾਲ ਮਿੱਟੀ ਢਿੱਲੀ ਹੋਣ ਕਾਰਨ ਵਾਪਰਿਆ। ਕੰਧ ਦੀ ਨੀਂਹ ਕਮਜ਼ੋਰ ਹੋਣ ਕਾਰਨ ਉਹ ਡਿੱਗ ਗਈ। ਦੀਵਾਰ ਮੰਦਰ ਨੇੜੇ ਬਣੇ ਇਕ ਸ਼ਾਪਿੰਗ ਕੰਪਲੈਕਸ ਕੋਲ ਸਥਿਤ ਹੀ ਜੋ ਸਿਮਹਾਗਿਰੀ ਬੱਸ ਸਟੈਂਡ ਤੋਂ ਉਪਰ ਵੱਲ ਜਾਣ ਵਾਲੇ ਰਸਤੇ ਵਿਚ ਆਉਂਦੀ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਹੜਕੰਪ ਮਚ ਗਿਆ ਤੇ ਤੁਰੰਤ ਰੈਸਕਿਊ ਆਪ੍ਰੇਸ਼ਨ ਸ਼ੁਰੂ ਕੀਤਾ ਗਿਆ।

## ਈ-ਕੇ.ਵਾਈ.ਸੀ. ਪ੍ਰਕਿਰਿਆ ਦਿਵਿਆਂਗਾਂ ਲਈ ਪਹੁੰਚਯੋਗ ਬਣਾਈ ਜਾਵੇ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 30 ਅਪ੍ਰੈਲ : ਇੱਕ ਇਤਿਹਾਸਕ ਫ਼ੈਸਲੇ 'ਚ, ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਫ਼ੈਸਲਾ ਸੁਣਾਇਆ ਕਿ ਡਿਜੀਟਲ ਪਹੁੰਚ ਸੰਵਿਧਾਨ ਦੁਆਰਾ ਧਾਰਾ 21 ਦੇ ਤਹਿਤ ਸੁਰੱਖਿਅਤ ਇੱਕ ਮੌਲਿਕ ਅਧਿਕਾਰ ਹੈ। ਇਹ ਫੈਸਲਾ ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਆਰ. ਮਹਾਦੇਵਨ ਦੇ ਬੈਂਚ ਦੁਆਰਾ ਪਾਸ ਕੀਤਾ ਗਿਆ। ਬੈਂਚ ਨੇ ਡਿਜੀਟਲ ਨੋ-ਯੂਅਰ-ਕਸਟਮਰ (ਕੇ.ਵਾਈ.ਸੀ.) ਨਿਯਮਾਂ ਨੂੰ ਸੋਧਣ ਦੇ ਨਿਰਦੇਸ਼ ਦਿੱਤੇ ਤਾਂ ਜੋ ਐਸਿਡ ਹਮਲਿਆਂ ਜਾਂ ਦ੍ਰਿਸ਼ਟੀਹੀਣਤਾ ਕਾਰਨ ਚਿਹਰੇ ਦੇ ਵਿਗਾੜ ਵਾਲੇ ਵਿਅਕਤੀ ਬੈਂਕਿੰਗ ਅਤੇ ਈ-ਗਵਰਨੈਂਸ ਸੇਵਾਵਾਂ ਤੱਕ ਪਹੁੰਚ ਕਰ ਸਕਣ, ਲਾਈਵ ਲਾਅ ਦੀ ਰਿਪੋਰਟ ਅਨੁਸਾਰ। ਸਿਖਰਲੀ ਅਦਾਲਤ ਨੇ ਇਹ ਵੀ ਕਿਹਾ ਕਿ ਰਾਜ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੇਂਡੂ ਖੇਤਰਾਂ ਅਤੇ ਸੀਮਾਂਤ ਵਰਗਾਂ ਦੇ ਲੋਕਾਂ ਸਮੇਤ ਹਰ ਕਿਸੇ ਨੂੰ ਡਿਜੀਟਲ ਪਹੁੰਚਯੋਗਤਾ ਮਿਲੇ। ਬੈਂਚ ਨੇ ਜ਼ੋਰ ਦੇ ਕੇ ਕਿਹਾ ਕਿ ਰਾਜ ਨੂੰ ਇੱਕ ਸਮਾਵੇਸ਼ੀ ਡਿਜੀਟਲ ਈਕੋਸਿਸਟਮ ਡਿਜ਼ਾਈਨ ਕਰਨਾ ਚਾਹੀਦਾ ਹੈ ਜੋ ਸਾਰਿਆਂ ਲਈ ਪਹੁੰਚਯੋਗ ਹੋਵੇ। ਸਿਖਰਲੀ ਅਦਾਲਤ ਨੇ ਡਿਜੀਟਲ ਪਾੜੇ ਨੂੰ ਦੂਰ ਕਰਨ ਦੀ ਜ਼ਰੂਰਤ ਨੂੰ ਉਜਾਗਰ ਕੀਤਾ ਕਿਉਂਕਿ ਨਾਗਰਿਕ ਆਨਲਾਈਨ ਪਲੇਟਫਾਰਮਾਂ ਰਾਹੀਂ ਕਈ ਸਰਕਾਰੀ ਭਲਾਈ ਯੋਜਨਾਵਾਂ ਤੋਂ ਲਾਭ ਪ੍ਰਾਪਤ ਕਰ ਸਕਦੇ ਹਨ। ਬੈਂਚ ਨੇ ਲਾਈਵ ਲਾਅ ਦੇ ਹਵਾਲੇ ਨਾਲ ਕਿਹਾ ÷ਇਸ ਮੋੜ 'ਤੇ, ਅਸੀਂ ਇਹ ਦੇਖਣਾ ਚਾਹੁੰਦੇ ਹਾਂ ਕਿ ਸਮਕਾਲੀ ਯੁੱਗ 'ਚ ਜਿੱਥੇ ਜ਼ਰੂਰੀ ਸੇਵਾਵਾਂ, ਸ਼ਾਸਨ, ਸਿੱਖਿਆ, ਸਿਹਤ ਸੰਭਾਲ ਅਤੇ ਆਰਥਿਕ ਮੌਕਿਆਂ ਤੱਕ ਪਹੁੰਚ ਡਿਜੀਟਲ ਪਲੇਟਫਾਰਮਾਂ ਰਾਹੀਂ ਵਧਦੀ ਜਾ ਰਹੀ ਹੈ, ਸੰਵਿਧਾਨ ਦੇ ਅਨੁਛੇਦ 21 ਦੇ ਤਹਿਤ ਜੀਵਨ ਦੇ ਅਧਿਕਾਰ ਦੀ ਇਹਨਾਂ ਤਕਨੀਕੀ ਹਕੀਕਤਾਂ ਦੇ ਮੱਦੇਨਜ਼ਰ ਮੁੜ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ।"

## ਮੁਖ਼ਤਾਰ ਅੰਸਾਰੀ ਦੀ ਮੌਤ ਸਬੰਧੀ ਪਟੀਸ਼ਨ 'ਤੇ ਸੁਣਵਾਈ ਤੋਂ ਸੁਪਰੀਮ ਕੋਰਟ ਵੱਲੋਂ ਨਾਂਹ

ਨਵੀਂ ਦਿੱਲੀ, 30 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਮ੍ਰਿਤਕ ਮਾਫੀਆ ਮੁਖਤਾਰ ਅੰਸਾਰੀ ਦੀ ਮੌਤ ਸਬੰਧੀ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਇਹ ਪਟੀਸ਼ਨ ਮੁਖਤਾਰ ਅੰਸਾਰੀ ਦੇ ਪੁੱਤਰ ਉਮਰ ਅੰਸਾਰੀ ਨੇ ਦਾਇਰ ਕੀਤੀ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਕਿਉਂਕਿ ਇਹ ਪਟੀਸ਼ਨ ਅਸਲ ਵਿੱਚ ਮੁਖਤਾਰ ਅੰਸਾਰੀ ਦੇ ਜ਼ਿੰਦਾ ਹੋਣ 'ਤੇ ਦਾਇਰ ਕੀਤੀ ਗਈ ਸੀ, ਇਸ ਲਈ ਉਸ ਦੀ ਮੌਤ ਤੋਂ ਬਾਅਦ ਕਾਰਵਾਈ ਜਾਰੀ ਰੱਖਣ ਦਾ ਕੋਈ ਆਧਾਰ ਨਹੀਂ ਹੈ। ਅਦਾਲਤ ਨੇ ਉਮਰ ਅੰਸਾਰੀ ਨੂੰ ਸਲਾਹ ਦਿੱਤੀ ਕਿ ਉਹ ਕੋਈ ਹੋਰ ਕਾਨੂੰਨੀ ਕਾਰਵਾਈ ਕਰਨ ਲਈ ਇਲਾਹਾਬਾਦ ਹਾਈ ਕੋਰਟ ਤੱਕ ਪਹੁੰਚ ਕਰੇ।

## ਕੋਲਕਾਤਾ ਦੇ ਹੋਟਲ 'ਚ ਭਿਆਨਕ ਅੱਗ ਕਾਰਨ 14 ਦੀ ਮੌਤ

ਕੋਲਕਾਤਾ, 30 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਕੋਲਕਾਤਾ ਦੇ ਫਾਲਪੱਟੀ ਮਛੂਆ ਇਲਾਕੇ ਵਿਚ ਬੀਤੀ ਰਾਤ ਇਕ ਹੋਟਲ ਵਿਚ ਅੱਗ ਲੱਗਣ ਨਾਲ 14 ਲੋਕਾਂ ਦੀ ਮੌਤ ਹੋ ਗਈ। ਅੱਗ 'ਤੇ ਕਾਬੂ ਪਾ ਲਿਆ ਗਿਆ ਹੈ ਤੇ 22 ਲੋਕਾਂ ਨੂੰ ਬਚਾਇਆ ਗਿਆ। ਪੁਲਿਸ ਮੁਤਾਬਕ ਮ੍ਰਿਤਕਾਂ ਵਿਚ 2 ਮਹਿਲਾਵਾਂ ਤੇ 1 ਬੱਚਾ ਵੀ ਸ਼ਾਮਲ ਹੈ। ਦੂਜੇ ਪਾਸੇ 11 ਪੁਰਸ਼ ਮ੍ਰਿਤਕਾਂ ਵਿਚੋਂ 8 ਦੀ ਪਛਾਣ ਕਰ ਲਈ ਗਈ ਹੈ। ਪੁਲਿਸ ਕਮਿਸ਼ਨਰ ਮਨੋਜ ਵਰਮਾ ਨੇ ਦੱਸਿਆ ਕਿ ਅੱਗ ਰਿਤੂਰਾਜ ਹੋਟਲ ਵਿਚ ਲਗਭਗ 8.15 ਵਜੇ ਲੱਗੀ। ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਤੇ ਪੁਲਿਸ ਦੀਆਂ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਬਚਾਅ ਕੰਮ ਸ਼ੁਰੂ ਕੀਤਾ। ਹੁਣ ਤੱਕ 14 ਮ੍ਰਿਤਕ ਦੇਹਾਂ ਕੱਢੀਆਂ ਜਾ ਚੁੱਕੀਆਂ ਹਨ।ਹਾਦਸੇ ਦੀ ਜਾਂਚ ਲਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਬਣਾਈ ਗਈ ਹੈ। ਜਾਂਚ ਵਿਚ ਪਤਾ ਲੱਗਾ ਹੈ ਕਿ ਹੋਟਲ ਦੀ ਚੌਥੀ ਮੰਜ਼ਿਲ 'ਤੇ ਲੱਗੇ ਬਿਜਲੀ ਮੀਟਰ ਵਿਚ ਸ਼ਾਰਟ ਸਰਕਟ ਹੋਣ ਨਾਲ ਲੱਗੀ। ਘਟਨਾ ਵਾਲੀ ਥਾਂ 'ਤੇ ਮੌਜੂਦ ਇਕ ਵਿਅਕਤੀ ਨੇ ਦੱਸਿਆ ਕਿ ਜਾਨ ਬਚਾਉਣ ਲਈ ਕਈ ਲੋਕ ਹੋਟਲ ਦੀ ਛੱਤ ਤੇ ਖਿੜਕੀਆਂ ਤੋਂ ਛਾਲ ਮਾਰਦੇ ਦੇਖੇ ਗਏ।

## ਪਾਕਿ ਫ਼ੌਜਾਂ ਵੱਲੋਂ ਜੰਮੂ-ਕਸ਼ਮੀਰ ਦੇ 4 ਜ਼ਿਲ੍ਹਿਆਂ ਵਿੱਚ ਗੋਲ਼ੀਬਾਰੀ

ਚੜ੍ਹਦੀਕਲਾ ਬਿਊਰੋ

================



ਜੰਮੂ, 30 ਅਪ੍ਰੈਲ : ਪਾਕਿਸਤਾਨੀ ਫੌਜੀਆਂ ਨੇ ਜੰਮੂ-ਕਸ਼ਮੀਰ ਦੇ ਚਾਰ ਸਰਹੱਦੀ ਜ਼ਿਲ੍ਹਿਆਂ ਦੇ ਕਈ ਸੈਕਟਰਾਂ ਵਿੱਚ ਕੰਟਰੋਲ ਰੇਖਾ (ਐਲ.ਓ.ਸੀ.) ਅਤੇ ਅੰਤਰਰਾਸ਼ਟਰੀ ਸਰਹੱਦ (ਆਈ.ਬੀ.) ਦੇ ਨਾਲ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਕੀਤੀ, ਜਿਸ ਦਾ ਭਾਰਤੀ ਸੁਰੱਖਿਆ ਬਲਾਂ ਨੇ ਢੁਕਵਾਂ ਜਵਾਬ ਦਿੱਤਾ।

ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਜੰਮੂ ਜ਼ਿਲ੍ਹੇ ਵਿੱਚ ਅੰਤਰਰਾਸ਼ਟਰੀ ਸਰਹੱਦ ਨੇੜੇ ਪਰਗਲਵਾਲ ਸੈਕਟਰ ਅਤੇ ਰਾਜੌਰੀ ਜ਼ਿਲ੍ਹੇ ਦੇ ਸੁੰਦਰਬਨੀ ਅਤੇ ਨੌਸ਼ਹਿਰਾ ਸੈਕਟਰਾਂ ਵਿੱਚ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਦੀ ਰਿਪੋਰਟ ਮਿਲੀ ਹੈ। 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦੇ ਵਿਚਕਾਰ ਪਾਕਿਸਤਾਨ ਨੇ ਲਗਾਤਾਰ ਛੇਵੀਂ ਰਾਤ ਕੰਟਰੋਲ ਰੇਖਾ 'ਤੇ ਜੰਗਬੰਦੀ ਦੀ ਉਲੰਘਣਾ ਕੀਤੀ। ਜੰਮੂ ਵਿੱਚ ਇੱਕ ਰੱਖਿਆ ਬੁਲਾਰੇ ਨੇ ਕਿਹਾ, '29 ਅਤੇ 30 ਅਪ੍ਰੈਲ ਦੀ ਰਾਤ ਨੂੰ, ਪਾਕਿਸਤਾਨੀ ਫੌਜੀ ਚੌਕੀਆਂ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਨੌਸ਼ਹਿਰਾ, ਸੁੰਦਰਬਨੀ ਅਤੇ ਅਖਨੂਰ ਸੈਕਟਰਾਂ ਵਿੱਚ ਕੰਟਰੋਲ ਰੇਖਾ ਦੇ ਪਾਰ ਛੋਟੇ ਹਥਿਆਰਾਂ ਨਾਲ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਸ਼ੁਰੂ ਕਰ ਦਿੱਤੀ।÷ ਬੁਲਾਰੇ ਨੇ ਕਿਹਾ ਕਿ ਭਾਰਤੀ ਫੌਜ ਦੇ ਜਵਾਨਾਂ ਨੇ ਇਸਦਾ ਢੁਕਵਾਂ ਜਵਾਬ ਦਿੱਤਾ। ਕਸ਼ਮੀਰ ਘਾਟੀ ਦੇ ਬਾਰਾਮੂਲਾ ਅਤੇ ਕੁਪਵਾੜਾ ਜ਼ਿਲ੍ਹਿਆਂ ਵਿੱਚ ਕੰਟਰੋਲ ਰੇਖਾ ਦੇ ਨਾਲ ਅਤੇ ਪਰਗਲ ਸੈਕਟਰ ਵਿੱਚ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਪਾਕਿਸਤਾਨੀ ਚੌਕੀਆਂ ਤੋਂ ਛੋਟੇ ਹਥਿਆਰਾਂ ਨਾਲ ਬਿਨਾਂ ਕਿਸੇ ਭੜਕਾਹਟ ਦੇ ਗੋਲੀਬਾਰੀ ਦੀਆਂ ਅਜਿਹੀਆਂ ਹੀ ਘਟਨਾਵਾਂ ਸਾਹਮਣੇ ਆਈਆਂ ਹਨ। ਪਹਿਲਾਂ ਕੁਪਵਾੜਾ ਅਤੇ ਬਾਰਾਮੂਲਾ ਜ਼ਿਲ੍ਹਿਆਂ ਵਿੱਚ ਗੋਲੀਬਾਰੀ ਸ਼ੁਰੂ ਹੋਈ ਅਤੇ ਫਿਰ ਪੁੰਛ ਅਤੇ ਅਖਨੂਰ ਸੈਕਟਰਾਂ ਵਿੱਚ ਗੋਲੀਬਾਰੀ ਹੋਈ।

## ਰਾਜਸਥਾਨ 'ਚ ਜ਼ਹਿਰੀਲੀ ਸ਼ਰਾਬ ਕਾਰਨ 8 ਮੌਤਾਂ

ਜੈਪੁਰ , 30 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਰਾਜਸਥਾਨ ਦੇ ਅਲਵਰ ਵਿੱਚ ਜ਼ਹਿਰੀਲੀ ਸ਼ਰਾਬ ਨੇ 8 ਲੋਕਾਂ ਦੀ ਜਾਨ ਲੈ ਲਈ। ਪਹਿਲੀ ਮੌਤ 26 ਅਪ੍ਰੈਲ ਨੂੰ ਹੋਈ ਸੀ। ਅਗਲੇ ਦੋ ਦਿਨਾਂ ਵਿੱਚ, 7 ਹੋਰ ਲੋਕਾਂ ਦੀ ਮੌਤ ਹੋ ਗਈ। ਲਗਾਤਾਰ ਹੋ ਰਹੀਆਂ ਮੌਤਾਂ ਕਾਰਨ ਜ਼ਿਲ੍ਹਾ ਪ੍ਰਸ਼ਾਸਨ 'ਤੇ ਵੀ ਸਵਾਲ ਉੱਠ ਰਹੇ ਹਨ। ਸਾਰੇ ਮ੍ਰਿਤਕ ਦੋ ਪਿੰਡਾਂ (ਪੰਤਪੁਰ ਅਤੇ ਕਿਸ਼ਨਪੁਰ) ਦੇ ਹਨ। ਇਨ੍ਹਾਂ ਸਾਰਿਆਂ ਦੀ ਉਮਰ 39 ਤੋਂ 60 ਸਾਲ ਦੇ ਵਿਚਕਾਰ ਹੈ। ਪਿੰਡ ਵਾਸੀਆਂ ਦਾ ਦੋਸ਼ ਹੈ ਕਿ ਇਸ ਪੂਰੇ ਇਲਾਕੇ ਵਿੱਚ ਖੁੱਲ੍ਹੇਆਮ ਨਾਜਾਇਜ਼ ਸ਼ਰਾਬ ਵਿਕ ਰਹੀ ਹੈ, ਪਰ ਅਜਿਹੇ ਲੋਕਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਜਦੋਂ 28 ਅਪ੍ਰੈਲ ਨੂੰ ਇੱਕੋ ਦਿਨ ਵਿੱਚ 5 ਮੌਤਾਂ ਹੋਈਆਂ, ਤਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਇਨ੍ਹਾਂ ਪਿੰਡਾਂ ਵਿੱਚ ਪਹੁੰਚੇ। ਜ਼ਹਿਰੀਲੀ ਸ਼ਰਾਬ ਪੀਣ ਕਾਰਨ ਕਈ ਹੋਰ ਲੋਕਾਂ ਦੀ ਹਾਲਤ ਖ਼ਰਾਬ ਹੈ। ਜਿਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਜ਼ਿਲ੍ਹਾ ਆਬਕਾਰੀ ਅਧਿਕਾਰੀ ਦੇ ਅਨੁਸਾਰ, ਤਿੰਨ ਦਿਨਾਂ ਵਿੱਚ 6 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜ਼ਹਿਰੀਲੀ ਸ਼ਰਾਬ ਪੀਣ ਕਾਰਨ 8 ਲੋਕਾਂ ਦੀ ਜਾਨ ਗਈ ਹੈ।

ਮਾਨ ਸਰਕਾਰ ਦੀ ਇਤਿਹਾਸਕ ਪਹਿਲਕਦਮੀ ਸਦਕਾ 40 ਵਰ੍ਹਿਆਂ ਬਾਅਦ ਨਹਿਰੀ ਪਾਣੀ ਪੰਜਾਬ ਦੇ ਖੇਤਾਂ 'ਚ ਪੁੱਜਾ

## ਕੰਢੀ ਨਹਿਰੀ ਪ੍ਰਾਜੈਕਟ ਤਹਿਤ 433 ਪਿੰਡਾਂ 'ਚ ਸਿੰਜਾਈ ਸਹੂਲਤ ਕੀਤੀ ਬਹਾਲ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 30 ਅਪ੍ਰੈਲ :ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਇਤਿਹਾਸਕ ਪਹਿਲਕਦਮੀ ਸਦਕਾ ਸੂਬੇ ਦੇ ਕੰਢੀ ਖੇਤਰ ਦੇ ਹਜ਼ਾਰਾਂ ਕਿਸਾਨਾਂ ਨੂੰ ਕਰੀਬ ਚਾਰ ਦਹਾਕਿਆਂ ਦੇ ਲੰਮੇ ਅਰਸੇ ਦੀ ਉਡੀਕ ਪਿੱਛੋਂ ਸਿੰਜਾਈ ਲਈ ਨਹਿਰੀ ਪਾਣੀ ਮਿਲਿਆ ਹੈ, ਜੋ ਪੰਜਾਬ ਦੇ ਖੇਤੀਬਾੜੀ ਖੇਤਰ ਲਈ ਇੱਕ ਵੱਡੀ ਪ੍ਰਾਪਤੀ ਹੈ।

ਸਿੰਜਾਈ ਸਬੰਧੀ ਲੰਮੇ ਸਮੇਂ ਤੋਂ ਦਰਪੇਸ਼ ਚੁਣੌਤੀਆਂ ਅਤੇ ਪੰਜਾਬ ਦੇ ਖੇਤੀਬਾੜੀ ਬੁਨਿਆਦੀ ਢਾਂਚੇ ਨੂੰ ਬਹਾਲ ਕਰਨ ਦੇ ਮੁੱਦੇ ਨੂੰ ਗੰਭੀਰਤਾ ਨਾਲ ਲੈਂਦਿਆਂ ਮਾਨ ਸਰਕਾਰ ਨੇ ਨਹਿਰੀ ਪਾਣੀ ਦੀ ਵੰਡ ਲਈ ਸਿੰਜਾਈ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਪਿਛਲੀ ਕਾਂਗਰਸ ਸਰਕਾਰ ਦੇ 2019 ਤੋਂ 2022 ਤੱਕ ਦੇ ਅਰਸੇ ਵਿੱਚ ਖ਼ਰਚ ਪਾਈਪਲਾਈਨ ਡਿਸਟ੍ਰੀਬਿਊਸ਼ਨ ਸਿਸਟਮ ਦਾ 58.78 ਕਰੋੜ ਰੁਪਏ ਦਾ ਪ੍ਰਾਜੈਕਟ ਸਰਕਾਰ ਵੱਲੋਂ ਪਾਸ ਕੀਤਾ ਗਿਆ ਅਤੇ ਇਹ ਕੰਮ ਇਸੇ ਮਹੀਨੇ ਮੁਕੰਮਲ ਹੋ ਜਾਵੇਗਾ।

ਜਲ ਸਰੋਤ ਮੰਤਰੀ ਨੇ ਦੱਸਿਆ ਕਿ ਕੰਢੀ ਨਹਿਰ ਸਟੇਜ-2, ਜੋ ਹੁਸ਼ਿਆਰਪੁਰ ਤੋਂ ਬਲਾਚੌਰ ਤੱਕ ਪੈਂਦੀ ਹੈ, ਉਸ ਉੱਪਰ ਵੀ ਸਰਕਾਰ ਵੱਲੋਂ ਵੱਖ-ਵੱਖ ਕੰਮ ਕਰਵਾਏ ਗਏ। ਕੰਢੀ ਖੇਤਰ ਅਧੀਨ ਆਉਂਦੇ ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ ਕਿਸਾਨਾਂ ਨੂੰ ਸਿੰਜਾਈ ਸਹੂਲਤਾਂ ਪ੍ਰਦਾਨ ਕਰਨ ਲਈ ਇਸ ਨਹਿਰ ਅਧੀਨ ਆਉਂਦੀਆਂ ਲਗਭਗ 42 ਕਿ:ਮੀ: ਲੰਮੀਆਂ 6 ਫਲੋਅ ਡਿਸਟ੍ਰੀਬਿਊਟ੍ਰੀਆਂ ਨੂੰ ਰੀਸਟੋਰ ਕੀਤਾ ਗਿਆ ਜਿਸ ਨਾਲ ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ 72 ਪਿੰਡਾਂ ਦੇ 18,800 ਏਕੜ ਰਕਬੇ ਨੂੰ ਸਿੰਜਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸੇ ਨਹਿਰ ਤੋਂ ਉੱਚੇ ਖੇਤਰ ਨੂੰ ਪਾਣੀ ਦੇਣ ਲਈ ਬਣਾਈਆਂ ਗਈਆਂ 5 ਲਿਫਟ ਸਕੀਮਾਂ ਦੀ ਹਾਲਤ ਬਹੁਤ ਖ਼ਸਤਾ ਸੀ, ਜਿਨ੍ਹਾਂ ਨੂੰ 34 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਤੌਰ 'ਤੇ ਕਾਰਜਸ਼ੀਲ ਕੀਤਾ ਗਿਆ। ਇਨ੍ਹਾਂ ਲਿਫਟ ਸਕੀਮਾਂ ਦੇ ਡਿਸਟ੍ਰੀਬਿਊਸ਼ਨ ਸਿਸਟਮ ਨੂੰ ਵੀ ਬਹਾਲ ਕੀਤਾ ਗਿਆ, ਜਿਸ ਨਾਲ ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ 38 ਪਿੰਡਾਂ ਦੇ ਲਗਭਗ 11,576 ਏਕੜ ਬਰਾਨੀ ਰਕਬੇ ਨੂੰ ਸਿੰਜਾਈ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਸ੍ਰੀ ਗੋਇਲ ਨੇ ਦੱਸਿਆ ਕਿ ਕੰਢੀ ਨਹਿਰ ਦੇ ਪੁਰਾਣੇ ਸਿਸਟਮ ਨੂੰ ਚਲਾਉਣ ਦੇ ਨਾਲ-ਨਾਲ ਇਸ ਨਹਿਰ ਉੱਪਰ ਕਈ ਨਵੇਂ ਕੰਮਾਂ ਦੀ ਉਸਾਰੀ ਵੀ ਮਾਨ ਸਰਕਾਰ ਵਲੋਂ ਕੀਤੀ ਗਈ।

## ਮੋਦੀ ਵੱਲੋਂ ਆਪਣਾ ਰੂਸ ਦੌਰਾ ਰੱਦ

ਨਵੀਂ ਦਿੱਲੀ , 30 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵਧਦਾ ਜਾ ਰਿਹਾ ਹੈ। ਇਸ ਦੌਰਾਨ, ਖ਼ਬਰਾਂ ਆਈਆਂ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣਾ ਰੂਸ ਦੌਰਾ ਮੁਲਤਵੀ ਕਰ ਦਿੱਤਾ ਹੈ। ਪ੍ਰਧਾਨ ਮੰਤਰੀ 9 ਮਈ ਨੂੰ ਮਾਸਕੋ ਵਿੱਚ ਹੋਣ ਵਾਲੀ ਵਿਜੇ ਦਿਵਸ ਪਰੇਡ ਵਿੱਚ ਸ਼ਾਮਲ ਨਹੀਂ ਹੋਣਗੇ। ਰੂਸ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਵਿਜੇ ਦਿਵਸ ਪਰੇਡ ਲਈ ਸੱਦਾ ਦਿੱਤਾ ਸੀ। ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਬੁੱਧਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਗਲੇ ਮਹੀਨੇ ਮਾਸਕੋ ਵਿੱਚ ਹੋਣ ਵਾਲੇ ਵਿਜੇ ਦਿਵਸ ਦੀ 80ਵੀਂ ਵਰ੍ਹੇਗੰਢ ਸਮਾਰੋਹ ਵਿੱਚ ਸ਼ਾਮਲ ਨਹੀਂ ਹੋਣਗੇ। ਸਥਾਨਕ ਮੀਡੀਆ ਰਿਪੋਰਟਾਂ ਦੇ ਅਨੁਸਾਰ, ਭਾਰਤੀ ਰੱਖਿਆ ਮੰਤਰੀ ਰਾਜਨਾਥ ਸਿੰਘ 9 ਮਈ ਦੇ ਸਮਾਗਮ ਵਿੱਚ ਭਾਰਤ ਦੀ ਨੁਮਾਇੰਦਗੀ ਕਰਨਗੇ।

ਪਾਕਿਸਤਾਨ ਦੇ ਸੂਚਨਾ ਮੰਤਰੀ ਦਾ ਵਿਵਾਦਿਤ ਬਿਆਨ

## 'ਭਾਰਤ ਅਗਲੇ 24 ਤੋਂ 36 ਘੰਟਿਆਂ 'ਚ ਕਰ ਸਕਦੈ ਫ਼ੌਜੀ ਹਮਲਾ'

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 30 ਅਪ੍ਰੈਲ :ਭਾਰਤ ਦੀ ਕਾਰਵਾਈ ਕਾਰਨ ਪਾਕਿਸਤਾਨ ਵਿੱਚ ਦਹਿਸ਼ਤ ਦਾ ਮਾਹੌਲ ਹੈ। ਇਸੇ ਕਰਕੇ ਪਾਕਿਸਤਾਨ ਦੇ ਸੂਚਨਾ ਮੰਤਰੀ ਅਤਾਉੱਲਾ ਤਰਾਰ ਨੇ ਬੀਤੀ ਦੇਰ ਰਾਤ ਪ੍ਰੈਸ ਕਾਨਫਰੰਸ ਕੀਤੀ ਜਿਸ ਵਿਚ ਉਨ੍ਹਾਂ ਕਿਹਾ ਕਿ ਸਾਨੂੰ ਮਿਲੀ ਖੁਫੀਆ ਜਾਣਕਾਰੀ ਮੁਤਾਬਕ ਭਾਰਤ ਪਾਕਿਸਤਾਨ 'ਤੇ ਅਗਲੇ 24 ਤੋਂ 36 ਘੰਟਿਆਂ ਵਿਚ ਫੌਜੀ ਹਮਲਾ ਕਰ ਸਕਦਾ ਹੈ। ਪਾਕਿ ਦੇ ਸੂਚਨਾ ਮੰਤਰੀ ਵੱਲੋਂ ਪ੍ਰੈਸ ਕਾਨਫਰੰਸ ਕਰਕੇ ਇਸ ਦਾ ਖੁਲਾਸਾ ਕੀਤਾ ਗਿਆ ਹੈ ਤੇ ਨਾਲ ਹੀ ਚੇਤਾਵਨੀ ਦਿੱਤੀ ਹੈ ਕਿ ਜੇਕਰ ਭਾਰਤ ਨੇ ਇਹ ਫੈਸਲਾ ਲੈ ਹੀ ਲਿਆ ਹੈ ਤਾਂ ਇਸ ਦੇ ਵਿਨਾਸ਼ਕਾਰੀ ਨਤੀਜੇ ਸਾਹਮਣੇ ਆਉਣਗੇ। ਇਸ ਤੋਂ ਸਪੱਸ਼ਟ ਹੈ ਕਿ ਪਾਕਿਸਤਾਨ ਨੂੰ ਪਲ-ਪਲ ਦਾ ਡਰ ਸਤਾ ਰਿਹਾ ਹੈ ਇਸੇ ਕਰਕੇ ਦੇਰ ਰਾਤ ਨੂੰ ਮੰਤਰੀ ਪ੍ਰੈਸ ਕਾਨਫਰੰਸ ਕਰ ਰਹੇ ਹਨ। ਮੰਤਰੀ ਅਤਾਉਲਾ ਤਰਾਰ ਨੇ ਕਿਹਾ ਕਿ ਭਾਰਤ ਨੇ ਤਰਕ 'ਤੇ ਚੱਲਣ ਦੀ ਬਜਾਏ ਤਰਕਹੀਣਤਾ ਤੇ ਟਕਰਾਅ ਦੇ ਰਸਤੇ ਉਤੇ ਚੱਲਣ ਦਾ ਫੈਸਲਾ ਕੀਤਾ ਹੈ, ਜਿਸ ਦੇ ਵਿਨਾਸ਼ਕਾਰੀ ਨਤੀਜੇ ਹੋ ਸਕਦੇ ਹਨ। ਪਾਕਿਸਤਾਨ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਵੀ ਚੌਕਸ ਰਹਿਣ ਦੀ ਅਪੀਲ ਕੀਤੀ ਹੈ ਤੇ ਨਾਲ ਹੀ ਚੇਤਾਵਨੀ ਦਿੱਤੀ ਗਈ ਹੈ ਕਿ ਭਾਰਤ ਵੱਲੋਂ ਕੀਤੀਗਈ ਕਿਸੇ ਵੀ ਫੌਜੀ ਕਾਰਵਾਈ ਦਾ ਜਵਾਬ ਤਾਕਤ ਤੇ ਫੈਸਲਾਕੁੰਨ ਢੰਗ ਨਾਲ ਦਿਤਾ ਜਾਵੇਗਾ।

**ਸੰਪਾਦਕੀ**

# ਖ਼ੁਫ਼ੀਆ ਤੰਤਰ ਮਜ਼ਬੂਤ ਕਰਨ ਦੀ ਲੋੜ

ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਕਸ਼ਮੀਰ ਵਾਦੀ ਵਿੱਚ ਅੱਤਵਾਦੀ ਗਤੀਵਿਧੀਆਂ ਰੁਕ ਨਹੀਂ ਰਹੀਆਂ ਹਨ। ਪਿਛਲੇ ਹਫ਼ਤੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਪੂਰੇ ਦੇਸ਼ ਵਿੱਚ ਗੁੱਸਾ ਹੈ। ਦੁਨੀਆ ਦੇ ਕਈ ਦੇਸ਼ਾਂ ਨੇ ਇਸਦੀ ਨਿੰਦਾ ਕੀਤੀ ਹੈ। ਉਸ ਹਮਲੇ ਵਿੱਚ ਛੱਬੀ ਲੋਕ ਮਾਰੇ ਗਏ ਸਨ। ਇਸ ਦੇ ਜਵਾਬ ਵਿੱਚ, ਭਾਰਤ ਸਰਕਾਰ ਨੇ ਪਾਕਿਸਤਾਨ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ। ਕਸ਼ਮੀਰ ਵਾਦੀ ਵਿੱਚ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਇਸ ਘਟਨਾ ਦੇ ਵਿਰੋਧ ਵਿੱਚ ਪੂਰਾ ਕਸ਼ਮੀਰ ਬੰਦ ਰਿਹਾ ਅਤੇ ਅੱਤਵਾਦ ਵਿਰੁੱਧ ਕਈ ਥਾਵਾਂ 'ਤੇ ਜਲੂਸ ਕੱਢੇ ਗਏ। ਇਸ ਦੇ ਬਾਵਜੂਦ, ਜੇਕਰ ਘਾਟੀ ਵਿੱਚ ਅੱਤਵਾਦੀਆਂ ਦੇ ਇਰਾਦੇ ਕਮਜ਼ੋਰ ਨਹੀਂ ਪਏ ਹਨ, ਤਾਂ ਕੁਦਰਤੀ ਤੌਰ 'ਤੇ ਸੁਰੱਖਿਆ ਪ੍ਰਬੰਧਾਂ ਬਾਰੇ ਫਿਰ ਤੋਂ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਜ਼ਿਕਰਯੋਗ ਹੈ ਕਿ ਕੁਪਵਾੜਾ ਵਿੱਚ ਸ਼ੱਕੀ ਅੱਤਵਾਦੀਆਂ ਨੇ ਇੱਕ ਸਮਾਜ ਸੇਵਕ ਦੇ ਘਰ ਵਿੱਚ ਦਾਖਲ ਹੋ ਕੇ ਉਸਨੂੰ ਗੋਲੀ ਮਾਰ ਦਿੱਤੀ। ਇਹ ਕੋਈ ਭੇਤ ਨਹੀਂ ਹੈ ਕਿ ਘਾਟੀ ਵਿੱਚ ਅੱਤਵਾਦੀ ਹਮਲਿਆਂ ਪਿੱਛੇ ਪਾਕਿਸਤਾਨ ਦਾ ਹੱਥ ਹੈ। ਭਾਵੇਂ ਉਹ ਵਾਰ-ਵਾਰ ਆਪਣੇ ਆਪ ਨੂੰ ਸਾਫ਼-ਸੁਥਰਾ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਭਾਰਤ ਨਾਲ ਸਹਿਯੋਗ ਕਰਨ ਦਾ ਦਿਖਾਵਾ ਵੀ ਕਰਦਾ ਹੈ, ਪਰ ਉਸਦੀ ਅਸਲੀਅਤ ਦੁਨੀਆ ਦੀਆਂ ਨਜ਼ਰਾਂ ਤੋਂ ਲੁਕੀ ਨਹੀਂ ਹੈ। ਪਹਿਲਗਾਮ ਤੋਂ ਬਾਅਦ, ਕੁਪਵਾੜਾ ਵਿੱਚ ਘਰ ਵਿੱਚ ਦਾਖਲ ਹੋਣ ਅਤੇ ਇਸ ਤਰ੍ਹਾਂ ਹਮਲਾ ਕਰਨ ਪਿੱਛੇ ਅੱਤਵਾਦੀਆਂ ਦਾ ਇਰਾਦਾ ਸਪੱਸ਼ਟ ਹੈ। ਉਹ ਇਹ ਸੁਨੇਹਾ ਦੇਣਾ ਚਾਹੁੰਦਾ ਹੈ ਕਿ ਉਸਦੇ ਇਰਾਦੇ ਕਮਜ਼ੋਰ ਨਹੀਂ ਹੋਏ ਹਨ। ਪਰ ਸਵਾਲ ਇਹ ਹੈ ਕਿ ਉੱਥੇ ਤਾਇਨਾਤ ਖੁਫੀਆ ਏਜੰਸੀਆਂ ਅਤੇ ਸੁਰੱਖਿਆ ਬਲ ਇਹ ਗਲਤੀਆਂ ਕਿਉਂ ਅਤੇ ਕਿਵੇਂ ਕਰ ਰਹੇ ਹਨ ਕਿ ਉਹ ਸਮੇਂ ਸਿਰ ਅੱਤਵਾਦੀਆਂ ਦੀਆਂ ਸਾਜ਼ਿਸ਼ਾਂ ਨੂੰ ਨਹੀਂ ਸਮਝ ਪਾ ਰਹੇ। ਪਹਿਲਗਾਮ ਹਮਲੇ ਦਾ ਮੁੱਖ ਕਾਰਨ ਸੁਰੱਖਿਆ ਪ੍ਰਬੰਧਾਂ ਵਿੱਚ ਘੋਰ ਲਾਪਰਵਾਹੀ ਸੀ। ਇਸ ਲਈ ਸਰਕਾਰ ਨੇ ਸਰਬ-ਪਾਰਟੀ ਮੀਟਿੰਗ ਵਿੱਚ ਅਫ਼ਸੋਸ ਵੀ ਪ੍ਰਗਟ ਕੀਤਾ ਅਤੇ ਇਸਨੂੰ ਤੁਰੰਤ ਸੁਧਾਰਨ ਦਾ ਭਰੋਸਾ ਦਿੱਤਾ। ਇਸ ਵੇਲੇ ਰਾਸ਼ਟਰੀ ਸੁਰੱਖਿਆ ਏਜੰਸੀ ਘਟਨਾ ਦੀ ਜਾਂਚ ਵਿੱਚ ਰੁੱਝੀ ਹੋਈ ਹੈ। ਪੂਰੀ ਵਾਦੀ ਵਿੱਚ ਸੁਰੱਖਿਆ ਬਲਾਂ ਦੀ ਗਿਣਤੀ ਵਧਾ ਦਿੱਤੀ ਗਈ ਹੈ। ਖੁਫੀਆ ਏਜੰਸੀਆਂ ਚੌਕਸ ਹਨ। ਇਸ ਦੇ ਬਾਵਜੂਦ, ਜੇਕਰ ਅੱਤਵਾਦੀ ਕਿਸੇ ਘਰ ਵਿੱਚ ਦਾਖਲ ਹੋ ਕੇ ਹਮਲਾ ਕਰਨ ਵਿੱਚ ਸਫਲ ਹੋ ਜਾਂਦੇ ਹਨ, ਤਾਂ ਕੁਦਰਤੀ ਤੌਰ 'ਤੇ ਅੱਤਵਾਦ ਨਾਲ ਲੜਨ ਦੀਆਂ ਸਾਡੀਆਂ ਤਿਆਰੀਆਂ 'ਤੇ ਸਵਾਲ ਉੱਠਣਗੇ। ਜਦੋਂ ਨੌਂ ਸਾਲ ਪਹਿਲਾਂ ਨੋਟਬੰਦੀ ਹੋਈ ਸੀ, ਤਾਂ ਇਹ ਦਾਅਵਾ ਕੀਤਾ ਗਿਆ ਸੀ ਕਿ ਇਸ ਨਾਲ ਅੱਤਵਾਦੀਆਂ ਦੀ ਕਮਰ ਟੁੱਟ ਜਾਵੇਗੀ। ਫਿਰ ਧਾਰਾ 370 ਨੂੰ ਖਤਮ ਕਰਨ ਤੋਂ ਬਾਅਦ ਵੀ, ਇਹ ਲਗਾਤਾਰ ਕਿਹਾ ਜਾਂਦਾ ਰਿਹਾ ਕਿ ਘਾਟੀ ਵਿੱਚ ਅੱਤਵਾਦ ਲਗਭਗ ਆਪਣੇ ਆਖਰੀ ਪੜਾਅ ਵਿੱਚ ਹੈ। ਪਰ ਹਕੀਕਤ ਇਹ ਹੈ ਕਿ ਇਸ ਸਮੇਂ ਦੌਰਾਨ ਕਈ ਵੱਡੀਆਂ ਅੱਤਵਾਦੀ ਘਟਨਾਵਾਂ ਵਾਪਰੀਆਂ, ਜਿਨ੍ਹਾਂ ਵਿੱਚੋਂ ਤਾਜ਼ਾ ਪਹਿਲਗਾਮ ਘਟਨਾ ਸੀ। ਇਹ ਚੰਗੀ ਗੱਲ ਹੈ ਕਿ ਪਹਿਲਗਾਮ ਹਮਲੇ ਤੋਂ ਬਾਅਦ, ਸਰਕਾਰ ਨੇ ਸਖ਼ਤ ਕਦਮ ਚੁੱਕੇ ਹਨ ਅਤੇ ਅੱਤਵਾਦ ਨਾਲ ਨਜਿੱਠਣ ਲਈ ਹੋਰ ਪ੍ਰਭਾਵਸ਼ਾਲੀ ਤਰੀਕਿਆਂ 'ਤੇ ਵਿਚਾਰ ਕਰ ਰਹੀ ਹੈ। ਪਰ ਹੁਣ ਤੱਕ ਦੇ ਤਜਰਬੇ ਦਰਸਾਉਂਦੇ ਹਨ ਕਿ ਅੱਤਵਾਦੀ ਸੰਗਠਨਾਂ ਨੂੰ ਖਤਮ ਕਰਨ ਦੀ ਕੋਈ ਵੀ ਰਣਨੀਤੀ ਪ੍ਰਭਾਵਸ਼ਾਲੀ ਸਾਬਤ ਨਹੀਂ ਹੋਈ ਹੈ। ਪਹਿਲਗਾਮ ਹਮਲੇ ਤੋਂ ਬਾਅਦ ਆਮ ਲੋਕਾਂ ਦੀ ਭਾਵਨਾ ਇਹ ਹੈ ਕਿ ਅੱਤਵਾਦ ਨੂੰ ਹੁਲਾਰਾ ਦੇਣ ਵਾਲੇ ਪਾਕਿਸਤਾਨ ਵਿਰੁੱਧ ਕੁਝ ਫੈਸਲਾਕੁੰਨ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਹ ਸਪੱਸ਼ਟ ਹੈ ਕਿ ਉੱਥੋਂ ਦੀ ਫੌਜ ਅੱਤਵਾਦੀਆਂ ਨੂੰ ਸਿਖਲਾਈ ਅਤੇ ਸੁਰੱਖਿਆ ਪ੍ਰਦਾਨ ਕਰਦੀ ਹੈ। ਉਸਨੇ ਆਪਣੇ ਆਪ ਨੂੰ ਉੱਥੇ ਦੇ ਹਾਕਮ ਤੋਂ ਉੱਪਰ ਸਮਝਣਾ ਸ਼ੁਰੂ ਕਰ ਦਿੱਤਾ ਹੈ ਅਤੇ ਆਪਣੀ ਸਮਾਨਾਂਤਰ ਸ਼ਕਤੀ ਚਲਾਉਂਦੀ ਹੈ। ਅਜਿਹੀ ਸਥਿਤੀ ਵਿੱਚ, ਸਿਰਫ਼ ਰਾਜਨੀਤਿਕ ਪਹਿਲਕਦਮੀਆਂ ਹੀ ਨਹੀਂ, ਸਗੋਂ ਸਰਹੱਦ ਪਾਰੋਂ ਚੱਲ ਰਹੇ ਅੱਤਵਾਦੀ ਠਿਕਾਣਿਆਂ ਨੂੰ ਖਤਮ ਕਰਨ ਦੀ ਰਣਨੀਤੀ ਵੀ ਬਣਾਉਣੀ ਪਵੇਗੀ। ਪਰ ਪਹਿਲਾਂ ਸਾਡੇ ਸੁਰੱਖਿਆ ਘੇਰੇ ਨੂੰ ਅਭੇਦ ਅਤੇ ਖੁਫੀਆ ਪ੍ਰਣਾਲੀ ਨੂੰ ਅਚੱਲ ਬਣਾਉਣ ਦੀ ਤੁਰੰਤ ਲੋੜ ਹੈ।

**-ਜਗਜੀਤ ਸਿੰਘ ਦਰਦੀ**

# ਦੇਸ਼ ਵਿੱਚ ਜਾਤੀ ਜਨਗਣਨਾ 'ਤੇ ਮੋਦੀ ਸਰਕਾਰ ਦਾ ਵੱਡਾ ਫ਼ੈਸਲਾ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

- ਇਸ ਤੇਜ਼ ਬਦਲਦੀ ਦੁਨੀਆ ਵਿੱਚ ਜਾਤੀ ਜ਼ਰੂਰੀ ਹੈ ?
- ਕੀ ਆਉਣ ਵਾਲੇ ਦਿਨਾਂ ਦਾ ਭਾਰਤ ਇੱਕ ਵਾਰ ਫ਼ਿਰ ਜਾਤੀ ਦੇ ਖੰਡਾਂ ਵਿੱਚ ਦਿਖਾਈ ਦੇਵੇਗਾ ?
- ਬਦਲ ਜਾਣਗੇ ਭਾਰਤ ਦੇ ਸਰਕਾਰੀ ਜਾਤੀ ਅੰਕੜੇ
- ਸਾਹਮਣੇ ਆਏਗੀ ਸਮਾਜਿਕ ਵਰਗੀਕਰਨ ਤਾਕਤ

ਜਾਤੀ ਜਨਗਣਨਾ ਹੁਣ ਭਾਰਤੀ ਸਮਾਜ ਦੀ ਇੱਕ ਸੱਚਾਈ ਹੈ। ਇਹ ਭਾਰਤੀ ਸਮਾਜ ਦਾ ਹੁਣ ਉਹ ਸ਼ੀਸ਼ਾ ਹੈ, ਜਿਸਦੇ ਵਿੱਚੋਂ ਨਵੇਂ ਭਾਰਤ ਨੂੰ ਜੇ ਸੱਚ ਕਹੀਏ ਤਾਂ ਜਾਤੀ ਦੇ ਆਇਨੇ ਵਿੱਚੋਂ ਵੀ ਦੇਖਿਆ ਜਾ ਸਕੇਗਾ ਅਤੇ ਉਹਨਾਂ ਦੇ ਬਾਰੇ ਗੱਲ ਕੀਤੀ ਜਾ ਸਕੇਗੀ ਪ੍ਰੰਤੂ ਭਾਰਤ ਇਹ ਸਭ ਤੋਂ ਵੱਡਾ ਵੋਟ ਬੈਂਕ ਦਾ ਆਧਾਰ ਵੀ ਹੈ।

ਜਾਤੀ ਜਨਗਣਨਾ ਮੁਖ ਪ੍ਰਸ਼ਨ ਹੈ, ਜਿਸ ਦੇ ਬਾਰੇ ਭਾਰਤ ਦੀਆਂ ਰਾਜਨੀਤਕ ਪਾਰਟੀਆਂ ਸਮੇਂ ਸਮੇਂ 'ਤੇ ਆਵਾਜ਼ ਉਠਾਉਂਦੀਆਂ ਰਹੀਆਂ ਤੇ ਪਿਛਲੇ ਦਿਨਾਂ ਦੇ ਵਿੱਚ ਜਾਤੀ ਜਨਗਣਨਾ ਨੂੰ ਲੈ ਕੇ ਇੱਕ ਘਮਾਸਾਨ ਵੀ ਭਾਰਤੀ ਰਾਜਨੀਤਿਕ ਦ੍ਰਿਸ਼ ਅਤੇ ਪਾਰਲੀਮੈਂਟ ਵਿੱਚ ਵੀ ਦੇਖਿਆ ਗਿਆ ਹੈ। ਜੇ ਜਾਤੀਗਣਨਾ ਇੰਨੀ ਹੀ ਜ਼ਰੂਰੀ ਹੈ ਕਿ ਉਸ ਉਤੇ ਤੁਰੰਤ ਅਮਲ ਕੀਤਾ ਜਾਏ ਅਤੇ ਇਹ ਆਉਣ ਵਾਲੇ ਡੀ ਲਿਮੀਟੇਸ਼ਨ ਤੋਂ ਪਹਿਲਾਂ ਜ਼ਰੂਰੀ ਹੈ।

ਸੱਚ ਤਾਂ ਇਹ ਹੈ ਕਿ ਜਾਤੀਗਤ ਰਾਖਵਾਂਕਰਨ ਨਾ ਹੋਣ ਇੰਨਾ ਅਧਿਕ ਪ੍ਰਚਲਤ ਹੋ ਗਿਆ ਹੈ ਕਿ ਜਿਸ ਦੇ ਬਾਰੇ ਵਿੱਚ ਪਹਿਲਾਂ ਕਦੀ ਵੀ ਸਰਕਾਰ ਨੇ ਇਸ ਤਰ੍ਹਾਂ ਨਹੀਂ ਸੀ ਸੋਚਿਆ ਪਰੰਤੂ ਪਿਛਲੇ ਦਸਾਂ ਸਾਲਾਂ ਦੇ ਰਾਜਨੀਤਿਕ ਬਦਲਾਵ ਨੇ ਅਤੇ ਪੂਰੀ ਦੁਨੀਆ ਵਿੱਚ ਹੋਏ ਕ੍ਰਾਂਤੀਕਾਰੀ ਬਦਲਾਵਾਂ ਨੇ ਸਮਾਜ ਨੂੰ ਜਿਨ੍ਹਾਂ ਧੜਿਆਂ ਵਿੱਚ ਵੰਡਿਆ ਹੈ, ਉਹਨਾਂ ਵਿੱਚ ਸਮੁਦਾਇ ਅਤੇ ਜਾਤੀ ਦੇ ਪ੍ਰਸ਼ਨ ਬਹੁਤ ਅਹਿਮ ਭਾਰਤ ਵਿੱਚ ਬੇਹੱਦ ਜ਼ਰੂਰੀ ਸਨ ਜਦੋਂ ਕਿ ਜਾਤੀ ਤੋੜੋ ਸਮਾਜ ਸੁਧਾਰੋ ਵਰਗੀਆਂ ਲਹਿਰਾਂ ਅਤੇ ਜਾਤੀ ਤੋੜੋ ਮੰਡਲ ਵਰਗੇ ਰਾਜਨੀਤਿਕ ਤੇ ਸਮਾਜਿਕ ਮੁੱਦੇ ਵੀ ਸਾਹਮਣੇ ਆਉਂਦੇ ਰਹੇ ਨੇ ਤੇ ਜਿਨ੍ਹਾਂ ਦੀ ਸਾਖ ਅਤੇ ਅਗਵਾਈ ਬੇਹੱਦ ਪ੍ਰਸਿੱਧ ਰਾਜਨੀਤਿਕ ਨੇਤਾਵਾਂ ਦੇ ਹੱਥ ਵਿੱਚ ਰਹੀ ਹੈ ਤੇ ਸੱਚਾਈ ਇਹ ਹੈ ਕਿ ਭਾਰਤ ਦਾ ਸਮੁੱਚਾ ਸਮਾਜਿਕ ਰਾਜਸੀ ਅਤੇ ਸਮਾਜਿਕ ਢਾਂਚਾ ਵਿਸ਼ੇਸ਼ਤਾ ਅਰਥ ਚਾਰਾ ਰਾਜਸੀ ਸੱਤਾ ਦੀ ਇਸ ਬਾਂਦਰ ਵੰਡ ਵਿਚ ਵੋਟਾਂ ਦੀ ਰਾਜਨੀਤੀ ਕਿਤੇ ਨਾ ਕਿਤੇ ਜਾਤੀ ਅਧਾਰਤ ਇਲਾਕਿਆਂ ਵਿੱਚ ਜਾਤੀ ਸਮੁੰਦਾਇਆਂ ਵਿੱਚ ਵੰਡਿਆ ਹੋਇਆ ਹੈ।

ਕਦੀ ਕਦੀ ਰਾਜਨੀਤਿਕ ਪਾਰਟੀਆਂ ਇਸਨੂੰ ਆਪਣੀ ਤਾਕਤ ਮੰਨਦੀਆਂ ਹਨ ਪਰੰਤੂ ਭਾਰਤ ਦੀ ਸੱਚਾਈ ਇਹ ਹੈ ਕਿ ਇਸ ਭਾਰਤ ਦੇਸ਼ ਵਿੱਚ ਅੱਜ ਵੀ ਜਾਤੀਅਤਾ ਦੇ ਅਲੱਗ ਅਲੱਗ ਖੰਡਾਂ ਵਿੱਚ ਵੰਡਿਆ ਹੋਇਆ ਹੈ।

ਕੀ ਆਉਣ ਵਾਲੇ ਦਿਨਾਂ ਦੇ ਵਿੱਚ ਜਦੋਂ ਪੂਰੀ ਦੁਨੀਆ 21ਵੀਂ ਸਦੀ ਵਿੱਚ ਜਾ ਰਹੀ ਹੈ ਕਿ ਅਸੀਂ ਰਾਜਨੀਤੀ ਨੂੰ ਅਲੱਗ ਕਰ ਸਕਦੇ ਹਾਂ। ਡਾਕਟਰ ਅੰਬੇਦਕਰ ਤੋਂ ਲੈ ਕੇ ਰਾਜਾ ਰਾਮ ਮੋਹਨ ਰਾਏ ਦੇ ਪਹਿਲੇ ਅੰਦੋਲਨ ਦੀ ਵੀ ਗੱਲ ਕਰੀਏ ਤਾਂ ਉਸ ਤੋਂ ਬਾਅਦ ਡਾਕਟਰ ਰਾਮ ਮਨੋਹਰ ਲੋਹੀਆ ਦਾ ਸਮਾਜਵਾਦ ਅਤੇ ਉਸ ਤੋਂ ਬਾਅਦ ਵਰਤਮਾਨ 70 ਸਾਲਾਂ ਦੀ ਰਾਜਨੀਤੀ ਦੀ ਗੱਲ ਕਰੀਏ ਤਾਂ ਮੰਡਲ ਕੁ ਮੰਡਲ ਆਯੋਗ ਦੀ ਅਗਵਾਈ ਵਿੱਚ ਜਦੋਂ ਵੀ ਜਾਤੀਅਤਾ ਦੀ ਗੱਲ ਹੋਈ ਅਤੇ ਭਾਰਤ ਜਾਤੀ ਦੇ ਵਿਵਾਦਾਂ ਵਿੱਚ ਅਤੇ ਅੰਦੋਲਨ ਵਿੱਚ ਵੰਡਿਆ ਗਿਆ ਹੈ।

ਇਸ ਮੌਕੇ 'ਤੇ ਪ੍ਰੰਤੂ ਸਮਾਜਿਕ ਸੱਚਾਈ ਇਹੀ ਹੈ ਕਿ ਜਾਤੀ ਅੱਜ ਭਾਰਤ ਦੀ ਉਹ ਤਾਕਤ ਹੈ ਤੇ ਜਾਤੀ ਦਾ ਉਭਾਰ ਹੋਣਾ ਅਸਲ ਵਿੱਚ ਇਹ ਇਕ ਚੰਗਾ ਫ਼ੈਸਲਾ ਹੋ ਸਕਦਾ ਕਿਉਂਕਿ ਇੱਕ ਵਾਰ ਇਹ ਤਾਕਤ ਸਾਹਮਣੇ ਆ ਜਾਏਗੀ ਕਿ ਕੌਣ ਜਾਤੀ ਕਿੰਨੇ ਪ੍ਰਤੀਸ਼ਤ ਵਰਗ ਦੇ ਨਾਲ ਸਮਾਜ ਵਿੱਚ ਕਿੰਨੀ



ਅਹਿਮੀਅਤ ਰੱਖਦੀ ਹੈ। ਹਾਲਾਂਕਿ ਇਸ ਬਾਰੇ ਬਹੁਤ ਵਿਵਾਦ ਪਹਿਲਾਂ ਵੀ ਹੋਏ ਹਨ ਪਰੰਤੂ ਅੰਤ 'ਚ ਮੋਦੀ ਸਰਕਾਰ ਨੇ ਇਹ ਜਨਗਣਨਾ ਦਾ ਫ਼ੈਸਲਾ ਲਿਆ ਹੈ।

ਹੁਣ ਮੋਦੀ ਸਰਕਾਰ ਕਰੇਗੀ ਜਾਤੀ ਜਨਗਣਨਾ, ਜਾਣ ਸਕਦੇ ਹੋ ਕਿਉਂ ਹੈ ਇਹ ਜ਼ਰੂਰੀ? ਇਸਦਾ ਕੀ ਪ੍ਰਭਾਵ ਪਵੇਗਾ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਬੁੱਧਵਾਰ, 30 ਅਪ੍ਰੈਲ ਨੂੰ ਕੈਬਨਿਟ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸਰਕਾਰ ਨੇ ਜਾਤੀ ਜਨਗਣਨਾ ਕਰਵਾਉਣ ਦਾ ਫੈਸਲਾ ਕੀਤਾ ਹੈ। ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਪ੍ਰੈਸ ਬ੍ਰੀਫਿੰਗ ਰਾਹੀਂ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ, ਆਉਣ ਵਾਲੀ ਜਨਗਣਨਾ ਵਿੱਚ ਜਾਤੀ ਗਿਣਤੀ ਨੂੰ ਸ਼ਾਮਲ ਕੀਤਾ ਜਾਵੇਗਾ।

ਸਰਕਾਰ ਵੱਲੋਂ ਜਾਤੀ ਜਨਗਣਨਾ ਦੇ ਫੈਸਲੇ ਤੋਂ ਬਾਅਦ, ਹੁਣ ਦੇਸ਼ ਵਿੱਚ ਜਲਦੀ ਹੀ ਜਨਗਣਨਾ ਸ਼ੁਰੂ ਹੋਵੇਗੀ। ਇਸ ਤਹਿਤ, ਜਨਗਣਨਾ ਫਾਰਮ ਵਿੱਚ ਹੀ ਜਾਤੀ ਲਈ ਇੱਕ ਕਾਲਮ ਹੋਵੇਗਾ। ਇਸ ਆਧਾਰ 'ਤੇ ਦੇਸ਼ ਵਿੱਚ ਕਿਸ ਜਾਤੀ ਦੇ ਕਿੰਨੇ ਲੋਕ ਹਨ, ਇਸ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਆਓ ਜਾਣਦੇ ਹਾਂ ਜਾਤੀ ਜਨਗਣਨਾ ਕੀ ਹੈ ਅਤੇ ਇਹ ਇੰਨੀ ਮਹੱਤਵਪੂਰਨ ਕਿਉਂ ਹੈ?

**ਜਾਤੀ ਜਨਗਣਨ ਤੇ ਜਾਤੀ ਜਨਗਣਨਾ ਕੀ ਹੈ?**
ਜਾਤੀ ਜਨਗਣਨਾ ਦਾ ਅਰਥ ਹੈ ਆਬਾਦੀ ਗਿਣਤੀ ਦੌਰਾਨ ਨਾਗਰਿਕਾਂ ਦੀ ਜਾਤੀ ਬਾਰੇ ਜਾਣਕਾਰੀ ਇਕੱਠੀ ਕਰਨਾ ਅਤੇ ਇਸਦਾ ਅਧਿਕਾਰਤ ਰਿਕਾਰਡ ਬਣਾਉਣਾ। ਭਾਰਤ ਵਿੱਚ ਆਖਰੀ ਜਾਤੀ ਜਨਗਣਨਾ ਸਾਲ 1947 ਵਿੱਚ ਕੀਤੀ ਗਈ ਸੀ। ਉਦੋਂ ਤੋਂ ਸਿਰਫ਼ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਗਿਣਤੀ ਕੀਤੀ ਗਈ ਹੈ, ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਮੇਤ ਹੋਰ ਸਾਰੀਆਂ ਜਾਤੀਆਂ ਦੀ ਗਿਣਤੀ ਨਹੀਂ ਕੀਤੀ ਗਈ ਹੈ।

**ਜਾਤੀ ਜਨਗਣਨਾ ਦੀ ਲੋੜ ਕਿਉਂ ਹੈ?**
ਜਾਤੀ ਜਨਗਣਨਾ ਦੇ ਹੱਕ ਵਿੱਚ ਦਲੀਲ ਇਹ ਹੈ ਕਿ ਨੀਤੀਆਂ ਅਤੇ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਹੀ ਸਮਾਜਿਕ ਡੇਟਾ ਜ਼ਰੂਰੀ ਹੈ। ਅੱਜ ਓਬੀਸੀ, ਐਸਸੀ, ਐਸਟੀ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਰਾਖਵੇਂਕਰਨ ਅਤੇ ਭਲਾਈ ਸਕੀਮਾਂ ਦਾ ਲਾਭ ਮਿਲਦਾ ਹੈ, ਪਰ ਇਹ ਜਾਣਨ ਲਈ ਕਿ ਇਨ੍ਹਾਂ ਲਾਭਾਂ ਦੀ ਵੰਡ ਕਿੰਨੀ ਬਰਾਬਰ ਹੈ, ਠੋਸ ਅੰਕੜੇ ਜ਼ਰੂਰੀ ਹਨ।

ਮਾਹਿਰਾਂ ਦਾ ਮੰਨਣਾ ਹੈ ਕਿ ਇੱਕ ਵਾਰ ਜਾਤੀ-ਵਾਰ ਅੰਕੜੇ ਉਪਲਬਧ ਹੋ ਜਾਣ ਤੋਂ ਬਾਅਦ ਇਹ ਫੈਸਲਾ ਕਰਨਾ ਆਸਾਨ ਹੋ ਜਾਵੇਗਾ ਕਿ ਕਿਹੜੀਆਂ ਜਾਤਾਂ ਅਸਲ ਵਿੱਚ ਸਮਾਜਿਕ ਅਤੇ ਆਰਥਿਕ ਤੌਰ 'ਤੇ ਪੱਛੜੀਆਂ ਹਨ ਅਤੇ ਕਿਸਨੂੰ ਸਰਕਾਰੀ ਸਹਾਇਤਾ ਦੀ ਸਭ ਤੋਂ ਵੱਧ ਲੋੜ ਹੈ।

**ਇਸਦਾ ਕੀ ਪ੍ਰਭਾਵ ਹੋ ਸਕਦਾ ਹੈ?**
**ਨੀਤੀਆਂ ਵਿੱਚ ਬਦਲਾਅ:** ਰਾਖਵੇਂਕਰਨ ਸੀਮਾਵਾਂ, ਵਰਗੀਕਰਨ (ਜਿਵੇਂ ਕਿ ਓਬੀਸੀ ਵਿੱਚ ਕਰੀਮੀ ਲੇਅਰ) ਅਤੇ ਯੋਜਨਾਵਾਂ ਦੇ ਨਿਸ਼ਾਨਾ ਲਾਭਪਾਤਰੀਆਂ ਵਿੱਚ ਸੋਧਾਂ ਹੋ ਸਕਦੀਆਂ ਹਨ।

**ਰਾਜਨੀਤਿਕ ਪ੍ਰਭਾਵ:** ਜਾਤ-ਅਧਾਰਤ ਵੋਟ ਬੈਂਕਾਂ ਦੀ ਸ਼ੁੱਧਤਾ ਵਧ ਸਕਦੀ ਹੈ, ਜਿਸ ਨਾਲ ਚੋਣ ਰਣਨੀਤੀਆਂ ਅਤੇ ਗੱਠਜੋੜਾਂ ਵਿੱਚ ਬਦਲਾਅ ਆ ਸਕਦੇ ਹਨ। ਕਿਸ ਜਾਤੀ ਵਿੱਚ ਕਿੰਨੇ ਲੋਕ ਹਨ: ਜਾਤੀ ਜਨਗਣਨਾ ਕਰਵਾ ਕੇ, ਅਸੀਂ ਸਹੀ ਜਾਣਕਾਰੀ ਜਾਣ ਸਕਾਂਗੇ ਕਿ ਕਿਸ ਜਾਤੀ ਵਿੱਚ ਕਿੰਨੇ ਲੋਕ ਹਨ।

**ਰਾਖਵਾਂਕਰਨ ਦੇਣਾ ਸੌਖਾ ਹੋਵੇਗਾ:** ਜੇਕਰ ਪੱਛੜੀਆਂ ਜਾਤੀਆਂ ਦੇ ਲੋਕ ਜ਼ਿਆਦਾ ਹੋਣਗੇ ਤਾਂ ਉਨ੍ਹਾਂ ਨੂੰ ਹੋਰ ਰਾਖਵਾਂਕਰਨ ਦੇਣ ਦਾ ਦਬਾਅ ਹੋਵੇਗਾ। ਇਸ ਵੇਲੇ, ਬਹੁਤ ਸਾਰੀਆਂ ਜਾਤਾਂ ਹਨ ਜਿਨ੍ਹਾਂ ਨੂੰ ਰਾਖਵੇਂਕਰਨ ਦਾ ਲਾਭ ਨਹੀਂ ਮਿਲਦਾ, ਉਨ੍ਹਾਂ ਨੂੰ ਵੀ ਲਾਭ ਹੋਵੇਗਾ। ਹੁਣ ਆਉਣ ਵਾਲੇ ਦਿਨਾਂ ਵਿੱਚ ਦੇਖਣਾ ਇਹ ਹੈ ਕਿ ਭਾਰਤ ਸਰਕਾਰ ਦੇ ਇਸ ਕਦਮ ਦੇ ਨਾਲ ਕਿੰਨੀ ਰਾਜਨੀਤਿਕ ਮਾਲੀ ਦੇ ਅਲੱਗ ਅਲੱਗ ਰਾਜਨੀਤਿਕ ਦਲਾਂ ਨੂੰ ਮਿਲ ਸਕਦੀ ਹੈ। ਇਹ ਵੱਡਾ ਸਵਾਲ ਹੈ ਅਤੇ ਜਾਤੀਗਤ ਦੇ ਅਸਰ ਅਰਥ ਇਸ ਦੇ ਵਿੱਚ ਹੀ ਸਾਹਮਣੇ ਆਉਣਗੇ।

# ਕਿਰਤੀ ਲੋਕ ਕਦੋਂ ਜਾਗਣਗੇ ?

ਬੁੱਧ ਸਿੰਘ ਨੀਲੋਂ
9464370824

ਇਹਨਾਂ ਸਮਿਆਂ ਵਿੱਚ ਜੇ ਸਭ ਤੋਂ ਵਧੇਰੇ ਦੁੱਖ ਝੱਲਦੇ ਹਨ ਤਾਂ ਉਹ ਕਿਰਤੀ ਵਰਗ ਹੈ, ਕਿਉਂਕਿ ਉਸ ਕੋਲੋਂ ਜ਼ਿੰਦਗੀ ਜਿਊਣ ਦੇ ਸਾਰੇ ਹੀ ਸਾਧਨ ਖੋਹੇ ਜਾ ਰਹੇ ਹਨ। ਵੱਡੀਆਂ ਫੈਕਟਰੀਆਂ ਵਿੱਚ ਸਵੈਚਾਲਕ ਮਸ਼ੀਨਾਂ ਆਉਣ ਨਾਲ ਕਰੋੜਾਂ ਮਜ਼ਦੂਰਾਂ ਕੋਲੋਂ ਜ਼ਿੰਦਗੀ ਖੋਹੀ ਜਾ ਰਹੀ ਹੈ। ਬਹੁਕੌਮੀ ਕੰਪਨੀਆਂ ਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਖੇਤੀਬਾੜੀ ਦੇ ਖੇਤਰ ਵਿਚੋਂ ਬੇਦਖ਼ਲ ਕਰਨ ਲਈ ਨਵੀਆਂ ਨੀਤੀਆਂ ਘੜਨੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸੇ ਕਰਕੇ ਦੁਨੀਆਂ ਭਰ ਵਿੱਚ ਕਿਰਤੀ ਵਰਗ ਆਪਣੇ ਹੱਕਾਂ ਲਈ ਸੰਘਰਸ਼ ਕਰ ਰਿਹਾ ਹੈ। ਦੇਸ਼ ਵਿੱਚ ਕਿਰਤੀ ਵਰਗ ਨੂੰ ਉਜਾੜਣ ਲਈ ਸਰਕਾਰਾਂ ਹੀ ਨਹੀਂ ਪਿੰਡਾਂ ਦੀ ਪੰਚਾਇਤਾਂ ਵੀ ਨਾਦਰਸ਼ਾਹੀ ਫੁਰਮਾਨ ਜਾਰੀ ਕਰਨ ਲੱਗੀਆਂ ਹਨ ਤਾਂ ਕਿਰਤੀ ਵਰਗ ਨੂੰ ਜ਼ਰੂਰ ਸੁਚੇਤ ਹੋਣ ਦੀ ਲੋੜ ਹੈ। ਹੁਣ ਵੀ ਜੇ ਕਿਰਤੀ ਨਾ ਜਾਗਿਆ ਤਾਂ ਉਹਨਾਂ ਨੂੰ ਨਰਕ ਵਿੱਚੋਂ ਕੋਈ ਤਾਕਤ ਨਹੀਂ ਕੱਢ ਸਕਦੀ। ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵਿੱਚ ਨੌਕਰੀ ਕਰਨ ਵਾਲਿਆਂ ਦੀ ਗਿਣਤੀ ਆਟੇ ਵਿੱਚ ਲੂਣ ਬਰਾਬਰ ਹੈ, ਪਰ ਜਿਹੜੇ ਬਾਕੀ ਦੇ ਕਿਰਤੀ ਵਰਗ ਹਨ, ਉਨ੍ਹਾਂ ਨੂੰ ਆਟਾ ਹਾਸਲ ਕਰਨ ਲਈ ਨਿੱਤ ਖੂਹ ਪੁੱਟ ਕੇ ਪਾਣੀ ਪੀਣਾ ਪੈਂਦਾ ਹੈ। ਰੋਜ਼ਾਨਾ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਮੀਂਹ ਆਵੇ ਜਾਂ ਹਨੇਰੀ ਆਵੇ ਉਨ੍ਹਾਂ ਲਈ ਰੁਕਾਵਟ ਨਹੀਂ ਬਣਦੀ। ਇਨ੍ਹਾਂ ਲਈ ਖੂਹ ਕਿੱਥੇ, ਕਦੋਂ ਤੇ ਕਿੰਨਾ ਡੂੰਘਾ ਪੁੱਟਣਾ ਹੈ, ਇਸ ਦੀ ਵੀ ਖ਼ਬਰ ਨਹੀਂ ਹੁੰਦੀ। ਉਨ੍ਹਾਂ ਨੂੰ ਤਾਂ ਸ਼ਿਕਾਰੀ ਵਾਂਗ ਹਥਿਆਰ ਤੇ ਔਜ਼ਾਰ ਲੈ ਕੇ ਹਰ ਰੋਜ਼ ਰੋਟੀ ਦੀ ਭਾਲ ਵਿਚ ਜਾਣਾ ਪੈਂਦਾ ਹੈ।

ਅੱਗਿਓਂ ਕੀ ਹਾਸਲ ਹੁੰਦਾ ਹੈ? ਇਹ ਵੀ ਪਤਾ ਨਹੀਂ ਹੁੰਦਾ। ਕਦੀ ਤਾਂ ਕੰਮ ਵੱਡਾ ਵੀ ਮਿਲ ਜਾਂਦਾ ਹੈ, ਕਈ ਵਾਰੀ ਸਾਰੀ ਦਿਹਾੜੀ ਭਰ ਮਿਹਨਤ ਕਰਨ 'ਤੇ ਕੁੱਝ ਵੀ ਨਹੀਂ ਹੱਥ ਲਗਦਾ ਪਰ ਉਹ ਕਦੇ ਨਿਰਾਸ਼ ਨਹੀਂ ਹੁੰਦੇ, ਹਾਂ ਉਦਾਸ ਜ਼ਰੂਰ ਹੁੰਦੇ ਹਨ। ਉਨ੍ਹਾਂ ਦੀ



ਹਾਲਤ ਬੁੱਢਾ ਤੇ ਸਮੁੰਦਰ ਦੇ ਉਸ ਨਾਇਕ ਵਰਗੀ ਹੁੰਦੀ ਹੈ, ਜਿਹੜਾ ਆਸ ਨਹੀਂ ਛੱਡਦਾ। ਜਦੋਂ ਅਸੀਂ ਆਸ ਦਾ ਪੱਲਾ ਛੱਡ ਦਿੰਦੇ ਹਾਂ ਤਾਂ ਪੱਲਾ ਵੀ ਸਾਡੇ ਕੋਲੋਂ ਕੋਹਾਂ ਦੂਰ ਚਲੇ ਜਾਂਦਾ ਹੈ ਪਰ ਨਿੱਤ ਦੀ ਦਿਹਾੜੀ ਲਾਉਣ ਵਾਲਿਆਂ ਲਈ ਆਸ ਦਾ ਪੱਲਾ ਛੱਡਣਾ ਮੁਸ਼ਕਲ ਹੁੰਦਾ ਹੈ, ਉਨ੍ਹਾਂ ਨੂੰ ਆਪਣਾ ਹੀ ਨਹੀਂ ਸਗੋਂ ਪਰਿਵਾਰ ਦਾ ਫਿਕਰ ਹੁੰਦਾ ਹੈ। ਉਹ ਨਿੱਤ ਆਪਣੇ ਦਿਨ ਦਾ ਸਫ਼ਰ ਮੂੰਹ ਹਨੇਰੇ ਤੋਂ ਕਰਦੇ ਹਨ ਤੇ ਮੂੰਹ ਹਨੇਰੇ ਹੀ ਆਪਣੇ ਘਰਾਂ ਨੂੰ ਪਰਤਦੇ ਹਨ, ਇਨ੍ਹਾਂ ਦੇ ਘਰਾਂ ਅੰਦਰ ਇਨ੍ਹਾਂ ਦੀ ਉਡੀਕ ਕਰਨ ਵਾਲੇ ਬੂਹਾਂ 'ਤੇ ਖੜੇ ਇੰਤਜ਼ਾਰ ਕਰਦੇ ਹਨ। ਉਨ੍ਹਾਂ ਲਈ ਘਰੋਂ ਗਿਆਂ ਦੀ ਉਡੀਕ ਕਰਨੀ ਉਨ੍ਹਾਂ ਦੇ ਜੀਵਨ ਦਾ ਹਿੱਸਾ ਹੁੰਦੀ ਹੈ। ਕਿਉਂਕਿ ਉਹਨਾਂ ਦੇ ਹਿੱਸੇ ਦੇ ਸੁਪਨੇ ਤੇ ਚਾਅ ਉਡਦੇ ਬਾਜ਼ ਲੈਣ ਗਏ ਹਨ।

ਉਨ੍ਹਾਂ ਦੀ ਜ਼ਿੰਦਗੀ ਕਿਸੇ ਨਰਕ ਦੇ ਨਾਲੋਂ ਘੱਟ ਨਹੀਂ ਹੁੰਦੀ ਪਰ ਉਹ ਆਪਣੇ ਜੀਵਨ ਵਿੱਚ ਆਈਆਂ, ਨਿੱਕੀਆਂ-ਨਿੱਕੀਆਂ ਖੁਸ਼ੀਆਂ ਨੂੰ ਕਦੇ ਵੀ ਹੱਥੋਂ ਨਹੀਂ ਜਾਣ ਦਿੰਦੇ, ਪਰ ਬਹੁਤੇ ਲੋਕ ਨਿੱਕੀਆਂ ਖੁਸ਼ੀਆਂ ਨੂੰ ਅੱਖੋਂ ਪਰੋਖੇ ਕਰਕੇ ਜਦੋਂ ਕਿਸੇ ਵੱਡੀ ਖੁਸ਼ੀ ਦੀ ਤਲਾਸ਼ ਵਿੱਚ ਨਿਕਲਦੇ ਹਨ ਤਾਂ ਉਹ ਭਟਕ ਜਾਂਦੇ ਹਨ, ਭਟਕਿਆ ਮਨੁੱਖ ਕਦੇ ਵੀ ਵਾਪਸ ਨਹੀਂ ਪਰਤਦਾ। ਉਸ ਲਈ ਜੰਗਲ ਹੀ ਅਜਿਹੀ ਗੁਫਾ ਬਣ ਜਾਂਦਾ ਹੈ, ਜਿੱਥੋਂ ਨਿਕਲਣ ਦਾ ਕੋਈ ਰਸਤਾ ਨਹੀਂ ਦਿਖਦਾ।

ਜ਼ਿੰਦਗੀ ਵਿੱਚ ਅਸੀਂ ਭਟਕਦੇ ਵਧੇਰੇ ਹਾਂ, ਸਹੀ ਰਸਤਿਆਂ ਉੱਤੇ ਘੱਟ ਤੁਰਦੇ ਹਾਂ। ਇਸੇ ਕਰਕੇ ਕਈ ਵਾਰ ਅਸੀਂ ਕੋਹਲੂ ਦੇ ਬਲ਼ਦ ਵਾਂਗ ਇੱਕ ਹੀ ਥਾਂ ਉੱਤੇ ਘੁੰਮੀਂ ਜਾਂਦੇ ਹਾਂ। ਨਾ ਸਫ਼ਰ ਮੁਕਦਾ ਹੈ ਤੇ ਨਾ ਹੀ ਭਟਕਣਾ ਮੁਕਦੀ ਹੈ। ਇਸ ਭਟਕਣਾ ਵਿੱਚ ਕਈ ਵਾਰ ਜ਼ਿੰਦਗੀ ਵੀ ਮੁੱਕ ਜਾਂਦੀ ਹੈ। ਬਾਅਦ ਵਿਚ ਉਸ ਜ਼ਿੰਦਗੀ ਦੇ ਨਾਲ ਜੁੜੀਆਂ ਕਥਾ-ਕਹਾਣੀਆਂ ਰਹਿ ਜਾਂਦੀਆਂ ਹਨ।

ਨਿੱਤ ਖੂਹ ਪੁਟਣ ਵਾਲਿਆਂ ਨੂੰ ਸਮਾਜ ਦੀਆਂ ਬਹੁਤ ਸਾਰੀਆਂ ਅਜਿਹੀਆਂ ਬੋਲੀਆਂ ਤੇ ਬੋਲ ਕੁਬੋਲ ਵੀ ਸੁਨਣੇ ਪੈਂਦੇ ਹਨ, ਜਿਹੜੇ ਉਨ੍ਹਾਂ ਨੇ ਕਦੇ ਸੋਚੇ ਵੀ ਨਹੀਂ ਹੁੰਦੇ, ਕਈ ਵਾਰ ਤਾਂ ਅਜਿਹੇ ਅਪ-ਸ਼ਬਦ ਵੀ ਸੁਨਣੇ ਪੈਂਦੇ ਹਨ, ਜਿਹੜੇ ਖੰਜਰ ਨਾਲੋਂ ਵੀ ਤਿੱਖੇ ਤੇ ਜ਼ਹਿਰ ਨਾਲੋਂ ਜ਼ਹਿਰੀਲੇ ਹੁੰਦੇ ਹਨ। ਪਰ ਉਨ੍ਹਾਂ ਲਈ ਤਾਂ ਇਹ ਸਭ ਕੁੱਝ ਸੁਨਣ ਦੀ ਇੱਕ ਆਦਤ ਬਣ ਜਾਂਦੀ ਹੈ।

ਉਨ੍ਹਾਂ ਕੋਲ ਇਨ੍ਹਾਂ ਸ਼ਬਦਾਂ ਦੇ ਬਦਲੇ ਵਿੱਚ ਬੋਲਣ ਲਈ ਬੜਾ ਕੁੱਝ ਹੁੰਦਾ ਹੈ, ਪਰ ਢਿੱਡ ਦੀ ਮਜਬੂਰੀ, ਉਨ੍ਹਾਂ ਦੇ ਮੂੰਹ ਉੱਤੇ ਛਿੱਕਲੀ ਲਾ ਦਿੰਦੀ ਹੈ। ਨਿੱਤ ਖੂਹ ਪੁੱਟਣ ਵਾਲਿਆਂ ਵਿੱਚ ਕਿਰਤੀ ਲੋਕਾਂ ਵਿੱਚ ਸਬਜ਼ੀ ਵਾਲੇ, ਡੱਗੀ ਵਾਲੇ, ਪਾਨ ਵਾਲੇ, ਕੁਲਚਿਆਂ ਵਾਲੇ, ਮੋਚੀ, ਚੂੜੀਆਂ ਵੇਚਣ ਵਾਲੇ, ਕਬਾੜੀਏ, ਰਾਜ ਮਿਸਤਰੀ, ਤਰਖਾਣ, ਅਚਾਰ ਵੇਚਣ ਵਾਲੇ, ਮੱਝ-ਕੱਟਾ ਖਰੀਦਣ ਵਾਲੇ, ਗੋਲ ਗੱਪਿਆਂ ਵਾਲੇ, ਟਿੱਕੀਆਂ-ਬਰੈੱਡ-ਪਕੌੜੇ ਬਣਾਉਣ ਵਾਲੇ, ਚਾਹ-ਦੁੱਧ ਵਾਲੇ, ਪਰੌਂਠੇ ਦੀ ਰੇਹੜੀ ਵਾਲੇ, ਦਿਹਾੜੀਦਾਰ ਮਜ਼ਦੂਰ-ਸਫੈਦੀ ਕਰਨ ਵਾਲੇ, ਮਾਰਬਲ ਲਾਉਣ ਵਾਲੇ, ਲੁੱਕ ਪਾਉਣ ਵਾਲੇ, ਕਰਦਾਂ-ਚਾਕੂ ਤੇ ਜਿੰਦੇ ਕੁੰਜੀਆਂ ਲਗਾਉਣ ਵਾਲੇ, ਛੱਜ ਵੇਚਣ ਵਾਲੇ, ਪਾਨ ਬੀੜੀ ਵੇਚਣ ਵਾਲੇ, ਰੇਹੜੀ-ਫੜੀ ਲਗਾਉਣ ਵਾਲੇ, ਗਜ਼ਾ ਕਰਨ ਵਾਲੇ, ਭਾਂਡੇ-ਢੋਂਸੀ-ਬਰਫ਼-ਕੁਲਫੀਆਂ ਵੇਚਣ ਵਾਲੇ, ਦਾਣੇ-ਛੋਲੇ ਵੇਚਣ ਵਾਲੇ, ਦਹੀ ਵੇਚਣ ਵਾਲੇ, ਫਲੱਸ਼ਾਂ ਠੀਕ ਕਰਨ ਵਾਲੇ, ਗਲੀਆਂ ਵਿੱਚੋਂ ਕਾਗਜ਼ ਚੁੱਕਣ ਵਾਲੇ, ਲੋਹਾ ਚੁੱਕਣ ਵਾਲੇ, ਗੱਡੀਆਂ ਵਾਲੇ, ਤੱਸਲੇ-ਖੁਰਚਣੇ ਵੇਚਣ ਵਾਲੇ, ਤਸਲੇ ਵੇਚਣ ਤੇ ਥੱਲੇ ਲਗਾਉਣ ਵਾਲੇ, ਖਿਡੌਣੇ ਵੇਚਣ ਵਾਲੇ, ਬੱਸਾਂ ਤੇ ਗੱਡੀਆਂ ਵਿੱਚ ਖਾਣ-ਪੀਣ ਦਾ ਸਮਾਨ ਤੇ ਛੱਲੇ-ਮੁੰਦੀਆਂ, ਦਵਾਈ ਵੇਚਣ ਵਾਲੇ, ਸਰੀਰ ਤੇ ਨਾਮ ਖੁੱਬਣ ਵਾਲੀਆਂ-ਬੇਰ ਵੇਚਣ ਵਾਲੇ, ਮਿੱਟੀ ਦੇ ਭਾਂਡੇ ਵੇਚਣ ਵਾਲੇ, ਪਾਂਡੂ ਵੇਚਣ ਵਾਲੇ, ਸਾਗ-ਮੇਥੇ-ਪਾਲਕ ਵੇਚਣ ਵਾਲੇ, ਫਲ ਵੇਚਣ ਵਾਲੇ, ਹਜ਼ਾਮਤ ਕਰਨ ਵਾਲੇ, ਦਾਤਣਾਂ ਵੇਚਣ ਵਾਲੇ, ਪੁਰਾਣੇ ਕੱਪੜੇ ਵੇਚਣ ਵਾਲੇ, ਨਿੰਬੂ ਪਾਣੀ-ਸੋਡਾ ਵੇਚਣ ਵਾਲੇ, ਆਈਸ ਕਰੀਮ ਵੇਚਣ ਵਾਲੇ, ਗੱਡੀਆਂ ਠੀਕ ਕਰਨ ਵਾਲੇ, ਟਾਂਕੇ ਲਾਉਣ ਵਾਲੇ, ਰਿਕਸ਼ਾ-ਆਟੋ ਚਲਾਉਣ ਵਾਲੇ, ਜੁੱਤੀਆਂ ਵੇਚਣ ਵਾਲੇ, ਦਰੀਆਂ, ਚਾਦਰਾਂ ਵੇਚਣ ਵਾਲੇ ਸ਼ਾਮਲ ਹਨ। ਕਿਸਾਨ ਮਜ਼ਦੂਰ ਤੇ ਮੁਲਾਜ਼ਮ ਵਰਗ ਵੀ ਨਿੱਤ ਕਿਰਤ ਕਮਾਈ ਕਰਨ ਲਈ ਜਾਂਦਾ ਹੈ।

ਸਮਾਜਕ, ਆਰਥਿਕ, ਧਾਰਮਿਕ, ਰਾਜਨੀਤਿਕ ਸਿੱਖਿਆ ਦੀ ਨਾ ਬਰਾਬਰੀ ਨੇ ਇਨ੍ਹਾਂ ਕਿਰਤੀਆਂ ਦੇ ਕੋਲੋਂ ਬਹੁਤ ਕੁੱਝ ਖੋਹ ਲਿਆ ਹੈ। ਇਨ੍ਹਾਂ ਲਈ ਸਦੀਆਂ ਤੋਂ ਕੁੱਲੀ-ਗੁੱਲੀ-ਜੁੱਲੀ ਦੀ ਜੰਗ ਹੀ ਜਿੱਤ ਨਹੀਂ ਹੋਈ। ਇਸੇ ਹੀ ਕਰਕੇ ਹੁਣ ਸਮਾਜ ਅੰਦਰ ਮਨੁੱਖ ਤਿੰਨ ਵਰਗਾਂ ਵਿੱਚ ਵੰਡਿਆ ਗਿਆ ਹੈ। ਉਪਰਲਾ ਵਰਗ ਜਿਹੜਾ ਸੋਨੇ ਦਾ ਚਮਚਾ ਲੈ ਕੇ ਜੰਮਿਆ ਹੈ, ਉਨ੍ਹਾਂ ਕੋਲ ਜ਼ਮੀਨ ਜਾਇਦਾਦ ਤੇ ਮਾਇਆ ਵਧਦੀ ਜਾ ਰਹੀ ਹੈ। ਉਨ੍ਹਾਂ ਲਈ ਕਿਸੇ ਵੀ ਸਹੂਲਤ ਦੀ ਕੋਈ ਵੀ ਘਾਟ ਨਹੀਂ।

ਵਿਚਕਾਰਲਾ ਵਰਗ ਉਹ ਹੈ, ਜਿਹੜੇ ਆਪਣਿਆਂ ਨਾਲੋਂ ਟੁੱਟ ਗਿਆ ਹੈ, ਉਹ ਉੱਪਰਲਿਆਂ ਦੇ ਨਾਲ ਜੁੜਨ ਲਈ ਕਿਸ਼ਤਾਂ ਦੇ ਚੱਕਰ ਵਿੱਚ ਗੁਆਚ ਗਿਆ ਹੈ। ਇਹਨਾਂ ਦੋਹਾਂ ਵਰਗਾਂ ਦੀ ਗਿਣਤੀ ਵੀ ਬਹੁਤ ਥੋੜ੍ਹੀ ਹੈ। ਬਹੁਗਿਣਤੀ ਤਾਂ ਥੱਲੜੇ ਵਰਗ ਦੀ ਹੈ, ਜਿਹੜਾ ਨਾ ਜਿਉਂਦਿਆਂ ਵਿੱਚ ਹੈ ਤੇ ਨਾ ਮਰਿਆਂ ਵਿੱਚ ਹੈ, ਉਨ੍ਹਾਂ ਕੋਲੋਂ ਜ਼ਿੰਦਗੀ ਦੀਆਂ ਸਾਰੀਆਂ ਹੀ ਸੰਵਿਧਾਨਿਕ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ। ਉਹ ਨਾ ਸਿੱਖਿਆ ਹੀ ਹਾਸਲ ਕਰ ਸਕਦੇ ਹਨ ਤੇ ਨਾ ਹੀ ਆਪਣਾ ਇਲਾਜ ਕਰਵਾ ਸਕਦੇ ਹਨ।

ਉਨ੍ਹਾਂ ਲਈ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਹੀ ਨਹੀਂ ਪੂਰੀਆਂ ਹੁੰਦੀਆਂ ਜਿਹੜੇ ਮਿਹਨਤ ਮੁਸ਼ੱਕਤ ਕਰਕੇ ਸਿੱਖਿਆ ਪ੍ਰਾਪਤ ਕਰ ਵੀ ਲੈਂਦੇ ਹਨ, ਉਨ੍ਹਾਂ ਲਈ ਕੋਈ ਰੁਜ਼ਗਾਰ ਨਹੀਂ। ਉਹ ਬੇਰੁਜ਼ਗਾਰ ਹੋਏ ਸੜਕਾਂ ਉੱਤੇ ਪੁਲਿਸ ਦੀਆਂ ਲਾਠੀਆਂ ਖਾਣ ਜੋਗੇ ਰਹਿ ਗਏ ਹਨ। ਦੂਸਰੇ ਪਾਸੇ ਸਰਕਾਰ ਨੇ ਉਪਰਲੇ ਵਰਗ ਨੂੰ ਐਨੀਆਂ ਸਹੂਲਤਾਂ ਦੇ ਦਿੱਤੀਆਂ ਹਨ, ਸਿੱਖਿਆ ਮਾਫੀਆ, ਹਸਪਤਾਲ ਮਾਫੀਆ, ਧਰਮ ਦਾ ਮਾਫੀਆ, ਸੇਵਾ ਦਾ ਮਾਫੀਆ, ਸਾਹਿਤ ਦਾ ਮਾਫੀਆ, ਤੇ ਹਰ ਤਰ੍ਹਾਂ ਦਾ ਮਾਫੀਆ ਹੀ ਮਾਫੀਆ, ਜਿਹੜਾ ਦੋਵੇਂ ਹੱਥੀਂ ਦਿਨ ਤੇ ਰਾਤ ਲੁੱਟ ਰਿਹਾ ਹੈ।

ਜਿਹੜੇ ਲੋਕ ਆਲੀਸ਼ਾਨ ਕੋਠੀਆਂ, ਮਕਾਨਾਂ ਵਿੱਚ ਰਹਿੰਦੇ ਹਨ, ਉਨ੍ਹਾਂ ਵੱਲੋਂ ਸਮਾਜ ਵਿੱਚ ਪਾਏ ਗੰਦ ਨੂੰ ਸਾਫ਼ ਕਰਨ ਵਾਲੇ ਉਹ ਹੀ ਲੋਕ ਹਨ, ਜਿਹੜੇ ਕੂੜੇ ਕਰਕਟ ਤੇ ਗੰਦਗੀ ਵਿੱਚੋਂ ਆਪਣਾ ਪੇਟ ਭਰਨ ਲਈ ਰੋਟੀ ਲੱਭਦੇ ਹਨ। ਇਨ੍ਹਾਂ ਕੋਠੀਆਂ ਵਿੱਚ ਜ਼ਿੰਦਗੀ ਨਾਲੋਂ ਮਸ਼ੀਨਾਂ ਦੀ ਗਿਣਤੀ ਵੱਧ ਗਈ ਹੈ। ਗਲੈਮਰ ਦੀ ਚਕਾਚੌਂਧ ਨੇ ਸਮਾਜਕ ਰਿਸ਼ਤਿਆਂ ਦਾ ਗਲਾ ਘੁੱਟ ਦਿੱਤਾ ਹੈ। ਸਮਾਜ ਅੰਦਰ ਤਨਾਅ ਤਕਰਾਰ ਤੇ ਨਿੱਜੀ ਦੁਸ਼ਮਣੀਆਂ 'ਚ ਨਿਰੰਤਰ ਵਾਧਾ ਹੋ ਰਿਹਾ ਹੈ। ਨਿੱਤ ਖੂਹ ਪੁੱਟ ਕੇ ਪਾਣੀ ਪੀਣ ਵਾਲੇ, ਜਿਹੜੇ ਛੋਟੇ-ਮੋਟੇ ਅਦਾਰਿਆਂ ਵਿੱਚ ਕੰਮ ਕਰਦੇ ਹਨ, ਉੱਥੇ ਉਨ੍ਹਾਂ ਦਾ ਆਰਥਿਕ, ਸਰੀਰਿਕ ਤੇ ਮਾਨਸਿਕ ਸ਼ੋਸ਼ਣ ਕਰਨਾ ਉਨ੍ਹਾਂ ਅਦਾਰਿਆਂ ਦੇ ਮਾਲਕਾਂ ਦਾ ਹੱਕ ਬਣ ਗਿਆ ਹੈ। ਜਿਹੜਾ ਵੀ ਕੋਈ ਵਿਅਕਤੀ ਇਨ੍ਹਾਂ ਅਦਾਰਿਆਂ ਅੰਦਰ ਹੁੰਦੀ ਲੁੱਟ ਦਾ ਕਿੱਧਰੇ ਪਰਦਾ ਚਾਕ ਕਰਦਾ ਹੈ। ਉਸਨੂੰ ਖਪਾ ਦੇਂਦੇ ਹਨ। ਕਿਰਤੀ ਵਰਗ ਨੂੰ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਜੰਗ ਖੁਦ ਲੜਨੀ ਪਵੇਗੀ। ਕਿਉਂਕਿ ਬਿਨਾਂ ਮਰਿਆਂ ਸੁਰਗ ਨਹੀਂ ਦੇਖਿਆ ਜਾ ਸਕਦਾ। ਇਸ ਸਮੇਂ ਕਿਰਤੀ ਵਰਗ ਉਪਰ ਬਹੁਕੌਮੀ ਕੰਪਨੀਆਂ ਦੀਆਂ ਗਿਰਝਾਂ ਮੰਡਰਾ ਰਹੀਆਂ ਹਨ। ਉਹਨਾਂ ਨੇ ਕਿਰਤੀ ਵਰਗ ਦੇ ਹੱਥਾਂ ਵਿਚੋਂ ਜਲ, ਜੰਗਲ ਅਤੇ ਜ਼ਮੀਨ ਖੋਹਣ ਲਈ ਹਰ ਤਰ੍ਹਾਂ ਦਾ ਤਰੀਕਾ ਵਰਤਣਾ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਕਿਰਤੀ ਵਰਗ ਨੂੰ ਸੁਚੇਤ ਤੇ ਲਾਮਬੰਦ ਹੋਣ ਦੀ ਲੋੜ ਹੈ।

# ਕੈਨੇਡਾ ਅੰਦਰ ਘੱਟ ਗਿਣਤੀ ਕਾਰਨ ਸਰਕਾਰ ਦਰਪੇਸ਼ ਚੁਣੌਤੀਆਂ



ਦਰਬਾਰਾ ਸਿੰਘ ਕਾਹਲੋਂ
+1 2898292929

ਵਿਸ਼ਵ ਦਾ ਸਭ ਤੋਂ ਖੂਬਸੂਰਤ ਦੇਸ਼ ਅਤੇ ਪਹਿਲੇ 5 ਮਿਸਾਲੀ ਇਮਾਨਦਾਰ, ਪਾਰਦਰਸ਼ੀ ਅਤੇ ਜਵਾਬਦੇਹ ਲੋਕ ਤੰਤਰੀ ਵਿਵਸਥਾਵਾਂ ਵਿਚ ਸ਼ੁਮਾਰ ਕੈਨੇਡਾ ਸੰਨ 1867 ਤੋਂ ਲੈ ਕੇ ਹੁਣ ਤੱਕ ਦੇ ਆਪਣੇ ਪੂਰੇ ਲੋਕਤੰਤਰੀ ਇਤਿਹਾਸ ਵਿੱਚ ਅਤਿ ਆਰਥਿਕ, ਰਾਜਨੀਤਿਕ, ਵਪਾਰਕ ਅਤੇ ਭੂਗੋਲਿਕ ਤੌਰ 'ਤੇ ਜੋਖੋਂ ਭਰੇ ਦੌਰ ਵਿੱਚੋਂ ਦੀ ਗੁਜ਼ਰ ਰਿਹਾ ਹੈ। ਇਹ ਵਿਸ਼ਵ ਦਾ ਰੂਸ ਬਾਅਦ ਦੂਸਰਾ ਖੇਤਰਫਲ ਵਜੋਂ ਵਿਸ਼ਾਲ ਦੇਸ਼ ਹੈ। ਇਹ ਦੇਸ਼ ਕੁਦਰਤੀ ਸਾਧਨਾਂ ਖਣਿਜ ਪਦਾਰਥਾਂ, ਗੈਸ-ਤੇਲ ਅਤੇ ਹਾਈਡਰੋ ਪਾਵਰ ਊਰਜਾ, ਵਿਸ਼ਾਲ ਪਾਣੀਆਂ, ਟੂਰਿਜ਼ਮ, ਖਾਣ-ਪੀਣ ਦੀਆਂ ਅਸੀਮ ਵਸਤਾਂ, ਡੇਅਰੀ, ਬੀਫ ਅਤੇ ਟੂਰਿਜ਼ਮ ਸੁਗਾਤਾਂ ਨਾਲ ਭਰਭੂਰ ਹੈ। ਇਹ ਦੇਸ਼ ਮਹਾਨ ਮਾਨਵ ਕਦਰਾਂ-ਕੀਮਤਾਂ, ਆਪਸੀ ਭਾਈਚਾਰਕ ਸਾਂਝ, ਲੋੜਵੰਦਾਂ ਦੀ ਸਹਾਇਤਾ ਲਈ ਹਮੇਸ਼ਾ ਤੱਤਪਰ, ਮਾਨਵ ਪ੍ਰੇਮ ਅਤੇ ਸਨਮਾਨ, ਅਜ਼ਾਦੀਆਂ, ਸਮਾਜਿਕ ਇਨਸਾਫ ਅਤੇ ਬਰਾਬਰੀ ਲਈ ਕੌਮਾਂਤਰੀ ਪੱਧਰ 'ਤੇ ਮਸ਼ਹੂਰ ਹੈ। ਇਸੇ ਕਰਕੇ ਇਹ ਵਿਸ਼ਵ ਦੇ ਮਹਾਨ ਇਨਕਲਾਬੀ ਧਰਮ ਅਤੇ ਸਿੱਖ ਭਾਈਚਾਰੇ ਦੇ ਉੱਚਤਮ ਅਤੇ ਸੱਚੇ ਸੁੱਚੇ ਕੁਰਬਾਨੀ, ਸੇਵਾ, ਦਾਨ, ਨਿਮਰਤਾ, ਕਿਰਤ ਦੇ ਅਸੂਲਾਂ ਨਾਲ ਮੇਲ ਖਾਂਦਾ ਹੈ। ਇਸ ਦੀ ਇਸੇ ਕਰਕੇ ਪੂਰੇ ਵਿਸ਼ਵ ਵਿਚ ਕਿਸੇ ਰਾਸ਼ਟਰ, ਕੌਮ, ਧਰਮ, ਜਾਤੀ ਨਾਲ ਕੋਈ ਦੁਸ਼ਮਣੀ ਨਹੀਂ ਹੈ।

ਇਹ ਦੇ ਗੁਆਂਢੀ ਸੁਪਰ ਸ਼ਕਤੀ ਅਤੇ ਵਿਸ਼ਵ ਬਾਣੇਦਾਰ ਦੇਸ਼ ਅਮਰੀਕਾ ਤੋਂ ਬਹੁਤ ਭਿੰਨ ਹੈ ਜਿਸ ਦਾ ਇੱਕੋ ਇੱਕ ਮਕਸਦ ਆਪਣੇ ਮਿਲਟਰੀ, ਆਰਥਿਕ ਅਤੇ ਵਪਾਰਕ ਸਰਦਾਰੀ ਦੀ ਧੌਂਸ ਨਾਲ ਪੂਰੇ ਵਿਸ਼ਵ ਵਿਚ ਇੱਕ ਛੱਤਰ ਏਕਾਧਿਕਾਰ ਕਾਇਮ ਰਖਣਾ ਹੈ।

**ਵੱਡੀ ਚਣੌਤੀ:** ਅਮਰੀਕਾ ਦੀ ਇਸ ਖੂਬਸੂਰਤ ਦੇਸ਼ ਨੂੰ ਆਪਣੇ ਵਿਚ ਸ਼ਾਮਲ ਕਰਨ ਦੀ ਹਮੇਸ਼ਾ ਲੱਲਕ ਰੂਹੀ ਹੈ। ਸੰਨ 1812 ਵਿਚ ਬ੍ਰਿਟਿਸ਼ ਸਾਮਰਾਜਸ਼ਾਹੀ ਦੀ ਬਸਤੀ ਹੋਣ ਸਮੇਂ ਇਸ ਨੂੰ ਆਪਣੇ ਕਬਜ਼ੇ ਵਿਚ ਕਰਨ ਲਈ ਅਮਰੀਕਾ ਨੇ ਹਮਲਾ ਕੀਤਾ ਪਰ ਮੂੰਹ ਦੀ ਖਾਧੀ। 1867 ਵਿੱਚ ਕੈਨੇਡਾ ਕਨਫੈਡਰੇਸੀ ਇੱਕ ਅਜ਼ਾਦ ਦੇਸ਼ ਵਜੋਂ ਹੋਂਦ ਵਿੱਚ ਆਉਣ ਸਮੇਂ ਇੱਕ ਸ਼ਮੂਲੀਅਤ ਬਿੱਲ-1866 ਰਾਹੀ ਅਤੇ ਫਿਰ 1891 ਵਿਚ ਅਮਰੀਕਾ ਨੇ ਇਸ ਨੂੰ ਆਪਣੇ ਵਿਚ ਜਜ਼ਬ ਕਰਨ ਦੇ ਯਤਨ ਕੀਤੇ। ਹੁਣ 20 ਜਨਵਰੀ, 2025 ਵਿਚ ਡੋਨਾਲਡ ਟਰੰਪ ਨੇ 47ਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਬਾਅਦ ਬੜੇ ਜ਼ੋਰਦਾਰ ਢੰਗ ਨਾਲ ਇਸ ਦੇਸ਼ 'ਤੇ ਪੂਰੇ ਵਿਸ਼ਵ ਦੇ ਦੇਸ਼ਾਂ ਵਾਂਗ ਅਣਚਾਹੇ ਟੈਰਿਫ ਠੋਕ ਕੇ ਇਸ ਨੇ ਆਰਥਿਕ ਤੌਰ 'ਤੇ ਘੇਰਾਬੰਦੀ ਕਰਦਿਆਂ ਇਸ ਨੂੰ ਬਾਰ-ਬਾਰ ਧਮਕੀਆਂ ਜਾਰੀ ਕੀਤੀਆਂ ਕਿ ਜੇ ਉਹ ਆਰਥਿਕ ਬਰਬਾਦੀ ਤੋਂ ਕੱਢਣਾ ਚਾਹੁੰਦਾ ਹੈ ਅਤੇ ਆਪਣੀ ਸੁਰੱਖਿਆ ਚੀਨ ਅਤੇ ਰੂਸ ਵਰਗੇ ਰਾਸ਼ਟਰਾਂ ਤੋਂ ਚਾਹੁੰਦਾ ਹੈ ਤਾਂ ਉਹ ਅਮਰੀਕਾ ਦਾ 51ਵਾਂ ਰਾਜ ਬਣਨਾ ਸਵੀਕਾਰ ਕਰ ਲਏ।

**ਕਰਵਟ ਲੈਂਦੇ ਹਲਾਤ:** ਇਸੇ ਦੌਰਾਨ ਕੈਨੇਡਾ ਅੰਦਰ 2015 ਤੋਂ ਕਾਬਜ਼ ਅਤੇ 2019 ਅਤੇ 2021 ਦੀਆਂ ਫੈਡਰਲ ਚੋਣਾਂ ਵਿੱਚ ਬਹੁਮਤ ਨਾ ਲੈ ਸਕਣ ਪਰ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਵਜੋਂ ਉਭਰਨ ਕਰ ਲਿਬਰਲ ਪਾਰਟੀ ਜਸਟਿਨ ਟਰੂਡੋ ਦੀ ਅਗਵਾਈ ਵਿਚ ਘੱਟ ਗਿਣਤੀ ਸਰਕਾਰ ਚਲਾ ਰਹੀ ਸੀ। ਪ੍ਰਧਾਨ ਮੰਤਰੀ ਟਰੂਡੋ ਵਿਰੁੱਧ ਪਾਰਟੀ ਅਤੇ ਸਰਕਾਰ ਅੰਦਰ ਉਭਰਦੀ ਬਗਾਵਤ ਕਰਕੇ ਉਸ ਨੇ 2 ਜਨਵਰੀ, 2025 ਨੂੰ ਅਹੁਦਾ ਛੱਡਣ ਦਾ ਐਲਾਨ ਕਰ ਦਿਤਾ। ਪਾਰਟੀ ਨੇ ਦੂਸਰੇ ਪਾਰਟੀ ਉਮੀਦਵਾਰਾਂ ਮੁਕਾਬਲੇ ਮਾਰਕ ਕਾਰਨੇ ਜੋ ਟਰੂਡੋ ਸਰਕਾਰ ਦਾ ਆਰਥਿਕ ਸਲਾਹਕਾਰ ਸੀ, ਨੂੰ 85 ਪ੍ਰਤੀਸ਼ਤ ਵੋਟਾਂ ਦੇ ਵੱਡੇ ਫਤਵੇ ਰਾਹੀਂ ਆਗੂ ਚੁਣ ਲਿਆ ਜਿਸ ਨੇ 14 ਮਾਰਚ, 2025 ਨੂੰ 24ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ। ਉਹ ਦੂਸਰੇ ਐਸੇ ਕੈਨੇਡਾ ਦੇ ਪ੍ਰਧਾਨ ਮੰਤਰੀ ਬਣੇ ਜੋ ਹਾਊਸ ਆਫ ਕਾਮਨਜ਼ ਦੇ ਮੈਂਬਰ ਨਹੀਂ ਸਨ। ਕਾਰਨੇ ਨੇ 23 ਮਾਰਚ ਨੂੰ ਕੈਨੇਡਾ ਦੇ ਲੋਕਾਂ ਤੋਂ ਫਤਵਾ ਲੈਣ ਲਈ ਪਾਰਲੀਮੈਂਟ ਭੰਗ ਕਰਨ ਦੀ ਗਵਰਨਰ ਜਨਰਲ ਮੇਰੀ ਸਾਇਮਾ ਨੂੰ ਸਿਫਾਰਸ਼ ਕਰਦਿਆਂ 28 ਅਪ੍ਰੈਲ ਨੂੰ ਫੈਡਰਲ ਚੋਣਾਂ ਦਾ ਐਲਾਨ ਕਰ ਦਿੱਤਾ। ਸਦਨ ਭੰਗ ਹੋਣ ਵੇਲੇ ਲਿਬਰਲ ਪਾਰਟੀ ਕੋਲ 152, ਕਜ਼ਰਵੇਟਿਵ ਪਾਰਟੀ ਕੋਲ 120, ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਕੋਲ 24, ਬਲਾਕ ਕਿਊਬੈਕ ਕੋਲ 33, ਗਰੀਨ ਪਾਰਟੀ ਕੋਲ 2 ਸੀਟਾਂ ਸਨ। 37 ਦਿਨਾਂ ਦੀ ਚੋਣ ਮੁਹਿੰਮ, 16 ਅਤੇ 17 ਅਪ੍ਰੈਲ ਨੂੰ ਦੋ ਡਿਬੇਟਾਂ ਬਾਅਦ 28 ਅਪ੍ਰੈਲ ਨੂੰ ਲੋਕਾਂ ਨੇ ਆਪਣੀ ਨਵੀਂ 45ਵੀਂ ਪਾਰਲੀਮੈਂਟ ਅਤੇ ਨਵੀਂ ਸਰਕਾਰ ਅਤੇ 25ਵੇਂ ਪ੍ਰਧਾਨ ਮੰਤਰੀ ਦੀ ਚੋਣ ਲਈ ਮਤਦਾਨ ਕੀਤਾ।

**ਮੁੱਦੇ:** ਇਨਾਂ ਛੋਣਾਂ ਵਿਚ ਹਾਵੀ-ਪ੍ਰਭਾਵੀ ਮੁੱਦੇ ਜੀਵਨ ਬਸਰ ਕਰਨ ਦੀ ਲਾਗਤ ਵਿਚ ਵਾਧਾ 47 ਪ੍ਰਤੀਸ਼ਤ ਤੌਰ 'ਤੇ, ਟਰੰਪ ਟੈਰਿਫ ਅਤੇ ਅਮਰੀਕੀ ਕਬਜ਼ਾ 35 ਪ੍ਰਤੀਸ਼ਤ, ਆਰਥਿਕ ਮੰਦਹਾਲੀ 33 ਪ੍ਰਤੀਸ਼ਤ, ਅਵਾਸ ਸਮੱਸਿਆ 24 ਪ੍ਰਤੀਸ਼ਤ, ਸਿਹਤ 23 ਪ੍ਰਤੀਸ਼ਤ, ਸਰਕਾਰੀ ਖਰਚੇ 19 ਪ੍ਰਤੀਸ਼ਤ, ਅਪਰਾਧ ਅਤੇ ਸੁਰੱਖਿਆ 15 ਪ੍ਰਵਾਸ 14, ਕੌਮਾਂਤਰੀ ਮੁੱਦੇ 14, ਜਲਵਾਯੂ ਸੰਭਾਲ 14, ਟੈਕਸਭਾਰ 12, ਰਾਜਨੀਤਿਕ ਕਦਰਾਂ ਕੀਮਤਾਂ ਅਤੇ ਭ੍ਰਿਸ਼ਟਾਚਾਰ 10 ਪ੍ਰਤੀਸ਼ਤ ਤੌਰ 'ਤੇ ਵੋਟਰਾਂ ਨੂੰ ਪ੍ਰਭਾਵਿਤ ਕਰ ਰਹੇ ਸਨ। ਇਨਾਂ ਭੱਖਦਿਆਂ ਮੁੱਦਿਆਂ ਦੇ ਹੱਲ ਲਈ ਵੱਖ-ਵੱਖ ਪਾਰਟੀ ਨੇ ਆਪਣੇ ਪ੍ਰੋਗਰਾਮ ਅਤੇ ਰੋਡ ਮੈਪ ਜਾਰੀ ਕੀਤੇ।

**ਰਾਜਨੀਤਿਕ ਪਲਟਾ:** ਇੱਕ ਜਨਵਰੀ 2025 ਨੂੰ ਕੰਜਰਵੇਟਿਵ ਪਾਰਟੀ ਦਾ ਆਗੂ ਭਵਿੱਖ ਵਿਚ ਚੋਣਾਂ ਹੋਣ ਦੀ ਸੂਰਤ ਵਿਚ ਆਪਣੀ ਸਰਕਾਰ ਬਣਾਈ ਬੈਠਾ ਸੀ। ਸਰਵਿਆਂ ਅਨੁਸਾਰ ਉਦੋਂ ਕਜ਼ਰਵੇਟਿਵ ਪਾਰਟੀ ਨੂੰ 46.9, ਐਨ ਡੀ ਪੀ ਨੂੰ 18.7, ਲਿਬਰਲਾਂ ਨੂੰ 18.6, ਬਜਾਨ ਕਿਊਬੈਕ ਨੂੰ 9.7, ਗਰੀਨ ਪਾਰਟੀ ਨੂੰ 2.7 ਪ੍ਰਤੀਸ਼ਤ ਵੋਟਰਾਂ ਦੀ ਹਮਾਇਤ ਹਾਸਿਲ ਸੀ। ਪਰ ਭਾਰਤ ਦੇ ਮਰਹਮ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਰਗਾ ਵਿਸ਼ਵ ਪ੍ਰਸਿੱਧ ਅਰਥ ਸ਼ਾਸ਼ਤਰੀ ਲਿਬਰਲ ਪਾਰਟੀ ਨੂੰ ਮਾਰਕ ਕਾਰਨੇ ਵਜੋਂ ਮਿਲਣ ਕਰਕੇ ਹਨੇਰੀ ਵਾਂਗ ਲਿਬਰਲਾਂ ਦੇ ਹੱਕ ਵਿਚ ਹਵਾ ਵੱਗਣੀ ਸ਼ੂਰੂ ਹੋ ਗਈ। ਚੋਣਾਂ ਤੋਂ ਐਨ ਪਹਿਲਾਂ ਲਿਬਰਲਾਂ ਨੂੰ 44, ਕੰਜਰਵੇਟਿਵਾਂ ਨੂੰ ਬਲਾਕ ਕਿਊਬੈਕ ਨੂੰ 7 ਐਨ.ਡੀ.ਪੀ. ਨੂੰ 6, ਗ੍ਰੀਨ ਪਾਰਟੀ ਨੂੰ 1, ਪੀਪਲਜ਼ ਪਾਰਟੀ ਨੂੰ 1 ਪ੍ਰਤੀਸ਼ਤ ਵੋਟਰਾਂ ਦੀ ਹਮਾਇਤ ਦੇ ਸਰਵੇਖਣ ਸਾਹਮਣੇ ਆ ਰਹੇ ਸਨ। ਇਹ ਮੰਨਿਆ ਜਾ ਰਿਹਾ ਸੀ ਕਿ 343 ਮੈਂਬਰਾਂ ਅਧਾਰਤ ਪਾਰਲੀਮੈਂਟ ਵਿਚ ਲਿਬਰਲ ਕਾਰਨੇ ਦੀ ਅਗਵਾਈ ਵਿਚ 172 ਦਾ ਅੰਕੜਾ ਪਾਰ ਕਰ ਜਾਣਗੇ।

**ਇੰਤਹਾਅ:** 28 ਅਪ੍ਰੈਲ ਨੂੰ ਚੋਣਾਂ ਵਾਲੇ ਦਿਨ ਇੰਤਹਾਅ ਤਾਂ ਉਦੋਂ ਹੋ ਗਈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਚੋਣਾਂ ਵਿਚ ਸਿੱਧਾ ਦਖਲ ਅਤਿ ਸ਼ਰਮਨਾਕ ਅਤੇ ਪਾਗਲਾਨਾ ਢੰਗ ਨਾਲ ਦਿੰਦੇ ਕੈਨੇਡਾ ਦੇ ਵੋਟਰਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਉਹ ਕੈਨੇਡਾ ਦੇ ਮਹਾਨ ਲੋਕਾਂ ਲਈ ਚੰਗੀ ਕਾਮਨਾ ਕਰਦਾ ਹੈ। ਤੁਸੀਂ ਉਸ ਵਿਅਕਤੀ (ਭਾਵ ਮੈਨੂੰ) ਵੋਟ ਕਰੋ ਜਿਸ ਕੋਲ ਸ਼ਕਤੀ ਅਤੇ ਸੂਝਬੂਝ ਹੈ ਤੁਹਾਡੇ ਟੈਕਸ ਅੱਧੇ ਕਰਨ ਦੀ, ਤੁਹਾਡੀ ਫੌਜੀ ਸ਼ਕਤੀ ਵਧਾਉਣ ਦੀ ਮੁਫ਼ਤ ਵਿਚ ਤੁਹਾਨੂੰ ਵਿਸ਼ਵ ਦੀ ਟੀਸੀ ਤੇ ਪਹੁੰਚਾਉਣ ਦੀ, ਤੁਹਾਡੀਆਂ ਕਾਰਾਂ, ਸਟੀਲ, ਅਲਮੂਨੀਅਮ, ਲੱਕੜ, ਊਰਜਾ ਅਤੇ ਹੋਰ ਵਪਾਰਕ ਵਸਤਾਂ ਖਰੀਦਣ ਦੀ, ਤੁਹਾਨੂੰ ਚੌਗਣੇ ਰੂਪ ਵਿਚ ਜ਼ੀਰੋ ਟੈਕਸਾਂ ਅਤੇ ਜ਼ੀਰੋ ਟੈਰਿਫਾਂ ਰਾਹੀਂ ਵਿਕਸਤ ਕਰਨ ਦੀ ਜੇਕਰ ਤੁਸੀਂ ਅਮਰੀਕਾ ਦਾ 51ਵਾਂ ਸੂਬਾ ਬਣ ਜਾਉ। ਕੰਜ਼ਰਵੇਟਿਵ ਪਾਰਟੀ ਆਗੂ ਪੈਰੇ ਪੋਲੀਅਵਰ ਅਤੇ ਲਿਬਰਲ ਪਾਰਟੀ ਆਗੂ ਕਾਰਨੇ ਨੇ ਡੱਟ ਕੇ ਕਿਹਾ ਕਿ ਤੁਸੀਂ ਚੋਣਾਂ ਤੋਂ ਦੂਰ ਰਹੋ। ਲੋਕ ਕੈਨੇਡਾ ਦੇ ਭਵਿੱਖ ਦਾ ਫੈਸਲਾ ਮਤ ਪੇਟੀ ਰਾਹੀਂ ਕਰਨਗੇ। ਕੈਨੇਡਾ ਨੂੰ ਆਪਣੀ ਪ੍ਰਭੁਸਤਾ, ਅਜ਼ਾਦੀ ਅਤੇ ਭਾਈਚਾਰੇ ਤੇ ਮਾਣ ਹੈ। ਅਸੀਂ ਕਦੇ ਵੀ 51 ਵਾਂ ਰਾਜ ਨਹੀਂ ਬਣਾਂਵਾਗੇ।

**ਬਹੁੱਮਤ ਸਰਕਾਰ:**
ਦੇਸ਼ ਅੰਦਰ ਪਿੱਛਲੀਆਂ 8 ਫੈਡਰਲ ਚੋਣਾਂ ਵਿਚੋਂ 5 ਵਿੱਚ ਲੋਕਾਂ ਨੇ ਲੱਟਕਵੀਂ ਪਾਰਲੀਮੈਂਟ ਅਤੇ ਘੱਟ ਗਿਣਤੀ ਸਰਕਾਰਾਂ ਦੇ ਹੱਕ ਵਿੱਚ ਫਤਵਾ ਦਿੱਤਾ। ਟਰੰਪ ਐਰਿਫ, 51ਵਾਂ ਸੂਬਾ ਬਣਾਉਣ ਦੇ ਡਰਾਵਿਆਂ, ਆਰਥਿਕ, ਪ੍ਰਵਾਸ, ਅਵਾਸ, ਅਮਨ ਕਾਨੂੰਨ, ਸਿਹਤ, ਊਰਜਾ ਸਬੰਧੀ ਚਣੌਤੀਆਂ ਸਨਮੁੱਖ ਇੱਕ ਮਜ਼ਬੂਤ ਆਗੂ ਦੀ ਰਹਿਨੁੰਮਾਈ ਹੇਠ ਇੱਕ ਵੱਡੇ ਬਹੁੱਮਤ ਵਾਲੀ ਸਰਕਾਰ ਬਰਕਰਾਰ ਸੀ। ਲੇਕਿਨ ਦੁਚਿੱਤੀਆਂ ਵਿਚ ਫਸੇ ਮਤਦਾਤਾ ਅਜਿਹਾ ਕਰਨ ਵਿੱਚ ਨਾਕਾਮ ਰਹੇ।

**ਲੱਟਕਵੀਂ ਪਾਰਲੀਮੈਂਟ:**
ਚੋਣ ਨਤੀਜਿਆਂ ਅਨੁਸਾਰ ਮਾਰਕ ਕਾਰਨੇ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ 169-ਬਹੁੱਮਤ ਤੋਂ 3 ਸੀਟਾਂ ਘੱਟ-, ਪੈਰੇ ਪੋਲੀਅਵਰ ਦੀ ਕਜ਼ਰਵੇਟਿਵ ਪਾਰਟੀ ਨੂੰ 144, ਬਲਾਂਚੇ ਦੀ ਅਗਵਾਈ ਵਾਲੀ ਬਲਾਕ ਕਿਊਬੈਕ ਨੂੰ 22, ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨ ਡੀ ਪੀ ਨੂੰ 7, ਜੋਨਾਥਨ ਪੇਡਨਾਲਟ ਦੀ ਅਗਵਾਈ ਵਾਲੀ ਗਰੀਨ ਪਾਰਟੀ ਨੂੰ 1 ਸੀਟ ਹਾਸਲ ਹੋਈਆਂ। ਅਗਲੇ 4 ਸਾਲਾਂ ਲਈ ਮਾਰਕ ਕਾਰਨੇ ਆਪਣੀ ਘੱਟ ਗਿਣਤੀ ਸਰਕਾਰ ਚਲਾਉਣਗੇ।

**ਹੈਰਾਨਕੁੰਨ ਨਤੀਜੇ:**
ਬਹੁਗਿਣਤੀ ਨਾਲ ਸਰਕਾਰ ਬਣਾਉਣ ਦੇ ਸੁਪਨੇ ਸਜਾਉਂਦਾ, ਪਾਰਟੀ **ਡਿਕਟੇਟਰ** ਵਜੋਂ ਟਿਕੱਟਾਂ ਵੰਡਣ, ਸ਼੍ਰੀ ਮਾਨ ਟਰੰਪੀ ਅਤੇ ਡਰਾਮ ਕੁਵੀਨ ਵਜੋਂ ਮਸ਼ਹੂਰ ਕੰਜ਼ਰਵੇਟਿਵ ਸੁਪਰੀਮੋ ਪੈਰੇ ਪੋਲੀਵਰ ਲਿਬਰਲ ਉਮੀਦਵਾਰ ਬਰੂਸ ਫੈਨਜੋਏ ਤੋਂ 38581 ਵੋਟਾਂ ਮੁਕਾਬਲੇ 42374 ਵੋਟਾਂ ਦੇ ਫਰਕ ਨਾਲ ਹਾਰ ਗਿਆ। ਐਨਡੀਪੀ ਸੁਪਰੀਮੋ ਜਗਮੀਤ ਸਿੰਘ ਬਰਨਬੇ ਸੀਟ ਤੋਂ ਹਾਰ ਗਿਆ। ਉਸ ਦੀ ਪਾਰਟੀ ਆਪਣੀ ਰਬਾਸ਼ਟਰੀ ਮਾਨ ਤਾਂ ਖੋਹ ਬੈਠੀ ਕਿਉਂਕਿ ਉਹ ਸਦਨ ਵਿੱਚ 12 ਸੀਟਾਂ ਨਾ ਜਿੱਤ ਸਕੀ। ਇਵੇਂ ਹੀ ਗਰੀਨ ਪਾਰਟੀ ਆਗੂ ਜੋਨਾਥਨ ਅਤੇ ਪੀਪਲਜ ਪਾਰਟੀ ਆਗੂ ਮੈਕਸਿਮ ਬਰਨੀਅਰ ਵੀ ਹਾਰ ਗਏ।

**ਪੰਜਾਬੀਆਂ ਦੀ ਬੱਲੇ-ਬੱਲੇ:**
ਸੰਨ 2021 ਦੀਆਂ ;ਚੋਣਾਂ ਵਿਚ 18 ਦੇ ਮੁਕਾਬਲੇ ਇਨਾਂ ਚੋਣਾਂ ਵਿੱਚ 22 ਪੰਜਾਬੀਆਂ ਨੇ ਜਿੱਤ ਦਾ ਬਿਗਲ ਵਜਾ ਕੇ ਕੈਨੇਡੀਅਨ ਰਾਜਨੀਤੀ ਵਿੱਚ ਆਪਣਾ ਬੋਲਬਾਲਾ ਸਿੱਧ ਕਰ ਦਿੱਤਾ। 6 ਬੀਬੀਆਂ, 6 ਪੱਗੜੀਧਾਰੀਆਂ ਅਤੇ 10 ਹੋਰਨਾਂ ਜਿੱਤ ਦੇ ਝੰਡੇ ਗੱਡੇ। ਲਿਬਰਲ ਪਾਰਟੀ ਵੱਲੋਂ 13 ਜੇਤੂ ਉਮੀਦਵਾਰਾਂ ਵਿੱਚ ਰੂਬੀ ਸਹੋਤਾ, ਮਨਿੰਦਰ ਸਿੱਧੂ, ਅਮਨਦੀਪ, ਸੋਨੀਆ ਸਿੱਧੂ, ਅਮਰਜੀਤ ਗਿੱਲ, ਅਨੀਤਾ ਅਨੰਦ, ਕੇਂਦਰੀ ਮੰਤਰੀ, ਬਰਦੀਸ਼ ਚੱਗਰ, ਅੰਜੂ ਢਿੱਲੋਂ, ਸੁੱਖ ਧਾਲੀਵਾਲ, ਇੱਕਵਿੰਦਰ ਸਿੰਘ, ਰਮਨਦੀਪ ਸਿੰਘ, ਗੁਰਬਖਸ਼ ਸੈਣੀ, ਪ੍ਰਮਬੈਂਸ ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਜਸਰਾਜ ਹਾਲਨ, ਦਲਵਿੰਦਰ ਗਿੱਲ, ਅਮਨਪ੍ਰੀਤ ਗਿੱਲ, ਅਰਪਨ ਖੰਨਾ, ਟਿਮ ਉੱਪਲ, ਪ੍ਰਮ ਗਿੱਲ, ਜਗਸ਼ਰਨ ਸਿੰਘ ਮਾਹਲ, ਹਰਬ ਗਿੱਲ ਸ਼ਾਮਲ ਹਨ। ਨਿਸ਼ਚਤ ਤੌਰ ਤੌਰ ਪੰਜਾਬੀ ਕਾਰਨੇ ਕੈਬਨਿਟ ਦਾ ਸ਼ਿੰਗਾਰ ਵੀ ਬਣਨਗੇ। ਇਸੇ ਕਰਕੇ ਕੈਨੇਡਾ ਨੂੰ ਪੰਜਾਬੀਆਂ ਅਤੇ ਸਿੱਖਾਂ ਦੂਜਾ ਘਰ ਮੰਨਿਆ ਜਾਂਦਾ ਹੈ।

**ਕੌਣ ਨੇ ਪ੍ਰਧਾਨ ਮੰਤਰੀ ਕਾਰਨੇ:**
ਉਤਰ-ਪੱਛਮੀ ਖੇਤਰ ਦੇ ਸ਼ਹਿਰ ਫੋਰਟ ਸਮਿੱਥ ਵਿਖੇ ਪ੍ਰਿੰਸੀਪਲ ਰਾਬਰਟ ਮਾਰਟਿਨ ਕਾਰਨੇ ਦੇ ਘਰ ਮਾਂ ਵਰਲੀ ਮਾਰਗਰੇਟ ਕੁੱਖੋਂ ਮਾਰਚ 16.1.1965 ਨੂੰ ਜਨਮੇ। ਅਡਮਟੰਨ, ਅਲਬਰਟਾ ਵਿਚ ਪਲੇ। ਹਰਵਾਰਡ ਯੂਨੀਵਰਸਿਟੀ ਅਮਰੀਕਾ ਪੜ੍ਹੇ ਅਤੇ ਡਾਕਟਰੇਟ ਆਕਸਫੋਰਡ ਯੂਨੀਵਰਸਿਟੀ ਯੂ.ਕੇ. ਤੋਂ ਕੀਤੀ। ਸੰਨ 2003 ਵਿੱਚ ਡਿਪਟੀ ਅਤੇ 2007 ਵਿਚ ਬੈਂਕ ਆਫ ਕੈਨੇਡਾ ਦੇ ਗਵਰਨਰ ਬਣੇ ਜੋ 2013 ਤੱਕ ਰਹੇ। ਸੰਨ 2013 ਤੱਕ ਰਹੇ। ਸੰਨ 2013 ਤੋਂ 2020 ਤੱਕ ਬੈਂਕ ਆਫ ਇੰਗਲੈਂਡ ਦੇ ਗਵਰਨਰ ਰਹੇ ਦੇਸ਼ ਨੂੰ 2007-08 ਦੀ ਆਰਥਿਕ ਮੰਦੀ ਵਿਚੋਂ ਬਾਹਰ ਕੱਢਿਆ। ਵਿਸ਼ਵ ਬੈਂਕ ਸਮੇਤ ਹੋਰ ਅਨੇਕ ਸੰਸਥਾਵਾਂ ਵਿੱਚ ਅਹਿਮ ਅਹੁੱਦਿਆਂ ਤੇ ਕੰਮ ਕੀਤਾ। ਕੈਨੇਡਾ ਦੀ ਚੰਗੀ ਕਿਸਮਤ ਹੈ ਕਿ ਇਸ ਨੂੰ ਇਕ ਮਹਾਨ ਅਰਥ ਸ਼ਾਸਤਰੀ ਅਤੇ ਵਿਸ਼ਵ ਪ੍ਰਸਿੱਧ ਸਖ਼ਸ਼ੀਅਤ ਜੋ ਕਿਸੇ ਕੌਮਾਂਤਰੀ ਫੋਰਮ ਤੇ ਤੁਆਰਫ ਦਾ ਮੋਹਤਾਜ ਨਹੀਂ ਅਤਿ ਸੰਕਟਕਾਲ ਅਤੇ ਟਰੰਪ ਭੱਬਕੀਆਂ ਨੂੰ ਟਕਰਨ ਵਾਲਾ ਪ੍ਰਧਾਨ ਮਿਲਿਆ ਹੈ। ਉਹ ਜਾਣਦੇ ਹਨ ਕਿ ਟਰੰਪ ਹਕੀਕਤ ਵਿੱਚ ਕੈਨੇਡਾ ਨੂੰ ਤੋੜਨਾ ਚਾਹੁੰਦਾ ਹੈ, ਇਸ ਤੇ ਕਬਜ਼ੇ ਲਈ। ਅਜਿਹਾ ਕਦੇ ਨਹੀਂ ਹੋਵੇਗਾ। ਕੈਨੇਡਾ ਕਦੇ ਵੀ ਅਮਰੀਕਾ ਦੇ ਧੋਖੇ ਨੂੰ ਨਹੀਂ ਭੁਲੇਗਾ। ਸਾਨੂੰ ਸਰਬ ਕੈਨੇਡਾ ਵਾਸੀਆਂ ਨੂੰ ਆਪਣੀ ਖੋਜ ਕਰਨੀ ਪਵੇਗੀ ਅਤੇ ਇੱਕ ਦੂਜੇ ਦਾ ਸਾਥ ਦੇਣਾ ਹੋਵੇਗਾ। ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮੇਤ ਸਭ ਉੱਘੇ ਦੇਸ਼ਾਂ ਦੇ ਆਗੂਆਂ ਉਨ੍ਹਾਂ ਨੂੰ ਵਧਾਈ ਦਿੱਤੀ ਹੈ ਅਤੇ ਨਿੱਘੇ ਸਬੰਧਾਂ ਦੀ ਕਾਮਨਾ ਕੀਤੀ ਹੈ। ਅਮਰੀਕਾ ਅਤੇ ਕੈਨੇਡਾ ਵੱਲੋਂ 'ਅਜ਼ਾਦ ਅਤੇ ਪ੍ਰਭੂਸਤਾ ਸੰਪਨ ਦੇਸ਼ਾਂ ਵਜੋਂ ਮਿਲ ਕੇ ਚੱਲਣ ਦੀ ਇੱਛਾ ਪ੍ਰਗਟ ਕੀਤੀ ਹੈ। ਆਸ ਹੈ ਕਿ ਉਹ ਦੀ ਵਧੀਆ ਅਗਵਾਈ ਕਰਨਗੇ, ਇਸ ਨੂੰ ਦਰਪੇਸ਼ ਸੰਕਟ ਬਾਖੂਬੀ ਹੱਲ ਕਰਨਗੇ ਅਤੇ ਭਵਿੱਖੀ ਚੋਣਾਂ ਵਿੱਚ ਪੂਰਨ ਬਹੁੱਮਤ ਨਾਲ ਮੁੜ ਜਿੱਤ ਪ੍ਰਾਪਤ ਕਰਨਗੇ।

# ਜਤਿੰਦਰਪਾਲ ਸਿੰਘ ਜੇ ਪੀ ਨੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਵਜੋਂ ਅਹੁਦਾ ਸੰਭਾਲਿਆ

ਅੰਮ੍ਰਿਤਸਰ, 30 ਅਪ੍ਰੈਲ, (ਬਬਲੂ ਮਹਾਜਨ) : ਸ੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਗੰਜ ਸਾਹਿਬ (ਸ਼ਹੀਦਾਂ ਸਾਹਿਬ) ਵਿਖੇ ਅੱਜ ਮੈਨੇਜਰ ਦੀ ਨਿਯੁਕਤੀ ਕਰ ਦਿੱਤੀ ਗਈ ਹੈ। ਜਿਕਰਯੋਗ ਹੈ ਕਿ ਜੋ ਚਰਚਾਵਾਂ ਚੱਲ ਰਹੀਆਂ ਸਨ, ਉਹ ਸੱਚ ਹੋਈਆਂ ਤੇ ਜਤਿੰਦਰ ਪਾਲ ਸਿੰਘ ਇੰਚਾਰਜ ਚੀਫ ਗੁਰਦੁਆਰਾ ਇੰਸਪੈਕਟਰ ਬਰਾਂਚ 87 ਨੂੰ



ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦਾ ਮੈਨੇਜਰ ਨਿਯੁਕਤ ਕੀਤਾ ਗਿਆ। ਸੁਣਨ ਵਿੱਚ ਆਇਆ ਹੈ ਕਿ ਜਤਿੰਦਰਪਾਲ ਸਿੰਘ ਬਹੁਤ ਹੀ ਮਿਹਨਤੀ ਤੇ ਅਨੁਸ਼ਾਸਨ ਪ੍ਰਸਤ ਇਨਸਾਨ ਹਨ। ਹੁਣ ਦੇਖਣਾ ਇਹ ਹੈ ਕਿ ਜਤਿੰਦਰ ਪਾਲ ਸਿੰਘ ਗੁਰਦੁਆਰਾ ਸ਼ਹੀਦ ਗੰਜ ਸਾਹਿਬ (ਸ਼ਹੀਦਾਂ ਸਾਹਿਬ) ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਂਦੇ ਹਨ ਜਾਂ ਪ੍ਰੇਮੀਆਂ ਦੇ ਦਬਾਅ ਹੇਠ ਰਹਿ ਕੇ ਉਹਨਾਂ ਦੇ ਮੁਤਾਬਕ ਚਲਦੇ ਹਨ। ਮਿਲੀ ਜਾਣਕਾਰੀ ਅਨੁਸਾਰ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਪ੍ਰੇਮੀਆਂ ਦਾ ਬਹੁਤ ਦਬਦਬਾ ਹੈ ਤੇ ਜੋ ਵੀ ਮੈਨੇਜਰ ਇੱਥੇ ਆਉਂਦਾ ਹੈ, ਉਹ ਪ੍ਰੇਮੀਆਂ ਦੇ ਦਬਾਅ ਹੇਠ ਚੱਲਦਾ ਹੈ ਤੇ ਪ੍ਰੇਮੀਆਂ ਦੀ ਹੀ ਮੰਨਦਾ ਹੈ। ਅਗਰ ਮੈਨੇਜਰ ਪ੍ਰੇਮੀਆਂ ਦੀ ਹਾਂ ਵਿੱਚ ਹਾਂ ਨਹੀਂ ਮਿਲਾਉਂਦਾ ਤਾਂ ਉਸ ਦੀ ਬਦਲੀ ਕਰਵਾ ਦਿੱਤੀ ਜਾਂਦੀ ਹੈ, ਇਥੋਂ ਤੱਕ ਕਿ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮਾਂ ਦੇ ਵਿੱਚ ਵੀ ਪ੍ਰੇਮੀ ਹੀ ਸਾਰੀ ਸਟੇਜ ਸੰਭਾਲਦੇ ਹਨ.

# ਚੀਫ਼ ਖਾਲਸਾ ਦੀਵਾਨ ਵੱਲੋਂ ਕੈਨੇਡਾ ਸੰਸਦ ਚੋਣਾਂ ਵਿਚ ਪੰਜਾਬੀਆਂ ਦੀ ਇਤਿਹਾਸਕ ਚੜ੍ਹਤ ਤੇ ਖੁਸ਼ੀ ਦਾ ਪ੍ਰਗਟਾਵਾ

ਅੰਮ੍ਰਿਤਸਰ, 30 ਅਪ੍ਰੈਲ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਵੱਲੋਂ ਕੈਨੇਡਾ ਸੰਸਦ ਚੋਣਾਂ ਵਿਚ ਪੰਜਾਬੀਆਂ ਦੀ ਸ਼ਾਨਦਾਰ ਇਤਿਹਾਸਕ ਜਿੱਤ ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ। ਮੀਟਿੰਗ ਦੌਰਾਨ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਕੈਨੇਡਾ ਚੋਣਾਂ ਵਿਚ ਪਹਿਲੀ ਵਾਰੀ ਪੰਜਾਬੀ ਮੂਲ ਦੇ 22 ਸੰਸਦ ਚੁਣੇ ਗਏ ਹਨ, ਜੋ ਕਿ ਦੁਨੀਆਂ ਭਰ ਵਿਚ ਵਸਦੇ ਪੰਜਾਬੀਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਜਗਜੀਤ ਸਿੰਘ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀ.ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਰਬਿੰਦਰਬੀਰ ਸਿੰਘ ਭੱਲਾ, ਏ.ਪੀ.ਐਸ.ਮਾਨ, ਹਰਜੀਤ ਸਿੰਘ (ਤਰਨਤਾਰਨ) ਪ੍ਰੋ.ਭੁਪਿੰਦਰ ਸਿੰਘ, ਤਰਲੋਚਨ ਸਿੰਘ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਸਰਜੋਤ ਸਿੰਘ ਸਾਹਨੀ, ਸ੍ਰ.ਹਰਵਿੰਦਰਪਾਲ ਸਿੰਘ ਚੁੱਘ ਆਦਿ ਮੈਂਬਰ ਹਾਜ਼ਰ ਸਨ।



## ਪੰਜਾਬ ਸਰਕਾਰ — ਟੈਂਡਰ ਸੂਚਨਾ

| ਲ. ਨੰ. | ਵਿਭਾਗ ਦਾ ਨਾਮ | ਟੈਂਡਰ/ਸੂਚਨਾ/ਕੰਮ ਦਾ ਨਾਮ | ਖੁੱਲ੍ਹਣ ਦੀ ਮਿਤੀ/ ਬੰਦ ਕਰਨ ਦੀ ਮਿਤੀ | ਰਕਮ/ਜਮ੍ਹਾਂ ਬਿਆਨਾ (ਅਨੁਮਾਨਤ) ਲੱਖਾਂ ਵਿਚ | ਨੋਡਲ ਅਧਿਕਾਰੀ/ ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਕਾਰਜਕਾਰੀ ਇੰਜੀਨੀਅਰ, ਤਲਵਾੜਾ ਨਹਿਰ ਡਿਵੀਜ਼ਨ, ਜਲ ਸਰੋਤ ਵਿਭਾਗ; ਤਲਵਾੜਾ (ਹੁਸ਼ਿਆਰਪੁਰ) | 3 ਨੰਬਰ: ਚਿੰਗਰਵਾਨ ਮਾਈਨਰ ਦੇ ਆਊਟਲੈੱਟ ਆਰਡੀ 4600-ਟੀਐਫ ਅਤੇ ਹਾਜੀਪੁਰ-ਡਿਸਟੀ ਦੇ ਆਰਡੀ 11821ਐਲ, 12678-ਐਲ ਅਤੇ ਹਾਜੀਪੁਰ-ਡਿਸਟੀ ਦੇ ਆਰਡੀ 12910-ਐਲ, 13330-ਐਲ 'ਤੇ ਵਾਟਰ ਕੋਰਸ ਦੀ ਇੱਟਾਂ ਦੀ ਲਾਈਨਿੰਗ ਲਈ ਕੰਮ ਦਾ ਅਨੁਮਾਨ | 25.04.2025 / 09.05.2025 | 2.73 LACS | 7888890105 snhwdtalwara@gmail.com |
| 2. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਪਠਾਨਕੋਟ | ਜ਼ਿਲ੍ਹਾ ਪਠਾਨਕੋਟ ਵਿਚ ਪੰਜ ਸਾਲ ਦੀ ਦੇਖ ਰੇਖ ਸਮੇਤ ਸਾਲ 2022-2023, 2023-2024 ਅਤੇ 2024-25 ਵਾਸਤੇ ਐਸ/ਆਰ ਅਧੀਨ ਹਲਕਾ ਭੋਆ, ਐਮਸੀ ਨਰੋਤ ਜੈਮਲ ਸਿੰਘ ਹਲਕੇ ਵਿਚ ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ। ਗਰੁੱਪ ਨੰ. 1 ਤੋਂ ਗਰੁੱਪ ਨੰ. 12 | 30.04.2025 / 21.05.2025 | 48.10 LACS | 9855076068 eecdpthkpwdpb@gmail.com |
| 3. | ਕਾਰਜਕਾਰੀ ਇੰਜੀਨੀਅਰ, ਸੂਬਾਈ ਸ਼ਾਖਾ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਸੰਗਰੂਰ | 1. ਐਸਯੂਐਸ ਸਰਕਾਰੀ ਕਾਲਜ, ਸੁਨਾਮ ਜ਼ਿਲ੍ਹਾ ਸੰਗਰੂਰ ਵਿੱਚ ਲਾਇਬ੍ਰੇਰੀ ਅਤੇ ਐਡਮਿਨ ਬਲਾਕ ਦਾ ਨਿਰਮਾਣ 2) ਪੰਜਾਬ ਨਿਰਮਾਣ ਪ੍ਰੋਗਰਾਮ 2024-25 ਅਧੀਨ ਬਿਜਲਪੁਰ-ਬਸੀਆਰਖ ਲਿੰਕ ਸੜਕ ਦਾ ਪੁਨਰ ਨਿਰਮਾਣ 3) ਹਰੀਓ ਤੋਂ ਫਲੇਰਾ-ਡਸਕਾ ਸੜਕ ਦੀ ਨਵੀਂ ਉਸਾਰੀ। | 28.04.2025 / 28.05.2025 | 38.63 LACS | 9888079005 xenprovincialsangrur@yahoo.com |
| 4. | ਕਾਰਜਕਾਰੀ ਇੰਜੀਨੀਅਰ, ਮਕੈਨੀਕਲ ਨਿਰਮਾਣ ਵਿਭਾਗ, ਡਬਲਯੂ.ਆਰ.ਡੀ., ਪੰਜਾਬ, ਅੰਮ੍ਰਿਤਸਰ | ਬੇਗਾ ਲਸ਼ਕਰੀ ਡਰੇਨ, ਹੁਡਿਆਰਾ ਨਾਲਾ, ਰਾਜਾ ਸਾਂਸੀ ਡਰੇਨ, ਚੋਗਾਵਾਂ ਡਰੇਨ, ਕੋਹਾਲੀ ਡਰੇਨ ਦੇ ਅੰਦਰੂਨੀ ਹਿੱਸੇ ਤੋਂ ਘਾਹ-ਬੂਟੀ, ਜਲ ਬੂਟੀ ਦੀ ਸਫਾਈ | 25.04.2025 / 09.05.2025 | 2.20 LACS | 944780545 xenmddasr@yahoo.in |
| 5. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਬਰਨਾਲਾ | ਜੁਡੀਸ਼ੀਅਲ ਕੋਰਟ ਕੰਪਲੈਕਸ ਬਰਨਾਲਾ ਵਿੱਚ ਏ.ਡੀ.ਆਰ. ਸੈਂਟਰ ਦੀ ਉਸਾਰੀ | 28.04.2025 / 22.05.2025 | 9.76 LACS | 9876340111 xenpwdbarnala@yahoo.com |
| 6. | ਕਾਰਜਕਾਰੀ ਇੰਜੀਨੀਅਰ/ਤਰਨ ਤਾਰਨ, ਡਰੇਨੇਜ-ਕਮ-ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ, ਡਬਲਯੂਆਰਡੀ, ਤਰਨ ਤਾਰਨ | ਤਰਨ ਤਾਰਨ ਡਰੇਨੇਜ-ਕਮ-ਮਾਈਨਿੰਗ ਅਤੇ ਜੀਓ ਡਿਵੀਜ਼ਨ, ਤਰਨ ਤਾਰਨ ਦੇ ਅਧਿਕਾਰ ਖੇਤਰ ਵਿੱਚ ਸਾਲ 25-26 ਲਈ ਡਰੇਨ ਸਿਸਟਮ ਦੀ ਸਫਾਈ (13 ਅਦਦ - ਵੱਖ-ਵੱਖ ਟੈਂਡਰ) | 24.04.2025 / 08.05.2025 | 4.07 LACS | 7888512516 xenbaridoab@gmail.com |
| 7. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਿਵੀਜ਼ਨ ਨੰ. 1, ਮੋਗਾ | ਪਿੰਡ ਕਾਹਨ ਸਿੰਘ ਵਾਲਾ ਬਲਾਕ ਮੋਗਾ ਜ਼ਿਲ੍ਹਾ ਮੋਗਾ (ਨਾਬਾਰਡ-30 ਅਧੀਨ) ਨੂੰ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਵਿਸਥਾਰ ਕਰਨਾ | 01.05.2025 / 08.05.2025 | 76.00 THOUSAND | 7087424344 xenrws_moga1@yahoo.com |
| 8. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ. 2, ਅੰਮ੍ਰਿਤਸਰ | ਜਲ ਸਪਲਾਈ ਸਕੀਮ ਸੈਦੋ ਲਹਿਲ (ਐਮਐਚ) ਬਲਾਕ ਤਰਸਿਕਾ ਅਤੇ ਡਬਲਯੂ/ਐਸ ਸਕੀਮ ਅਬਾਦੀ ਤੀਰਥਪੁਰਾ ( ਓਐਚ) ਬਲਾਕ ਜੰਡਿਆਲਾ ਗੁਰੂ ਜ਼ਿਲ੍ਹਾ ਅੰਮ੍ਰਿਤਸਰ (ਨਾਬਾਰਡ-30 ਅਧੀਨ) ਵਿਖੇ ਨਵੇਂ ਟਿਊਬਵੈੱਲ, ਸਿਵਲ ਵਰਕ ਅਤੇ ਓਐਚਐਸਆਰ ਦੀ ਸਥਾਪਨਾ | 02.05.2025 / 19.05.2025 | 2.80 LACS | 9779584478 ee_rws_2_asr@yahoo.co.in |
| 9. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ. 3, ਐਸਏਐਸ ਨਗਰ (ਮੋਹਾਲੀ) | 7 ਲੈਬਾਂ 'ਤੇ ਬੈਕਟੀਰੀਓਲੋਜੀਕਲ ਸੈਕਸ਼ਨ ਲਈ ਕੱਚ ਦੇ ਸਮਾਨ ਦੀ ਸਪਲਾਈ ਅਤੇ ਉਪਲਬਧ ਕਰਾਉਣਾ | 01.05.2025 / 14.05.2025 | 54.87 THOUSAND | 8427754491 eerwsmohali@yahoo.co.in |
| 10. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, (ਸੀ ਅਤੇ ਐਮ) ਸ਼ਾਖਾ, ਗੁਰਦਾਸਪੁਰ | ਕਲਾਨੌਰ ਜ਼ਿਲ੍ਹਾ: ਗੁਰਦਾਸਪੁਰ ਵਿਖੇ ਐਸ.ਸੀ. ਧਰਮਸ਼ਾਲਾ ਦੀ ਉਸਾਰੀ | 28.04.2025 / 13.05.2025 | 1.25 LACS | 9914124342 xenprdgsp@gmail.com |
| 11. | ਕਾਰਜਕਾਰੀ ਇੰਜੀਨੀਅਰ, ਲੇਹਲ ਨਹਿਰ ਡਿਵੀਜ਼ਨ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ | ਸੁਨਾਮ ਡਿਸਟੀ ਦੇ ਆਰਡੀ 33425/ਆਰ 'ਤੇ ਐਸਕੇਪ ਢਾਂਚੇ ਦੀ ਉਸਾਰੀ ਦੇ 2 ਕੰਮ ਅਤੇ ਖਡਿਆਲ ਸ਼ਾਖਾ ਦੇ ਆਰਡੀ 11342 'ਤੇ ਪਾਈਪ ਢਾਂਚੇ ਦੀ ਉਸਾਰੀ। | 22.04.2025 / 07.05.2025 | 2.00 LACS | 9646407185 XENIBLEHAL@GMAIL.COM |
| 12. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਫਰੀਦਕੋਟ | ਮੌਜੂਦਾ ਜਲ ਸਪਲਾਈ ਸਕੀਮ ਭਾਗਥਲਾ ਕਲਾਂ ਅਤੇ ਭਾਗਥਲਾ ਖੁਰਦ ਬਲਾਕ ਅਤੇ ਜ਼ਿਲ੍ਹਾ ਫਰੀਦਕੋਟ (ਹੇਡ-ਨਾਬਾਰਡ-30 ਅਧੀਨ) ਦਾ ਵਿਸਥਾਰ | 01.05.2025 / 15.05.2025 | 2.07 LACS | 9417750074 xenrws_fdk@yahoo.com |
| 13. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 1, ਪਟਿਆਲਾ | ਪਿੰਡ ਰਾਇਸਲ, ਬਲਾਕ-ਨਾਭਾ ਜ਼ਿਲ੍ਹਾ ਪਟਿਆਲਾ, ਪੰਜਾਬ ਲਈ ਇੱਕ ਨੰਬਰ ਪਲਾਸਟਿਕ ਵੇਸਟ ਮੈਨੇਜਮੈਂਟ ਯੂਨਿਟ ਦੀ ਉਸਾਰੀ। | 02.05.2025 / 08.05.2025 | 27.95 THOUSAND | 9041049149 eewss_gwpta@yahoo.com |
| 14. | ਸੀਨੀਅਰ ਮੈਡੀਕਲ ਅਫਸਰ, ਸਿਵਲ ਹਸਪਤਾਲ, ਕੋਟਕਪੂਰਾ (ਫਰੀਦਕੋਟ) | ਐਸਡੀਐਚ ਕੋਟਕਪੂਰਾ ਲਈ ਕੰਟੀਨ ਟੈਂਡਰ | 29.04.2025 / 05.05.2025 | 3.13 LACS | 7973983259 civilhkkp@gmail.com |
| 15. | ਡਿਪਟੀ ਡਾਇਰੈਕਟਰ, ਬਾਗਬਾਨੀ, ਅੰਮ੍ਰਿਤਸਰ | ਪੀਅਰ ਅਸਟੇਟ, ਅੰਮ੍ਰਿਤਸਰ ਵਿਖੇ ਕੋਲਡ ਰੂਮ ਲਈ ਬੋਲੀ ਮੰਗੀ ਜਾ ਰਹੀ ਹੈ | 02.05.2025 / 20.05.2025 | 0.20 LACS | 9915705805 pearestateasr@gmail.com |
| 16. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਪਟਿਆਲਾ | ਨਵੇਂ ਤਹਿਸੀਲ ਕੰਪਲੈਕਸ ਦੁੱਧਣ ਸਾਧਨ, ਜ਼ਿਲ੍ਹਾ ਪਟਿਆਲਾ ਵਿਖੇ ਵੱਖ-ਵੱਖ ਕਿਸਮਾਂ ਦੇ ਫਰਨੀਚਰ ਪ੍ਰਦਾਨ ਕਰਨਾ ਅਤੇ ਸਪਲਾਈ ਕਰਨਾ। | 01.05.2025 / 14.05.2025 | 95.41 THOUSAND | 9878360786 eecdptapwdpb@gmail.com |
| 17. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 1, ਅੰਮ੍ਰਿਤਸਰ | ਵੱਖ-ਵੱਖ ਮੌਜੂਦਾ ਜਲ ਸਪਲਾਈ ਸਕੀਮਾਂ ਬਲਾਕ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਘਰੇਲੂ ਕੁਨੈਕਸ਼ਨ ਰਾਹੀਂ ਪਾਣੀ ਦੀ ਬਿਹਤਰ ਪਹੁੰਚ ਪ੍ਰਦਾਨ ਕਰਨਾ।( ਜੇਜੇਐਮ/ਐਨਡਬਲਿਊਕਿਊਐਸਐਮ/ਨਾਬਾਰਡ 16 ਅਧੀਨ) (ਧਾਰਾ 13-1) | 02.05.2025 / 12.05.2025 | 0.73 LACS | 9872672747 xenrws_1asr@yahoo.com |
| 18. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ ਨੰਬਰ 1, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਪਟਿਆਲਾ | ਆਯੁਰਵੈਦਿਕ ਕਾਲਜ, ਪਟਿਆਲਾ ਵਿੱਚ ਆਡੀਟੋਰੀਅਮ ਹਾਲ ਦਾ ਲੰਬਿਤ ਕੰਮ | 30.04.2025 / 15.05.2025 | 15.00 THOUSAND | 9888821419 eepd1ptapwdpb@gmail.com |
| 19. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਫਰੀਦਕੋਟ | ਮੌਜੂਦਾ ਜਲ ਸਪਲਾਈ ਯੋਜਨਾ ਸੰਗਤਪੁਰਾ ਬਲਾਕ ਅਤੇ ਜ਼ਿਲ੍ਹਾ ਫਰੀਦਕੋਟ (ਅੰਡਰ ਹੈੱਡ-ਨਾਬਾਰਡ-30) ਦਾ ਵਾਧਾ | 01.05.2025 / 08.05.2025 | 1.08 LACS | 9417750074 xenrws_fdk@yahoo.com |
| 20. | ਕਾਰਜਕਾਰੀ ਇੰਜੀਨੀਅਰ/ਗੁਰਦਾਸਪੁਰ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਯੂਆਰਡੀ ਪੰਜਾਬ, ਗੁਰਦਾਸਪੁਰ | """ਨਹਿਰ ਦਾ 1 ਅਦਦ ਕਾਰਜ""" | 29.04.2025 / 14.05.2025 | 50.00 THOUSAND | 8872742149 eeubdcgsp@gmail.com |
| 21. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 2, ਤਰਨ ਤਾਰਨ | 1. ਪਿੰਡ ਘਸੀਟਪੁਰ, ਬਲਾਕ ਖਡੂਰ ਸਾਹਿਬ ਵਿਖੇ ਟੀ/ਵੈੱਲ, ਓਐਚਐਸਆਰ, ਸਿਵਲ ਵਰਕ ਆਦਿ 76.09 ਲੱਖ ਰੁਪਏ (ਨਾਬਾਰਡ-30) 2. ਡਬਲਿਊਐਸਐਸ ਪ੍ਰਿੰਗੜੀ, ਬਲਾਕ ਪੱਟੀ, ਜ਼ਿਲ੍ਹਾ ਤਰਨਤਾਰਨ ਵਿਖੇ ਓਐਚਐਸਆਰ ਅਤੇ ਪੰਪ ਚੈਂਬਰ ਆਦਿ ਦੀ ਮੁਰੰਮਤ 84.90 ਲੱਖ ਰੁਪਏ (ਨਾਬਾਰਡ-30) | 05.05.2025 / 23.05.2025 | 3.22 LACS | 7277211111 eedwssdiv2tt@yahoo.com |
| 22. | ਮੁੱਖ ਭੂਮੀ ਸੰਭਾਲ, ਪੰਜਾਬ, ਚੰਡੀਗੜ੍ਹ | ਪੰਜਾਬ ਰਾਜ ਵਿੱਚ ਵੱਖ-ਵੱਖ ਥਾਵਾਂ 'ਤੇ ਅਲਫਾ-ਅਲਫਾ ਵਾਲਵ ਦੀ ਸਪਲਾਈ | 17.04.2025 / 08.05.2025 | 1.00 LACS | 9876837604 dswc.punjab@punjab.gov.in |
| 23. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ ਨੰਬਰ 1, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਤਰਨ ਤਾਰਨ ਅੰਮ੍ਰਿਤਸਰ | ਡਾ. ਬੀ.ਆਰ. ਅੰਬੇਡਕਰ ਭਵਨ ਦੀ ਜਗ੍ਹਾ 'ਤੇ ਦਰੱਖਤਾਂ ਦੀ ਕਟਾਈ ਅਤੇ ਡੀ.ਸੀ. ਦਫ਼ਤਰ ਤਰਨਤਾਰਨ ਦੇ ਨੇੜੇ ਸਵੇਰੇ 11:00 ਵਜੇ ਨਿਲਾਮੀ | 02.05.2025 / 07.05.2025 | 0.10 THOUSAND | 9417025026 xenc1amritsar@yahoo.com |
| 24. | ਕਾਰਜਕਾਰੀ ਇੰਜੀਨੀਅਰ, ਹਰੀਕੇ ਨਹਿਰ ਵਿਭਾਗ, ਜਲ ਸਰੋਤ ਵਿਭਾਗ; ਨਹਿਰ ਕਲੋਨੀ, ਫਿਰੋਜ਼ਪੁਰ | ਹਰੀਕੇ ਹੈੱਡਵਰਕਸ ਅਤੇ ਗੁਰਦਿੱਤੀਵਾਲਾ ਹੈੱਡਵਰਕਸ 'ਤੇ ਨਿਯਮਨ ਲਈ ਮਜ਼ਦੂਰਾਂ ਨੂੰ ਲਗਾਉਣ ਅਤੇ ਫਿਰੋਜ਼ਪੁਰ ਫੀਡਰ ਦੀ ਦਿਨ-ਰਾਤ ਨਿਗਰਾਨੀ ਕਰਨ ਲਈ ਅਨੁਮਾਨ ਆਰਡੀ 0 ਤੋਂ 55413 ਤੱਕ (01/06/2025 ਤੋਂ 31/10/2025 ਤੱਕ) | 01.05.2025 / 13.05.2025 | 56.94 THOUSAND | 9888546969 harikecanalfzr@gmail.com |
| 25. | ਕਾਰਜਕਾਰੀ ਇੰਜੀਨੀਅਰ, ਰੋਪੜ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਿਊਆਰਡੀ ਪੰਜਾਬ, ਰੋਪੜ | ਖਾਨਪੁਰ ਡਿਸਟੀ ਦੇ ਵਾਟਰ ਕੋਰਸ ਆਊਟਲੈੱਟ ਆਰਡੀ 450-ਐਲ ਲਈ ਭੂਮੀਗਤ ਪਾਈਪਲਾਈਨ ਵਿਛਾਉਣ ਲਈ ਅਨੁਮਾਨ | 24.04.2025 / 09.05.2025 | 40.88 THOUSAND | 9803030203 xen.roparcanal@gmail.com |
| 26. | ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ | ਪੰਜਾਬ ਮਿਊਂਸੀਪਲ ਭਵਨ, ਸੈਕਟਰ- 35ਏ, ਚੰਡੀਗੜ੍ਹ ਵਿਖੇ ਅਲਮਾਰੀਆਂ ਦੀ ਸਪਲਾਈ/ਉਪਲਬਧ ਕਰਾਉਣਾ | 02.05.2025 / 09.05.2025 | 23.63 THOUSAND | 7837747477 mbpmb21@gmail.com |
| 27. | ਕਾਰਜਕਾਰੀ ਇੰਜੀਨੀਅਰ/ ਦੇਵੀਗੜ੍ਹ ਪਟਿਆਲਾ ਨਹਿਰ ਅਤੇ ਭੂਮੀਗਤ ਜਲ ਵਿਭਾਗ ਡਬਲਿਊਆਰਡੀ, ਪੰਜਾਬ, ਪਟਿਆਲਾ | 1. ਫਤਿਹਪੁਰ ਮਾਈਨਰ ਆਰਡੀ 35567 ਅਤੇ ਆਰਡੀ 37350 ਦੀ ਕੰਕਰੀਟ ਲਾਈਨਿੰਗ ਦਾ ਨਿਰਮਾਣ 2. ਪਿੰਡ ਬਖਸ਼ੀਵਾਲਾ ਦੀ 3 ਆਰ ਡਿਸਟ੍ਰੀਬਿਊਟਰੀ ਦੇ ਆਊਟਲੈੱਟ ਆਰਡੀ 5550/ਆਰ ਦੀ ਇੱਟਾਂ ਦੀ ਚਿਣਾਈ ਅਤੇ ਭੂਮੀਗਤ ਪਾਈਪਲਾਈਨ ਦੀ ਵਰਤੋਂ ਕਰਕੇ ਪਾਣੀ ਦੀ ਲਾਈਨਿੰਗ/ਰੀਲਾਈਨਿੰਗ | 01.05.2025 / 12.05.2025 | 64.82 THOUSAND | 8699994751 eedevigarhpatiala@gmail.com |

ਹੋਰ ਜਾਣਕਾਰੀ ਲਈ ਅਤੇ ਸ਼ੁਧਤਾ ਅਤੇ ਅਡੈਂਡਮ ਜੇ ਕੋਈ ਹੋਵੇ, ਕਿਰਪਾ ਕਰਕੇ ਜਾਓ:
health.Punjab.gov.in,http://lgpunjab.gov.in,www.eproc.punjab.gov.in,www.irrigation.gov.in,www.punjabhorticulture.com,
RO No PR-ADVT.No:-26/12/1249/2023/44001/Dated Chd:- 4/30/2025
RO Code : 26/12/1249/2023/44001

## ਵੇਰਕਾ

ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਸੰਘ ਲਿਮ.,
ਐਸਸੀਓ 153-155, ਸੈਕਟਰ 34-ਏ, ਚੰਡੀਗੜ੍ਹ-160022, ਈਪੀਏਬੀਐਕਸ ਨੰ.: 0172-5041812-66

ਟੈਂਡਰ ਮੰਗ ਸੂਚਨਾ

ਨਿਮਨਲਿਖਤ ਮਦਾਂ ਦੀ ਖਰੀਦ ਅਤੇ ਸਪਲਾਈ ਦੇ ਲਈ ਈ-ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ - www.verka.coop

| ਲੜੀ ਨੰ. | ਕੰਮ/ਮਦ ਦਾ ਨਾਮ | ਮਿਆਦ/ਅਸਥਾਈ ਮਾਤਰਾ |
|---|---|---|
| 1. | ਵੇਰਕਾ ਮੋਹਾਲੀ ਡੇਅਰੀ ਲਈ<br>ਪਨੀਰ ਦੀ ਵੈਕਿਊਮ ਪੈਕਿੰਗ ਦੇ ਲਈ ਥਰਮੋਫੋਰਮਿੰਗ ਮਸ਼ੀਨ ਦੀ ਸਪਲਾਈ, ਸਥਾਪਨਾ, ਪ੍ਰੀਖਣ ਅਤੇ ਚਾਲੂ ਕਰਨਾ | 01 ਅਦਦ |
| 2. | ਵੇਰਕਾ ਜਲੰਧਰ ਡੇਅਰੀ ਲਈ<br>ਘੱਟੋ ਘੱਟ 5500 ਕਿਲੋ ਕੈਲਰੀ/ਕਿ ਗ੍ਰਾ ਦੀ ਕੈਲੋਰੀ ਮੁੱਲ ਵਾਲਾ ਭਾਫ ਕੋਲਾ | 2000 ਐਮਟੀ (500-600 ਐਮਟੀ ਪ੍ਰਤੀ ਮਹੀਨਾ) |
| 3. | ਵੇਰਕਾ ਸੰਗਰੂਰ ਡੇਅਰੀ ਲਈ<br>ਸਲਾਨਾ ਆਧਾਰ 'ਤੇ ਕੰਡਮ ਕਬਾੜ ਸਮੱਗਰੀ ਦੇ ਨਿਪਟਾਰੇ ਟੈਂਡਰ ਮੰਗੇ ਜਾਂਦੇ ਹਨ | ਐਨਆਈਟੀ ਸੂਚੀ ਦੇ ਅਨੁਸਾਰ |
| 4. | ਵੇਰਕਾ ਲੁਧਿਆਣਾ ਡੇਅਰੀ ਲਈ<br>ੳ) ਨਿਮਨ ਦੀ ਸਪਲਾਈ :-<br>i. 8 ਗ੍ਰਾਮ ਟੇਬਲ ਬਟਰ ਦੀ ਪੈਕਿੰਗ ਲਈ ਪੀਵੀਸੀ ਸਮੱਗਰੀ<br>ii. ਬਰਾਮਦ ਘਿਓ ਦੇ ਟਿਨ ਸਮਰਥਾ 2 ਲੀਟਰ, 1 ਲੀਟਰ ਅਤੇ 1/2 ਲੀਟਰ ਦੇ ਲਈ ਐਲਡੀਪੀਈ ਕੈਪਸ<br>ਅ) ਲੁਧਿਆਣਾ ਸ਼ਹਿਰ ਅਤੇ ਨਾਲ ਲਗਦੇ ਕਸਬਿਆਂ ਵਿਚ ਪੈਕਡ ਦੁੱਧ ਅਤੇ ਤਾਜ਼ੇ ਦੁੱਧ ਦੇ ਉਤਪਾਦਾਂ ਦੀ ਸਪਲਾਈ ਲਈ ਇੰਸੂਲੇਟਿਡ ਵਾਹਨਾਂ ਨੂੰ ਭਾੜੇ 'ਤੇ ਲੈਣਾ | 06 ਮਹੀਨੇ<br>ਸਲਾਨਾ<br>ਇੱਕ ਸਾਲ ਤੱਕ ਦੇ ਵਾਧੇ ਸਮੇਤ ਇੱਕ ਸਾਲ |
| 5. | ਵੇਰਕਾ ਅੰਮ੍ਰਿਤਸਰ ਡੇਅਰੀ ਲਈ<br>ੳ) ਨਿਮਨ ਨੂੰ ਭਾੜੇ 'ਤੇ ਲੈਣਾ :-<br>i. ਡੀਸੀਐਸ ਤੋਂ ਐਮਸੀਸੀ ਤੱਕ ਦੁੱਧ ਦੀ ਚੁਕਾਈ ਲਈ ਰੂਟ ਵਾਹਨ, ਸਮਰਥਾ :- 1 ਟਨ ਤੋਂ 2 ਟਨ<br>ii. ਬੀਐਮਸੀ/ਐਮਸੀਸੀ ਤੋਂ ਵੇਰਕਾ ਅੰਮ੍ਰਿਤਸਰ ਡੇਅਰੀ ਤੱਕ ਦੁੱਧ ਦੀ ਢੁਆਈ ਲਈ ਇੰਸੂਲੇਟਿਡ ਸਿੰਗਲ ਪੋਰਸ਼ਨ ਰੋਡ ਮਿਲਕ ਟੈਂਕਰ (ਸਮਰਥਾ-10000 ਲੀਟਰ)।<br>ਅ) ਗਲੋਅ ਸਾਈਨ ਬੋਰਡ, ਡਬਲ ਸਾਈਡ ਗਲੋਅ ਬੋਰਡ, ਫਲੈਕਸ ਬੋਰਡ, ਫਲੈਕਸ ਬੈਨਰ, ਫਲੈਕਸ ਚੇਂਜ, ਫਲੈਂਗ ਗਲੋਅ ਸਾਈਨ, ਵਿਨਾਇਲ ਸਟੀਕਰ, ਛਤਰੀ, ਕੈਨੋਪੀ, ਬੈਨਰ, ਪੈਂਫਲਿਟ, ਸਟਿੱਕਰ, ਬੂਥ/ਦੁਕਾਨ ਦੀ ਪੇਂਟਿੰਗ, ਦੀਵਾਰ/ਸ਼ਟਰ ਦੀ ਪੇਂਟਿੰਗ ਅਤੇ ਵਾਹਨ ਦੀ ਪੇਂਟਿੰਗ, ਡੈਂਗਲਰ, ਏ3 ਸਟਿੱਕਰ ਬਿਨਾਂ ਲੈਮੀਨੇਸ਼ਨ ਤੋਂ, ਏ3 ਸਟਿੱਕਰ ਲੈਮੀਨੇਸ਼ਨ ਦੇ ਨਾਲ, ਸਨਬੋਰਡ, ਈਕੋ ਸਾਲਵੈਂਟ ਵਿਨਾਇਲ ਪੇਂਟ ਦੇ ਲਈ ਈ-ਟੈਂਡਰ। | 01.06.2025 ਤੋਂ 31.05.2027/05<br>01.06.2025 ਤੋਂ 31.05.2027/10<br>ਸਲਾਨਾ |
| 6. | ਪਸ਼ੂ ਫੀਡ ਪਲਾਂਟ, ਘਣੀਆ ਕੇ ਬਾਂਗਰ ਦੇ ਲਈ<br>ਸੋਡੀਅਮ ਬਾਈ ਕਾਰਬੋਨੇਟ | 200 ਐਮਟੀ |

ਨੋਟ :
1. ਉਕਤ ਟੈਂਡਰ (ਐਨਆਈਟੀ) ਸਬੰਧੀ ਮੁਕੰਮਲ ਵੇਰਵਿਆਂ ਲਈ, ਕਿਰਪਾ ਕਰਕੇ ਸਾਡੀ ਵੈਬਸਾਈਟ ਭਾਵ www.verka.coop ਅਤੇ ਈ-ਟੈਂਡਰਿੰਗ ਪੋਰਟਲ ਭਾਵ **eproc.punjab.gov.in** ਦੇਖੋ।
2. ਸੋਧ, ਜੇਕਰ ਕੋਈ ਹੋਵੇ, ਕੇਵਲ ਵੈਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ।

ਡਿਪਟੀ ਜਨਰਲ ਮੈਨੇਜਰ (ਖਰੀਦ)

**RO No. PR Advt No. : NA/12/29616/2023/43971/Dated CHD : 4/30/2025**

## ਜਨਤਕ ਸੂਚਨਾ

ਸ਼੍ਰੀਮਤੀ ਰਾਜੀਵ ਤਿਵਾੜੀ,
ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ




ਵਿਸ਼ਾ:- ਕਮਰਸ਼ੀਅਲ ਬੂਥ ਨੰਬਰ 88 ਸੈਕਟਰ 46, ਚੰਡੀਗੜ੍ਹ (RBL 15351) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ ਤਬਾਦਲਾ ਸਵਰਗੀ ਕਮਲ ਸਰਦਾਨਾ ਦੀ ਗੈਰ-ਵਸਨੀ ਮੌਤ ਦੇ ਆਧਾਰ 'ਤੇ 100.00% ਹਿੱਸੇ ਦੀ ਹੱਦ ਤੱਕ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਕਮਲ ਸਰਦਾਨਾ ਕਮਰਸ਼ੀਅਲ ਬੂਥ ਨੰਬਰ 88 ਸੈਕਟਰ 46, ਚੰਡੀਗੜ੍ਹ ਦੇ 100.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ।

ਰੇਵਾ ਸਰਦਾਨਾ, ਨਿੰਮੀ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀਮਤੀ ਕਮਲ ਸਰਦਾਨਾ। 07/11/2023 ਨੂੰ ਮਿਆਦ ਪੁੱਗ ਗਈ ਹੈ ਅਤੇ ਉਸਨੇ/ਉਨ੍ਹਾਂ ਨੇ ਮ੍ਰਿਤਕ ਮਾਲਕ ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- ਕਾਨੂੰਨੀ ਵਾਰਸ ਦਾ ਨਾਮ 1) ਰੇਵਾ ਸਰਦਾਨਾ (ਪੁੱਤਰੀ), 2) ਨਿੰਮੀ (ਪਤਨੀ)।

ਹੁਣ ਰੇਵਾ ਸਰਦਾਨਾ, ਨਿੰਮੀ ਨੇ ਵਪਾਰਕ ਬੂਥ ਨੰਬਰ 88, ਸੈਕਟਰ 46, ਚੰਡੀਗੜ੍ਹ ਦੇ ਸੰਬੰਧ ਵਿੱਚ, ਸਵਰਗੀ ਕਮਲ ਸਰਦਾਨਾ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 100.00% ਹਿੱਸੇ ਦੀ ਹੱਦ ਤੱਕ, ਬਿਨਾਂ ਵਸੀਅਤ ਦੀ ਮੌਤ ਦੇ ਆਧਾਰ 'ਤੇ, ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ/ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।

ਜੇਕਰ ਕਿਸੇ ਨੂੰ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਜਿਸ ਕਾਰਨ ਉਕਤ ਜਾਇਦਾਦ ਵਿੱਚ ਉਕਤ ਹਿੱਸਾ ਉਪਰੋਕਤ ਲਾਭਪਾਤਰੀ/ਲੇਖਕਾਂ ਦੇ ਨਾਮ 'ਤੇ ਇੰਤਕਾਲ ਹੋ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

## PSPCL — Punjab State Power Corporation Limited

**Regd. Office : PSEB Head Office, The Mall Patiala - 147001**
**Corporate Identity Number : U40109PP20SGC033813**
**Email : xenjalababad@gmail.com Ph. No. 96461-14527**

ਇਨਕੁਆਇਰੀ ਨੰ. 01/2025-26

**ਦਫ਼ਤਰ : ਸਹਾਇਕ ਇੰਜੀ., ਵੰਡ ਉਪਮੰਡਲ ਸ਼ਹਿਰੀ ਜਲਾਲਾਬਾਦ, ਅਧੀਨ ਵੰਡ ਮੰਡਲ ਪੀ.ਐਸ.ਪੀ.ਸੀ.ਐਲ. ਜਲਾਲਾਬਾਦ ਲਈ ਇੱਕ ਨੰਬਰ ਗੱਡੀ (ਮੁਹਿੰਦਰਾ ਜਿਨਅਸ/ਬੋਲੈਰੋ/ਟਾਟਾ 207/408 ਜਾਂ ਇਸ ਦੇ ਬਰਾਬਰ ਕੀਮਤ ਦੀ) ਇੱਕ ਸਾਲ ਲਈ ਕਿਰਾਏ ਤੇ ਲੈਣ ਸੰਬੰਧੀ (ਗੱਡੀ 04 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ)।**

| | |
|---|---|
| ਟੈਂਡਰ ਵੇਚਣ ਦੀ ਆਖਰੀ ਮਿਤੀ : | 21-05-2025 ਸਮਾਂ 10:00 AM ਤੱਕ |
| ਟੈਂਡਰ ਜਮ੍ਹਾਂ ਕਰਵਾਉਣ ਦੀ ਮਿਤੀ : | 21-05-2025 ਸਮਾਂ 01:30 PM ਤੱਕ |
| ਟੈਂਡਰ ਖੋਲ੍ਹਣ ਦੀ ਮਿਤੀ : | 21-05-2025 ਸਮਾਂ 03:00 PM ਵਜੇ |
| ਟੈਂਡਰ ਦੀ ਕੀਮਤ : | 1180/- ਰੁਪਏ |

**ਨੋਟ : ਟੈਂਡਰ ਦੀਆਂ ਸਪੈਸੀਫਿਕੇਸ਼ਨਾਂ ਅਤੇ ਸ਼ਰਤਾਂ ਪੀ.ਐਸ.ਪੀ.ਸੀ.ਐਲ. ਦੀ ਵੈਬਸਾਈਟ (www.pspcl.in) ਤੇ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਜੇਕਰ ਕੋਈ ਕੋਰੀਜ਼ੰਡਅਮ ਹੋਇਆ ਤਾਂ ਉਹ ਅਖ਼ਬਾਰ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਅਪਡੇਟ ਲਈ ਪੀ.ਐਸ.ਪੀ.ਸੀ.ਐਲ. ਦੀ ਵੈਬਸਾਈਟ ਤੇ ਲਗਾਤਾਰ ਦੇਖਿਆ ਜਾਵੇ।**

C 321 / 25
RO No. PR Advt. No. 76155 / 12 / 4192 / 2023 / 43957 / Dated : 4 / 30 / 2025

## ਪੰਜਾਬ ਨੈਸ਼ਨਲ ਬੈਂਕ ... ਭਰੋਸੇ ਦਾ ਪ੍ਰਤੀਕ

ਸਰਕਲ ਸਾਸਤਰਾ ਫਾਜ਼ਿਲਕਾ - 822500, ਸਾਹਮਣੇ ਸੇਤੀਆ ਮੋਟਰਜ਼, ਅਬੋਹਰ ਰੋਡ ਫਾਜ਼ਿਲਕਾ 152123

**ਇਰਾਦਤਨ ਦੋਸ਼ੀਆਂ ਨੂੰ ਐਲਾਨਣ ਲਈ ਸਮੀਖਿਆ ਕਮੇਟੀ ਦੇ ਆਦੇਸ਼ ਸੰਬੰਧੀ ਸੂਚਨਾ**

ਵੱਲ,
1. ਮੈਸ. ਦੁਰਗਾ ਰਾਈਸ ਮਿੱਲਜ਼, ਮਲੋਟ ਰੋਡ ਲਿੰਕ ਰੋਡ, ਪਿੰਡ ਕੋਰਿਆਂਵਾਲੀ, ਤਹਿਸੀਲ ਫਾਜ਼ਿਲਕਾ, ਪੰਜਾਬ 152123
2. ਗੌਬਿਨ ਬੱਤਰਾ, ਨਿਵਾਸੀ ਝੂਲੇ ਲਾਲ ਕਲੋਨੀ, ਨੇੜੇ ਮਨੋਰੰਜਨ ਕਲੱਬ, ਫਾਜ਼ਿਲਕਾ, ਪੰਜਾਬ 152123
3. ਸ਼੍ਰੀਮਤੀ ਮੋਨਾ ਰਾਣੀ ਪਤਨੀ ਸ਼੍ਰੀ ਜੈ ਪਾਲ, ਨਿਵਾਸੀ ਝੂਲੇ ਲਾਲ ਕਲੋਨੀ, ਨੇੜੇ ਮਨੋਰੰਜਨ ਕਲੱਬ, ਫਾਜ਼ਿਲਕਾ, ਪੰਜਾਬ 152123
4. ਜੈ ਪਾਲ ਪੁੱਤਰ ਸ਼੍ਰੀ. ਕਸਤੂਰੀ ਲਾਲ, ਨਿਵਾਸੀ ਝੂਲੇ ਲਾਲ ਕਲੋਨੀ, ਮਨੋਰੰਜਨ ਕਲੱਬ ਦੇ ਨੇੜੇ, ਫਾਜ਼ਿਲਕਾ, ਪੰਜਾਬ, 152123

ਸ਼੍ਰੀਮਾਨ/ਸ਼੍ਰੀਮਤੀ,
ਵਿਸ਼ਾ: ਬੈਂਕ ਦੀ ਸਮੀਖਿਆ ਕਮੇਟੀ ਦਾ 03.04.2025 ਨੂੰ ਵਿਲਫੁਲ ਡਿਫਾਲਟਰਾਂ ਦੇ ਐਲਾਨ ਲਈ ਆਰਡਰ, 15.03.2025 ਨੂੰ ਪੀਐਨਬੀ, ਕਾਰਪੋਰੇਟ ਦਫਤਰ, ਨਵੀਂ ਦਿੱਲੀ ਵਿਖੇ ਮੈਸਰਜ਼ ਦੁਰਗਾ ਰਾਈਸ ਮਿੱਲਜ਼ ਦੇ ਖਾਤੇ ਵਿੱਚ ਹੋਈ ਆਪਣੀ ਮੀਟਿੰਗ ਵਿੱਚ ਪਾਸ ਕੀਤਾ ਗਿਆ।
ਸਮੀਖਿਆ ਕਮੇਟੀ ਨੇ 15.03.2025 ਦੀ ਆਪਣੀ ਮੀਟਿੰਗ ਵਿੱਚ ਤੁਹਾਨੂੰ 03.04.2025 ਦੇ ਆਦੇਸ਼ ਵਿੱਚ ਦੱਸੇ ਗਏ ਆਧਾਰਾਂ 'ਤੇ ਵਿਲਫੁਲ ਡਿਫਾਲਟਰਾਂ ਵਜੋਂ ਘੋਸ਼ਿਤ ਕੀਤਾ ਹੈ।
ਆਦੇਸ਼ ਮਿਤੀ 03.04.2025, ਜੋ ਕਿ ਉਪਰੋਕਤ ਦੱਸੇ ਗਏ ਪਤੇ (ਪਤਿਆਂ) 'ਤੇ ਪੰਜੀਕ੍ਰਿਤ ਡਾਕ ਰਾਹੀਂ ਤੁਹਾਨੂੰ ਭੇਜਿਆ ਗਿਆ ਸੀ, ਬਿਨਾਂ ਤਾਮੀਲ ਤੋਂ ਵਾਪਸ ਪਰਤ ਆਇਆ ਹੈ।
ਤੁਸੀਂ ਅੱਗੇ ਨੋਟ ਕਰ ਸਕਦੇ ਹੋ ਕਿ 03.04.2025 ਦੇ ਆਰਡਰ ਦੀ ਪੂਰੀ ਕਾਪੀ ਸਰਕਲ ਸਾਸਤਰਾ ਸੈਂਟਰ, ਅਬੋਹਰ ਰੋਡ, ਸਰਕਲ ਦਫਤਰ, ਫਾਜ਼ਿਲਕਾ ਦੇ ਦਫਤਰ ਵਿੱਚ ਉਪਲਬਧ ਹੈ, ਜਿਸਨੂੰ ਤੁਸੀਂ ਪ੍ਰਾਪਤ ਕਰ ਸਕਦੇ ਹੋ, ਜੇਕਰ ਤੁਸੀਂ ਚਾਹੋ।

ਸਰਕਲ ਸਾਸਤਰਾ ਮੁਖੀ

## ਪੰਜਾਬ ਨੈਸ਼ਨਲ ਬੈਂਕ ... ਭਰੋਸੇ ਦਾ ਪ੍ਰਤੀਕ

ਸਰਕਲ ਸਾਸਤਰਾ ਫਾਜ਼ਿਲਕਾ - 822500, ਸਾਹਮਣੇ ਸੇਤੀਆ ਮੋਟਰਜ਼, ਅਬੋਹਰ ਰੋਡ ਫਾਜ਼ਿਲਕਾ 152123

**ਇਰਾਦਤਨ ਦੋਸ਼ੀਆਂ ਨੂੰ ਐਲਾਨਣ ਲਈ ਸਮੀਖਿਆ ਕਮੇਟੀ ਦੇ ਆਦੇਸ਼ ਸੰਬੰਧੀ ਸੂਚਨਾ**

ਵੱਲ,
1. ਮੈਸ. ਐਸ ਕੇ ਐਗਰੋਸ (ਕਰਜ਼ਦਾਰ), ਵਾਸੀ ਪਿੰਡ ਜੋਰਕੀ ਕੰਕਰਵਾਲੀ, ਮਲੋਟ ਰੋਡ, ਫਾਜ਼ਿਲਕਾ, ਪੰਜਾਬ-152123
2. ਸ਼੍ਰੀ ਆਸ਼ੀਸ਼ ਕਾਲੜਾ (ਭਾਗੀਦਾਰ ਅਤੇ ਜ਼ਾਮਨ) ਨਿਵਾਸੀ ਮਹਾਵੀਰ ਕਾਟਨ ਫੈਕਟਰੀ, ਜੱਸੀ ਹਸਪਤਾਲ ਦੇ ਨੇੜੇ, ਬੀਕਾਨੇਰੀ ਰੋਡ, ਫਾਜ਼ਿਲਕਾ, ਪੰਜਾਬ-152123
3. ਸ਼੍ਰੀਮਤੀ ਸਬੀਨਾ ਕਾਲੜਾ (ਜ਼ਾਮਨ) ਨਿਵਾਸੀ ਮਹਾਵੀਰ ਕਾਟਨ ਫੈਕਟਰੀ, ਜੱਸੀ ਹਸਪਤਾਲ ਦੇ ਨੇੜੇ, ਬੀਕਾਨੇਰੀ ਰੋਡ, ਫਾਜ਼ਿਲਕਾ ਪੰਜਾਬ-152123
4. ਸ਼੍ਰੀ ਸੰਦੀਪ ਕੁਮਾਰ (ਜ਼ਾਮਨ) ਨਿਵਾਸੀ ਮਹਾਵੀਰ ਕਾਟਨ ਫੈਕਟਰੀ, ਜੱਸੀ ਹਸਪਤਾਲ ਦੇ ਨੇੜੇ, ਬੀਕਾਨੇਰੀ ਰੋਡ, ਫਾਜ਼ਿਲਕਾ ਪੰਜਾਬ-152123

ਸ਼੍ਰੀਮਾਨ/ਸ਼੍ਰੀਮਤੀ
ਵਿਸ਼ਾ: ਬੈਂਕ ਦੀ ਸਮੀਖਿਆ ਕਮੇਟੀ ਦਾ 03.04.2025 ਨੂੰ ਵਿਲਫੁਲ ਡਿਫਾਲਟਰ ਐਲਾਨਣ ਲਈ ਆਰਡਰ, ਜੋ 15.03.2025 ਨੂੰ ਪੀਐਨਬੀ, ਕਾਰਪੋਰੇਟ ਦਫਤਰ, ਨਵੀਂ ਦਿੱਲੀ ਵਿਖੇ ਮੈਸਰਜ਼ ਐਸਕੇਐਗ੍ਰੋਸ ਦੇ ਖਾਤੇ ਵਿੱਚ ਹੋਇਆ ਸੀ।
ਸਮੀਖਿਆ ਕਮੇਟੀ ਨੇ 15.03.2025 ਦੀ ਆਪਣੀ ਮੀਟਿੰਗ ਵਿੱਚ ਤੁਹਾਨੂੰ 03.04.2025 ਦੇ ਆਰਡਰ ਵਿੱਚ ਦੱਸੇ ਗਏ ਆਧਾਰਾਂ 'ਤੇ ਵਿਲਫੁਲ ਡਿਫਾਲਟਰ ਘੋਸ਼ਿਤ ਕੀਤਾ ਹੈ।
ਆਦੇਸ਼ ਮਿਤੀ 03.04.2025, ਜੋ ਕਿ ਉਪਰੋਕਤ ਦੱਸੇ ਗਏ ਪਤੇ (ਪਤਿਆਂ) 'ਤੇ ਪੰਜੀਕ੍ਰਿਤ ਡਾਕ ਰਾਹੀਂ ਤੁਹਾਨੂੰ ਭੇਜਿਆ ਗਿਆ ਸੀ, ਬਿਨਾਂ ਤਾਮੀਲ ਤੋਂ ਵਾਪਸ ਪਰਤ ਆਇਆ ਹੈ।
ਤੁਸੀਂ ਅੱਗੇ ਨੋਟ ਕਰ ਸਕਦੇ ਹੋ ਕਿ 03.04.2025 ਦੇ ਆਰਡਰ ਦੀ ਪੂਰੀ ਕਾਪੀ ਸਰਕਲ ਸਸਤਰਾ ਸੈਂਟਰ, ਪੰਜਾਬ ਨੈਸ਼ਨਲ ਬੈਂਕ, ਅਬੋਹਰ ਰੋਡ, ਫਾਜ਼ਿਲਕਾ ਦੇ ਦਫ਼ਤਰ ਵਿੱਚ ਉਪਲਬਧ ਹੈ, ਸੰਪਰਕ 8174809918 ਜੋ ਤੁਸੀਂ ਚਾਹੁੰਦੇ ਹੋ, ਪ੍ਰਾਪਤ ਕਰ ਸਕਦੇ ਹੋ।

ਸਰਕਲ ਸ਼ਾਸਤਰ ਮੁਖੀ

## ਪੰਜਾਬ ਨੈਸ਼ਨਲ ਬੈਂਕ ... ਭਰੋਸੇ ਦਾ ਪ੍ਰਤੀਕ

ਸਰਕਲ ਦਫ਼ਤਰ, ਸਰਕਲ ਸਾਸਤਰਾ ਕੇਂਦਰ। ਫਾਜ਼ਿਲਕਾ (8225) ਈਮੇਲ - cs8225@pnb.co.in, ਫ਼ੋਨ ਨੰਬਰ 01638500164, ਮੋਬਾਈਲ ਨੰਬਰ 70733-87222

**ਮਿਤੀ: 29.04.2025**

**ਵੱਲ,**
1. ਮੈਸ. ਚੁਘ ਟ੍ਰੇਡਿੰਗ ਕੰਪਨੀ, ਰਜਿਸਟਰਡ ਪਤਾ: ਪੀਐਨਬੀ ਰੋਡ, ਆਈਸੀਆਈਸੀਆਈ ਬੈਂਕ ਦੇ ਸਾਹਮਣੇ, ਜਲਾਲਾਬਾਦ ਵੈਸਟ, ਪੰਜਾਬ - 152024
2. ਸ਼੍ਰੀ ਰਾਜਿੰਦਰ ਕੁਮਾਰ ਪੁੱਤਰ ਬਾਬੂ ਰਾਮ (ਮਾਲਕ), ਪਤਾ ਰਿਹਾਇਸ਼: 877/1, ਵਾਰਡ ਨੰ. 12, ਬੈਕਸਾਈਡ ਆਈਸੀਆਈਸੀਆਈ ਬੈਂਕ, ਗਗਨੇਜਾ ਸਟ੍ਰੀਟ, ਜਲਾਲਾਬਾਦ ਵੈਸਟ-152024
3. ਸ਼੍ਰੀ ਰਾਜ ਕੁਮਾਰ ਪੁੱਤਰ ਬਾਬੂ ਰਾਮ (ਜ਼ਾਮਨ), ਪਤਾ ਰਿਹਾਇਸ਼: 877/1, ਵਾਰਡ ਨੰ. 12, ਬੈਕਸਾਈਡ ਆਈਸੀਆਈਸੀਆਈ ਬੈਂਕ, ਗਗਨੇਜਾ ਸਟ੍ਰੀਟ, ਜਲਾਲਾਬਾਦ ਵੈਸਟ-152024

ਸ਼੍ਰੀਮਾਨ/ਸ਼੍ਰੀਮਤੀ
**ਇਰਾਦਤਨ ਦੋਸ਼ੀਆਂ ਨੂੰ ਐਲਾਨਣ ਲਈ ਸਮੀਖਿਆ ਕਮੇਟੀ ਦੇ ਆਦੇਸ਼ ਸੰਬੰਧੀ ਸੂਚਨਾ**
ਸ਼੍ਰੀਮਾਨ/ਸ਼੍ਰੀਮਤੀ,
ਵਿਸ਼ਾ: ਬੈਂਕ ਦੀ ਸਮੀਖਿਆ ਕਮੇਟੀ ਦਾ 03.04.2025 ਨੂੰ ਵਿਲਫੁਲ ਡਿਫਾਲਟਰ ਐਲਾਨਣ ਦਾ ਹੁਕਮ, ਜੋ 15.03.2025 ਨੂੰ ਪੀਐਨਬੀ, ਕਾਰਪੋਰੇਟ ਦਫਤਰ, ਨਵੀਂ ਦਿੱਲੀ ਵਿਖੇ ਮੈਸਰਜ਼ ਚੁਘ ਟ੍ਰੇਡਿੰਗ ਕੰਪਨੀ ਦੇ ਖਾਤੇ ਵਿੱਚ ਹੋਇਆ ਸੀ।
ਸਮੀਖਿਆ ਕਮੇਟੀ ਨੇ 15.03.2025 ਦੀ ਆਪਣੀ ਮੀਟਿੰਗ ਵਿੱਚ ਤੁਹਾਨੂੰ 03.04.2025 ਦੇ ਆਦੇਸ਼ ਵਿੱਚ ਦੱਸੇ ਗਏ ਆਧਾਰਾਂ 'ਤੇ ਵਿਲਫੁਲ ਡਿਫਾਲਟਰ ਘੋਸ਼ਿਤ ਕੀਤਾ ਹੈ।
ਆਦੇਸ਼ ਮਿਤੀ 03.04.2025, ਜੋ ਕਿ ਉਪਰੋਕਤ ਦੱਸੇ ਗਏ ਪਤੇ (ਪਤਿਆਂ) 'ਤੇ ਪੰਜੀਕ੍ਰਿਤ ਡਾਕ ਰਾਹੀਂ ਤੁਹਾਨੂੰ ਭੇਜਿਆ ਗਿਆ ਸੀ, ਬਿਨਾਂ ਤਾਮੀਲ ਤੋਂ ਵਾਪਸ ਪਰਤ ਆਇਆ ਹੈ।
ਤੁਸੀਂ ਅੱਗੇ ਨੋਟ ਕਰ ਸਕਦੇ ਹੋ ਕਿ 03.04.2025 ਦੇ ਆਰਡਰ ਦੀ ਪੂਰੀ ਕਾਪੀ ਸਰਕਲ ਸਾਸਤਰਾ ਸੈਂਟਰ, ਸੇਤੀਆ ਮੋਟਰਜ਼ ਦੇ ਸਾਹਮਣੇ, ਅਬੋਹਰ ਰੋਡ, ਸਰਕਲ ਦਫਤਰ, ਫਾਜ਼ਿਲਕਾ (ਸੰਬੰਧਿਤ ਸਰਕਲ ਸਾਸਤਰਾ ਦਾ ਨਾਮ, ਪਤਾ ਅਤੇ ਸੰਪਰਕ ਨੰਬਰ) ਦੇ ਦਫ਼ਤਰ ਵਿੱਚ ਉਪਲਬਧ ਹੈ, ਜੋ ਤੁਸੀਂ ਜੇਕਰ ਚਾਹੋ ਤਾਂ ਪ੍ਰਾਪਤ ਕਰ ਸਕਦੇ ਹੋ।

## ਬੈਂਕ ਆਫ਼ ਮਹਾਰਾਸ਼ਟਰਾ / Bank of Maharashtra

ਭਾਰਤ ਸਰਕਾਰ का उद्यम — एक परिवार एक बैंक

ਜ਼ੋਨਲ ਦਫ਼ਤਰ :- ਪਹਿਲੀ ਮੰਜ਼ਿਲ, ਜੈ ਕਰਤਾਰ ਭਵਨ, ਨੇੜੇ ਸਰਕਟ ਹਾਊਸ, ਫਿਰੋਜ਼ਪੁਰ ਰੋਡ, ਲੁਧਿਆਣਾ-141001, ਫੋਨ : 0161-2495472
Email : recovery_ldh@mahabank.co.in, legal_ldh@mahabank.co.in
ਮੁੱਖ ਦਫ਼ਤਰ : 'ਲੋਕਮੰਗਲ', 1501 ਸ਼ਿਵਾਜੀਨਗਰ, ਪੁਣੇ 411005

### ਭੌਤਿਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਲਈ)

ਜਿਥੇ ਕਿ, ਬੈਂਕ ਆਫ਼ ਮਹਾਰਾਸ਼ਟਰਾ ਦੇ ਅਧਿਕਾਰਤ ਅਧਿਕਾਰੀ ਵਜੋਂ ਨਿਮਨ ਹਸਤਾਖਰੀ ਨੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਦੇ ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਕਰਜ਼ਦਾਰ (ਾਂ)/ਜ਼ਾਮਨ(ਾਂ) ਨੂੰ ਪੁਨਰ ਭੁਗਤਾਨ ਲਈ ਸੱਦੇ ਦਿੰਦੇ ਹੋਏ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ(ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਕਰਜ਼ਦਾਰਾਂ ਕੋਲ ਦਰਸਾਏ ਅਨੁਸਾਰ ਸਬੰਧਤ ਦਿਨਾਂ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਇਸ ਰਾਹੀਂ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਦੇ ਲਈ **ਬੈਂਕ ਆਫ਼ ਮਹਾਰਾਸ਼ਟਰਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

***ਕਰਜ਼ਦਾਰ/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਸ਼ਾਖਾ ਅਤੇ ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ/ ਕਬਜ਼ੇ ਦਾ ਸਰੂਪ ਅਤੇ ਮਿਤੀ | ਬਕਾਇਆ ਰਕਮ ਜਮ੍ਹਾਂ ਵਿਆਜ ਅਤੇ ਹੋਰ ਖਰਚੇ |
|---|---|---|---|
| **ਬੀ/ਓ:- ਬਠਿੰਡਾ ਸ਼ਾਖਾ**<br>ਕਰਜ਼ਦਾਰ (ਾਂ):- ਸ੍ਰੀ ਹਰਵਿੰਦਰ ਸਿੰਘ ਸਪੁੱਤਰ ਸ੍ਰੀ ਮਿੱਠੂ ਸਿੰਘ ਅਤੇ ਸ੍ਰੀਮਤੀ ਬਲਜੀਤ ਕੌਰ ਪਤਨੀ ਸ੍ਰੀ ਹਰਵਿੰਦਰ ਸਿੰਘ | ਹੰਸ ਨਗਰ, ਪੱਤੀ ਝੁੱਟੀ, ਤਹਿਸੀਲ ਅਤੇ ਜ਼ਿਲਾ ਬਠਿੰਡਾ ਦੀ ਕੁੱਲ 276 ਬਿਘੇ 0 ਬਿਸਵੇ ਜ਼ਮੀਨ ਦੇ 2/5526 ਹਿੱਸੇ (ਬਕਦਾਰ 0 ਬਿਘਾ 2 ਬਿਸਵੇ ਮੁਸਾਵੀ 100 ਵਰਗ ਗਜ਼) ਖੇਵਟ/ਖਤੌਨੀ ਨੰ. 214/1775-1865 Khasra No. 4785 Min (16-1), 4705/2 Min (12-1) 4743 Min (1-6), 4743 Min (5-12), 4743 Min (0-1), 4743 Min (3-12), 4743 Min (5-2), 4743 Min (0-0,2/5), 4743 Min (0-2,3/5), 4743 Min (1-0), 4743(0-16), 4743 Min (1-0), 4743 Min (0-12), 4743 Min (0-8), 4743 Min (1-5), 4743 Min (1-10), 4743 Min (0-3), 4743 Min (0-14), 4743 Min (0-8), 4743 Min (1-10), 4705/2 Min (3-17), 4743 Min (7-4, 4/5), 4743 Min (1-7), 4743 Min (1-2), 4743 Min (0-4, 2/5) 4743 Min (1-0), 4743 Min (0-4, 2/5), 4743 Min (0-6, 4/5), 4743 Min (0-4, 1/5), 4743 Min (1-0), 4743 Min (1-10), 4743 Min (1-12), 4743 Min (1-0), 4743 Min (1-0), 4743 Min (1-0), 4705/2 Min (0-2), 4705/2 Min (0-4), 4705/2 Min (0-2), 4743 Min (1-7), 4743 Min (0-15), 4743 Min (1-0), 4743 Min (3-0), 4705/2 Min (0-3, 1/2), 4705/2 Min (0-6, 1/2), 4705/2 Min (0-18), 4705/2 Min (0-10), 4705/2 Min (0-2), 4705/2 Min (0-5), 4743 Min (0-12), 1325 Min (4-10), 4784 Min (0-7), 4784 Min (1-16), 4784 Min (1-14), 4784 Min (0-8), 4784 Min (1-13), 4784 Min (1-13), 4784 Min (0-2), 4784 Min (0-3), 4784 Min (0-3, 2/5), 4784 Min (1-16), 4784 Min (13-17, 3/5), 4784 Min (15-15), 4784 Min (4-16), 4743 Min (0-10), 4743 Min (38-17), 4743 Min (0-5), 4743 Min (0-2), 4743 Min (1-11), 4743 Min (0-12), 4743 Min (0-10), 4784 Min (4-0), 4784 Min (40-13), 4784 Min (1-18), 4785 Min (2-0), 4785 Min (4-0), 4743 Min (4-0), 4785 Min (2-0), 4785 Min (2-0), 4743 Min (0-2), 4743 Min (0-2), 4743 Min (2-14), 4743 Min (2-7), 4743 Min (0-4) 4743 Min (0-4), 4743 Min (0-12), 4743 Min (0-4), 4743 Min (0-4), 4743 Min (0-6), 4743 Min (0-18), 4743 Min (1-2), 4743 Min (1-3), 'ਤੇ ਨਿਰਮਿਤ ਮਕਾਨ ਦੀ ਨਿਆਂਸੰਗਤ ਗਿਰਵੀ। ਹੱਦਬੰਦੀ : ਪੂਰਬ :ਪਾਵਿਤ ਗਰਗ ਦਾ ਮਕਾਨ, ਪੱਛਮ: ਮਾਲਕ ਦਾ ਮਕਾਨ, ਉੱਤਰ : ਗਲੀ, ਦੱਖਣ : ਖੇਤੀਬਾੜੀ ਜ਼ਮੀਨ | **13.10.2023 /**<br>ਭੌਤਿਕ<br>**25.04.2025** | **Rs. 15,20,485/-**<br>13.10.2023 ਦੇ ਅਨੁਸਾਰ ਜਮ੍ਹਾਂ 13.10.2023 ਤੋਂ ਪ੍ਰਭਾਵੀ ਭਾਵੀ ਵਿਆਜ, ਲਾਗਤਾਂ, ਫੀਸਾਂ ਅਤੇ ਹੋਰ ਖਰਚੇ (ਇਸ ਉਪਰੰਤ ਹੋਈ ਵਸੂਲੀ, ਜੇਕਰ ਕੋਈ ਹੈ, ਮਨਫੀ ਕਰਕੇ) |
| **ਬੀ/ਓ:- ਬਠਿੰਡਾ ਸ਼ਾਖਾ**<br>ਕਰਜ਼ਦਾਰ (ਾਂ):- ਸ੍ਰੀ ਪਵਨ ਕੁਮਾਰ ਸਪੁੱਤਰ ਸ੍ਰੀ ਓਮ ਪ੍ਰਕਾਸ਼, ਸ੍ਰੀਮਤੀ ਆਸ਼ਾ ਰਾਣੀ ਪਤਨੀ ਸ੍ਰੀ ਪਵਨ ਕੁਮਾਰ | ਵਿਕਰੀ ਡੀਡ ਮਿਤੀ 25.03.2022 ਅਤੇ ਦਸਤਾਵੇਜ਼ ਨੰਬਰ 2021-22/23/1/14016 ਦੇ ਰੂਪ ਵਿੱਚ ਦਰਜ ਸਾਲ 2012-13 ਲਈ ਜਮ੍ਹਾਂਬੰਦੀ ਅਨੁਸਾਰ ਪੱਤੀ ਝੁੱਟੀ, ਗਲੀ ਨੰਬਰ 36 (ਸ਼ਿਵ ਮੰਦਰ ਵਾਲੀ ਗਲੀ) ਪਾਰਸ ਰਾਮ ਨਗਰ ਬਠਿੰਡਾ ਵਿੱਚ ਸਥਿਤ 84.775 ਵਰਗ ਗਜ਼ ਬਕਦਰ 0 ਬਿੱਘਾ 1-7/10 ਬਿਸਵਾ ਦੇ ਪਲਾਟ 'ਤੇ ਬਣੇ ਮਕਾਨ ਦਾ ਬਰਾਬਰ ਗਿਰਵੀਨਾਮਾ, ਜਿਸ ਵਿੱਚ ਖਸਰਾ ਨੰਬਰ 4905 (24-4) ਖਾਤਾ ਨੰਬਰ 2259/10800 ਦਾ 17/4840 ਹਿੱਸਾ ਹੈ, ਅਤੇ ਹੇਠ ਲਿਖੇ ਅਨੁਸਾਰ ਹੈ:- ਪੂਰਬ: ਬਣਾਇਆ ਘਰ ਲਗਭਗ 48'00"; ਪੱਛਮ: ਬਣਾਇਆ ਘਰ ਲਗਭਗ 54'3-1/2"; ਉੱਤਰ: ਕਾਮਨ ਸਟਰੀਟ 20 ਫੁੱਟ ਚੌੜੀ ਐਡਮਿਨ 15'00"; ਦੱਖਣ: ਪ੍ਰੀਤਮ ਸਿੰਘ ਦਾ ਮਕਾਨ। | **28.08.2023 /**<br>ਭੌਤਿਕ<br>**25.04.2025** | **Rs. 15,73,863/-**<br>28.08.2023 ਦੇ ਅਨੁਸਾਰ ਜਮ੍ਹਾਂ 28.08.2023 ਤੋਂ ਪ੍ਰਭਾਵੀ ਭਾਵੀ ਵਿਆਜ, ਲਾਗਤਾਂ, ਫੀਸਾਂ ਅਤੇ ਹੋਰ ਖਰਚੇ (ਇਸ ਉਪਰੰਤ ਹੋਈ ਵਸੂਲੀ, ਜੇਕਰ ਕੋਈ ਹੈ, ਮਨਫੀ ਕਰਕੇ) |
| **ਬੀ/ਓ:- ਬਠਿੰਡਾ ਸ਼ਾਖਾ**<br>ਕਰਜ਼ਦਾਰ (ਾਂ):- ਸ੍ਰੀ ਰਿਤਿਕ ਸਪੁੱਤਰ ਸ੍ਰੀ ਨਾਨਕ ਚੰਦ, ਸ੍ਰੀ ਨਾਨਕ ਚੰਦ ਸਪੁੱਤਰ ਸ੍ਰੀ ਪ੍ਰੇਮ | ਕੁੱਲ ਜ਼ਮੀਨ ਦੇ 1-22/25/19 ਹਿੱਸੇ (ਬਕਦਰ 0 ਬਿਘਾ 1-22/25 ਬਿਸਵਾ ਮੁਸਾਵੀ 93.95 ਵਰਗ ਗਜ਼) 'ਤੇ ਬਣੇ ਮਕਾਨ ਦਾ ਬਰਾਬਰ ਗਿਰਵੀਨਾਮਾ 0 ਬਿਘਾ 19 ਬਿਸਵਾ ਜਿਸ ਵਿੱਚ ਸਾਲ 2012-13 ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 4904/2 ਮਿਨ (0-19) ਖਾਤਾ ਨੰਬਰ 2924/14551 ਹੈ, ਗਲੀ ਨੰਬਰ 29ਬੀ, ਪਾਰਸ ਰਾਮ ਨਗਰ, ਬਠਿੰਡਾ ਵਿਖੇ ਸਥਿਤ ਹੈ। ਇਸ ਤਰ੍ਹਾਂ ਹੱਦਬੰਦੀ:- ਪੂਰਬ: 55'-10" ਖਾਲੀ ਪਲਾਟ; ਪੱਛਮ: 57' ਕੁਲਦੀਪ ਕੌਰ ਦਾ ਮਕਾਨ; ਉੱਤਰ: 15' ਘਰ; ਦੱਖਣ: 15'X20' ਗਲੀ | **20.12.2022 /**<br>ਭੌਤਿਕ<br>**25.04.2025** | **Rs. 13,36,195/-**<br>31.10.2023 ਦੇ ਅਨੁਸਾਰ ਜਮ੍ਹਾਂ ਭਾਵੀ ਵਿਆਜ, ਲਾਗਤਾਂ, ਫੀਸਾਂ ਅਤੇ ਹੋਰ ਖਰਚੇ ਸਮੇਤ ਭਾਵੀ ਵਿਆਜ (ਇਸ ਉਪਰੰਤ ਹੋਈ ਵਸੂਲੀ, ਜੇਕਰ ਕੋਈ ਹੈ, ਮਨਫੀ ਕਰਕੇ) |

ਮਿਤੀ : 30.04.2025 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ

## ਉੱਤਰ ਰੇਲਵੇ

ਈ-ਨਿਵਿਦਾ

**ਖੁਲ੍ਹੀ ਨਿਵਿਦਾ ਨੰਬਰ-05-ਅੰਬਾਲਾ/2025-26 ਮਿਤੀ 29.04.2025**

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮਾਂ ਲਈ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਖੁਲ੍ਹੇ ਰਹਿਣਗੇ ਅਤੇ ਉਸ ਦੇ ਬਾਅਦ ਖੋਹਲੇ ਜਾਣਗੇ।

| ਨ. | ਕੰਮ ਦਾ ਨਾਮ | ਅੰਦਾਜਨ ਲਾਗਤ (Rs.) | ਅਗਾਊਂ ਰਾਸ਼ੀ (Rs.) | ਕੰਮ ਸਮਾਪਤੀ ਦਾ ਸਮਾਂ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|---|
| 1 | ਯੂਐਮਬੀ-ਸੀਡੀਜੀ ਅਤੇ ਸੀਡੀਜੀ-ਐਮਆਰਐਨਡੀ ਵੰਦੇ ਭਾਰਤ ਮਾਰਗ ਤੇ ਟ੍ਰੇਨਾਂ ਦੇ ਸੁਰੱਖਿਅਤ ਸੰਚਾਲਨ ਦੇ ਲਈ ਟ੍ਰੈਕ ਦੇ ਨਾਲ ਸੁਰੱਖਿਆ ਬਾੜ (ਪੜਾਅ-2) (ਐਂਟੀ ਕ੍ਰੈਸ਼ ਬੈਰਿਯਰ) ਦਾ ਪ੍ਰਾਵਧਾਨ। | 26,93,93,541 | 14,97,000 | 12 ਮਹੀਨੇ | 26.05.2025 |
| 2 | (01) ਸੀਨੀਅਰ ਡੀਈਐਨ/ਸੀਡੀਜੀ ਦੇ ਤਹਿਤ ਐਸਐਸਈ/ਡਬਲਯੂ/ਸੀਡੀਜੀ ਦੇ ਸੈਕਸ਼ਨ ਵਿਚ ਲੇਵਲ ਅਕਿਸੰਗ ਨੂੰ ਸਮਾਪਤ ਕਰਨ ਦੇ ਲਈ ਸੀਡੀਜੀ-ਐਮਆਰਐਨਡੀ ਸੇਕਸ਼ਨ ਦੇ ਖਰੜ ਅਤੇ ਜੰਕਸ਼ਨ ਕੇਬਿਨ ਸਟੇਸ਼ਨ ਦੇ ਵਿਚ ਲੇਵਲ ਕ੍ਰਾਸਿੰਗ 5 ਦੇ ਸਥਾਨ ਤੇ 6 ਐਮਐਕਸ 5 ਮੀਟਰ ਆਕਾਰ ਦੇ ਸੀਮਿਤ ਉਚਾਈ ਵਾਲੇ ਸਬਵੇ ਦੀ ਉਸਾਰੀ, (02) ਸੀਨੀਅਰ ਡੀਈਐਨ/ਸੀਡੀਜੀ ਦੇ ਤਹਿਤ ਐਸਐਸਈ/ਡਬਲਯੂ/ਸੀਡੀਜੀ ਦੇ ਸੈਕਸ਼ਨ ਵਿਚ ਸੀਡੀਜੀ-ਐਮਆਰਐਨਡੀ ਸੇਕਸ਼ਨ ਦੇ ਕੇਆਰਆਰ ਅਤੇ ਜੰਕਸ਼ਨ ਕੇਬਿਨ ਸਟੇਸ਼ਨ ਦੇ ਵਿਚ ਲੇਵਲ ਕ੍ਰਾਸਿੰਗ ਨੰਬਰ 6 ਦੇ ਸਥਾਨ ਤੇ 6 x 5 ਮੀਟਰ ਆਕਾਰ ਦੇ ਐਲਐਚਐਸ ਦੀ ਉਸਾਰੀ ਅਤੇ (03) ਸੀਨੀਅਰ ਡੀਈਐਨ/ਸੀਡੀਜੀ ਦੇ ਤਹਿਤ ਐਸਐਸਈ/ਡਬਲਯੂ/ਸੀਡੀਜੀ ਦੇ ਸੈਕਸ਼ਨ ਵਿਚ ਲੇਵਲ ਅਕਿਸੰਗ ਨੂੰ ਸਮਾਪਤ ਕਰਨ ਦੇ ਲਈ ਸੀਡੀਜੀ-ਐਮਆਰਐਨਡੀ ਸੈਕਸ਼ਨ ਦੇ ਖਰੜ ਅਤੇ ਜੰਕਸ਼ਨ ਕੇਬਿਨ ਸਟੇਸ਼ਨ ਦੇ ਵਿਚ ਲੇਵਲ ਕ੍ਰਾਸਿੰਗ 7 ਦੇ ਸਥਾਨ ਤੇ 6 ਐਮਐਕਸ 5 ਮੀਟਰ ਆਕਾਰ ਦੇ ਸੀਮਿਤ ਉਚਾਈ ਵਾਲੇ ਸਬਵੇ ਦੀ ਉਸਾਰੀ। | 16,84,76,034 | 9,92,400 | 12 ਮਹੀਨੇ | 26.05.2025 |
| 3 | ਸੀਨੀਅਰ ਡੀਈਐਨ/I/ਯੂਐਮਬੀ ਦੇ ਤਹਿਤ ਏਡੀਈਐਨ/ਸੀਡੀਜੀ ਅਤੇ ਏਡੀਈਐਨ/ਯੂਐਮਬੀ ਦੇ ਤਹਿਤ ਐਸਐਸਈ/ਪੀ-ਵੇ/ਐਸਏਐਸਐਨ ਅਤੇ ਐਸਐਸਈ/ਪੀ-ਵੇ/ਯੂਐਮਬੀ ਦੇ ਸੈਕਸ਼ਨ ਵਿਚ, (01) ਏਡੀਈਐਨ/ ਸੀਡੀਜੀ ਅਤੇ ਏਡੀਈਐਨ/ਯੂਐਮਬੀ ਦੇ ਤਹਿਤ ਟੀਆਰਆਰ (ਪੀ) 8.517 ਕਿਮੀ (02) ਯੂਐਮਬੀ ਅਤੇ ਡੀਓਕੇਵਾਈ ਯਾਰਡ ਵਿਚ ਐਸਐਸਈ/ਪੀ-ਵੇ/ਯੂਐਮਬੀ ਦੇ ਸੈਕਸ਼ਨ ਵਿਚ ਸੀਟੀਆਰ (ਪੀ) 1.55 ਕਿਮੀ (03) ਐਸਐਸਈ/ਪੀ-ਵੇ/ਯੂਐਮਬੀ ਅਤੇ ਸੀਡੀਜੀ ਦੇ ਸੈਕਸ਼ਨ ਵਿਚ ਏਡੀਈਐਨ/ਯੂਐਮਬੀ ਅਤੇ ਸੀਡੀਜੀ ਦੇ ਤਹਿਤ ਟੀਐਫਆਰ 70.462 ਕਿਮੀ ਅਤੇ (04) ਟੀਟੀਆਰ (ਟੀਐਸਆਰ) - 29 ਸੇਟ (1:12 - 6 ਸੇਟ ਅਤੇ 1:8.5-23 ਸੇਟ) ਦੇ ਨਾਲ - ਟੀਟੀਆਰ (ਟੀਐਸਆਰ) - 111 ਸੇਟ (1:12 - 60 ਸੇਟ) ਅਤੇ 1:8.5 - 51 ਸੇਟ)। | 3,43,60,122 | 3,21,800 | 08 ਮਹੀਨੇ | 26.05.2025 |
| 4 | ਏਡੀਈਐਨ/ਯੂਐਮਬੀ ਦੇ ਸੈਕਸ਼ਨ ਵਿਚ ਐਸਐਸਈ/ਪੀ.ਵੇ/ਯੂਐਮਬੀ ਦੇ ਤਹਿਤ ਲੇਵਲ ਕ੍ਰਾਸਿੰਗ ਨੰਬਰ 102ਏ/ਬੀ ਅਤੇ 102 ਏ1/ਸੀ ਤੇ ਰਬੜਯੁਕਤ ਸਤਹਾ। | 38,95,256 | 77,900 | 03 ਮਹੀਨੇ | 26.05.2025 |
| 5 | ਸੀਨੀਅਰ ਡੀਈਐਨ-III/ਯੂਐਮਬੀ ਦੇ ਤਹਿਤ ਏਡੀਈਐਨ/ਐਸਆਰਈ ਦੇ ਸੈਕਸ਼ਨ ਵਿਚ ਟੀਆਰਆਰ (ਪੀ) 1.684 ਟੀਕੇਐਮ ਲਾਈਨ ਨੰਬਰ ਜੀ-15 ਕੇਜੇਜੀਵਾਈ ਯਾਰਡ ਐਚਐਨਸੀ-ਕੇਜੇਜੀਵਾਈ ਸੈਕਸ਼ਨ ਸੀਟੀਆਰ (ਪੀ) 0.528 ਟੀਕੇਐਮ ਕੇਐਨਸੀ- ਕੇਜੇਜੀਵਾਈ ਸੈਕਸ਼ਨ ਤੇ ਲਾਈਨ-6 ਤੇ ਕੇਜੇਜੀਵਾਈ ਯਾਰਡ ਵਿਚ, ਟਰਨ ਆਊਟ ਨਵੀਨੀਕਰਨ (ਸੀਐਮਐਸ, ਟੀਡਬਲਯੂਐਸ, ਸੀਐਸ ਅਤੇ ਟਰਨਆਊਟ ਦੇ ਸਲੀਪਰ ਸੇਟ) ਅਤੇ ਬੀਸੀਐਮ ਕੰਮ। | 1,58,84,436 | 2,29,400 | 24 ਮਹੀਨੇ | 26.05.2025 |
| 6 | ਅੰਬਾਲਾ ਕੈਂਟ-ਲੁਧਿਆਣਾ (I) ਟੀਆਰਆਰ (ਪੀ)-12.631 ਟੀਕੇਐਮ (ਕਿਮੀ 290.449-300.518=10.069 (ਡੀਐਨ) 307-308.062=1.062 (ਯੂਪੀ) 311-312.5=1.5 (ਯੂਪੀ) (ii) ਟੀਆਰਆਰ(ਪੀ)-3.358 ਟੀਕੇਐਮ (ਡੀਐਨ-(263.508- 263.726, 264.726, 264.328-264.546, 266.524-266.761,267.778- 268, 273.874, 283.247-283.508, 287.44-287.762), ਯੂਪੀ (263.508- 263.726,264.328-264.546,266.524-266.761 273.49-273.874, 283.332-283.449, 287.44-287.762)" | 1,66,38,652 | 2,33,200 | 12 ਮਹੀਨੇ | 26.05.2025 |
| 7 | ਏਡੀਈਐਨ/ਐਸਆਰਈ ਦੇ ਤਹਿਤ ਐਸਆਰਈ-ਯੂਐਮਬੀ ਸੈਕਸ਼ਨ ਤੇ ਕਿਮੀ 221/7-10 ਤੇ ਪੁਲ ਨੰਬਰ 260 ਯੂਪੀ (3x12.04 ਐਮ) ਅਤੇ ਡੀਐਨ (3x12.04ਐਮ) ਦੇ ਪੀਐਸਸੀ ਸਲੈਬ ਦੇ ਨਾਲ ਸਟੀਲ ਗਡ੍ਰਰ ਦਾ ਪ੍ਰਤੀਸਥਾਪਨ। | 1,90,41,058 | 2,45,200 | 12 ਮਹੀਨੇ | 26.05.2025 |
| 8 | ਜੇਯੂਡਬਲਯੂ ਦੇ ਸਟੋਰ ਡਿਪੋ ਵਿਚ ਵਖ-ਵਖ ਸਥਾਨਾਂ ਤੇ ਜਰੂਰੀ ਰੇਲਵੇ ਸਮਗਰੀਆਂ ਦੇ ਉਚਿਤ ਸਟੈਕਿੰਗ ਦੇ ਲਈ ਆਰਸੀਸੀ ਫਰਸ਼ ਦਾ ਕੰਮ ਹੈ। | 1,98,48,458 | 2,49,300 | 06 ਮਹੀਨੇ | 26.05.2025 |
| 9 | ਏਡੀਈਐਨ/ਪੀਟੀਏ ਦੇ ਤਹਿਤ ਬੀਐਕਸਸੀ ਯਾਰਡ ਵਿਚ ਲੂਪ ਲਾਈਨ-1 ਅਤੇ ਡੀਐਨਐਕਸ ਯਾਰਡ ਵਿਚ ਲੂਪ ਲਾਈਨ-1 ਦਾ ਟੀਆਰਆਰ (ਪੀ) - 1.783 ਟੀਕੇਐਮ)। | 25,33,138 | 50,700 | 04 ਮਹੀਨੇ | 26.05.2025 |
| 10 | ਏਡੀਈਐਨ/ਪੀਟੀਏ ਦੇ ਤਹਿਤ ਐਸਐਸਈ/ਡਬਲਯੂ/ਐਸਏਜੀ ਸੈਕਸ਼ਨ ਵਿਚ ਡੀਯੂਆਈ-ਜੇਐਚਐਲ-ਐਚਐਸਆਰ ਸੈਕਸ਼ਨ ਤੇ ਐਲਐਚਐਸ ਨੰਬਰ ਸੀ-33, 69-ਬੀ, 69-ਸੀ, 74-ਏ, 78-ਏ ਦੇ ਪਹੁੰਚ ਮਾਰਗਾਂ ਤੇ ਕਵਰਿੰਗ ਸ਼ੇਡ ਦਾ ਪ੍ਰਾਵਧਾਨ। | 5,51,59,059 | 4,25,800 | 08 ਮਹੀਨੇ | 26.05.2025 |
| 11 | ਅੰਬਾਲਾ ਸਟੇਸ਼ਨ ਉਤੇ ਲਾਈਨ ਨੰਬਰ 2 ਅਤੇ 6 (1165) ਤੇ ਗਿੱਟੀ ਰਹਿਤ ਟ੍ਰੈਕ ਦਾ ਪ੍ਰਾਵਧਾਨ। | 8,17,27,536 | 5,58,600 | 12 ਮਹੀਨੇ | 26.05.2025 |
| 12 | ਅੰਬਾਲਾ ਕੈਂਟ ਵਿਚ ਡੀਆਰਐਮ ਦਫਤਰ ਵਿਚ ਚੰਦਰਪੁਰੀ ਕਾਲੋਨੀ ਦੇ ਮੁਖ ਦਵਾਰ ਤਕ ਸੜਕ ਦਾ ਸੁਧਾਰ ਅਤੇ ਪੁਰਾਣੀ ਵਿਹਾਰ ਕਾਲੋਨੀ ਨੂੰ ਰੇਲ ਵਿਹਾਰ ਕਲੋਨੀ ਨਾਲ ਜੋੜਨ ਵਾਲੀ ਡੀਆਰਐਮ ਦਫਤਰ ਪਰਿਸਰ ਸੜਕ ਦਾ ਸੁਧਾਰ। | 1,74,04,279 | 2,37,000 | 06 ਮਹੀਨੇ | 26.05.2025 |
| 13 | ਏਡੀਈਐਨ/ਯੂਐਮਬੀ ਦੇ ਤਹਿਤ ਐਸਐਸਈ/ਵਰਕਸ-ਐਮ/ਯੂਐਮਬੀ ਅਨੁਭਾਗ ਵਿਚ ਵਖ-ਵਖ ਦਫਤਰ ਭਵਨ ਦੀ ਉਸਾਰੀ। | 2,20,81,715 | 2,60,400 | 08 ਮਹੀਨੇ | 26.05.2025 |
| 14 | ਸੀਨੀਅਰ ਡੀਈਐਨ-II/ ਯੂਐਮਬੀ ਦੇ ਤਹਿਤ ਆਰਪੀਜੇ-ਡੀਬੀਐਨ ਸੈਕਸ਼ਨ ਵਿਚ ਸੰਵੇਦਨਸ਼ੀਲ ਸੀਆਰਓ ਸਥਾਨਾਂ ਤੇ ਟ੍ਰੇਨਾਂ ਦੇ ਸੁਰੱਖਿਅਤ ਸੰਚਾਲਨ ਦੇ ਲਈ ਟ੍ਰੈਕ ਦੇ ਨਾਲ ਸੁਰੱਖਿਆ ਬਾੜ/ਐਂਟੀ ਕ੍ਰੈਸ਼ ਬੈਰਿਯਰ ਦਾ ਪ੍ਰਾਵਧਾਨ। | 2,18,38,382 | 2,59,200 | 06 ਮਹੀਨੇ | 26.05.2025 |

ਨੋਟ:- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜਰੂਰੀ ਸਬੰਧਤ ਡਾਕੂਮੈਂਟਾਂ ਦੀ ਸਕੈਨਿੰਗ ਕਾਪੀ ਨੂੰ ਰੇਲਵੇ ਵੈਬਸਾਈਟ IREPS ਤੇ ਅਪਲੋਡ ਕਰਨੀ ਜਰੂਰੀ ਹੈ। 2. ਅਗਾਊਂ ਰਾਸ਼ੀ ਆਨ ਲਾਈਨ ਪੇਮੇਂਟ ਨੈਟ ਬੈਕਿੰਗ/ਗੇਟਵੇ ਪੇਮੇਂਟ ਦੇ ਦੁਆਰਾ ਹੀ ਸਵੀਕਾਰ ਹੋਣਗੇ। 3.ਟੈਂਡਰ ਦੀ ਵਿਸਤ੍ਰਿਤ ਜਾਣਕਾਰੀ ਲਈ ਰੇਲਵੇ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 4.ਠੇਕੇਦਾਰ ਨੂੰ ਈ-ਟੈਂਡਰ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗਾ। 1268/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਐਮ.ਪੀ. ਸੰਜੀਵ ਅਰੋੜਾ ਨੇ ਲੁਧਿਆਣਾ ਫ਼ਰਨੀਚਰ ਐਸੋਸੀਏਸ਼ਨ ਤੋਂ ਪ੍ਰਸ਼ੰਸਾ ਜਿੱਤੀ




ਲੁਧਿਆਣਾ, 30 ਅਪ੍ਰੈਲ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਲੁਧਿਆਣਾ ਫਰਨੀਚਰ ਐਸੋਸੀਏਸ਼ਨ (ਭਾਰਤ ਨਗਰ ਚੌਕ) ਦੇ ਅਹੁਦੇਦਾਰਾਂ ਨਾਲ ਗੱਲਬਾਤ ਕੀਤੀ, ਜਿਸ ਦੌਰਾਨ ਉਨ੍ਹਾਂ ਮੈਂਬਰਾਂ ਵੱਲੋਂ ਉਠਾਏ ਗਏ ਜ਼ਿਆਦਾਤਰ ਮੁੱਦਿਆਂ ਦੇ ਤੁਰੰਤ ਹੱਲ ਦਾ ਭਰੋਸਾ ਦਿੱਤਾ। ਐਸੋਸੀਏਸ਼ਨ ਦੇ ਪ੍ਰਧਾਨ ਜਗਤਾਰ ਸਿੰਘ, ਉਪ ਪ੍ਰਧਾਨ ਚਰਨਜੀਤ ਸਿੰਘ (ਚੰਨਾ), ਚੇਅਰਮੈਨ ਰਾਜਿੰਦਰ ਸਿੰਘ (ਹੀਰਾ), ਮੁੱਖ ਸਲਾਹਕਾਰ ਪਾਲ ਖੁਰਾਨਾ, ਅਤੇ ਹੋਰਾਂ ਨੇ ਅਰੋੜਾ ਦਾ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਸਮਾਂ ਕੱਢਣ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਨੂੰ ਮੌਕੇ 'ਤੇ ਹੱਲ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਉਨ੍ਹਾਂ ਦੇ ਲੋਕ-ਪੱਖੀ ਪਹੁੰਚ ਅਤੇ ਜਨਤਕ ਚਿੰਤਾਵਾਂ ਨੂੰ ਤੁਰੰਤ ਹੱਲ ਕਰਨ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ।

ਮੀਟਿੰਗ ਦੌਰਾਨ ਉਜਾਗਰ ਕੀਤੇ ਗਏ ਮੁੱਖ ਮੁੱਦਿਆਂ ਵਿੱਚ ਵਾਹਨ ਪਾਰਕਿੰਗ ਦੀ ਘਾਟ ਵਾਰ-ਵਾਰ ਟ?ਰੈਫਿਕ ਜਾਮ ਅਤੇ ਜਨਤਕ ਪਖਾਨਿਆਂ ਦੀ ਘਾਟ ਸ਼ਾਮਲ ਸੀ। ਅਰੋੜਾ ਨੇ ਐਲਾਨ ਕੀਤਾ ਕਿ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (ਐਨਐਚਏਆਈ) ਐਲੀਵੇਟਿਡ ਰੋਡ ਦੇ ਨੇੜੇ 700 ਪਾਰਕਿੰਗ ਸਲਾਟ ਬਣਾਏਗੀ ਜਿਸ ਵਿੱਚ ਭਾਰਤ ਨਗਰ ਚੌਕ ਖੇਤਰ ਵੀ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਲਈ ਟੈਂਡਰ 25 ਮਈ ਨੂੰ ਖੋਲ੍ਹਿਆ ਜਾਵੇਗਾ ਅਤੇ ਉਮੀਦ ਪ੍ਰਗਟਾਈ ਕਿ ਅਲਾਟਮੈਂਟ ਤੋਂ ਬਾਅਦ ਜਲਦੀ ਹੀ ਉਸਾਰੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਐਨਐਚਏਆਈ ਦੁਆਰਾ ਪਾਇਲਟ ਆਧਾਰ 'ਤੇ ਅਜਿਹਾ ਪਾਰਕਿੰਗ ਬੁਨਿਆਦੀ ਢਾਂਚਾ ਬਣਾਇਆ ਜਾ ਰਿਹਾ ਹੈ ਅਤੇ ਇਹ ਯੂਰਪੀਅਨ ਮਿਆਰਾਂ ਨੂੰ ਪੂਰਾ ਕਰੇਗਾ।

ਜਨਤਕ ਪਖਾਨਿਆਂ ਦੀ ਮੰਗ ਦੇ ਸੰਬੰਧ ਵਿੱਚ ਅਰੋੜਾ ਨੇ ਕਿਹਾ ਕਿ ਨਗਰ ਨਿਗਮ ਲੁਧਿਆਣਾ (ਐਮ.ਸੀ.ਐਲ.) ਨੇ ਪਹਿਲਾਂ ਹੀ ਇਸ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਨੇੜਲੇ ਭਵਿੱਖ ਵਿੱਚ ਈ.ਐਸ.ਆਈ. ਹਸਪਤਾਲ ਦੇ ਨੇੜੇ ਪਖਾਨੇ ਬਣਾਏ ਜਾਣਗੇ।

ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਪਹਿਲਕਦਮੀਆਂ ਜਾਂ ਤਾਂ ਪੂਰੀਆਂ ਹੋ ਗਈਆਂ ਹਨ ਜਾਂ ਇੱਕ ਸੰਸਦ ਮੈਂਬਰ ਵਜੋਂ ਉਨ੍ਹਾਂ ਦੇ ਨਿਰੰਤਰ ਯਤਨਾਂ ਕਾਰਨ ਮੁਕੰਮਲ ਹੋਣ ਦੇ ਨੇੜੇ ਹਨ। ਐਸੋਸੀਏਸ਼ਨ ਦੇ ਮੈਂਬਰਾਂ ਨੇ ਲੁਧਿਆਣਾ (ਪੱਛਮੀ) ਵਿਧਾਨ ਸਭਾ ਸੀਟ ਲਈ ਹੋਣ ਵਾਲੀ ਉਪ ਚੋਣ ਵਿੱਚ ਅਰੋੜਾ ਨੂੰ ਪੂਰਾ ਸਮਰਥਨ ਦੇਣ ਦਾ ਵਾਅਦਾ ਕੀਤਾ, ਜਿੱਥੇ ਉਹ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।

# ਜੱਸੋਵਾਲ ਦੇ 90ਵੇਂ ਜਨਮ ਦਿਨ 'ਤੇ "ਯਾਦਾਂ ਜੱਸੋਵਾਲ ਦੀਆਂ" ਸਮਾਗਮ ਕਰਵਾਇਆ



ਲੁਧਿਆਣਾ, 30 ਅਪ੍ਰੈਲ (ਰਵਿੰਦਰ ਸਿੰਘ ਨਿੱਝਰ/ਵਿਸ਼ਾਲ ਸ਼ਰਮਾ) : ਪੰਜਾਬੀ ਸੱਭਿਆਚਾਰ ਦੇ ਪਿਤਾਮਾ, ਇਤਿਹਾਸ ਨੂੰ ਪਿਆਰ ਕਰਨ ਵਾਲੇ, ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਨੂੰ ਉੱਘੇ ਸਿੱਖ ਵਿਦਵਾਨ ਕਪੂਰ ਸਿੰਘ ਆਈ.ਸੀ.ਐਸ ਨਾਲ ਮਿਲ ਕੇ ਤਾਜ਼ਾ ਕਰਨ ਵਾਲੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸਟਰੀ ਫਾਊਂਡੇਸਨ ਦੇ ਬਾਨੀ ਸਵ. ਜਗਦੇਵ ਸਿੰਘ ਜੱਸੋਵਾਲ ਜੀ ਦਾ 90ਵਾਂ ਜਨਮਦਿਨ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸਟਰੀ ਫਾਊਂਡੇਸਨ ਅਤੇ ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸਨ ਪੰਜਾਬ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਵੱਲੋਂ ਕ੍ਰਿਸਨ ਕੁਮਾਰ ਬਾਵਾ ਨਾਲ ਮਿਲ ਕੇ ਮਨਾਇਆ ਗਿਆ। ਇਸ ਸਮੇਂ ਫਾਊਂਡੇਸਨ ਦੇ ਸਰਪ੍ਰਸਤ ਪ੍ਰਗਟ ਸਿੰਘ ਗਰੇਵਾਲ, ਚੇਅਰਮੈਨ ਗੁਰਨਾਮ ਸਿੰਘ, ਡਾ. ਜਗਤਾਰ ਸਿੰਘ ਧੀਮਾਨ, ਪ੍ਰੀਤੀਰਾਜ ਸਿੰਘ ਬੱਸੀਆਂ, ਮਨੀ ਗਰੇਵਾਲ, ਵਰਿੰਦਰ ਸਿੰਘ ਸੇਖੋਂ, ਸੁਨੀਲ ਸਰਮਾ, ਪਰਮਿੰਦਰ ਸਿੰਘ ਮਲਕ, ਮਲਕੀਤ ਸਿੰਘ ਦਾਖਾ, ਸਾਧੂ ਸਿੰਘ ਦਿਲਸਾਦ, ਅਮਨਿੰਦਰ ਸਿੰਘ ਜਸੋਵਾਲ, ਅਮਰਜੀਤ ਸੇਰਪੁਰੀ ਵੀ ਹਾਜਰ ਸਨ।

# ਭ੍ਰਿਸ਼ਟਾਚਾਰ ਸਿਖ਼ਰਾਂ 'ਤੇ, ਲੋਕਾਂ ਦੇ ਘਰ ਢਾਹੁਣਾ ਸਿਰ.ਫ ਡਰਾਮੇਬਾਜ਼ੀ : ਪਰਉਪਕਾਰ ਘੁੰਮਣ



ਲੁਧਿਆਣਾ, 30 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਹੁਣ ਸਿੱਖਿਆ ਕ੍ਰਾਂਤੀ ਦਾ ਨਵਾਂ ਸ਼ੋਸ਼ਾ ਛੱਡਕੇ ਝੂਠ ਤੇ ਪਰਦਾ ਪਾਉਣ ਦੀ ਗੱਲ ਕਰਨ ਵਾਲੀ ਸੂਬਾ ਸਰਕਾਰ ਪਿਛਲੇ 3 ਸਾਲਾਂ ਤੋਂ ਲਗਾਤਾਰ ਝੂਠ ਦੀ ਰਾਜਨੀਤੀ ਕਰਦੀ ਆ ਰਹੀ ਹੈ। ਇਨ੍ਹਾਂ ਗੱਲਾਂ ਦੀ ਸਾਂਝ ਵਿਧਾਨ ਸਭਾ ਹਲਕਾ ਪੱਛਮੀ (ਉੱਪ ਚੋਣ) ਲਈ ਸ੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ (ਐਡਵੋਕੇਟ) ਨੇ ਹਲਕਾ ਪੱਛਮੀ ਦੇ ਵੋਟਰਾਂ ਨਾਲ ਗੱਲਬਾਤ ਕਰਦਿਆਂ ਕੀਤੀ। ਉਨ੍ਹਾਂ ਕਿਹਾ ਕਿ ਇਹ ਸਿੱਖਿਆ ਕ੍ਰਾਂਤੀ ਹੁਣ ਉਦਘਾਟਨ ਦਾ ਰੂਪ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਿੱਖਿਆ ਕ੍ਰਾਂਤੀ ਦਾ ਉਦਘਾਟਨ ਉਹ ਲੋਕ ਕਰਨ ਜਾ ਰਹੇ ਹਨ ਜੋ ਮਾਂ ਬੋਲੀ ਪੰਜਾਬੀ ਤੋਂ ਬਿਲਕੁਲ ਅਨਜਾਣ ਹੋਣ ਦੇ ਨਾਲ ਨਾਲ ਇਸ ਦੇ ਨਿਯਮਾਂ ਤੋਂ ਵੀ ਅਣਜਾਣ ਹਨ। ਉਮੀਦਵਾਰ ਘੁੰਮਣ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਪੰਜਾਬੀ ਵਿੱਚ ਲਿਖਣ ਲਈ ਕੁੱਝ ਦਿੱਤਾ ਜਾਵੇ ਤਾਂ ਉਸ ਵਿੱਚ ਅਨੇਕਾਂ ਗਲਤੀਆਂ ਵੇਖਣ ਨੂੰ ਮਿਲਣਗੀਆਂ। ਉਨ੍ਹਾਂ ਕਿਹਾ ਕਿ ਜਿਹੜੀ ਪਾਰਟੀ ਸੱਤਾ ਵਿਚ ਆਉਣ ਤੋਂ ਤੁਰੰਤ ਬਾਅਦ ਨਸ਼ਿਆਂ ਦੇ ਵਿਉਪਾਰ ਨੂੰ ਖਤਮ ਕਰਨ ਦੀ ਗੱਲ ਕਰਦੀ ਸੀ ਅੱਜ ਉਹ ਆਮ ਲੋਕਾਂ ਦੇ ਘਰ ਢਾਹ ਚੋਰੀ ਕਰਕੇ ਸਿਰਫ ਡਰਾਮੇਬਾਜ਼ੀ ਕਰ ਰਹੀ ਹੈ। ਘੁੰਮਣ ਨੇ ਕਿਹਾ ਕਿ ਅੱਜ ਭ੍ਰਿਸ਼ਟਾਚਾਰ ਸਿਖਰਾਂ ਤੇ ਪੁੱਜ ਚੁੱਕਿਆ ਹੈ। ਤਹਿਸੀਲਾਂ ਵਿੱਚੋਂ ਪਟਵਾਰੀਆਂ ਦੇ ਤਬਾਦਲੇ ਸਿਰਫ ਖਾਨਾਪੂਰਤੀ ਹਨ। ਰਜਿਸਟਰੀ ਕਰਵਾਉਣ, ਇੰਤਕਾਲ ਚੜਵਾਉਣ ਦੇ ਭਾਅ ਕਈ ਗੁਣਾਂ ਵੱਧ ਚੁੱਕੇ ਹਨ। ਅੱਜ 'ਆਮ ਆਦਮੀ ਪਾਰਟੀ' ਦਾ ਕਲਚਰ ਆਮ ਆਦਮੀ ਤੋਂ ਵੀਵੀਆਈਪੀ ਕਲਚਰਲ ਵਿੱਚ ਪ੍ਰਵੇਸ਼ ਹੋ ਚੁੱਕਿਆ ਹੈ। ਜੇਕਰ ਲੁਧਿਆਣਾ ਦੀ ਡਿਵੈਲਪਮੈਂਟ ਦੀ ਗੱਲ ਕੀਤੀ ਜਾਵੇ ਤਾਂ ਅਰੋੜਾ ਉਸ ਸਜ਼ਾ ਤੇ ਆਪਣੀ ਫੋਟੋ ਖਿਚਵਾਉਣ ਵਿੱਚ ਕਦੀ ਦੇਰੀ ਨਹੀਂ ਕਰਦੇ। ਘੁੰਮਣ ਨੇ ਕਿਹਾ ਕਿ ਕੋਈ ਇੱਕ ਵੀ ਸ਼ਹਿਰ ਦੀ ਡਿਵੈਲਪਮੈਂਟ ਦਾ ਕੰਮ ਅਰੋੜਾ ਲੋਕਾਂ ਨੂੰ ਗਿਣਾ ਦੇਣ ਜੋ ਉਨ੍ਹਾਂ ਨੇ ਆਪਣੀ ਸੂਬੇ ਦੀ ਸਰਕਾਰ ਕੋਲੋਂ ਪਿਛਲੇ 3 ਸਾਲਾਂ ਵਿੱਚ ਲਿਆਂਦਾ ਹੋਵੇ।

# ਡਾ.ਬੀ.ਆਰ. ਅੰਬੇਡਕਰ ਦੇ ਜਨਮ-ਦਿਵਸ ਨੂੰ ਸਮਰਪਿਤ ਸਮਾਗਮ 3 ਮਈ ਨੂੰ



ਲੁਧਿਆਣਾ, 30 ਅਪ੍ਰੈਲ (ਕਰਨੈਲ ਸਿੰਘ ਐੱਮ.ਏ.) : ਡਾਕਟਰ ਬੀ. ਆਰ.ਅੰਬੇਡਕਰ ਯੂਥ ਵੈਲਫੇਅਰ ਐਂਡ ਸਪੋਰਟਸ ਸੁਸਾਇਟੀ ਮੁਹੱਲਾ ਕਾਰਾਬਾਰਾ, ਅਰਜਨ ਨਗਰ, ਲੁਧਿਆਣਾ ਵਿਖੇ 3 ਮਈ ਦਿਨ ਸ਼ਨੀਵਾਰ ਸ਼ਾਮ ਨੂੰ ਸ਼ਾਮ 7 ਵਜੇ ਤੋਂ ਲੈ ਕੇ 11 ਵਜੇ ਤੱਕ ਵਿਸ਼ਾਲ ਸਮਾਗਮ ਸਮਾਗਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ੍ਰੀ ਬਲਜੀਤ ਕੁਮਾਰ, ਸ੍ਰੀ ਵਿਜੇ ਝੱਲੀ, ਨਰੇਸ਼ ਕੁਮਾਰ, ਪਾਰਸ ਰਾਮ, ਕਪਿਲ ਕੁਮਾਰ ਨੇ ਦੱਸਿਆ ਕਿ ਡਾਕਟਰ ਬੀ.ਆਰ.ਅੰਬੇਡਕਰ ਸਾਹਿਬ ਜੀ ਦੇ 134ਵੇਂ ਜਨਮ-ਦਿਵਸ ਨੂੰ ਸਮਰਪਿਤ ਇਹ ਸਮਾਗਮ ਕਰਵਾਇਆ ਜਾ ਰਿਹਾ ਹੈ।

ਸਮਾਗਮ ਦਾ ਸੱਦਾ ਪੱਤਰ ਅੱਜ ਆਮ ਆਦਮੀ ਪਾਰਟੀ ਦੇ ਅਤੇ ਵਾਲਮੀਕ ਸਮਾਜ ਦੇ ਆਗੂ ਸ੍ਰੀ ਵਿਜੇ ਦਾਨਵ, ਸ੍ਰੀ ਕਨੌਜ ਦਾਨਵ, ਮਾਰਕੀਟ ਕਮੇਟੀ ਦੇ ਚੇਅਰਮੈਨ ਗੁਰਜੀਤ ਸਿੰਘ ਗਿੱਲ ਨੂੰ ਦਿੱਤਾ ਗਿਆ ਅਤੇ ਬਲਜੀਤ ਕੁਮਾਰ, ਵਿਜੇ ਝੱਲੀ, ਨਰੇਸ਼ ਕੁਮਾਰ, ਪਾਰਸ ਰਾਮ, ਕਪਿਲ ਕੁਮਾਰ, ਮਨਪ੍ਰੀਤ ਸਿੰਘ ਆਦਿ ਨੇ ਸਮੂਹ ਸੰਗਤਾਂ ਅਪੀਲ ਕੀਤੀ ਹੈ ਕਿ ਉਹ ਡਾਕਟਰ ਬੀ.ਆਰ. ਅੰਬੇਡਕਰ ਸਾਹਿਬ ਜੀ ਦੇ ਜਨਮ-ਦਿਨ ਸਮਾਗਮ ਵਿੱਚ ਵੱਧ ਤੋਂ ਵੱਧ ਹਾਜ਼ਰ ਹੋ ਕੇ ਵੱਡੀ ਧੂਮ ਧਾਮ 'ਤੇ ਮਨਾਉਣ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ, 30 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਗੁਰ ਦਸਮੇਸ਼ ਸੇਵਾ ਸੁਸਾਇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਕਰਵਾਇਆ ਗਿਆ। ਕੀਰਤਨੀ ਜੱਥੇ ਸੰਤ ਹਾਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਰਣਜੀਤ ਸਿੰਘ ਗੁਰਦਾਸਪੁਰੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵੱਲੋਂ ਭਾਈ ਰਣਜੀਤ ਸਿੰਘ ਗੁਰਦਾਸਪੁਰੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਇੰਦਰਬੀਰ ਸਿੰਘ ਬੱਤਰਾ, ਬਲਬੀਰ ਸਿੰਘ ਭਾਟੀਆ, ਹਰਪਾਲ ਸਿੰਘ ਬੱਤਰਾ, ਰਵਿੰਦਰਦਰਪਾਲ ਸਿੰਘ ਡੰਗ, ਹਰਜੀਤ ਸਿੰਘ ਡੀਮਾਣਟੇ, ਨਰਿੰਦਰਪਾਲ ਸਿੰਘ ਕਥੂਰੀਆ, ਰਜਿੰਦਰ ਸਿੰਘ ਡੰਗ, ਭੁਪਿੰਦਰ ਸਿੰਘ ਜੁਨੇਜਾ, ਸਰਬਜੀਤ ਸਿੰਘ ਦਸਮੇਸ਼ ਪੰਪ ਵਾਲੇ, ਮਨਜੀਤ ਸਿੰਘ ਨਾਟੀ, ਸੁਰਿੰਦਰਪਾਲ ਸਿੰਘ ਬੁਤੀਆਣੀ, ਹਰਪਾਲ ਸਿੰਘ ਖਾਲਸਾ ਮਹਿੰਦਰ ਸਿੰਘ ਡੰਗ, ਹਰਮੀਤ ਸਿੰਘ ਡੰਗ, ਗੁਰਬਚਨ ਸਿੰਘ, ਅਤੱਰ ਸਿੰਘ ਮੱਕੜ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਪਹਿਲਗਾਮ ਵਿਚਲਾ ਹਮਲਾ ਪੂਰੇ ਦੇਸ਼ 'ਤੇ ਹਮਲਾ : ਜਗਜੀਤ ਅਰੋੜਾ



ਲੁਧਿਆਣਾ, 30 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਸਾਬਕਾ ਸੈਨਿਕ ਵੈਲਫੇਅਰ ਸੁਸਾਇਟੀ ਪੰਜਾਬ ਦੇ ਚੇਅਰਮੈਨ ਕੈਪਟਨ ਮਲਕੀਤ ਸਿੰਘ ਵਾਲੀਆ, ਪੰਜਾਬ ਇਕਾਈ ਦੇ ਚੀਫ ਅਡਵਾਈਜਰ ਡਿਫੈਂਸ ਵੈਟਨਰਜ ਆਰਗੇਨਾਈਜੇਸ਼ਨ ਜਗਜੀਤ ਸਿੰਘ ਅਰੋੜਾ ਅਤੇ ਹੋਰਾਂ ਵੱਲੋਂ ਪਹਿਲਗਾਮ ਕਤਲੇਆਮ ਦੇ ਮਾਮਲੇ ਵਿੱਚ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰ ਅਰੋੜਾ ਨੇ ਆਖਿਆ ਕਿ ਇਹ ਹਮਲਾ ਪੂਰੇ ਦੇਸ਼ ਤੇ ਹਮਲਾ ਹੈ ਅਤੇ ਹਮਲਾਵਰਾਂ ਵੱਲੋਂ ਧਰਮ ਪੁੱਛ ਕੇ ਕਤਲ ਕਰਨਾ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਮ ਕਰਨ ਦੀ ਡੂੰਘੀ ਸਾਜਿਸ਼ ਕਹੀ ਜਾ ਸਕਦੀ ਹੈ। ਉਨ੍ਹਾਂ ਮੰਗ ਕੀਤੀ ਕਿ ਹਮਲਾਵਰਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ। ਬੁਲਾਰਿਆਂ ਨੇ ਇਸ ਹਮਲੇ ਦੌਰਾਨ ਜਖਮੀ ਹੋਏ ਵਿਅਕਤੀਆਂ ਦੀ ਤੰਦਰੁਸਤੀ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ ਅਤੇ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਸੋਂ ਮੰਗ ਕੀਤੀ ਕਿ ਪੀੜਤ ਸੈਲਾਨੀਆਂ ਨੂੰ ਇਨਸਾਫ ਦਿਵਾਇਆ ਜਾਵੇ। ਇਸ ਮੌਕੇ ਸੂਬੇਦਾਰ ਮੇਜਰ ਰਘਬੀਰ ਸਿੰਘ, ਮਨਜੀਤ ਸਿੰਘ, ਕਰਮਜੀਤ ਸਿੰਘ, ਜਿੰਦਰ ਸਿੰਘ ਅਤੇ ਜਗਦੇਵ ਸਿੰਘ ਭੁੱਲਰ (ਚਾਰੇ ਹੌਲਦਾਰ) ਆਦਿ ਵੀ ਮੌਜੂਦ ਸਨ।

# ਡਾ. ਓਬਰਾਏ 'ਪੰਜਾਬ ਦੇ ਰਤਨ' ਪੁਰਸਕਾਰ ਨਾਲ ਸਨਮਾਨਤ




ਲੁਧਿਆਣਾ, 30 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਡਾ. ਡੀ.ਐਨ. ਕੋਟਨੀਸ ਐਕਿਊਪੰਕਚਰ ਹਸਪਤਾਲ ਦੀ ਅਗਵਾਈ ਹੇਠ ਹਸਪਤਾਲ ਦੇ ਅਹਾਤੇ ਵਿੱਚ ਚਲਾਏ ਜਾ ਰਹੇ ਮੁਫਤ ਸਿਲਾਈ ਅਤੇ ਕਢਾਈ ਕੇਂਦਰ ਦੇ 6 ਮਹੀਨਿਆਂ ਦੇ ਡਿਪਲੋਮਾ ਕੋਰਸ ਦੇ ਪੂਰਾ ਹੋਣ 'ਤੇ ਜਾਗ੍ਰਿਤੀ ਲਹਿਰ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਗੁਰੂ ਨਾਨਕ ਭਵਨ ਵਿਖੇ ਇੱਕ ਸਰਟੀਫਿਕੇਟ ਵੰਡ ਸਮਾਰੋਹ ਦਾ ਆਯੋਜਨ ਕੀਤਾ। ਮੁੱਖ ਮਹਿਮਾਨ ਵਜੋਂ ਪਹੁੰਚੇ ਟਰੱਸਟ ਦੇ ਮੁਖੀ ਡਾ. ਐਸ.ਪੀ. ਸਿੰਘ ਓਬਰਾਏ ਵੱਲੋਂ 25 ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਦੌਰਾਨ ਹਸਪਤਾਲ ਡਾਇਰੈਕਟਰ ਡਾ. ਇੰਦਰਜੀਤ ਸਿੰਘ ਢੀਂਗਰਾ, ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ, ਦਰਸ਼ਨ ਲਾਲ ਬਵੇਜਾ, ਗੌਤਮ ਜਲੰਧਰੀ, ਇਕਬਾਲ ਸਿੰਘ ਗਿੱਲ ਆਈਪੀਐਸ, ਰਮਿੰਦਰ ਸਿੰਘ ਆਈਏਐਸ, ਜਸਵੰਤ ਸਿੰਘ ਛਾਪਾ, ਅਸ਼ੋਕ ਥਾਪਰ, ਰਾਜੇਸ ਮਹਿਰਾ ਐਡਵੋਕੇਟ ਆਦਿ ਵੀ ਮੌਜੂਦ ਸਨ। ਡਾ. ਇੰਦਰਜੀਤ ਸਿੰਘ ਨੇ ਕਿਹਾ ਕਿ ਟਰੱਸਟ ਦੇਸ ਵਿੱਚ ਹੀ ਨਹੀਂ ਸਗੋਂ ਵਿਦੇਸਾਂ ਵਿੱਚ ਵੀ ਮਨੁੱਖਤਾ ਦੀ ਸੇਵਾ ਲਈ ਕੰਮ ਕਰ ਰਿਹਾ ਹੈ। ਸ਼੍ਰੀ ਬਾਵਾ ਨੇ ਵੀ ਟਰੱਸਟ ਦੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸੰਸਥਾ ਨੇ ਡਾ. ਐਸ.ਪੀ. ਸਿੰਘ ਓਬਰਾਏ ਨੂੰ ਪੰਜਾਬ ਦੇ ਰਤਨ ਪੁਰਸਕਾਰ, ਦਰਸਨ ਲਾਲ ਬਾਵੇਜਾ ਨੂੰ ਗਊ ਸੇਵਕ ਪੁਰਸਕਾਰ, ਰੁਚੀ ਬਾਵਾ ਨੂੰ ਮਹਿਲਾ ਸਸ਼ਕਤੀਕਰਨ ਪੁਰਸਕਾਰ, ਰਵਿੰਦਰ ਸਯਾਨ ਨੂੰ ਲਾਈਫ ਟਾਈਮ ਅਚੀਵਮੈਂਟ ਪੁਰਸਕਾਰ, ਸਿੱਖਿਆ ਸਾਸਤਰੀ ਦਲਵਿੰਦਰ ਸਿੰਘ ਬੇਦੀ ਅਤੇ ਸੁਕਰਮਾ ਖੁੱਲਰ ਨੂੰ ਪਕਸੀ ਸੇਵਕ ਪੁਰਸਕਾਰ ਨਾਲ ਸਨਮਾਨਿਤ ਕੀਤਾ। ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ।

ਇਸ ਮੌਕੇ ਇੰਚਾਰਜ ਮਨਪ੍ਰੀਤ ਕੌਰ, ਮਨੀਸਾ, ਗਗਨ ਭਾਟੀਆ, ਡਾ. ਰਘਬੀਰ ਸਿੰਘ, ਮੀਨੂੰ ਸਰਮਾ, ਰਿਤੂ ਅਤੇ ਤਰਸੇਮ ਸਿੰਘ ਆਦਿ ਵੀ ਹਾਜ਼ਰ ਸਨ।

# ਨਾਰੀ ਏਕਤਾ ਆਸਰਾ ਸੰਸਥਾ ਨੇ ਲੋੜਵੰਦ ਔਰਤਾਂ ਨੂੰ ਰਾਸ਼ਨ ਵੰਡਿਆ



ਲੁਧਿਆਣਾ, 30 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਨਾਰੀ ਏਕਤਾ ਆਸਰਾ ਸੰਸਥਾ ਵੱਲੋਂ ਹਰ ਮਹੀਨੇ ਵਾਂਗ ਇਸ ਵਾਰ ਵੀ ਰਾਸ਼ਨ ਵੰਡ ਸਮਾਰੋਹ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਕਾਲ ਸਾਹਿਬ ਪ੍ਰਤਾਪ ਨਗਰ ਵਿਖੇ ਸੰਸਥਾ ਦੇ ਮੁੱਖ ਸਲਾਹਕਾਰ ਅਤੇ ਕੌਂਸਲਰ ਸੋਹਣ ਸਿੰਘ ਗੋਗਾ ਦੀ ਦੇਖਰੇਖ ਹੇਠ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸਾਮਲ ਹੋਏ ਗੁਰਵਿੰਦਰ ਸਿੰਘ ਗਿੰਦਾ ਨੇ ਕਿਹਾ ਕਿ ਕੁੜੀਆਂ ਨੂੰ ਸਮਾਜ ਅੰਦਰ ਮੁੰਡਿਆਂ ਦੇ ਬਰਾਬਰ ਦਾ ਮਾਣ ਤੇ ਸਨਮਾਨ ਦਿਵਾਉਣ ਅਤੇ ਮਨੁੱਖਤਾ ਦੇ ਭਲੇ ਲਈ ਨਾਰੀ ਏਕਤਾ ਆਸਰਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ ਬਹੁਤ ਸ਼ਲਾਘਾਯੋਗ ਹਨ। ਕਰਮਜੀਤ ਸਿੰਘ ਪਨੇਸਰ ਨੇ ਕਿਹਾ ਕਿ ਸੰਸਥਾ ਦੇ ਮੁੱਖ ਸਲਾਹਕਾਰ ਸੋਹਣ ਸਿੰਘ ਗੋਗਾ ਅਤੇ ਚੇਅਰਪਰਸਨ ਕੁਲਵਿੰਦਰ ਕੌਰ ਗੋਗਾ ਦੇ ਦਿਸਾ ਨਿਰਦੇਸ ਹੇਠ ਟੀਮ ਗੋਗਾ ਵੱਲੋਂ ਨਿਭਾਈਆਂ ਜਾ ਰਹੀਆ ਸੇਵਾਵਾਂ ਲਈ ਸੰਸਥਾ ਦੇ ਸਾਰੇ ਮੈਂਬਰ ਵਧਾਈ ਦੇ ਪਾਤਰ ਹਨ। ਇਸ ਮੌਕੇ ਸੰਸਥਾ ਦੀ ਐਕਟਿੰਗ ਪ੍ਰਧਾਨ ਕਮਲੇਸ ਜਾਗੜਾ ਅਤੇ ਚੇਅਰਪਰਸਨ ਕੁਲਵਿੰਦਰ ਕੌਰ ਗੋਗਾ ਨੇ ਆਈਆਂ ਸਖਸੀਅਤਾਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਸੁਖਵਿੰਦਰ ਸਿੰਘ ਦਹੇਲਾ, ਹਰਦੀਪ ਸਿੰਘ ਗੁਰੂ, ਸਵਤਾਰ ਸਿੰਘ ਦਿਉਸੀ, ਲੱਖਾ ਸਿੰਘ, ਸਰੂਪ ਸਿੰਘ ਮਠਾੜੂ, ਭਾਈ ਕੁਲਬੀਰ ਸਿੰਘ, ਸੋਨੂੰ ਮਠਾੜੂ, ਪ੍ਰੇਮ ਸਿੰਘ ਪੀਐਸ, ਕੁਲਵਿੰਦਰ ਸਿੰਘ, ਜਸਵੰਤ ਸਿੰਘ ਆਦਿ ਵੀ ਇਸ ਮੌਕੇ ਹਾਜਰ ਸਨ।

# ਈਸਟਵੁੱਡ ਇੰਟਰਨੈਸ਼ਨਲ ਸਕੂਲ 'ਚ ਮਜ਼ਦੂਰ ਦਿਵਸ ਮਨਾਇਆ



ਮੁੱਲਾਂਪੁਰ ਦਾਖਾ, 30 ਅਪ੍ਰੈਲ (ਦਵਿੰਦਰ ਸਿੰਘ ਲੰਮੇਂ) : ਈਸਟਵੁੱਡ ਇੰਟਰਨੈਸ਼ਨਲ ਸਕੂਲ ਮੁੱਲਾਂਪੁਰ ਵਿਖੇ ਪ੍ਰਧਾਨ ਦਮਨਜੀਤ ਸਿੰਘ ਮੋਹੀ ਦੀ ਪ੍ਰਧਾਨਗੀ ਅਤੇ ਪ੍ਰਿੰਸੀਪਲ ਡਾ. ਅਮਨਦੀਪ ਕੌਰ ਬਖ਼ਸ਼ੀ ਦੀ ਅਗੁਵਾਈ ਹੇਠ ਮਜ਼ਦੂਰ ਦਿਵਸ ਮਨਾਇਆ ਗਿਆ। ਜਿਸਦੀ ਸ਼ੁਰੂਆਤ 'ਜੋ ਮਾਂਗੇ ਠਾਕੁਰ ਅਪੁਨੇ ਤੇ' ਸ਼ਬਦ ਨਾਲ ਕੀਤੀ ਗਈ। ਇਸ ਉਪਰੰਤ ਬਾਰਵੀਂ ਜਮਾਤ ਦੀ ਵਿਦਿਆਰਥਣ ਜੈਸਮੀਨ ਕੌਰ ਨੇ ਆਪਣੇ ਭਾਸ਼ਣ ਵਿੱਚ ਮਜ਼ਦੂਰ ਦਿਵਸ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ । ਇਸ ਮੌਕੇ ਗਿਆਰਵੀਂ ਜਮਾਤ ਦੀ ਵਿਦਿਆਰਥਣ ਅਰਮਨਪ੍ਰੀਤ ਕੌਰ ਨੇ ਪੰਜਾਬੀ ਕਵਿਤਾ 'ਵਸਦੇ ਰਹਿਣ ਸਾਰੇ ਕਿਰਤੀ' ਪੇਸ਼ ਕੀਤੀ ਅਤੇ ਪਰਮਿੰਦਰ ਕੌਰ ਅਤੇ ਉਸਦੇ ਸਾਥੀਆਂ ਨੇ 'ਮਜ਼ਦੂਰ ਦਿਵਸ' 'ਤੇ ਵਿਸ਼ੇਸ ਨਾਟਕ ਪੇਸ਼ ਕੀਤਾ, ਜਿਹੜਾ ਕਿ ਕਾਬਲੇ-ਤਾਰੀਫ ਸੀ । ਇਸ ਮੌਕੇ ਵਿਦਿਆਰਥੀਆਂ ਨੇ ਸਕੂਲ ਦੇ ਬੱਸ ਚਾਲਕਾਂ, ਡਰਾਈਵਰਾਂ ਅਤੇ ਦਰਜਾ ਚਾਰ ਕਰਮਚਾਰੀਆਂ ਨੂੰ ਫੁੱਲਾਂ ਦੇ ਬੁੱਕੇ ਭੇਂਟ ਕਰਕੇ ਉਨ੍ਹਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਪ੍ਰਧਾਨ ਦਮਨਜੀਤ ਸਿੰਘ ਮੋਹੀ ਅਤੇ ਪ੍ਰਿੰਸੀਪਲ ਡਾ.ਅਮਨਦੀਪ ਕੌਰ ਬਖ਼ਸ਼ੀ ਨੇ ਉਹਨਾਂ ਦੇ ਕੰਮ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਇਸ ਦਿਵਸ ਦੀ ਵਧਾਈ ਦਿੱਤੀ ਅਤੇ ਸਤਿਕਾਰ ਵਜੋਂ ਤੋਹਫ਼ੇ ਭੇਂਟ ਕੀਤੇ । ਇਸ ਮੌਕੇ ਉਹਨਾਂ ਕਿਹਾ ਕਿ ਕਿਸੇ ਵੀ ਸੰਸਥਾ ਦੀ ਕਾਮਯਾਬੀ ਉਸਦੇ ਕਾਮਿਆਂ 'ਤੇ ਨਿਰਭਰ ਕਰਦੀ ਹੈ। ਉਹਨਾਂ ਕਿਹਾ ਕਿ ਸਾਨੂੰ ਇਮਾਨਦਾਰੀ ਤੇ ਮਿਹਨਤ ਨਾਲ ਕੰਮ ਕਰਦਿਆਂ ਅੱਗੇ ਵੱਧਣਾ ਚਾਹੀਦਾ ਹੈ।

# ਜਸਵਿੰਦਰ ਸਿੰਘ ਹੈਪੀ ਨੇ ਨਗਰ ਕੌਂਸਲ ਪ੍ਰਧਾਨ ਦਾ ਅਹੁਦਾ ਸੰਭਾਲਿਆ

## ਪ੍ਰਧਾਨ ਰਾਜਾ ਵੜਿੰਗ ਅਤੇ ਕੈਪਟਨ ਸੰਦੀਪ ਸੰਧੂ ਹਾਜ਼ਰ ਰਹੇ



ਮੁੱਲਾਂਪੁਰ ਦਾਖਾ, 30 ਅਪ੍ਰੈਲ (ਦਵਿੰਦਰ ਸਿੰਘ ਲੰਮੇਂ) : ਨਗਰ ਕੌਂਸਲ ਮੁੱਲਾਂਪੁਰ ਦਾਖਾ ਵਿਖੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਉਣ ਉਪਰੰਤ ਕੌਂਸਲਰ ਜਸਵਿੰਦਰ ਸਿੰਘ ਹੈਪੀ ਨੇ ਨਗਰ ਕੌਂਸਲ ਪ੍ਰਧਾਨ ਅਤੇ ਕੌਂਸਲਰ ਬਿਮਲਾ ਰਾਣੀ ਨੇ ਉੱਪ ਪ੍ਰਧਾਨ ਦਾ ਅਹੁਦਾ ਸੰਭਾਲ ਲਿਆ। ਇਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜਨਰਲ ਸਕੱਤਰ ਪੰਜਾਬ ਕਾਂਗਰਸ ਕੈਪਟਨ ਸੰਦੀਪ ਸੰਧੂ ਅਤੇ ਸਾਬਕਾ ਐਮ.ਪੀ ਮੁਹੰਮਦ ਸਦੀਕ ਹਾਜਰ ਰਹੇ।

ਭਾਵੇਂ ਮਾਣਯੋਗ ਹਾਈਕੋਰਟ ਦੇ ਹੁਕਮਾਂ 'ਤੇ 19 ਮਾਰਚ 2025 ਨੂੰ ਪਧਾਨ ਅਤੇ ਉੱਪ ਪ੍ਰਧਾਨ ਦੀ ਚੋਣ ਅਤੇ ਕੌਂਸਲਰਾਂ ਨੂੰ ਸੌਂਹ ਚੁੱਕਵਾ ਦਿੱਤੀ ਗਈ ਸੀ ਪਰ ਬਤੌਰ ਪ੍ਰਧਾਨ ਅਹੁਦਾ ਸੰਭਾਲਣ ਲਈ ਵੀ ਮਾਣਯੋਗ ਹਾਈਕੋਰਟ ਦਾ ਸਹਾਰਾ ਲੈਣਾ ਪਿਆ। ਇਸ ਮੌਕੇ ਇੱਕ ਨਵੀਂ ਮਿਸਾਲ ਕਾਇਮ ਕਰਦਿਆਂ ਅਤੇ ਭਾਈਚਾਰਕ ਸਾਂਝ ਨੂੰ ਹੋਰ ਮਜਬੂਤ ਕਰਨ ਲਈ ਹਿੰਦੂ, ਮੁਸਲਿਮ, ਸਿੱਖ ਅਤੇ ਇਸਾਈ ਭਾਈਚਾਰੇ ਦੇ ਧਾਰਮਿਕ ਆਗੂਆਂ ਦਾ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਪ੍ਰਧਾਨ ਜਸਵਿੰਦਰ ਸਿੰਘ ਹੈਪੀ ਨੇ ਜਿੱਥੇ ਉੱਕਤ ਆਗੂਆਂ ਅਤੇ ਸ਼ਹਿਰੀ ਵੋਟਰਾਂ ਦਾ ਧੰਨਵਾਦ ਕੀਤਾ ਉੱਥੇ ਹੀ ਉਹਨਾਂ ਵਿਸ਼ਵਾਸ਼ ਦਿਵਾਇਆ ਕਿ ਬਿਨਾ ਕਿਸੇ ਭੇਦਭਾਵ ਤੋਂ ਸ਼ਹਿਰ ਦੇ ਸਮੂਹ 13 ਵਾਰਡਾਂ ਦੇ ਵਿਕਾਸ ਕਾਰਜ ਕੀਤੇ ਜਾਣਗੇ। ਇਸ ਮੌਕੇ ਕੈਪਟਨ ਸੰਦੀਪ ਸੰਧੂ ਨੇ ਸ਼ਹਿਰ ਵਾਸੀਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਅਮਰਿੰਦਰ ਸਿੰਘ ਰਾਜਾ ਵੜਿੰਗ ਰਾਹੀਂ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਹੰਬਲਾ ਮਾਰਦੇ ਰਹਿਣਗੇ। ਇਸ ਮੌਕੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਡਾ. ਅਮਰਜੀਤ ਸਿੰਘ ਮੁੱਲਾਂਪੁਰ, ਸਾਬਕਾ ਪ੍ਰਧਾਨ ਪਰੇਮ ਇੰਦਰ ਕੁਮਾਰ ਗੋਗਾ ਅਤੇ ਕੌਂਸਲਰ ਤੇਲੂ ਰਾਮ ਬਾਂਸਲ ਨੇ ਵੀ ਸੰਬੋਧਨ ਕੀਤਾ।

ਸਮਾਗਮ ਵਿੱਚ ਈ.ਓ ਚਰਨਜੀਤ ਸਿੰਘ, ਮਨਪ੍ਰੀਤ ਸਿੰਘ ਈਸੇਵਾਲ, ਕੌਂਸਲਰ ਅਮਨ ਮੁੱਲਾਂਪੁਰ, ਇੰਦਰਪਾਲ ਸਿੰਘ, ਤਰਸੇਮ ਕੌਰ ਮਾਨ, ਸਰਬਜੀਤ ਕੌਰ, ਬਲਵੀਰ ਚੰਦ ਬੀਰਾ, ਬਲਾਕ ਪ੍ਰਧਾਨ ਪ੍ਰੇਮ ਸਿੰਘ ਸੇਖੋਂ, ਪ੍ਰਧਾਨ ਸੁਖਵਿੰਦਰ ਪਮਾਲੀ, ਕਮਲਜੀਤ ਸਿੰਘ ਬਿੱਟੂ, ਕਰਨੈਲ ਗਿੱਲ, ਚਰਨਜੀਤ ਅਰੋੜਾ, ਹਰਵਿੰਦਰ ਕੌਰ ਸਿੱਧੂ, ਸੁਰਿੰਦਰ ਸਿੰਘ ਕੇ.ਡੀ, ਬਜਰੰਗ ਬਾਂਸਲ, ਰਾਕੇਸ਼ ਗਰਗ, ਤਰੁਣ ਜਿੰਦਲ, ਲਖਵਿੰਦਰ ਸਿੰਘ, ਹਰੀਸ਼ ਬਾਂਸਲ , ਨਰੇਸ਼ ਜਿੰਦਲ ਅਤੇ ਨਵਦੀਪ ਸਿੰਘ ਆਦਿ ਹਾਜ਼ਰ ਸਨ।

# ਮੰਤਰੀ ਮੁੰਡੀਆਂ ਨੇ ਚਾਰ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚਾ ਵਿਕਾਸ ਪ੍ਰੋਜੈਕਟ ਕੀਤੇ ਸਮਰਪਿਤ



ਲੁਧਿਆਣਾ, 30 ਅਪ੍ਰੈਲ (ਵਿਸ਼ਾਲ ਸ਼ਰਮਾ/ਕੁਲਦੀਪ ਸਿੰਘ ਕੁਹਾੜਾ) : ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਬੁੱਧਵਾਰ ਨੂੰ ਸਾਹਨੇਵਾਲ ਹਲਕੇ ਦੇ ਚਾਰ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ 71.66 ਲੱਖ ਰੁਪਏ ਦੇ ਬੁਨਿਆਦੀ ਢਾਂਚਾ ਵਿਕਾਸ ਪ੍ਰੋਜੈਕਟ ਸਮਰਪਿਤ ਕੀਤੇ। ਸਰਕਾਰੀ ਪ੍ਰਾਇਮਰੀ ਸਕੂਲ (ਜੀ.ਪੀ.ਐਸ) ਰਾਮਗੜ੍ਹ, ਕੋਹਾੜਾ, ਭਾਗਪੁਰ ਅਤੇ ਸਰਕਾਰੀ ਹਾਈ ਸਕੂਲ (ਜੀ.ਐਚ.ਐਸ), ਭਾਗਪੁਰ ਵਿਖੇ ਉਦਘਾਟਨ ਕੀਤੇ ਗਏ ਪ੍ਰੋਜੈਕਟ ਸੂਬੇ ਭਰ ਵਿੱਚ ਸਿੱਖਿਆ ਵਿੱਚ ਕ੍ਰਾਂਤੀ ਲਿਆਉਣ ਲਈ ਪੰਜਾਬ ਸਿੱਖਿਆ ਕ੍ਰਾਂਤੀ ਪਹਿਲਕਦਮੀ ਵਿੱਚ ਇੱਕ ਮਹੱਤਵਪੂਰਨ ਕਦਮ ਹਨ। ਜੀ.ਪੀ.ਐਸ ਰਾਮਗੜ੍ਹ ਵਿੱਚ 23.66 ਲੱਖ ਰੁਪਏ ਦੀ ਲਾਗਤ ਨਾਲ ਤਿੰਨ ਸਮਾਰਟ ਕਲਾਸਰੂਮ ਬਣਾਏ ਗਏ। ਇੱਕ ਆਧੁਨਿਕ ਅਤੇ ਸੁਰੱਖਿਅਤ ਸਿੱਖਣ ਵਾਤਾਵਰਣ ਨੂੰ ਉਤਸ਼ਾਹਿਤ ਕੀਤਾ ਗਿਆ।

ਇਸੇ ਤਰ੍ਹਾਂ ਜੀ.ਪੀ.ਐਸ ਕੋਹਾੜਾ ਵਿੱਚ 15 ਲੱਖ ਰੁਪਏ ਦੀ ਲਾਗਤ ਨਾਲ ਦੋ ਸਮਾਰਟ ਕਲਾਸਰੂਮ ਬਣਾਏ ਗਏ। ਜੀ.ਪੀ.ਐਸ ਭਾਗਪੁਰ ਵਿੱਚ 30 ਲੱਖ ਰੁਪਏ ਦੀ ਲਾਗਤ ਨਾਲ ਚਾਰ ਸਮਾਰਟ ਕਲਾਸਰੂਮ ਬਣਾਏ ਗਏ ਅਤੇ ਜੀ.ਐਚ.ਐਸ ਭਾਗਪੁਰ ਵਿੱਚ 3 ਲੱਖ ਰੁਪਏ ਦੀ ਲਾਗਤ ਨਾਲ ਇੱਕ ਚਾਰਦੀਵਾਰੀ ਬਣਾਈ ਗਈ। ਉਦਘਾਟਨ ਸਮਾਰੋਹਾਂ ਦੌਰਾਨ ਮੰਤਰੀ ਮੁੰਡੀਆਂ ਨੇ ਪੰਜਾਬ ਸਿੱਖਿਆ ਕ੍ਰਾਂਤੀ ਪਹਿਲਕਦਮੀ ਤਹਿਤ 2,000 ਕਰੋੜ ਰੁਪਏ ਦੇ ਨਿਵੇਸ਼ ਰਾਹੀਂ ਸਿੱਖਿਆ ਵਿੱਚ ਕ੍ਰਾਂਤੀ ਲਿਆਉਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕੀਤਾ। ਇਹ ਪ੍ਰੋਗਰਾਮ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ 'ਤੇ ਕੇਂਦ੍ਰਤ ਕਰਦਾ ਹੈ ਜਿਸ ਵਿੱਚ ਆਧੁਨਿਕ ਸਕੂਲ ਇਮਾਰਤਾਂ, ਸਮਾਰਟ ਕਲਾਸਰੂਮ, ਅੱਪਡੇਟ ਕੀਤੇ ਫਰਨੀਚਰ, ਅਤਿ-ਆਧੁਨਿਕ ਪ੍ਰਯੋਗਸ਼ਾਲਾਵਾਂ, ਸੁਰੱਖਿਅਤ ਚਾਰਦੀਵਾਰੀਆਂ, ਸਾਫ਼ ਪੀਣ ਵਾਲਾ ਪਾਣੀ ਅਤੇ ਚੰਗੀ ਤਰ੍ਹਾਂ ਲੈਸ ਲਾਇਬ੍ਰੇਰੀਆਂ ਸ਼ਾਮਲ ਹਨ। ਮੁੰਡੀਆਂ ਨੇ ਆਮ ਆਦਮੀ ਪਾਰਟੀ (ਆਪ) ਦੇ 2022 ਦੇ ਚੋਣ ਵਾਅਦੇ 'ਤੇ ਜ਼ੋਰ ਦਿੰਦੇ ਹੋਏ ਪੰਜਾਬ ਦੇ ਸਿੱਖਿਆ ਅਤੇ ਸਿਹਤ ਖੇਤਰਾਂ ਨੂੰ ਸੁਧਾਰਨ ਦਾ ਵਾਅਦਾ ਕੀਤਾ ਇਹ ਕਹਿੰਦੇ ਹੋਏ ਅਸੀਂ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਅਤੇ ਉੱਚ-ਪੱਧਰੀ ਸਿਖਲਾਈ ਦਾ ਵਾਅਦਾ ਕੀਤਾ ਸੀ। ਅੱਜ ਅਸੀਂ ਉਸ ਵਚਨਬੱਧਤਾ ਨੂੰ ਪੂਰਾ ਕਰ ਰਹੇ ਹਾਂ।

ਉਨ੍ਹਾਂ ਕਿਹਾ ਕਿ 56,700 ਸਰਕਾਰੀ ਨੌਕਰੀਆਂ ਪਾਰਦਰਸ਼ੀ ਢੰਗ ਨਾਲ ਦਿੱਤੀਆਂ ਗਈਆਂ ਹਨ ਜੋ ਯੋਗਤਾ-ਅਧਾਰਤ ਮੌਕੇ ਯਕੀਨੀ ਬਣਾਉਂਦੀਆਂ ਹਨ। ਪੰਜਾਬ ਦੇ 20,000 ਸਰਕਾਰੀ ਸਕੂਲਾਂ ਵਿੱਚ ਲਗਭਗ 28 ਲੱਖ ਵਿਦਿਆਰਥੀਆਂ ਦੇ ਦਾਖਲੇ ਦੇ ਨਾਲ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪਹਿਲਾਂ ਘਟੀਆ ਹਾਲਤਾਂ ਵਿੱਚ ਪੜ੍ਹਦੇ ਸਨ, ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਮੁੱਖ ਪ੍ਰਾਪਤੀਆਂ ਵਿੱਚ ਡਿਜੀਟਲ ਸਿਖਲਾਈ ਲਈ 17,000 ਸਕੂਲਾਂ ਨੂੰ ਵਾਈ-ਫਾਈ ਕਨੈਕਟੀਵਿਟੀ ਪ੍ਰਦਾਨ ਕਰਨਾ ਅਤੇ ਗੁਣਵੱਤਾ ਵਾਲੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਨਵੇਂ ਅਧਿਆਪਕਾਂ ਦੀ ਭਰਤੀ ਕਰਨਾ ਸ਼ਾਮਲ ਹੈ।

# ਡੀ.ਸੀ. ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਬਾਲ ਮਜ਼ਦੂਰਾਂ ਦੀ ਸਿੱਖਿਆ ਦਾ ਮੁੱਦਾ ਚੁੱਕਿਆ



ਲੁਧਿਆਣਾ, 30 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਸਥਾਨਕ ਬਚਤ ਭਵਨ ਵਿਖੇ ਸ਼ਹਿਰ ਦੀਆਂ ਐਨਜੀਓਜ ਦੀ ਇੱਕ ਮੀਟਿੰਗ ਡਿਪਟੀ ਕਮਿਸਨਰ ਹਿਮਾਂਸ਼ੂ ਜੈਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਈ ਦਰਜ਼ਨ ਜਥੇਬੰਦੀਆਂ ਦੇ ਵੱਖ-ਵੱਖ ਨੁਮਾਇੰਦੇ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਡਾ ਸੁਰਜੀਤ ਸਿੰਘ ਡਾਕਟਰ ਅੰਬੇਦਕਰ ਨਗਰ ਵੈਲਫੇਅਰ ਸੋਸਾਇਟੀ ਦੇ ਚੇਅਰਮੈਨ ਵਜੋਂ ਅਤੇ ਵਿਮੈਨ ਤੇ ਚਿਲਡਰਨ ਵੈਲਫੇਅਰ ਸੋਸਾਇਟੀ ਦੇ ਸੈਕਟਰੀ ਵਜੋਂ ਸ਼ਾਮਿਲ ਹੋਏ। ਉਨ੍ਹਾਂ ਬਾਲ ਮਜ਼ਦੂਰਾਂ ਦੀ ਸਿੱਖਿਆ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਵੱਖ ਵੱਖ ਥਾਂਵਾਂ ਤੇ ਮਜ਼ਦੂਰੀ ਕਰਦੇ ਬਾਲ ਮਜਦੂਰਾਂ ਦੀ ਪੜ੍ਹਾਈ ਦਾ ਕੋਈ ਨਾ ਕੋਈ ਇੰਤਜਾਮ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪਹਿਲਾਂ ਕੇਂਦਰ ਸਰਕਾਰ ਇਹਨਾਂ ਬਾਲ ਮਜਦੂਰਾਂ ਨੂੰ ਪੜਾਉਣ ਲਈ ਐਨਸੀਐਲਪੀ ਸਕੀਮ ਰਾਹੀਂ ਚੰਗਾ ਕੰਮ ਕਰ ਰਹੀ ਸੀ। ਇਸ ਕੌਮੀ ਬਾਲ ਮਜ਼ਦੂਰ ਪ੍ਰੋਜੈਕਟ ਰਾਹੀਂ ਬੱਚਿਆਂ ਨੂੰ ਮੁਫਤ ਸਿੱਖਿਆ, ਮੁਫਤ ਵਰਦੀਆਂ, ਮੁਫਤ ਖਾਣਾ, ਮੁਫਤ ਕਿਤਾਬਾਂ ਕਾਪੀਆਂ ਆਦਿ ਦਿੱਤਾ ਜਾਂਦਾ ਸੀ ਪ੍ਰੰਤੂ ਕੁਝ ਸਾਲ ਪਹਿਲਾਂ ਸਰਕਾਰ ਨੇ ਇਹ ਸਕੀਮ ਬੰਦ ਕਰ ਦਿੱਤੀ ਜਿਸ ਕਾਰਣ ਜਿਹੜੇ ਬਾਲ ਮਜਦੂਰਾਂ ਨੂੰ ਇਨਾਂ ਸਕੂਲਾਂ ਚ ਪੜ੍ਹਾਉਣ ਦੇ ਲਈ ਅਧਿਆਪਕਾਂ ਨੇ ਘਰਾਂ ਵਿੱਚੋਂ ਲਿਆ ਕੇ ਸਿੱਖਿਆ ਨਾਲ ਜੋੜਿਆ ਸੀ ਉਹ ਬਾਲ ਮੁੜ ਮਜਦੂਰੀ ਕਰਨ ਲੱਗ ਪਏ ਹਨ ਜੋ ਕਿ ਸਾਡੇ ਸਮਾਜ ਦੇ ਮੱਥੇ ਉੱਤੇ ਇੱਕ ਵੱਡਾ ਕਲੰਕ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਅਤੇ ਰਾਜ ਸਰਕਾਰਾਂ ਇਹਨਾਂ ਬਾਲ ਮਜਦੂਰਾਂ ਦਾ ਜੀਵਨ ਪੱਧਰ ਉੱਚਾ ਚੱਕਣ ਲਈ ਵਿਸੇਸ਼ ਧਿਆਨ ਦੇਣ। ਡਿਪਟੀ ਕਮਿਸਨਰ ਨੇ ਆਖਿਆ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇਗਾ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਫਿਰੋਜ਼ਪੁਰ ਜ਼ੋਨ ਦੇ ਸਕੱਤਰ ਅਵਤਾਰ ਸਿੰਘ ਸਾਬੂਆਣਾ ਨੂੰ ਸਦਮਾ



ਲੁਧਿਆਣਾ, 30 ਅਪ੍ਰੈਲ (ਕਰਨੈਲ ਸਿੰਘ ਐੱਮ.ਏ.) : ਫਿਰੋਜ਼ਪਰ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਫਿਰੋਜ਼ਪੁਰ ਜ਼ੋਨ ਦੇ ਸਕੱਤਰ ਅਵਤਾਰ ਸਿੰਘ ਸਾਬੂਆਣਾ ਨੂੰ ਉਸ ਸਮੇਂ ਸਦਮਾ ਲਗਾ ਜਦੋਂ ਉਹਨਾਂ ਦੇ ਪਿਤਾ ਸ੍ਰ: ਸਰਵਨ ਸਿੰਘ ਸਾਬੂਆਣਾ ਅੱਜ ਇਸ ਦੁਨੀਆਂ ਤੋਂ ਅਲਵਿਦਾ ਹੋ ਗਏ ਹਨ । ਉਹਨਾਂ ਦਾ ਅੰਤਿਮ ਸਸਕਾਰ ਕੀਤਾ ਗਿਆ । ਸ਼ਰਧਾ ਦੇ ਫੁੱਲ ਭੇਟ ਕਰਨ ਲਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਫਿਰੋਜ਼ਪੁਰ ਜ਼ੋਨ ਦੇ ਪ੍ਰਧਾਨ ਗੁਰਮੇਲ ਸਿੰਘ ਜੀਆ ਬੱਗਾ, ਸੁਰਜੀਤ ਸਿੰਘ ਫੌਜੀ, ਕੇਵਲ ਸਿੰਘ, ਸੁਖਜਿੰਦਰ ਸਿੰਘ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ ਆਗੂਆਂ ਨੇ ਸ਼ਰਧਾਂਜਲੀ ਦਿੱਤੀ।

# ਮੰਤਰੀ ਡਾ. ਰਵਜੋਤ ਵੱਲੋਂ ਚੱਲ ਰਹੇ ਵਿਕਾਸ ਕਾਰਜਾਂ ਦਾ ਵਿਧਾਇਕ ਗਿਆਸਪੁਰਾ ਨਾਲ ਵਿਚਾਰ ਵਟਾਂਦਰਾ



ਲੁਧਿਆਣਾ, 30 ਅਪ੍ਰੈਲ (ਵਿਸ਼ਾਲ ਸ਼ਰਮਾ/ਨਰਿੰਦਰ ਸ਼ਾਹਪੁਰ) : ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਬੁੱਧਵਾਰ ਨੂੰ ਦੋਰਾਹਾ ਵਿਖੇ ਵਿਧਾਨ ਸਭਾ ਹਲਕਾ ਪਾਇਲ ਦੇ ਵਿਧਾਇਕ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਦੋਰਾਹਾ ਨਗਰ ਕੌਂਸਲ ਦੇ ਪ੍ਰਧਾਨ ਸੁਦਰਸ਼ਨ ਸ਼ਰਮਾ ਨਾਲ ਪਾਇਲ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਮੀਟਿੰਗ ਕੀਤੀ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਵਿਧਾਇਕ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਦੋਰਾਹਾ ਨਗਰ ਕੌਂਸਲ ਦੇ ਪ੍ਰਧਾਨ ਸ੍ਰੀ ਸੁਦਰਸ਼ਨ ਸ਼ਰਮਾ ਨਾਲ ਹਲਕਾ ਪਾਇਲ ਦੇ ਚੱਲ ਰਹੇ ਵਿਕਾਸ ਕੰਮਾਂ ਬਾਰੇ ਬਹੁਤ ਹੀ ਵਿਸਥਾਰ ਨਾਲ ਵਿਚਾਰਾਂ ਹੋਈਆਂ ਹਨ। ਉਹਨਾਂ ਕਿਹਾ ਕਿ ਪਾਇਲ ਹਲਕੇ ਵਿੱਚ ਨਗਰ ਕੌਂਸਲ ਪਾਇਲ, ਨਗਰ ਕੌਂਸਲ ਦੋਰਾਹਾ ਅਤੇ ਨਗਰ ਪੰਚਾਇਤ ਮਲੌਦ ਹਨ। ਇਹਨਾਂ ਨਗਰ ਕੌਂਸਲਾਂ,ਕਮੇਟੀ ਵਿੱਚ ਕੁਝ ਮਸਲੇ ਹਨ ਜਿਨ੍ਹਾਂ ਵਿਚ ਪੀਣ ਵਾਲੇ ਪਾਣੀ ਦਾ ਮਸਲਾ ਹੈ ਬਾਰੇ ਗੱਲਬਾਤ ਹੋਈ ਹੈ ਜਿਸ ਦਾ ਕੁਝ ਕੰਮ ਵਿਧਾਇਕ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਕਰਵਾ ਵੀ ਲਿਆ ਗਿਆ ਹੈ ਅਤੇ ਕੁਝ ਕੰਮ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਜੋ ਬਕਾਇਆ ਕੰਮ ਰਹਿੰਦੇ ਹਨ ਉਨ੍ਹਾਂ ਲਈ ਫੰਡ ਮੁਹੱਈਆ ਕਰਵਾ ਕੇ ਪਾਣੀ ਦੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ। ਪੱਤਰਕਾਰਾਂ ਵੱਲੋਂ ਹਰਿਆਣੇ ਨੂੰ ਪਾਣੀ ਦੇਣ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਵੱਲੋਂ ਇਹ ਸਾਫ਼ ਕਰ ਦਿੱਤਾ ਗਿਆ ਹੈ ਕਿ ਕੇਂਦਰ ਸਰਕਾਰ ਸਾਡੇ ਨਾਲ ਚਾਲਾ ਖੇਡ ਰਿਹਾ ਹੈ। ਸਾਡੇ ਕੋਲ ਪਾਣੀ ਦੀ ਇੱਕ ਵੀ ਬੂੰਦ ਫਾਲਤੂ ਨਹੀਂ ਹੈ। ਇਸ ਲਈ ਅਸੀਂ ਹਰਿਆਣਾ ਜਾਂ ਕਿਸੇ ਹੋਰ ਸੂਬੇ ਨੂੰ ਪਾਣੀ ਨਹੀਂ ਦੇਵਾਂਗੇ। ਇਹ ਸਾਡਾ ਏਜੰਡਾ ਬਿਲਕੁਲ ਕਲੀਅਰ ਹੈ।

# ਰੁਖਸਤ 2025 GGNIMT ਵਿਖੇ ਦਿਲੋਂ ਵਿਦਾਇਗੀ



ਲੁਧਿਆਣਾ, 30 ਅਪ੍ਰੈਲ (ਵਿਸ਼ਾਲ ਸ਼ਰਮਾ) : ਗੁਜਰਾਂਵਾਲਾ ਗੁਰੂ ਨਾਨਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (GGNIMT) ਨੇ ਆਪਣੇ ਅੰਤਿਮ ਸਾਲ ਦੇ ਵਿਦਿਆਰਥੀਆਂ ਨੂੰ ਇੱਕ ਜੀਵੰਤ ਅਤੇ ਯਾਦਗਾਰੀ ਵਿਦਾਇਗੀ ਪਾਰਟੀ ਰਾਹੀਂ ਭਾਵੁਕ ਵਿਦਾਇਗੀ ਦਿੱਤੀ, ਜਿਸਦਾ ਸਿਰਲੇਖ 'ਰੁਖਸਤ 2025' ਰੱਖਿਆ ਗਿਆ।

ਇਸ ਸਮਾਗਮ ਵਿੱਚ ਬੀਬੀਏ, ਬੀ.ਕਾਮ (ਆਨਰਜ਼), ਬੀ.ਸੀ.ਏ, ਬੀ.ਐਚ.ਐਮ. ਸੀ.ਟੀ., ਬੀ.ਐਸ.ਸੀ. (ਫੈਸ਼ਨ ਡਿਜ਼ਾਈਨਿੰਗ), ਐਮ.ਸੀ.ਏ. ਅਤੇ ਐਮ.ਬੀ.ਏ. ਸਮੇਤ ਵੱਖ-ਵੱਖ ਵਿਸ਼ਿਆਂ ਦੇ ਗ੍ਰੈਜੂਏਟ ਵਿਦਿਆਰਥੀਆਂ ਦੇ ਸਫ਼ਰ ਅਤੇ ਪ੍ਰਾਪਤੀਆਂ ਦਾ ਜਸ਼ਨ ਮਨਾਇਆ ਗਿਆ। ਕੈਂਪਸ ਸੱਭਿਆਚਾਰਕ ਪੇਸ਼ਕਾਰੀਆਂ ਦੀ ਇੱਕ ਲੜੀ ਨਾਲ ਜੀਵੰਤ ਹੋ ਗਿਆ। ਵਿਦਿਆਰਥੀਆਂ ਨੇ ਊਰਜਾਵਾਨ ਡਾਂਸ ਨੰਬਰਾਂ ਅਤੇ ਰੂਹਾਨੀ ਗਾਇਕੀ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਜਿਸ ਨਾਲ ਇੱਕ ਤਿਉਹਾਰ ਵਾਲਾ ਮਾਹੌਲ ਬਣਿਆ।

ਸ਼ਾਮ ਦਾ ਇੱਕ ਮੁੱਖ ਆਕਰਸ਼ਣ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੁਆਰਾ ਪੇਸ਼ ਕੀਤਾ ਗਿਆ ਇੱਕ ਫੈਸ਼ਨ ਸ਼ੋਅ ਸੀ ਜਿਸ ਵਿੱਚ ਸੱਭਿਆਚਾਰਕ ਤੌਰ 'ਤੇ ਪ੍ਰੇਰਿਤ ਪਹਿਰਾਵੇ ਦੇ ਨਾਲ ਆਧੁਨਿਕ ਪਹਿਰਾਵੇ ਦੇ ਸੁਮੇਲ ਨੂੰ ਸੁੰਦਰਤਾ ਨਾਲ ਦਰਸਾਇਆ ਗਿਆ ਸੀ। ਸੰਗ੍ਰਹਿ ਰਚਨਾਤਮਕਤਾ, ਵਿਭਿੰਨਤਾ ਅਤੇ ਸਮਕਾਲੀ ਰੁਝਾਨਾਂ ਨਾਲ ਮਿਲਾਈ ਗਈ ਪਰੰਪਰਾ ਲਈ ਕਦਰ ਨੂੰ ਦਰਸਾਉਂਦਾ ਹੈ।

# ਹਲਕਾ ਗਿੱਲ ਸੰਗੋਵਾਲ ਖਾਨਪੁਰ ਰੋਡ ਵਿਖੇ ਬਿਜਲੀ ਬੋਰਡ ਵੱਲੋਂ ਵੱਡੀ ਲਾਪਰਵਾਹੀ ਕਾਰਨ ਹੋ ਸਕਦੈ ਵੱਡਾ ਹਾਦਸਾ



ਗਿੱਲ/ਆਲਮਗੀਰ, 30 ਅਪ੍ਰੈਲ (ਅਮਰਜੀਤ ਸਿੰਘ ਸੰਧੂ/ਕੁਲਵੰਤ ਸਿੰਘ) : ਲਗਭਗ ਇੱਕ ਹਫ਼ਤੇ ਤੋਂ ਹਲਕਾ ਗਿੱਲ ਵਿੱਚ ਪੈਂਦੇ ਪਿੰਡ ਸੰਗੋਵਾਲ ਨਾਲ ਲਗਦੀ ਖਾਨਪੁਰ ਰੋਡ ਤੇ ਹਾਈਵੋਲਟਜ ਬਿਜਲੀ ਦੀਆਂ ਤਾਰਾਂ ਜ਼ਮੀਨ ਤੱਕ ਲਟਕਣ ਨੂੰ ਲੈਅ ਕੇ ਬੋਰਡ ਵੱਲੋਂ ਵੱਡੀ ਅਣਦੇਖੀ ਕੀਤੀ ਜਾ ਰਹੀ ਹੈ।

ਇਸਨੂੰ ਦੇਖਦੇ ਹੋਏ ਇਲਾਕਾ ਨਿਵਾਸੀਆਂ ਵੱਲੋਂ ਲਗਾਤਾਰ ਬਿਜਲੀ ਬੋਰਡ ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਇਹਨਾਂ ਤਾਰਾਂ ਨੂੰ ਦਰੁਸਤ ਕੀਤਾ ਜਾਵੇ ਤਾਂ ਜ਼ੋ ਕੋਈ ਹਾਦਸਾ ਹੋਣ ਤੋਂ ਬਚ ਸਕੇ ਪਰ ਲੋਕਾਂ ਵੱਲੋ ਵਾਰ ਵਾਰ ਬੇਨਤੀ ਕਰਨ ਤੋਂ ਬਾਅਦ ਵੀ ਬਿਜਲੀ ਮਹਿਕਮੇ ਦੇ ਕੰਨ ਤੇ ਜੂੰ ਨਹੀਂ ਸਰਕੀ। ਇਲਾਕੇ ਦੇ ਐਸਡੀਓ ਨੂੰ ਵੀ ਕਾਲ ਕਰਕੇ ਦੱਸਿਆ ਗਿਆ ਲਾਈਨਮੈਨ ਨੂੰ ਵੀ ਇਸ ਬਾਰੇ ਜਾਣੂ ਕਰਵਾਇਆ ਗਿਆ ਪਰ ਕੋਈ ਹੱਲ ਨਹੀਂ ਇੰਝ ਜਾਪਦਾ ਜਿੰਦਾਂ ਬਿਜਲੀ ਮਹਿਕਮਾ ਚਾਦਰ ਤਾਣਕੇ ਸੋ ਗਿਆ ਹੋਵੇ ਜਦੋਂ ਕੋਈ ਵੱਡਾ ਹਾਦਸਾ ਵਾਪਰ ਗਿਆ ਤੇ ਇਸਦੀ ਜਿੰਮੇਵਾਰੀ ਕਿ ਬਿਜਲੀ ਬੋਰਡ ਲਏਗਾ ਇਸ ਦੀ ਸ਼ਿਕਾਇਤ ਬੀਜੇਪੀ ਆਗੂ ਸਜੇ ਸ਼ਰਮਾ ਵੱਲੋਂ ਕੀਤੀ ਗਈ ਸੀ ਉਹਨਾਂ ਨੇ ਆਖਿਆ ਬਿਜਲੀ ਮਹਿਕਮੇ ਦਾ ਇਹ ਰਵਈਆ ਬਹੁਤ ਹੀ ਨਿੰਦਨ ਯੋਗ ਹੈ ਉਹਨਾਂ ਨੇ ਸਰਕਾਰ ਅੱਗੇ ਅਪੀਲ ਕੀਤੀ ਹੈ ਕਿ ਇਹੋ ਜਿਹੇ ਕੰਮ ਚੋਰ ਮੁਲਾਜ਼ਮਾ ਤੇ ਜਲਦ ਤੋਂ ਜਲਦ ਸਖਤ ਕਾਰਵਾਈ ਕਰਦੇ ਹੋਏ ਨੌਕਰੀ ਤੋਂ ਬਰਖਾਸਤ ਕਰਦੇ ਨੇ ਚਾਹੀਦੇ ਨੇ ਜਿਹੜੇ ਆਪਣੇ ਜਿੰਮੇਵਾਰੀ ਨਹੀਂ ਸਮਝਦੇ ਇਹੋ ਜਿਹੇ ਚੰਦ ਲੋਕਾਂ ਕਾਰਨ ਪੂਰਾ ਮਹਿਕਮਾ ਬਦਨਾਮ ਹੁੰਦਾ ਹੈ ਜੀ ਛੋਟੇ ਜਿਹੇ ਕੰਮ ਨੂੰ ਇਹਨਾਂ ਟਾਈਮ ਲਗਾ ਸਕਦੇ ਹੈ ਤੇ ਤੁਸੀਂ ਖੁਦ ਦੇਖ ਸਕਦੇ ਹੋ ਵੱਡੇ ਕੰਮ ਕਿੱਦਾਂ ਕਰਨਗੇ।

# ਵਿਧਾਇਕਾ ਮਾਣੂੰਕੇ ਨੇ ਕਾਉਂਕੇ ਕਲਾਂ, ਮੱਲ੍ਹਾ ਤੇ ਚੱਕਰ 'ਚ ਕੀਤੇ ਪ੍ਰੋਜੈਕਟਾਂ ਦੇ ਉਦਘਾਟਨ



ਜਗਰਾਓਂ, 30 ਅਪ੍ਰੈਲ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਪਿੰਡ ਕਾਉਂਕੇ ਕਲਾਂ ਦੇ ਸਰਕਾਰੀ ਕੰਨ੍ਹਿਆ ਹਾਈ ਸਕੂਲ ਪੱਤੀ ਸ਼ਾਮ ਸਿੰਘ ਵਿਖੇ 9 ਲੱਖ 65 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਆਧੁਨਿਕ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਗਿਆ ਅਤੇ ਪਿੰਡ ਮੱਲ੍ਹਾ ਦੇ ਸਰਕਾਰੀ ਕੰਨ੍ਹਿਆ ਸੀਨੀਅਰ ਸੈਕੰਡਰੀ ਸਕੂਲ ਮੱਲਾ ਵਿਖੇ ਇੱਕ ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ ਬਾਸਕਟਬਾਲ ਕੋਰਟ ਦੀ ਮੁਰੰਮਤ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਚੱਕਰ ਵਿਖੇ 7 ਲੱਖ 42 ਹਜ਼ਾਰ 500 ਰੁਪਏ ਦੀ ਲਾਗਤ ਨਾਲ ਦੋ ਕਲਾਸ ਰੂਮਾਂ ਦੀ ਰਿਪੇਅਰ ਕਰਵਾਕੇ ਵਿਦਿਆਰਥੀਆਂ ਨੂੰ ਸਪੁਰਦ ਕੀਤੇ ਗਏ। ਪਿੰਡ ਚੱਕਰ ਵਿਖੇ ਵਿਧਾਇਕ ਮਾਣੂੰਕੇ ਵੱਲੋਂ ਜਦੋਂ ਬਜ਼ੁਰਗ ਹਲਵਾਈ ਤਰਸੇਮ ਲਾਲ ਤੋਂ ਰੀਬਨ ਕਟਵਾਇਆ ਗਿਆ ਤਾਂ, ਲੋਕਾਂ ਨੇ ਤਾੜੀਆਂ ਮਾਰ ਦਿੱਤੀਆਂ ਅਤੇ ਖੁਸ਼ੀ ਦਾ ਮਹੌਲ ਬਣ ਗਿਆ ਅਤੇ ਬਾਕੀ ਸਕੂਲਾਂ ਵਿੱਚ ਵਿਧਾਇਕਾ ਵੱਲੋਂ ਬੱਚਿਆਂ ਕੋਲੋਂ ਰੀਬਨ ਕਟਵਾਕੇ ਹੌਂਸਲਾ-ਅਫ਼ਜ਼ਾਈ ਕੀਤੀ ਗਈ। ਇਹਨਾਂ ਸਕੂਲਾਂ ਵੱਲੋਂ ਕਰਵਾਏ ਗਏ ਵੱਖ-ਵੱਖ ਸਮਾਗਮਾਂ ਵਿੱਚ ਬੱਚਿਆਂ ਤੇ ਮਾਪਿਆਂ ਦੇ ਠਾਠਾਂ ਮਾਰਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਕੂਲਾਂ ਵਿੱਚ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਦੇ ਕਰਵਾਏ ਜਾ ਰਹੇ ਸਾਂਝੇ ਪ੍ਰੋਗਰਾਮਾਂ ਦਾ ਮੁੱਖ ਮੰਤਵ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣਾ ਅਤੇ ਹੋਰ ਬਿਹਤਰ ਬਣਾਉਣਾ ਹੈ। ਉਹਨਾਂ ਆਖਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਉੱਚ ਯੋਗਤਾ ਪ੍ਰਾਪਤ ਅਤੇ ਤਜਰਬੇਕਾਰ ਅਧਿਆਪਕ ਹਨ ਅਤੇ ਸਰਕਾਰੀ ਸਕੂਲਾਂ ਵਿੱਚ ਕਿਤਾਬਾਂ, ਵਰਦੀਆਂ ਮੁਫ਼ਤ ਮਿਲਦੀਆਂ ਹਨ ਲੋੜਵੰਦ ਬੱਚਿਆਂ ਨੂੰ ਵਜ਼ੀਫ਼ਾ ਵੀ ਦਿੱਤਾ ਜਾਂਦਾ ਹੈ। ਉਹਨਾਂ ਕਿਹਾ ਕਿ ਹੁਣ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਯੋਗ ਅਗਵਾਈ ਹੇਠ ਸਿੱਖਿਆ ਦਾ ਬਜਟ 18 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ, ਜੋ ਕਿ ਪੰਜਾਬ ਦੇ ਕੁੱਲ ਬਜਟ ਦਾ ਪੰਜਵਾਂ ਹਿੱਸਾ ਹੈ। ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣਾ ਪੰਜਾਬ ਸਰਕਾਰ ਦਾ ਮਿਸ਼ਨ ਹੈ। ਇਸ ਲਈ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਦੀ ਬਜਾਇ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇਣ।

# ਵੱਧ ਰਹੇ ਵਪਾਰਕ ਹਿੱਤਾਂ ਨੂੰ ਦੇਖਦਿਆਂ ਇੱਕ ਹੱਦ ਤੱਕ ਹੀ ਚੀਨ, ਪਾਕਿਸਤਾਨ ਦਾ ਬਚਾਅ ਕਰੇਗਾ

ਨਵੀਂ ਦਿੱਲੀ, 30 ਅਪ੍ਰੈਲ (ਚ.ਨ.ਸ): ਪਹਿਲਗਾਮ ਵਿੱਚ ਅੱਤਵਾਦੀ ਹਮਲੇ ਲਈ ਪਾਕਿਸਤਾਨ 'ਤੇ ਲੱਗ ਰਹੇ ਦੋਸ਼ਾਂ ਨੂੰ ਲੈ ਕੇ ਚੀਨ ਭਾਵੇਂ ਨਿਰਪੱਖ ਜਾਂਚ ਦੀ ਮੰਗ ਕਰ ਰਿਹਾ ਹੈ। ਪਰ ਮੰਨਿਆ ਜਾ ਰਿਹਾ ਹੈ ਕਿ ਭਾਰਤ ਨਾਲ ਵੱਧ ਰਹੇ ਵਪਾਰਕ ਹਿੱਤਾਂ ਨੂੰ ਦੇਖਦੇ ਹੋਏ ਉਹ ਇਕ ਹੱਦ ਤੱਕ ਹੀ ਪਾਕਿਸਤਾਨ ਦਾ ਬਚਾਅ ਕਰੇਗਾ। ਅਮਰੀਕੀ ਨੀਤੀ ਨਾਲ ਬਦਲਦੇ ਵਿਸ਼ਵ ਵਪਾਰਕ ਮਾਹੌਲ ਦੇ ਵਿਚਕਾਰ ਚੀਨ ਭਾਰਤ ਦੇ ਬਾਜ਼ਾਰ ਨੂੰ ਗੁਆਉਣਾ ਨਹੀਂ ਚਾਹੇਗਾ। ਅਮਰੀਕਾ ਵੱਲੋਂ ਚੀਨ 'ਤੇ 145 ਫੀਸਦੀ ਟੈਰਿਫ ਲਗਾਉਣ ਤੋਂ ਬਾਅਦ ਚੀਨ ਨੂੰ ਅਮਰੀਕਾ ਦੇ ਬਾਜ਼ਾਰ ਗੁਆਉਣ ਦਾ ਖ਼ਤਰਾ ਭਾਰਤ ਦੇ ਨੇੜੇ ਲਿਆ ਰਿਹਾ ਹੈ। ਚੀਨ ਦੇ ਵਪਾਰਕ ਮੇਲੇ ਵਿੱਚ ਭਾਰਤੀ ਕਾਰੋਬਾਰੀਆਂ ਦਾ ਸਵਾਗਤ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਪਹਿਲਾਂ ਦੇ ਮੁਕਾਬਲੇ ਸਸਤੇ ਵਿੱਚ ਸਮਾਨ ਵੇਚਣ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਚੀਨ ਦੀ ਸਰਕਾਰ ਦੇ ਪ੍ਰਤੀਨਿਧੀ ਹੁਣ ਖੁੱਲ੍ਹ ਕੇ ਭਾਰਤ ਨੂੰ ਆਪਣੇ ਨਾਲ ਵਪਾਰ ਵਧਾਉਣ ਦਾ ਸੱਦਾ ਦੇ ਰਹੇ ਹਨ। ਭਾਰਤ ਵਿੱਚ ਚੀਨ ਦੇ ਰਾਜਦੂਤ ਸ਼ੂ ਫਿਹਾਂਗ ਨੇ ਮੰਗਲਵਾਰ ਨੂੰ ਇਕ ਅਖ਼ਬਾਰ ਵਿੱਚ ਇੱਥੋਂ ਤੱਕ ਲਿਖ ਦਿੱਤਾ ਕਿ ਸਿਰਫ ਚੀਨ ਅਤੇ ਭਾਰਤ ਵਿੱਚ ਇਕ-ਇਕ ਅਰਬ ਤੋਂ ਵੱਧ ਦੀ ਆਬਾਦੀ ਹੈ ਅਤੇ ਦੋਵੇਂ ਦੇਸ਼ ਮਿਲ ਜਾਣ ਤਾਂ ਇਕ ਅਤੇ ਇਕ ਗਿਆਰਾਂ ਹੋ ਜਾਣਗੇ। ਦੋਵੇਂ ਦੇਸ਼ਾਂ ਦਾ ਟੀਚਾ ਵਿਕਾਸ ਹੈ ਅਤੇ ਅਗਲੇ ਪੰਜ ਸਾਲਾਂ ਵਿੱਚ ਦੁਨੀਆਂ ਦੇ ਵਿਕਾਸ ਵਿੱਚ ਇਨ੍ਹਾਂ ਦੋਵੇਂ ਦੇਸ਼ਾਂ ਦੀ ਹਿੱਸੇਦਾਰੀ 36 ਫੀਸਦੀ ਹੋਵੇਗੀ। ਭਾਰਤੀ ਵਸਤਾਂ ਲਈ ਆਪਣੇ ਬਾਜ਼ਾਰ ਨੂੰ ਸੀਮਿਤ ਰੱਖਣ ਵਾਲੇ ਚੀਨ ਦੇ ਰਾਜਦੂਤ ਹੁਣ ਕਹਿ ਰਹੇ ਹਨ ਕਿ ਭਾਰਤ ਦੇ ਉੱਚ ਗੁਣਵੱਤਾ ਵਾਲੇ ਉਤਪਾਦਾਂ ਦਾ ਚੀਨ ਵਿੱਚ ਸਵਾਗਤ ਹੈ। ਭਾਰਤ ਵਿੱਚ ਚੀਨ ਦੀ ਦਰਾਮਦ ਹਰ ਸਾਲ ਵਧਦੀ ਜਾ ਰਹੀ ਹੈ ਅਤੇ ਪਾਕਿਸਤਾਨ ਦਾ ਖੁੱਲ੍ਹ ਕੇ ਸਾਥ ਦੇ ਕੇ ਚੀਨ 100 ਅਰਬ ਡਾਲਰ ਦੇ ਵੱਡੇ ਬਾਜ਼ਾਰ ਨੂੰ ਗੁਆਉਣਾ ਨਹੀਂ ਚਾਹੇਗਾ। ਜਾਣਕਾਰਾਂ ਅਨੁਸਾਰ ਪਿਛਲੇ ਕੁਝ ਦਿਨਾਂ ਤੋਂ ਚੀਨ ਦਾ ਵਪਾਰਕ ਰੁਝਾਨ ਤੇਜ਼ੀ ਨਾਲ ਭਾਰਤ ਵੱਲ ਵੱਧ ਰਿਹਾ ਹੈ ਅਤੇ ਚੀਨ ਦੀਆਂ ਕੰਪਨੀਆਂ ਭਾਰਤੀ ਕੰਪਨੀਆਂ ਨਾਲ ਮਿਲ ਕੇ ਭਾਰਤ ਵਿੱਚ ਨਿਰਮਾਣ ਸ਼ੁਰੂ ਕਰਨ ਦੀਆਂ ਸੰਭਾਵਨਾਵਾਂ ਭਾਲ ਰਹੀਆਂ ਹਨ।

# ਗੈਂਗਸਟਰ ਸੋਨੂੰ ਮੋਟਾ ਦੀ ਸ੍ਰੀ ਦਰਬਾਰ ਸਾਹਿਬ ਨੇੜੇ ਗੋਲ਼ੀਆਂ ਮਾਰ ਕੇ ਹੱਤਿਆ

ਅੰਮ੍ਰਿਤਸਰ, 30 ਅਪ੍ਰੈਲ (ਚ.ਨ.ਸ): ਸ੍ਰੀ ਦਰਬਾਰ ਸਾਹਿਬ ਨੇੜੇ ਕਾਠੀਆ ਮੰਡੀ 'ਚ ਗੈਂਗਵਾਰ ਹੋਈ। ਜਿਸ 'ਚ ਗੈਂਗਸਟਰ ਰਵਨੀਤ ਸਿੰਘ ਉਰਫ਼ ਸੋਨੂੰ ਮੋਟਾ ਦੀ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਪੁਲਿਸ ਦੀ ਸ਼ੁਰੂਆਤੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਸੋਨੂੰ ਮੋਟਾ ਨੂੰ ਸਾਬਕਾ ਕੌਂਸਲਰ ਮਰਹੂਮ ਗੁਰਦੀਪ ਪਹਿਲਵਾਨ ਦੇ ਪੁੱਤਰ ਅਭਿਰਾਜ ਨੇ ਗੋਲੀ ਮਾਰੀ ਸੀ। ਜਿਸ ਤੋਂ ਬਾਅਦ ਪੁਲਿਸ ਨੇ ਅਭਿਰਾਜ ਵਿਰੁੱਧ ਮਾਮਲਾ ਦਰਜ ਕਰ ਲਿਆ। ਘਟਨਾ ਸਮੇਂ ਸੋਨੂੰ ਨੂੰ 5 ਗੋਲੀਆਂ ਲੱਗੀਆਂ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਰਸਤੇ ਵਿਚ ਹੀ ਉਸ ਦੀ ਮੌਤ ਹੋ ਗਈ। ਘਟਨਾ ਬੀਤੇ ਸੋਮਵਾਰ ਦੁਪਹਿਰ ਨੂੰ ਵਾਪਰੀ। ਜਾਣਕਾਰੀ ਅਨੁਸਾਰ ਸੋਨੂੰ ਮੋਟਾ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਕਰ ਕੇ ਵਾਪਸ ਆ ਰਿਹਾ ਸੀ। ਏਡੀਸੀਪੀ-1 ਵਿਸ਼ਾਲਜੀਤ ਸਿੰਘ ਅਨੁਸਾਰ ਨੌਜਵਾਨਾਂ ਨੇ ਸ੍ਰੀ ਦਰਬਾਰ ਸਾਹਿਬ ਨੇੜੇ ਕਾਠੀਆਂਵਾਲਾ ਬਾਜ਼ਾਰ ਦੀਆਂ ਤੰਗ ਗਲੀਆਂ 'ਚ ਸੋਨੂੰ ਮੋਟਾ ਨੂੰ ਘੇਰ ਲਿਆ। ਐਕਟਿਵਾ 'ਤੇ ਆਏ ਦੋ ਨੌਜਵਾਨਾਂ ਨੇ ਸੋਨੂੰ ਮੋਟਾ ਦੀ ਛਾਤੀ 'ਤੇ 5 ਗੋਲੀਆਂ ਮਾਰੀਆਂ। ਫਿਲਹਾਲ ਪੁਲਿਸ ਅਭਿਰਾਜ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

# ਪਹਿਲਗਾਮ ਕਤਲੇਆਮ ਦੇ ਗੁਨਾਹਗਾਰ ਜੰਗਲ ਜਾਂ ਬਸਤੀ 'ਚ ਲੁਕੇ ਹੋਏ ਹੋਣ ਦੀ ਸੰਭਾਵਨਾ

ਸ੍ਰੀਨਗਰ, 30 ਅਪ੍ਰੈਲ (ਚ.ਨ.ਸ): ਪਹਿਲਗਾਮ ਕਤਲੇਆਮ 'ਚ ਸ਼ਾਮਲ ਅੱਤਵਾਦੀ ਹਾਲੇ ਵੀ ਦੂਰ ਨਹੀਂ ਭੱਜੇ ਹਨ। ਸੁਰੱਖਿਆ ਏਜੰਸੀਆਂ ਨੇ ਇਸ ਸੰਭਾਵਨਾ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਅੱਤਵਾਦੀ ਹਾਲੇ ਵੀ ਪਹਿਲਗਾਮ ਨੇੜੇ ਕਿਸੇ ਜੰਗਲ ਜਾਂ ਬਸਤੀ 'ਚ ਲੁਕੇ ਹੋਏ ਹਨ। ਪਿਛਲੇ ਸੱਤ ਦਿਨਾਂ ਤੋਂ ਚੱਲ ਰਹੀ ਤਲਾਸ਼ੀ ਮੁਹਿੰਮ ਤਹਿਤ ਕੀਤੀ ਗਈ ਘੇਰਾਬੰਦੀ ਦਾ ਦਾਇਰਾ ਹੁਣ ਹੋਰ ਤੰਗ ਕਰ ਦਿੱਤਾ ਗਿਆ ਹੈ। ਤਲਾਸ਼ੀ ਮੁਹਿੰਮ 'ਚ ਖੋਜੀ ਕੁੱਤੇ ਤੇ ਡ੍ਰੋਨ ਦੀ ਵੀ ਮਦਦ ਲਈ ਜਾ ਰਹੀ ਹੈ। ਹਾਲਾਂਕਿ ਪੁਲਿਸ ਨੇ ਪੁਸ਼ਟੀ ਨਹੀਂ ਕੀਤੀ ਹੈ ਪਰ ਪੁੱਛਗਿੱਛ ਲਈ ਹਿਰਾਸਤ ਵਿੱਚ ਲਏ ਗਏ ਵੱਖ-ਵੱਖ ਸ਼ੱਕੀਆਂ ਵਿਚੋਂ 15 ਓਵਰਗਰਾਊਂਡ ਵਰਕਰਾਂ ਨੇ ਵੀ ਕੁਝ ਮਹੱਤਵਪੂਰਨ ਸੁਰਾਗ ਦਿੱਤੇ ਹਨ। ਇਸ ਤੋਂ ਇਲਾਵਾ ਪਹਿਲਗਾਮ ਦੇ ਬੈਸਰਨ ਤੇ ਹਪਤਗੁੰਡ ਦੇ ਉੱਪਰਲੇ ਹਿੱਸੇ ਵਿੱਚ ਆਪਣੇ ਪਸ਼ੂਆਂ ਨਾਲ ਡੇਰਾ ਲਗਾਉਣ ਵਾਲੇ ਖਾਨਾਬਦੋਸ਼ ਗੁੱਜਰ-ਬੱਕਰਵਾਲ ਭਾਈਚਾਰੇ ਦੇ ਕੁਝ ਲੋਕਾਂ ਨੂੰ ਵੀ ਚਿੰਨ੍ਹਿਤ ਕੀਤਾ ਗਿਆ ਹੈ, ਜਿਨ੍ਹਾਂ ਨੇ ਕਥਿਤ ਤੌਰ 'ਤੇ ਹਮਲਾਵਰ ਅੱਤਵਾਦੀਆਂ ਨੂੰ ਦੇਖਿਆ ਹੈ। ਸਬੰਧਤ ਸੂਤਰਾਂ ਨੇ ਦੱਸਿਆ ਹੈ ਕਿ ਅੱਤਵਾਦੀਆਂ ਨੇ ਪਿਛਲੇ ਦਿਨੀਂ ਸੈਟੇਲਾਈਟ ਫੋਨ ਦੀ ਵਰਤੋਂ ਕੀਤੀ ਹੈ, ਜਿਸ ਦੇ ਆਧਾਰ 'ਤੇ ਇਹ ਮੰਨਿਆ ਜਾ ਰਿਹਾ ਹੈ ਕਿ ਹਮਲਾਵਰ ਅੱਤਵਾਦੀ ਜ਼ਿਆਦਾ ਦੂਰ ਨਹੀਂ ਜਾ ਸਕੇ। ਇਹ ਇਸੇ ਖੇਤਰ ਵਿੱਚ ਲਗਾਤਾਰ ਆਪਣਾ ਟਿਕਾਣਾ ਬਦਲ ਰਹੇ ਹਨ। ਉਨ੍ਹਾਂ ਦੇ ਜੰਗਲ ਵਿੱਚ ਕਿਸੇ ਕੁਦਰਤੀ ਗੁਫਾ ਵਿੱਚ ਜਾਂ ਨੇੜੇ ਦੀ ਕਿਸੇ ਬਸਤੀ ਵਿੱਚ ਲੁਕੇ ਹੋਣ ਦੀ ਸੰਭਾਵਨਾ ਹੈ। ਹਮਲੇ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਪਹਿਲਗਾਮ, ਅਨੰਤਨਾਗ ਤੇ ਉਸ ਦੇ ਨਾਲ ਲੱਗਦੇ ਖੇਤਰਾਂ ਤੋਂ 188 ਸ਼ੱਕੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸਾਬਕਾ ਅੱਤਵਾਦੀ ਤੇ ਅੱਤਵਾਦੀਆਂ ਦੇ ਓਵਰਗਰਾਊਂਡ ਵਰਕਰ ਹਨ। ਸੂਤਰਾਂ ਨੇ ਦੱਸਿਆ ਕਿ ਹਮਲਾਵਰ ਅੱਤਵਾਦੀ ਪਹਿਲਗਾਮ ਤੇ ਹਪਤਗੁੰਡ ਦੇ ਨੇੜੇ ਹੀ ਕਿਸੇ ਜਗ੍ਹਾ 'ਚ ਲੁਕੇ ਹੋਏ ਹਨ।

# ਪਾਕਿਸਤਾਨ ਤੇ ਭਾਰਤ ਤੋਂ ਵੱਡੀ ਗਿਣਤੀ 'ਚ ਲੋਕ ਵਾਪਸ ਆਪਣੇ ਵਤਨਾਂ ਨੂੰ ਪਰਤੇ

ਅੰਮ੍ਰਿਤਸਰ, 30 ਅਪ੍ਰੈਲ (ਚ.ਨ.ਸ): ਪਹਿਲਗਾਮ ਘਟਨਾ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਅਟਾਰੀ ਸਰਹੱਦ ਬੰਦ ਕਰਨ ਦੇ ਕੀਤੇ ਗਏ ਫੈਸਲੇ ਤਹਿਤ ਹੁਣ ਨੌਰੀ ਵੀਜ਼ਾ ਤਹਿਤ ਲੋਕਾਂ ਨੂੰ ਵਾਪਸ ਪਰਤਣ ਦੀ ਦਿੱਤੀ ਗਈ ਆਗਿਆ ਕਾਰਨ ਅੱਜ ਵੱਡੀ ਗਿਣਤੀ ਦੋਵਾਂ ਮੁਲਕਾਂ ਤੋਂ ਲੋਕ ਵਾਪਸ ਪਰਤੇ। ਪਾਕਿਸਤਾਨ ਤੋਂ ਲਗਭਗ 485 ਭਾਰਤੀ ਇੱਧਰ ਆਏ, ਜਦੋਂ ਕਿ ਭਾਰਤ ਤੋਂ 112 ਵਿਅਕਤੀ ਪਾਕਿਸਤਾਨ ਵਾਪਸ ਪਰਤੇ। ਪਰਤਣ ਵਾਲਿਆਂ ਵਿੱਚ ਵਧੇਰੇ ਨੌਰੀ ਵੀਜ਼ਾ ਧਾਰਕ ਸਨ। ਨੌਰੀ ਵੀਜ਼ਾ ਅਜਿਹੀ ਸੁਵਿਧਾ ਹੈ ਜੋ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਤੇ ਬੰਗਲਾਦੇਸ਼ ਦੇ ਉਨ੍ਹਾਂ ਨਾਗਰਿਕਾਂ ਲਈ ਜਾਰੀ ਕੀਤੀ ਜਾਂਦੀ ਹੈ, ਜਿਨ੍ਹਾਂ ਦੇ ਕਰੀਬੀ ਰਿਸ਼ਤੇਦਾਰਾਂ ਕੋਲ ਭਾਰਤੀ ਨਾਗਰਿਕਤਾ ਹੈ ਪਰ ਹੁਣ ਤੱਕ ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਨਹੀਂ ਮਿਲੀ, ਜਿਸ ਤਹਿਤ ਉਹ ਵਾਪਸ ਪਰਤ ਸਕਦੇ ਹਨ। ਬਲੋਚਿਸਤਾਨ ਤੋਂ ਵਾਪਸ ਪਰਤੀ ਪਾਕਿਸਤਾਨੀ ਔਰਤ ਨੇ ਦੱਸਿਆ ਕਿ ਉਸ ਦਾ ਪਤੀ ਭਾਰਤੀ ਹੈ ਅਤੇ ਬੱਚੇ ਵੀ ਭਾਰਤੀ ਹਨ। ਉਹ ਕੁਝ ਦਿਨ ਪਹਿਲਾਂ ਬੱਚਿਆਂ ਸਣੇ ਪਾਕਿਸਤਾਨ ਗਈ ਸੀ ਤੇ ਹੁਣ ਵਿਚਾਲੇ ਯਾਤਰਾ ਛੱਡ ਕੇ ਵਾਪਸ ਪਰਤ ਆਈ ਹੈ ਜੇ ਨੌਰੀ ਵੀਜ਼ੇ ਦੀ ਸਹੂਲਤ ਨਾ ਹੁੰਦੀ ਤਾਂ ਵਾਪਸ ਪਰਤਣਾ ਮੁਸ਼ਕਲ ਸੀ। ਇਸ ਦੌਰਾਨ ਕਰਾਚੀ ਵਾਸੀ ਔਰਤ ਨੇ ਕਿਹਾ ਕਿ ਉਹ ਗੁਰਦੇ ਬਦਲਾਉਣ ਲਈ ਭਾਰਤ ਆਈ ਸੀ ਪਰ ਇੱਥੇ ਗੁਰਦੇ ਦਾ ਮਿਲਾਨ ਨਾ ਹੋਣ ਕਾਰਨ ਉਸ ਨੂੰ ਹੋਰ ਰੁਕਣਾ ਪੈਣਾ ਸੀ। ਮੌਜੂਦਾ ਸਥਿਤੀ ਕਾਰਨ ਉਸ ਨੂੰ ਅੱਧ ਵਿਚਾਲੇ ਹੀ ਇਲਾਜ ਛੱਡ ਕੇ ਪਰਤਣਾ ਪਿਆ। ਉਸ ਨੇ ਦੱਸਿਆ ਕਿ ਉਸ ਕੋਲ 21 ਮਈ ਤੱਕ ਦਾ ਵੀਜ਼ਾ ਹੈ। ਉਸ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਇਲਾਜ ਮਹਿੰਗਾ ਹੋਣ ਕਾਰਣ ਉਹ ਭਾਰਤ ਆਈ ਸੀ।

# ਇੱਕ ਕਿਲੋ ਅ.ਫੀਮ ਸਮੇਤ ਦੋ ਵਿਅਕਤੀ ਕਾਬੂ



ਮੰਡੀ ਗੋਬਿੰਦਗੜ੍ਹ, 30 ਅਪ੍ਰੈਲ (ਸੂਦ): ਮੰਡੀ ਗੋਬਿੰਦਗੜ੍ਹ ਦੀ ਪੁਲਿਸ ਨੇ ਦੋ ਵਿਅਕਤੀਆਂ ਨੂੰ ਇਕ ਕਿਲੋ ਅਫ਼ੀਮ ਸਮੇਤ ਕਾਬੂ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਸਬ ਇੰਸਪੈਕਟਰ ਧਰਮਪਾਲ ਸਾਥੀ ਕਰਮਚਾਰੀਆਂ ਸਮੇਤ ਬੱਤੀਆਂ ਵਾਲਾ ਚੌਂਕ ਮੰਡੀ ਗੋਬਿੰਦਗੜ੍ਹ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੋ ਵਿਅਕਤੀ 22 ਟਾਇਰਾਂ ਟਰਾਲਾ ਘੋੜਾ ਉਪਰ ਗੋਬਿੰਦਗੜ੍ਹ ਏਰੀਏ ਵਿੱਚ ਅਫ਼ੀਮ ਆਦਿ ਵੇਚਣ ਦਾ ਧੰਦਾ ਕਰਦੇ ਹਨ ਤੇ ਇਥੇ ਆ ਰਹੇ ਹਨ, ਜਿਸ 'ਤੇ ਪੁਲਿਸ ਨੇ ਗੋਬਿੰਦਗੜ੍ਹ ਬੱਸ ਸਟੈਂਡ 'ਤੇ ਨਾਕਾ ਲਾ ਕੇ 22 ਟਾਇਰਾਂ ਟਰਾਲਾ ਘੋੜਾ ਨੰਬਰ ਪੀਬੀ02ਡੀਐਮ-6921 ਨੂੰ ਜੋ ਖੰਨਾ ਸਾਈਡ ਤੋਂ ਆ ਰਿਹਾ ਸੀ, ਨੂੰ ਰੋਕ ਕੇ ਤਲਾਸ਼ੀ ਲਈ, ਤਾਂ ਦੋਵੇ ਵਿਅਕਤੀਆਂ ਪਾਸੋਂ ਇੱਕ ਕਿਲੋਗ੍ਰਾਮ ਅਫੀਮ ਤੇ 15 ਹਜ਼ਾਰ ਡਰੱਗ ਮਨੀ ਬਰਾਮਦ ਹੋਈ, ਜਿਸ 'ਤੇ ਪੁਲਿਸ ਨੇ ਟਰਾਲੇ ਸਮੇਤ ਦੋਵੇਂ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ, ਜਿਨ੍ਹਾਂ ਦੀ ਪਹਿਚਾਣ ਗੁਰਵਿੰਦਰ ਸਿੰਘ ਉਰਫ ਗਿੰਦਰ ਵਾਸੀ ਮਾਨਕਪੁਰ ਅਤੇ ਗੁਰਮੀਤ ਸਿੰਘ ਪੁੱਤਰ ਸ਼ਰਦੂਲ ਸਿੰਘ ਵਾਸੀ ਪਿੰਡ ਵਰਿਆ ਜ਼ਿਲ੍ਹਾ ਤਰਨਤਾਰਨ ਵਜੋਂ ਹੋਈ, ਜਿਨ੍ਹਾਂ ਖ਼ਿਲਾਫ ਧਾਰਾ 18 ਬੀ.ਐਨ. ਡੀ.ਪੀ.ਐਸ.ਐਕਟ ਅਤੇ ਵਾਧਾ ਜੁਰਮ ਧਾਰਾ 111 ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਾਸੋਂ ਹੋਰ ਵੀ ਸੁਰਾਗ ਮਿਲਣ ਦੀ ਸੰਭਾਵਨਾ ਹੈ।

# 3 ਮਈ ਨੂੰ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਹੋਵੇਗੀ ਵਿਲੇਜ ਡਿਫੈਂਸ ਕਮੇਟੀ ਦੀ ਉੱਚ ਪੱਧਰੀ ਮੀਟਿੰਗ



ਫ਼ਤਹਿਗੜ੍ਹ ਸਾਹਿਬ, 30 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਗਠਿਤ ਨਸ਼ਾ ਮੁਕਤੀ ਮੋਰਚਾ ਦੇ ਮਾਲਵਾ ਸੈਂਟਰਲ ਦੇ ਕੋਆਰਡੀਨੇਟਰ ਸੁਖਜੀਤ ਸਿੰਘ ਢਿੱਲਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਨਸ਼ਿਆਂ ਦਾ ਮੁਕੰਮਲ ਤੌਰ 'ਤੇ ਖਾਤਮਾ ਕਰਨ ਲਈ ਪਿੰਡਾਂ ਅਤੇ ਵਾਰਡਾਂ ਵਿੱਚ ਜ਼ਮੀਨੀ ਪੱਧਰ 'ਤੇ ਠੋਸ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਈ ਮਹੀਨੇ ਵਿੱਚ ਇਸ ਸਬੰਧੀ ਵਿਸਤ੍ਰਿਤ ਜਾਗਰੂਕਤਾ ਗਤੀਵਿਧੀਆਂ ਉਲੀਕੀਆਂ ਗਈਆਂ ਹਨ, ਜਿਸ ਦੇ ਯਕੀਨੀ ਤੌਰ 'ਤੇ ਸਾਰਥਕ ਨਤੀਜੇ ਸਾਹਮਣੇ ਆਉਣਗੇ। ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਸਮੇਤ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਉਨ੍ਹਾਂ ਨੇ ਜ਼ਿਲ੍ਹੇ ਵਿੱਚ 3 ਮਈ ਨੂੰ ਆਯੋਜਿਤ ਕੀਤੀ ਜਾਣ ਵਾਲੀ ਵਿਲੇਜ ਡਿਫੈਂਸ ਕਮੇਟੀ ਦੀ ਉੱਚ ਪੱਧਰੀ ਮੀਟਿੰਗ ਦੀਆਂ ਤਿਆਰੀਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਜੀਤ ਸਿੰਘ ਢਿੱਲਵਾਂ ਨੇ ਦੱਸਿਆ ਕਿ ਨਸ਼ਿਆਂ ਦੀ ਦਲਦਲ ਵਿੱਚ ਫਸੇ ਲੋਕਾਂ ਨੂੰ ਤੰਦਰੁਸਤ ਕਰਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮਹੱਤਵਪੂਰਨ ਯੋਜਨਾਵਾਂ ਨੂੰ ਪੜਾਅਵਾਰ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਸ਼ਾ ਮੁਕਤੀ ਮੋਰਚਾ, ਪਿੰਡਾਂ ਅਤੇ ਵਾਰਡਾਂ ਦੇ ਹਰ ਇੱਕ ਘਰ ਤੱਕ ਰਾਬਤਾ ਬਣਾ ਕੇ ਜਿੱਥੇ ਵਸਨੀਕਾਂ ਨੂੰ ਨਸ਼ਾ ਰੋਕਣ ਵਿੱਚ ਸਹਿਯੋਗ ਦੇਣ ਲਈ ਪ੍ਰੇਰਿਤ ਕਰੇਗਾ, ਉੱਥੇ ਹੀ ਅਜਿਹੇ ਵਿਅਕਤੀਆਂ ਦੀ ਵੀ ਪਛਾਣ ਕੀਤੀ ਜਾਵੇਗੀ, ਜਿਹੜੇ ਕਿਸੇ ਨਾ ਕਿਸੇ ਕਾਰਨ ਨਸ਼ਿਆਂ ਦਾ ਸ਼ਿਕਾਰ ਹੋ ਗਏ ਸਨ। ਉਹਨਾਂ ਕਿਹਾ ਕਿ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਫਤ ਇਲਾਜ ਕਰਵਾ ਕੇ ਨਸ਼ਾ ਪੀੜਤਾਂ ਨੂੰ ਰੁਜ਼ਗਾਰ ਦੇ ਸਮਰੱਥ ਬਣਾਇਆ ਜਾਵੇਗਾ ਤਾਂ ਜੋ ਉਹ ਤੰਦਰੁਸਤ ਹੋਣ ਮਗਰੋਂ ਇੱਕ ਚੰਗੇ ਨਾਗਰਿਕ ਵਜੋਂ ਸਮਾਜ ਵਿੱਚ ਵਿਚਰ ਸਕਣ ਅਤੇ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ ਪੋਸ਼ਣ ਕਰ ਸਕਣ। ਉਹਨਾਂ ਕਿਹਾ ਕਿ ਪਿੰਡਾਂ ਵਿੱਚ ਕਾਰਜਸ਼ੀਲ ਯੂਥ ਕਲੱਬਾਂ ਨੂੰ ਵੀ ਇਸ ਅਹਿਮ ਮੁਹਿੰਮ ਦਾ ਹਿੱਸਾ ਬਣਾਇਆ ਜਾਵੇਗਾ ਤਾਂ ਜੋ ਪਿੰਡਾਂ ਵਿੱਚ ਬੱਚਿਆਂ ਤੇ ਨੌਜਵਾਨਾਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਿਆ ਜਾ ਸਕੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ, ਐਸਡੀਐਮ ਅਰਵਿੰਦ ਕੁਮਾਰ, ਜ਼ਿਲ੍ਹਾ ਕੋਆਰਡੀਨੇਟਰ ਓਂਕਾਰ ਚੌਹਾਨ, ਹਲਕਾ ਕੋਆਰਡੀਨੇਟਰ ਜਗਦੀਪ ਸਿੰਘ ਫ਼ਤਹਿਗੜ੍ਹ ਸਾਹਿਬ, ਹਰਜਿੰਦਰ ਸਿੰਘ ਬਸੀ ਪਠਾਣਾਂ, ਇਕਬਾਲ ਸਿੰਘ ਰਾਏ ਅਮਲੋਹ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਧੱਕੇਸ਼ਾਹੀਆਂ ਵਿਰੁੱਧ ਧਰਨਾ ਭਲਕੇ

ਫ਼ਿਰੋਜ਼ਪੁਰ, 30 ਅਪ੍ਰੈਲ (ਤਿਵਾੜੀ): ਦਫ਼ਤਰ ਕਮਿਸ਼ਨਰ, ਫ਼ਿਰੋਜ਼ਪੁਰ ਮੰਡਲ ਵੱਲੋਂ ਮੰਡਲ ਵਿੱਚ ਤਾਇਨਾਤ ਸੁਪਰਡੈਂਟ ਗ੍ਰੇਡ-2 ਦੀਆਂ ਤੈਨਾਤੀਆਂ ਰੂਲਾਂ ਦੇ ਵਿਰੁੱਧ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਕੀਤੀਆਂ ਜਾਂਦੀਆਂ ਹਨ। ਮੰਡਲ ਵਿੱਚ ਪੈਂਦੇ ਜ਼ਿਲ੍ਹਿਆਂ ਦੇ ਸੁਪਰਡੈਂਟ ਗ੍ਰੇਡ-1 ਦੀਆਂ ਪਰਮੋਸ਼ਨਾਂ ਕਰਨ ਲਈ ਕਿੰਨਾ-ਕਿੰਨਾ ਸਮਾਂ ਸਰਕਾਰ ਨੂੰ ਪੈਨਲ ਨਾ ਭੇਜਣ ਕਰਕੇ ਕਰਮਚਾਰੀਆਂ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੇਸ ਦਾਇਰ ਕਰਕੇ ਸੇਵਾ ਮੁਕਤੀ ਦੇ ਬਹੁਤ ਨੇੜੇ ਜਾ ਕੇ ਦੇਰੀ ਨਾਲ ਪ੍ਰਮੋਸ਼ਨਾਂ ਲੈਣੀਆਂ ਪੈਂਦੀਆਂ ਹਨ। ਸੁਪਰਡੈਂਟ ਗ੍ਰੇਡ-2 ਦੀਆਂ ਪਰਮੋਸ਼ਨਾਂ ਵੀ ਸਮੇਂ ਸਿਰ ਨਹੀਂ ਕੀਤੀਆਂ ਜਾਂਦੀਆਂ। ਜਿਸ ਦੇ ਮੱਦੇਨਜ਼ਰ ਯੂਨੀਅਨ ਨੇ ਫ਼ੈਸਲਾ ਲਿਆ ਹੈ ਕਿ ਅਜਿਹੀਆਂ ਕੀਤੀਆਂ ਜਾ ਰਹੀਆਂ ਬੇਲੋੜੀਆਂ ਦੇਰੀਆਂ ਤੇ ਧੱਕੇਸ਼ਾਹੀਆਂ ਦੇ ਰੋਸ ਵਜੋਂ ਦਫ਼ਤਰ ਕਮਿਸ਼ਨਰ, ਫ਼ਿਰੋਜ਼ਪੁਰ ਮੰਡਲ ਵਿਖੇ 02 ਮਈ ਨੂੰ ਡਵੀਜ਼ਨ ਪੱਧਰੀ ਧਰਨਾ ਦਿੱਤਾ ਜਾਵੇਗਾ।

# ਸਾਬਕਾ ਮੰਤਰੀ ਰਣਦੀਪ ਸਿੰਘ ਦੀ ਅਗਵਾਈ 'ਚ ਕਾਂਗਰਸ ਵਰਕਰਾਂ ਨੇ ਪਹਿਲਗਾਮ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ



ਅਮਲੋਹ, 30 ਅਪ੍ਰੈਲ (ਜਸਵੰਤ ਸਿੰਘ): ਪਹਿਲਗਾਮ ਵਿਖੇ ਅੱਤਵਾਦੀ ਹਮਲੇ ਵਿਚ ਮਾਰੇ ਗਏ ਨਿਰਦੋਸ਼ਾਂ ਨੂੰ ਸ਼ਰਧਾਂਜਲੀ ਦੇਣ ਲਈ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੀ ਅਗਵਾਈ ਹੇਠ ਇਕ ਮੀਟਿੰਗ ਕਰਕੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਉਨ੍ਹਾਂ ਅੱਤਵਾਦੀਆਂ ਵੱਲੋਂ ਨਿਰਦੋਸ਼ਾਂ ਉੱਪਰ ਕੀਤੀ ਇਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅੱਤਵਾਦੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਬਾਅਦ ਵਿਚ ਕਾਂਗਰਸ ਵਰਕਰਾਂ ਨੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹਿਰ ਵਿਚ ਕੈਂਡਲ ਮਾਰਚ ਕਢਿਆ। ਇਸ ਵਿਚ ਬਲਾਕ ਕਾਂਗਰਸ ਅਮਲੋਹ ਦੇ ਪ੍ਰਧਾਨ ਜਗਬੀਰ ਸਿੰਘ ਸਲਾਣਾ, ਹਰਦੇਵ ਸਿੰਘ ਸਮਸ਼ਪੁਰ, ਬਿੱਕਰ ਸਿੰਘ ਦੀਵਾ, ਗੁਰਪ੍ਰੀਤ ਸਿੰਘ ਗਰੇਵਾਲ, ਐਡਵੋਕੇਟ ਹਰਜਿੰਦਰ ਸਿੰਘ ਟਿੱਕਾ, ਗੁਰਪ੍ਰੀਤ ਸਿੰਘ ਟਿੱਬੀ, ਬਲਵੀਰ ਸਿੰਘ ਮਿੰਟੂ, ਕਾਲਾ ਭਲਬਘੂਰ, ਮਨਪ੍ਰੀਤ ਸਿੰਘ ਗੱਗਾ, ਜਗਤਾਰ ਸਿੰਘ ਤੰਗਰਾਲਾ, ਗੁਰਬਚਨ ਸਿੰਘ ਕਾਹਨਪੁਰ, ਕੁਲਵਿੰਦਰ ਕੌਰ ਲਾਡਪੁਰ, ਮਹਿੰਦਰ ਪੰਸਨੀ, ਹੈਪੀ ਸੂਦ, ਰਕੇਸ਼ ਕੁਮਾਰ ਗੱਗੀ, ਸ਼ਸ਼ੀ ਸ਼ਰਮਾ, ਸ਼ਿਵ ਕੁਮਾਰ ਗਰਗ, ਭੂਸ਼ਨ ਸ਼ਰਮਾ, ਕੌਂਸਲਰ ਕੁਲਵਿੰਦਰ ਸਿੰਘ, ਕੌਂਸਲਰ ਜਸਵਿੰਦਰ ਸਿੰਘ, ਰਾਜਾ ਰਾਮ, ਲਾਲ ਚੰਦ ਕਾਲਾ ਬੈਂਸ, ਬਲਜੀਤ ਸਿੰਘ ਮਰਾਰਡੂ, ਹਰਪ੍ਰੀਤ ਸਿੰਘ ਗੁਰਧਨਪੁਰ, ਗੁਰਮੁਖ ਸਿੰਘ ਨਰਾਇਣਗੜ੍ਹ, ਰਾਜੂ ਘੁਟੀਡ, ਕਰਨੈਲ ਰਾਮਗੜ੍ਹ, ਜੱਗਾ ਸਮਸ਼ਪੁਰ, ਸੁੱਖਾ ਖੁਮਣਾ, ਸੁੱਖਾ ਰਾਮਪੁਰ, ਗੁਰਚਰਨ ਸਿੰਘ ਤੰਦਾਂਬੱਧਾ, ਹਰਦੀਪ ਸਿੰਘ ਦੀਪਾ, ਭੁਪਿੰਦਰ ਸਿੰਘ ਸ਼ਾਹਪੁਰ, ਜਗਵਿੰਦਰ ਸਿੰਘ ਰਹਿਲ, ਜਸਵੀਰ ਸਲਾਣੀ, ਪਰਗਟ ਸਿੰਘ ਅੰਨੀਆ, ਐਡ. ਬਲਜਿੰਦਰ ਸਿੰਘ ਭੱਟੋ, ਅਮਨਦੀਪ ਰਾਜਗੜ੍ਹ ਛੰਨਾ, ਬਿੱਟੂ ਬੁੱਗਾ, ਕੁਲਵਿੰਦਰ ਤੰਦਾ ਬੱਧਾ, ਕੁਲਦੀਪ ਸਿੰਘ ਚੋਬਦਾਰਾ, ਜਸਵੰਤ ਸਿੰਘ ਖਨਿਆਣ, ਸੋਨੀ ਰਤਨਪਾਲੋਂ, ਰੁਪਿੰਦਰ ਸਿੰਘ ਸਲਾਣਾ, ਜਤਿੰਦਰ ਸਿੰਘ ਸਲਾਣਾ, ਗੁਰਪ੍ਰੀਤ ਸਿੰਘ ਬਿੱਲਾ, ਹਰਬੰਸ ਭਰਪੂਰਗੜ੍ਹ, ਕਾਲਾ ਕਪੂਰਗੜ੍ਹ ਤੇ ਦਫਤਰ ਇੰਚਾਰਜ ਮਨਪ੍ਰੀਤ ਸਿੰਘ ਮਿੰਟਾ ਆਦਿ ਹਾਜ਼ਰ ਸਨ।

# ਅਨਾਜ ਮੰਡੀਆਂ 'ਚ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆ ਰਹੀ : ਜਸਪ੍ਰੀਤ ਸਿੰਘ

### ☛ ਕਿਸਾਨਾਂ ਨੂੰ 84,12,56,750 ਰੁਪਏ ਦਾ ਹੋਇਆ ਭੁਗਤਾਨ



ਸ੍ਰੀ ਅਨੰਦਪੁਰ ਸਾਹਿਬ, 30 ਅਪ੍ਰੈਲ (ਤਰਲੋਚਨ ਸਿੰਘ): ਅਨਾਜ ਮੰਡੀਆਂ ਵਿੱਚ ਕਣਕ ਦੀ ਖ਼੍ਰੀਦ ਸਬੰਧੀ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾ ਰਹੀ ਹੈ ਤੇ ਖ਼੍ਰੀਦ ਕੀਤੀ ਕਣਕ ਦੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿੱਚ 24 ਘੰਟੇ ਦੇ ਅੰਦਰ-ਅੰਦਰ ਪਾਈ ਜਾ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਕੀਤਾ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਹਮੇਸ਼ਾ ਪੂਰੀ ਤਰ੍ਹਾਂ ਵਚਨਬੱਧ ਤੇ ਯਤਨਸ਼ੀਲ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਵਿਚ ਕਣਕ ਦੀ ਖ਼ਰੀਦ ਦਾ ਕੰਮ ਪੂਰੇ ਜ਼ੋਰਾਂ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੀਆਂ 12 ਅਨਾਜ ਮੰਡੀਆਂ ਵਿਚ ਹੁਣ ਤੱਕ ਕਰੀਬ 34751 ਲੱਖ ਮੀਟ੍ਰਿਕ ਟਨ ਕਣਕ ਦੀ ਫਸਲ ਪਹੁੰਚੀ ਹੈ। ਜਿਸ ਵਿਚੋਂ 34691 ਲੱਖ ਮੀਟ੍ਰਿਕ ਟਨ ਫਸਲ ਵੱਖ-ਵੱਖ ਏਜੰਸੀਆਂ ਖਰੀਦ ਚੁੱਕੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਕਿਸਾਨਾਂ ਤੋਂ ਜੋ ਫਸਲ ਖਰੀਦੀ ਗਈ ਹੈ, ਉਸ ਦਾ 84,12,56,750 ਕਰੋੜ ਰੁਪਏ ਦਾ ਕਿਸਾਨਾਂ ਦੇ ਖਾਤਿਆਂ ਵਿੱਚ ਭੁਗਤਾਨ ਵੀ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਹੁਕਮ ਹੈ ਕਿ ਮੰਡੀ ਵਿਚ ਫਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਾ ਆਉਣ ਦਿੱਤੀ ਜਾਵੇ। ਇਸ ਗੱਲ 'ਤੇ ਪਹਿਰਾ ਦੇਣ ਦੇ ਲਈ ਪ੍ਰਸ਼ਾਸਨ ਮੰਡੀਆਂ ਵਿਖੇ ਸਮੇਂ-ਸਮੇਂ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈ ਰਹੇ ਹਨ।

# ਡਾ. ਅਮਨਦੀਪ ਕੌਰ ਨੂੰ ਬਣਾਇਆ 'ਨਸ਼ਾ ਮੁਕਤੀ ਮੋਰਚਾ' ਦਾ ਕੋਆਰਡੀਨੇਟਰ



ਫਿਰੋਜ਼ਪੁਰ, 30 ਅਪ੍ਰੈਲ (ਤਿਵਾੜੀ): ਨਸ਼ਿਆਂ ਵਿਰੁੱਧ ਚੱਲ ਰਹੀ ਪੰਜਾਬ ਸਰਕਾਰ ਦੀ ਮੁਹਿੰਮ ਨੂੰ ਹੋਰ ਅੱਗੇ ਮਜ਼ਬੂਤੀ ਨਾਲ ਚਲਾਉਣ ਲਈ ਆਮ ਆਦਮੀ ਪਾਰਟੀ ਵੱਲੋਂ 'ਨਸ਼ਾ ਮੁਕਤੀ ਮੋਰਚਾ' ਦੇ ਕੁਆਰਡੀਨੇਟਰ ਨਿਯੁਕਤ ਕੀਤੇ ਗਏ ਹਨ। ਇਸ ਸਬੰਧੀ ਪਾਰਟੀ ਵੱਲੋਂ ਜਾਰੀ ਇੱਕ ਪ੍ਰੈਸ ਨੋਟ ਰਾਹੀਂ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰੀ ਤੋਂ ਡਾਕਟਰ ਅਮਨਦੀਪ ਕੌਰ ਨੂੰ 'ਨਸ਼ਾ ਮੁਕਤੀ ਮੋਰਚਾ' ਮੁਹਿੰਮ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਪਾਰਟੀ ਪ੍ਰਧਾਨ ਅਮਨ ਅਰੋੜਾ ਵੱਲੋਂ ਜਾਰੀ ਲਿਸਟ ਅਨੁਸਾਰ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਤੋਂ ਇਹ ਨਿਯੁਕਤੀ ਕੀਤੀ ਗਈ ਹੈ। ਡਾਕਟਰ ਅਮਨਦੀਪ ਕੌਰ ਜਿੱਥੇ ਬੀਤੇ ਲੰਮੇ ਸਮੇਂ ਤੋਂ ਸਮਾਜ ਸੇਵਾ ਵਿੱਚ ਜੁਟੇ ਹੋਏ ਹਨ, ਉੱਥੇ ਉਹ ਸਮੇਂ ਸਮੇਂ 'ਤੇ ਨਸ਼ਿਆਂ ਅਤੇ ਕਈ ਤਰ੍ਹਾਂ ਦੀਆਂ ਸਮਾਜਿਕ ਕੁਰੀਤੀਆਂ ਖਿਲਾਫ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵੀ ਲੋਕਾਂ ਨੂੰ ਜਾਗਰੂਕ ਕਰਦੇ ਰਹਿੰਦੇ ਹਨ। ਡਾਕਟਰ ਅਮਨਦੀਪ ਕੌਰ ਦੀ ਕੋਆਰਡੀਨੇਟਰ ਵਜੋਂ ਨਿਯੁਕਤੀ 'ਤੇ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਇਸ ਮੌਕੇ ਮਾਰਕੀਟ ਕਮੇਟੀ ਫਿਰੋਜ਼ਪੁਰ ਸ਼ਹਿਰ ਦੇ ਚੇਅਰਮੈਨ ਜੁਗਰਾਜ ਕਟੋਰਾ, ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦੇ ਸਿੱਖਿਆ ਕੋਆਰਡੀਨੇਟਰ ਰਾਜ ਬਹਾਦਰ ਸਿੰਘ ਗਿੱਲ, ਨੇਕ ਪ੍ਰਤਾਪ ਸਿੰਘ ,ਹਿਮਾਂਸ਼ੂ ਠਕਰ, ਗੁਰਭੇਜ ਸਿੰਘ, ਜਗਦੀਪ ਕੰਬੋਜ ਮਿੰਟੂ, ਸ਼ਾਬਾਜ ਸਿੰਘ ਥਿੰਦ, ਅਮਰਿੰਦਰ ਸਿੰਘ ਬਰਾੜ, ਗੁਰਜੀਤ ਸਿੰਘ ਚੀਮਾ, ਹਰਮੀਤ ਖਾਈ ਤੇ ਹੋਰ ਲੋਕਾਂ ਵੱਲੋਂ ਵੀ ਡਾਕਟਰ ਅਮਨਦੀਪ ਕੌਰ ਦੀ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਸੁਪਰੀਮ ਕੋਰਟ ਤੇ ਰਾਸ਼ਟਰਪਤੀ ਭਵਨ ਦਾ ਕੀਤਾ ਵਿੱਦਿਅਕ ਦੌਰਾ



ਫਤਹਿਗੜ੍ਹ ਸਾਹਿਬ, 30 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ 40 ਵਿਦਿਆਰਥੀਆਂ ਨੇ ਨਵੀਂ ਦਿੱਲੀ ਦੀ ਤਿੰਨ ਦਿਨਾਂ ਦੇ ਵਿਦਿਅਕ ਦੌਰੇ ਦੌਰਾਨ ਭਾਰਤ ਦੀ ਸੁਪਰੀਮ ਕੋਰਟ, ਰਾਸ਼ਟਰਪਤੀ ਭਵਨ, ਇੰਡੀਅਨ ਲਾਅ ਇੰਸਟੀਚਿਊਟ ਅਤੇ ਵੱਖ-ਵੱਖ ਸਰਕਾਰੀ ਸੰਸਥਾਵਾਂ ਅਤੇ ਅਜਾਇਬ ਘਰਾਂ ਵਰਗੇ ਪ੍ਰਮੁੱਖ ਅਦਾਰਿਆਂ ਦਾ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਭਾਰਤ ਦੀਆਂ ਕਾਨੂੰਨੀ ਅਤੇ ਸਰਕਾਰੀ ਪ੍ਰਣਾਲੀਆਂ ਦਾ ਵਿਹਾਰਕ ਅਨੁਭਵ ਪ੍ਰਦਾਨ ਕਰਨਾ ਸੀ। ਪ੍ਰੋ. (ਡਾ.) ਅਮਿਤਾ ਕੌਸ਼ਲ, ਮੁਖੀ ਅਤੇ ਡੀਨ ਨੇ ਕਿਹਾ ਕਿ ਵਿਦਿਆਰਥੀਆਂ ਲਈ ਅਦਾਲਤੀ ਕਾਰਵਾਈਆਂ ਨੂੰ ਲਾਈਵ ਦੇਖਣਾ, ਨਿਆਂਇਕ ਪ੍ਰਕਿਰਿਆਵਾਂ ਦੀ ਸਿੱਧੀ ਸਮਝ ਪ੍ਰਾਪਤ ਕਰਨਾ ਲਈ ਇਹ ਦੌਰਾ ਇੱਕ ਵਧੀਆ ਅਨੁਭਵ ਰਿਹਾ। ਵਿਦਿਆਰਥੀਆਂ ਨੇ ਸੁਪਰੀਮ ਕੋਰਟ ਵਿੱਚ ਦਲੀਲਾਂ ਅਤੇ ਅਦਾਲਤੀ ਕਾਰਵਾਈ ਨੂੰ ਦੇਖਣ ਦੇ ਮਹੱਤਵ ਨੂੰ ਨੋਟ ਕੀਤਾ, ਜਿਸ ਨੇ ਉਨ੍ਹਾਂ ਦੇ ਪੇਸ਼ੇਵਰ ਦ੍ਰਿਸ਼ਟੀਕੋਣ ਨੂੰ ਡੂੰਘਾ ਕੀਤਾ। ਇਹ ਦੌਰਾ ਡਾ. ਨਵਨੀਤ ਕੌਰ, ਇੰਚਾਰਜ ਤੇ ਅੰਮ੍ਰਿਤਪਾਲ ਸਿੰਘ ਨੇ ਯੋਜਨਾਬੱਧ ਕੀਤਾ। ਰਾਸ਼ਟਰਪਤੀ ਭਵਨ ਦੇ ਦੌਰੇ ਨੇ ਵਿਦਿਆਰਥੀਆਂ ਨੂੰ ਭਾਰਤ ਦੇ ਸੰਵਿਧਾਨਕ ਢਾਂਚੇ ਵਿੱਚ ਸੂਝ ਪ੍ਰਦਾਨ ਕੀਤੀ, ਜਦੋਂ ਕਿ ਇੰਡੀਅਨ ਲਾਅ ਇੰਸਟੀਚਿਊਟ ਨੇ ਵਿਦਿਆਰਥੀਆਂ ਨੂੰ ਉੱਨਤ ਕਾਨੂੰਨੀ ਖੋਜ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਸਰਕਾਰੀ ਸੰਸਥਾਵਾਂ ਅਤੇ ਅਜਾਇਬ ਘਰਾਂ ਦਾ ਵੀ ਦੌਰਾ ਕੀਤਾ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਸਕੂਲ ਦੇ ਮੁਖੀ ਤੇ ਫੈਕਲਟੀ ਵੱਲੋਂ ਅਜਿਹੇ ਵਿਦਿਅਕ ਯਾਤਰਾ ਦੀ ਯੋਜਨਾ ਬਣਾਉਣ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਦੌਰੇ ਨੇ ਵਿਦਿਆਰਥੀਆਂ ਦੇ ਵਿਕਾਸ 'ਤੇ ਸਕਾਰਾਤਮਕ ਪ੍ਰਭਾਵ ਪਾਇਆ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਇਕਬਾਲ ਸਿੰਘ ਰਾਏ ਵਿਧਾਨ ਸਭਾ ਹਲਕਾ ਅਮਲੋਹ ਦੇ ਕੋਆਰਡੀਨੇਟਰ ਨਿਯੁਕਤ



ਅਮਲੋਹ, 30 ਅਪ੍ਰੈਲ (ਜਸਵੰਤ ਸਿੰਘ): ਨੌਜਵਾਨ ਆਗੂ ਇਕਬਾਲ ਸਿੰਘ ਰਾਏ ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 'ਨਸ਼ਾ ਮੁਕਤੀ ਮੋਰਚਾ' ਦਾ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਅਮਲੋਹ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਦਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ, ਜ਼ਿਲ੍ਹਾ ਪ੍ਰਧਾਨ ਅਜੇ ਸਿੰਘ ਲਿਬੜਾ, ਸੀਨੀਅਰ ਆਗੂ ਐਡਵੋਕੇਟ ਮਨਿੰਦਰ ਸਿੰਘ ਮਨੀ ਬੜਿੰਗ ਅਤੇ ਜ਼ਿਲ੍ਹਾ ਕੋਆਰਡੀਨੇਟਰ ਓਂਕਾਰ ਚੌਹਾਨ ਆਦਿ ਨੇ ਸਵਾਗਤ ਕਰਦੇ ਹੋਏ ਵਧਾਈ ਦਿੱਤੀ। ਸ੍ਰੀ ਰਾਏ ਨੇ ਕਿਹਾ ਕਿ ਸਰਕਾਰ ਵੱਲੋਂ ਉਸ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਹ ਤਨਦੇਹੀ ਨਾਲ ਨਿਭਾਉਣਗੇ ਅਤੇ ਨਸ਼ਿਆਂ ਦੇ ਖਾਤਮੇ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ ਤਾਂ ਜੋ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਇਆ ਜਾ ਸਕੇ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪਾਰਟੀ ਪ੍ਰਧਾਨ ਅਮਨ ਅਰੋੜਾ, ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਅਤੇ ਹੋਰ ਲੀਡਰਸ਼ਿਪ ਦਾ ਵੀ ਧੰਨਵਾਦ ਕੀਤਾ। ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਸ੍ਰੀ ਰਾਏ ਪਾਰਟੀ ਦੇ ਮਿਹਨਤੀ ਆਗੂ ਹਨ, ਜਿਨ੍ਹਾਂ ਨੇ ਮਿਹਨਤ ਕਰਕੇ ਪਾਰਟੀ ਨੂੰ ਮਜ਼ਬੂਤ ਕੀਤਾ ਹੈ, ਉਥੇ ਸਾਨੂੰ ਨੌਜਵਾਨ ਇਸ 'ਤੇ ਉਮੀਦ ਹੈ ਕਿ ਉਹ ਇਸ ਜ਼ਿੰਮੇਵਾਰੀ 'ਤੇ ਵੀ ਖਰਾ ਉਤਰਨਗੇ। ਇਸ ਨਿਯੁਕਤੀ ਦਾ ਸੀਨੀਅਰ ਆਗੂ ਸਿੰਗਾਰਾ ਸਿੰਘ ਸਲਾਣਾ, ਮਾਰਕੀਟ ਕਮੇਟੀ ਦੀ ਚੇਅਰਪਰਸਨ ਸੁਖਵਿੰਦਰ ਕੌਰ ਗਹਿਲੌਤ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਪਰਮਵੀਰ ਸਿੰਘ ਮਾਂਗਟ, ਕੌਂਸਲ ਪ੍ਰਧਾਨ ਸਿਕੰਦਰ ਸਿੰਘ ਗੋਗੀ, ਸੀਨੀਅਰ ਮੀਤ ਪ੍ਰਧਾਨ ਵਿੱਕੀ ਮਿੱਤਲ, ਜੱਗਾ ਭੋਲੀਆਂ, ਕੁਲਜੀਤ ਸਿੰਘ ਨਰਾਇਣਗੜ੍ਹ, ਦੀਪਕ ਮਲਹੋਤਰਾ ਅਤੇ ਲਵਪ੍ਰੀਤ ਸਿੰਘ ਆਦਿ ਨੇ ਵੀ ਸਵਾਗਤ ਕੀਤਾ ਹੈ।

# ਸਿਆਸਤਾਂ ਛੱਡ ਕੇ ਇਕਜੁੱਟ ਹੋ ਕੇ ਕਰੋ ਦੇਸ਼ ਦੀ ਸੇਵਾ : ਵਿਦਿਆਰਥੀ ਮੁਖੀ



ਭੋਗਪੁਰ, 30 ਅਪ੍ਰੈਲ (ਸੈਣੀ ਜੰਡੀਰ): ਵਿਦਿਆਰਥੀ ਜਥੇਬੰਦੀ ਆਲ ਇੰਡਿਆ ਡੈਮੋਕਰੈਟਿਕ ਸਟੂਡੈਂਟਸ ਆਰਗੇਨਾਈਜੇਸ਼ਨ (ਏਆਈਡੀਐੱਸਓ) ਦੇ ਜਨਰਲ ਸਕੱਤਰ ਸ਼ਿਬਾਸ਼ਿਸ ਪ੍ਰਹਰਾਜ ਤੇ ਗੁਰਦੀਪ ਸਿੰਘ ਬਹਿਣੀਵਾਲ ਨੇ ਅੱਜ ਇੱਥੇ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਅਸੀਂ ਕਸ਼ਮੀਰ ਵਿੱਚ ਹੋਏ ਭਿਆਨਕ ਅੱਤਵਾਦੀ ਹਮਲੇ ਵਿੱਚ ਮਾਸੂਮ ਜਾਨਾਂ ਜਾਣ 'ਤੇ ਡੂੰਘਾ ਦੁੱਖ ਇਜ਼ਹਾਰ ਕਰ ਰਹੇ ਹਾਂ। ਅਸੀਂ ਕਸ਼ਮੀਰ ਦੇ ਆਮ ਲੋਕਾਂ ਦੀ ਪ੍ਰੇਰਨਾਦਾਇਕ ਹਿੰਮਤ ਅਤੇ ਨਿਰਸਵਾਰਥਤਾ ਨੂੰ ਵੀ ਸਲਾਮ ਕਰਦੇ ਹਾਂ, ਜਿਨ੍ਹਾਂ ਨੇ ਇੱਕ ਪਲ ਵੀ ਗੁਆਏ ਬਿਨਾਂ, ਕੀਮਤੀ ਜਾਨਾਂ ਬਚਾਉਣ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ। ਉਨ੍ਹਾਂ ਦੀ ਹਿੰਮਤ ਅਤੇ ਬਹਾਦਰੀ ਸਾਡੇ ਦੇਸ਼ ਦੇ ਲੋਕਾਂ ਦੀ ਅਖੰਡਤਾ ਦਾ ਇੱਕ ਪ੍ਰਤੱਖ ਪ੍ਰਮਾਣ ਹੈ। ਇੱਕ ਅਜਿਹਾ ਮਨੁੱਖੀ ਭਾਵ ਜੋ ਹਰ ਤਰ੍ਹਾਂ ਦੀਆਂ ਫਿਰਕੂ ਭਾਵਨਾਵਾਂ ਤੋਂ ਪਰੇ ਹੈ। ਜਿੱਥੇ ਇਸ ਭਿਆਨਕ ਅੱਤਵਾਦੀ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ, ਉੱਥੇ ਹੀ ਚਿੰਤਾਜਨਕ ਗੱਲ ਇਹ ਹੈ ਕਿ ਦੇਸ਼ ਭਰ ਵਿੱਚ ਖਾਸ ਕਰਕੇ ਕਸ਼ਮੀਰੀ ਵਿਦਿਆਰਥੀਆਂ ਵਿਰੁੱਧ, ਨਫ਼ਰਤ ਨੂੰ ਉਤਸ਼ਾਹਿਤ ਕਰਕੇ ਸੌੜੇ ਰਾਜਨੀਤਿਕ ਲਾਭ ਪ੍ਰਾਪਤ ਕਰਨ ਲਈ ਬਹੁਤ ਜ਼ਿਆਦਾ ਫਿਰਕੂ ਰਾਜਨੀਤੀ ਕੀਤੀ ਜਾ ਰਹੀ ਹੈ। ਅਸੀਂ ਦੇਸ਼ ਦੇ ਲੋਕਤੰਤਰੀ ਨਾਗਰਿਕਾਂ ਨੂੰ ਇਕੱਠੇ ਹੋ ਕੇ ਦੇਸ਼ ਦੇ ਨਾਗਰਿਕਾਂ ਲਈ ਸੁਰੱਖਿਆ ਦੀ ਮੰਗ ਕਰਦੇ ਹਾਂ ਅਤੇ ਜਿਸਦੀ ਅਸਫਲਤਾ ਕਾਰਨ ਇੰਨੀ ਭਿਆਨਕ ਘਟਨਾ ਵਾਪਰੀ ਹੈ ਸਥਿਤੀਆਂ ਦੀ ਤੁਰੰਤ ਜਾਂਚ ਕਰਕੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣ ਦੀ ਅਪੀਲ ਕਰਦੇ ਹਾਂ। ਉਹਨਾਂ ਕਿਹਾ ਕਿ ਅਸੀਂ ਪੂਰੀ ਲੋਕਾਈ ਨੂੰ ਫਿਰਕੂ ਨਫ਼ਰਤ ਦਾ ਪੂਰੀ ਤਾਕਤ ਨਾਲ ਵਿਰੋਧ ਕਰਨ ਲਈ ਇੱਕਜੁੱਟ ਹੋਣ ਦਾ ਸੱਦਾ ਦਿੰਦੇ ਹਾਂ।

# ਬਾਬਾ ਜ਼ੋਰਾਵਰ ਸਿੰਘ ਫ਼ਤਹਿ ਸਿੰਘ ਸੀਨੀ. ਸੈਕੰ. ਪਬਲਿਕ ਸਕੂਲ ਨੇ 'ਵਿਸ਼ਵ ਜਲ ਦਿਵਸ' ਮਨਾਇਆ



ਫਤਹਿਗੜ੍ਹ ਸਾਹਿਬ, 30 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਬਾਬਾ ਜ਼ੋਰਾਵਰ ਸਿੰਘ ਫਤਹਿ ਸਿੰਘ ਸੀਨੀ. ਸੈਕੰ. ਪਬਲਿਕ ਸਕੂਲ, ਫਤਹਿਗੜ੍ਹ ਸਾਹਿਬ ਵੱਲੋਂ ਜਲ ਪਖਵਾੜਾ ਪ੍ਰੋਗਰਾਮ ਤਹਿਤ ਪਾਣੀ ਦੀ ਸਾਂਭ ਸੰਭਾਲ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੌਕੇ ਤੀਜੀ ਤੋਂ ਪੰਜਵੀਂ ਤੱਕ ਦੇ ਬੱਚਿਆਂ ਨੂੰ ਆਡੀਓ-ਵਿਜ਼ੂਅਲ ਪ੍ਰੋਗਰਾਮ ਦੁਆਰਾ ਪਾਣੀ ਬਚਾਓ ਮੁਹਿੰਮ ਤੋਂ ਜਾਣੂ ਕਰਵਾਇਆ ਗਿਆ। ਸਵੇਰ ਦੀ ਪ੍ਰਾਰਥਨਾ ਸਭਾ ਦੌਰਾਨ ਛੋਟੇ ਬੱਚਿਆਂ ਵੱਲੋਂ ਪਾਣੀ ਦੀ ਮਹੱਤਤਾ ਦਰਸਾਉਂਦਾ ਹੋਇਆ ਇੱਕ ਸਕਿੱਟ ਪੇਸ਼ ਕੀਤਾ ਗਿਆ ਅਤੇ ਪਾਣੀ ਦੀ ਸਾਂਭ-ਸੰਭਾਲ ਰੱਖਣ ਸਬੰਧੀ ਸਹੁੰ ਵੀ ਚੁੱਕੀ ਗਈ। ਮਿਡਲ ਅਤੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਕਵਿਤਾ, ਭਾਸ਼ਣ, ਪੇਂਟਿੰਗ ਰਾਹੀਂ ਅਤੇ ਸਲੋਗਨ ਲਿਖ ਕੇ ਪਾਣੀ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਇਸ ਸਬੰਧੀ ਬੱਚਿਆਂ ਦੇ ਲੇਖ ਅਤੇ ਕੁਇਜ਼ ਮੁਕਾਬਲੇ ਵੀ ਕਰਵਾਏ ਗਏ। ਸੀਨੀਅਰ ਵਿੰਗ ਵੱਲੋਂ ਵੱਖ-ਵੱਖ ਵਿਸ਼ੇ ਜਿਵੇਂ ਕਿ ਪਾਣੀ ਤੋਂ ਹੋਣ ਵਾਲੀਆਂ ਬੀਮਾਰੀਆਂ ਅਤੇ ਗੰਦੇ ਪਾਣੀ ਦੇ ਨਿਕਾਸ ਦੇ ਢੁੱਕਵੇਂ ਪ੍ਰਬੰਧ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਇਸ ਦੌਰਾਨ ਸਕੂਲ ਪ੍ਰਿੰਸੀਪਲ ਸ੍ਰੀਮਤੀ ਅਰਸ਼ਦੀਪ ਕੌਰ ਵੱਲੋਂ ਵਿਦਿਆਰਥੀਆਂ ਨੂੰ ਪਾਣੀ ਦੀ ਮਹੱਤਤਾ ਅਤੇ ਸਹੀ ਵਰਤੋਂ ਬਾਰੇ ਜਾਣੂ ਕਰਵਾਇਆ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕ੍ਰਿਕਟ ਟੂਰਨਾਮੈਂਟ 'ਤੇ ਬਾਂਸਲ ਇੰਟਰਪ੍ਰਾਈਜ਼ਰ ਦਾ ਕਬਜ਼ਾ

ਜੈਤੋ, 30 ਅਪ੍ਰੈਲ (ਸੰਜੀਵ ਗੋਇਲ/ਵਿਪਨ ਗੋਇਲ): ਕਲੱਬ ਪ੍ਰਧਾਨ ਸ਼ੇਖਰ ਸ਼ਰਮਾ, ਸਰਪ੍ਰਸਤ ਕੋਮਲ ਸ਼ਰਮਾ ਤੇ ਪ੍ਰਿੰਸ ਸੈਨ ਨੇ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਰਾਮਲੀਲਾ ਗਰਾਊਂਡ ਜੈਤੋ ਵਿਖੇ ਕ੍ਰਿਕੇਟ ਕਲੱਬ ਜੈਤੋ ਵੱਲੋਂ ਸੀਜਨ 3 ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਕੁਲ 6 ਟੀਮਾਂ ਨੇ ਭਾਗ ਲਿਆ। ਬੀਤੇ ਐਤਵਾਰ ਫਾਈਨਲ ਮੁਕਾਬਲਾ ਡਾਕਟਰ 11 (ਬਾਂਸਲ ਇੰਟਰਪਰਾਈਜ਼ਰ) ਤੇ ਹੈਪੀ 11 (ਬਾਂਸਲ ਸਵੀਟਸ) ਦੇ ਵਿਚਕਾਰ ਖੇਡਿਆ ਗਿਆ। ਪਹਿਲਾਂ ਖੇਡਦੇ ਹੋਏ ਡਾਕਟਰ 11 ਦੀ ਟੀਮ ਨੇ 138 ਰਨ ਬਣਾਏ। ਜਵਾਬ ਵਿੱਚ ਹੈਪੀ 11 ਦੀ ਟੀਮ ਟੀਚਾ ਪੂਰਾ ਨਾ ਕਰ ਪਾਈ ਤੇ ਹਾਰ ਗਈ। ਮੈਚ ਜਿੱਤ ਕੇ ਡਾਕਟਰ 11 ਨੇ ਟਰਾਫੀ 'ਤੇ ਕਬਜ਼ਾ ਕੀਤਾ। ਟੂਰਨਾਮੈਂਟ ਵਿੱਚ ਅਮਪਾਇਰ ਦੀ ਭੂਮਿਕਾ ਸ਼ੋਸ਼ਲ ਮੀਡੀਆ ਸਟਾਰ ਪੱਪੂ ਪਟਾਕਾ ਨੇ ਨਿਭਾਈ। ਪੱਪੂ ਪਟਾਕਾ ਨੂੰ ਦੇਖਣ ਵਾਸਤੇ ਦਰਸ਼ਕਾਂ ਦਾ ਸੈਲਾਬ ਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਵਿਧਾਇਕ ਅਮੋਲਕ ਸਿੰਘ ਤੇ ਉਨ੍ਹਾਂ ਦੇ ਨਾਲ ਨਰੇਸ਼ ਜਿੰਦਲ ਤੇ ਐਡਵੋਕੇਟ ਅਮਿਤ ਮਿੱਤਲ ਗੋਲਡੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਵਿਧਾਇਕ ਅਮੋਲਕ ਸਿੰਘ ਨੇ 51000 ਰੁਪਏ ਦੀ ਰਾਸ਼ੀ ਕਲੱਬ ਨੂੰ ਭੇਟ ਕੀਤੀ। ਨਰੇਸ਼ ਜਿੰਦਲ ਵੱਲੋਂ ਵੀ ਕਲੱਬ ਨੂੰ 31000 ਰੁਪਏ ਦੀ ਰਾਸ਼ੀ ਭੇਟ ਕੀਤੀ। ਕ੍ਰਿਕਟ ਕਲੱਬ ਜੈਤੋ ਵੱਲੋਂ ਵਿਧਾਇਕ ਅਮੋਲਕ ਸਿੰਘ ਤੇ ਕਲੱਬ ਦੇ ਪ੍ਰਧਾਨ ਸ਼ੇਖਰ ਸ਼ਰਮਾ, ਸਰਪ੍ਰਸਤ ਕੋਮਲ ਸ਼ਰਮਾ ਵੱਲੋਂ ਜਿੱਤੀ ਟੀਮ ਨੂੰ ਟਰਾਫੀ ਤੇ 11000 ਰੁਪਏ ਦੀ ਨਗਦ ਰਾਸ਼ੀ ਇਨਾਮ ਵੱਜੋਂ ਭੇਟ ਕੀਤੀ ਗਈ। ਰਨਰਅਪ ਟੀਮ ਹੈਪੀ 11 ਨੂੰ ਸਨਮਾਨ ਚਿੰਨ੍ਹ ਦੇ ਨਾਲ 7100 ਰੁਪਏ ਨਗਦ ਇਨਾਮ ਵੱਜੋ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਨੰਨੇ ਮੁੰਨੇ ਬੱਚਿਆਂ ਨੇ ਵੀ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਕਲੱਬ ਦੇ ਪ੍ਰਧਾਨ ਸ਼ੇਖਰ ਸ਼ਰਮਾ ਸਰਪ੍ਰਸਤ ਸੋਨੂੰ ਸ਼ਰਮਾ, ਪ੍ਰਿੰਸ ਸੇਨ, ਮਨੀਸ਼ ਸ਼ਰਮਾ, ਸ਼ੈਂਕੀ ਗਰਗ, ਮਰਜਾਣਾ ਬਾਦਲ, ਆਸ਼ਿਸ਼ ਬਰਗਾੜੀ ਤੇ ਚਰਨਜੀਤ ਕੋਚਰ ਮੌਜੂਦ ਸਨ।

# ਓਮ ਪ੍ਰਕਾਸ਼ ਬਾਂਸਲ ਸਕੂਲ ਨੇ 'ਸਟਾਰ ਗੈਜ਼ਿੰਗ ਨਾਈਟ' ਦਾ ਕੀਤਾ ਆਯੋਜਨ



ਮੰਡੀ ਗੋਬਿੰਦਗੜ੍ਹ, 30 ਅਪ੍ਰੈਲ (ਸੂਦ): ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਮੰਡੀ ਗੋਬਿੰਦਗੜ੍ਹ ਦੇ ਸੀਨੀਅਰ ਵਿੰਗ ਦੇ ਐਸਟਰੋਨੋਮੀ ਕਲੱਬ ਨੇ ਇੱਕ ਸ਼ਾਨਦਾਰ 'ਸਟਾਰ ਗੈਜ਼ਿੰਗ ਨਾਈਟ' ਦਾ ਆਯੋਜਨ ਕੀਤਾ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਖਗੋਲ ਵਿਗਿਆਨ ਦੀ ਰਹੱਸਮਈ ਦੁਨੀਆ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਦੇ ਵਿਗਿਆਨਕ ਸੁਭਾਅ ਨੂੰ ਉਤਸ਼ਾਹਿਤ ਕਰਨਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋਫੈਸਰ ਰਵਿੰਦਰਜੀਤ ਸਿੰਘ ਦੇ ਇੱਕ ਜਾਣਕਾਰੀ ਭਰਪੂਰ ਅਤੇ ਪ੍ਰੇਰਨਾਦਾਇਕ ਸੈਸ਼ਨ ਨਾਲ ਹੋਈ, ਜਿਸ ਵਿੱਚ ਉਨ੍ਹਾਂ ਨੇ ਗ੍ਰਹਿਆਂ, ਤਾਰਾਮੰਡਲਾਂ ਅਤੇ ਬ੍ਰਹਿਮੰਡ ਦੀਆਂ ਅਨੰਤ ਸੰਭਾਵਨਾਵਾਂ 'ਤੇ ਚਾਨਣਾ ਪਾਇਆ। ਬਾਅਦ ਵਿਚ ਵਿਦਿਆਰਥੀ, ਮਾਪੇ ਅਤੇ ਅਧਿਆਪਕਾਂ ਨੂੰ ਇੱਕ ਦੂਰਬੀਨ ਰਾਹੀਂ ਜੁਪੀਟਰ, ਮੰਗਲ ਅਤੇ ਕਈ ਦੂਰ-ਦੁਰਾਡੇ ਤਾਰਾ ਮੰਡਲਾਂ ਨੂੰ ਦੇਖਣ ਦਾ ਮੌਕਾ ਮਿਲਿਆ। ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਕਿਹਾ ਕਿ ਅਸਮਾਨ ਵੱਲ ਵੇਖਣਾ ਸਿਰਫ਼ ਤਾਰਿਆਂ ਨੂੰ ਵੇਖਣਾ ਨਹੀਂ ਇਹ ਇੱਕ ਅਜਿਹਾ ਅਨੁਭਵ ਹੈ ਜੋ ਆਤਮਾ ਨੂੰ ਉਚਾਈਆਂ 'ਤੇ ਲਿਜਾਂਦਾ ਹੈ। ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਕਲਪਨਾ ਨੂੰ ਨਵੀਂ ਦਿਸ਼ਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡਾ ਖਗੋਲ ਵਿਗਿਆਨ ਕਲੱਬ ਵਿਦਿਆਰਥੀਆਂ ਨੂੰ 'ਕਲਾਸਰੂਮ ਤੋਂ ਪਰੇ ਸਿੱਖਣ' ਲਈ ਪ੍ਰੇਰਿਤ ਕਰਦਾ ਹੈ। ਇਸ ਮੌਕੇ ਰਵਿੰਦਰਜੀਤ ਸਿੰਘ ਅਤੇ ਪ੍ਰਬੰਧਕੀ ਟੀਮ ਨੂੰ ਵੀ ਉਨ੍ਹਾਂ ਵਧਾਈ ਦਿੱਤੀ। ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਨਾ ਸਿਰਫ਼ ਜਾਣਕਾਰੀ ਭਰਪੂਰ ਸੀ ਸਗੋਂ ਇੱਕ ਅਭੁੱਲ ਅਨੁਭਵ ਵੀ ਸੀ ਜਿੱਥੇ ਵਿਗਿਆਨ, ਸੁੰਦਰਤਾ ਅਤੇ ਪ੍ਰੇਰਨਾ ਇਕੱਠੇ ਹੋ ਕੇ ਰਾਤ ਦੇ ਅਸਮਾਨ ਨੂੰ ਜੀਵੰਤ ਬਣਾਉਂਦੇ ਸਨ।

# ਸ੍ਰੀ ਹੇਮਕੁੰਟ ਸਕੂਲ 'ਚ ਮਨਾਇਆ ਮਜ਼ਦੂਰ ਦਿਵਸ



ਕੋਟ ਈਸੇ ਖਾਂ, 30 ਅਪ੍ਰੈਲ (ਗਾਂਧੀ/ਗੁਰਦੇਵ ਖੁਰਾਣਾ): ਸ੍ਰੀ ਹੇਮਕੁੰਟ ਸੀਨੀਅਰ ਸਕੈਂ. ਸਕੂਲ ਕੋਟ-ਈਸੇ-ਖਾਂ ਵਿਖੇ ਮਜ਼ਦੂਰਾਂ ਦੇ ਸਨਮਾਨ ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ। ਸਵੇਰ ਦੀ ਵਿਸ਼ੇਸ਼ ਪ੍ਰਾਰਥਨਾ ਸਭਾ ਹੋਈ, ਜਿਸ ਵਿੱਚ ਵਿਦਿਆਰਥੀਆਂ ਨੇ ਮਜ਼ਦੂਰ ਦਿਵਸ ਦੇ ਵਿਸ਼ੇ ਨਾਲ ਸਬੰਧਤ ਭਾਸ਼ਣ, ਕਵਿਤਾਵਾਂ ਆਦਿ ਪੇਸ਼ ਕੀਤੇ। ਭਾਸ਼ਣ ਵਿੱਚ ਕੰਮ ਦੀ ਮਹੱਤਤਾ ਬਾਰੇ ਦੱਸਿਆ ਗਿਆ ਕਿ ਕੰਮ ਹੀ ਪੂਜਾ ਹੈ ਤੇ ਕੰਮ ਕੋਈ ਛੋਟਾ ਵੱਡਾ ਨਹੀਂ ਹੁੰਦਾ ਅਤੇ ਸਾਨੂੰ ਸਭ ਦਾ ਸਨਮਾਨ ਕਰਨਾ ਚਾਹੀਦਾ ਹੈ। ਇਸ ਸਮੇਂ ਚੇਅਰਮੈਨ ਕੁਲਵੰਤ ਸਿੰਘ ਸੰਧੂ ਅਤੇ ਵਿਦਿਆਰਥੀਆਂ ਵੱਲੋਂ ਮਜ਼ਦੂਰਾਂ ਨਾਲ ਖੁਸ਼ੀਆਂ ਸਾਂਝੇ ਕਰਦੇ ਹੋਏ ਲੱਡੂ ਖਵਾਏ ਅਤੇ ਕਿਹਾ ਕਿ ਕੰਮ ਹੀ ਮਨੁੱਖ ਦੇ ਕਰਮ ਹਨ, ਮਜ਼ਦੂਰ ਸਾਡੇ ਸਮਾਜ ਦਾ ਅਹਿਮ ਅੰਗ ਹਨ, ਜੋ ਸਮਾਜ ਵਿੱਚ ਮਨਮੋਹਕ ਅਤੇ ਉੱਚੀਆਂ ਇਮਾਰਤਾਂ ਦਾ ਨਿਰਮਾਣ ਕਰਕੇ ਅੱਗੇ ਵਧਾਉਣ ਵਿੱਚ ਯੋਗਦਾਨ ਦੇ ਰਹੇ ਹਨ। ਉਹਨਾਂ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਇਆਂ ਕਿਹਾ ਕਿ ਅੱਗੋਂ ਵੀ ਇਸੇ ਤਰ੍ਹਾਂ ਰੋਜ਼ ਦੇ ਕੰਮਾਂ-ਕਾਰਾਂ ਵਿੱਚ ਇਹਨਾਂ ਵੱਲੋਂ ਭਰਪੂਰ ਸਾਥ ਮਿਲਦਾ ਰਹੇ। ਇਸ ਮੌਕੇ 'ਤੇ ਐਮ.ਡੀ ਮੈਡਮ ਰਣਜੀਤ ਕੌਰ ਸੰਧੂ, ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਮਜ਼ਦੂਰ ਸਾਡੇ ਜੀਵਨ ਦੇ ਮੁੱਖ ਅੰਗ ਹਨ, ਇਹਨਾਂ ਦੁਆਰਾ ਕੀਤੇ ਕੰਮਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਇਹਨਾਂ ਦਾ ਸਾਡੇ ਰੋਜ਼ ਦੇ ਕੰਮਾਂ ਕਾਰਾਂ ਵਿੱਚ ਮੁੱਖ ਸਥਾਨ ਹੈ।

# ਡਾ. ਅੰਬੇਡਕਰ ਜਾਗ੍ਰਿਤੀ ਵੈੱਲਫੇਅਰ ਸੁਸਾਇਟੀ ਨੇ ਦੇਸ਼ ਭਗਤ ਯੂਨੀਵਰਸਿਟੀ 'ਚ ਪੰਜਵਾਂ ਮਾਨਵ ਜਾਗ੍ਰਿਤੀ ਸੰਮੇਲਨ ਕਰਵਾਇਆ



ਮੰਡੀ ਗੋਬਿੰਦਗੜ੍ਹ, 30 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਡਾ. ਅੰਬੇਡਕਰ ਜਾਗ੍ਰਿਤੀ ਵੈੱਲਫੇਅਰ ਸੁਸਾਇਟੀ ਵੱਲੋਂ ਦੇਸ਼ ਭਗਤ ਯੂਨੀਵਰਸਿਟੀ ਦੇ ਸਹਿਯੋਗ ਨਾਲ, ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੀ 134ਵੀਂ ਜੈਯੰਤੀ ਦੇ ਸਨਮਾਨ ਵਿੱਚ ਪੰਜਵਾਂ ਮਾਨਵ ਜਾਗ੍ਰਿਤੀ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਡੀ.ਬੀ.ਯੂ. ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਦੀ ਮੌਜੂਦਗੀ ਹੇਠ ਆਯੋਜਿਤ ਕੀਤਾ ਗਿਆ, ਜਿਨ੍ਹਾਂ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਕਈ ਪ੍ਰਸਿੱਧ ਸ਼ਖ਼ਸੀਅਤਾਂ ਦੇ ਨਾਲ ਸ਼ਿਰਕਤ ਕੀਤੀ। ਇਸ ਸੰਮੇਲਨ ਦੀ ਸ਼ੁਰੂਆਤ ਇੱਕ ਪ੍ਰਤੀਕਾਤਮਕ ਪੌਦੇ ਵੰਡ ਸਮਾਰੋਹ ਨਾਲ ਹੋਈ, ਜਿਸ ਵਿੱਚ ਵਾਤਾਵਰਣ ਜਾਗਰੂਕਤਾ ਤੇ ਟਿਕਾਊ ਜੀਵਨ ਨੂੰ ਉਤਸ਼ਾਹਿਤ ਕੀਤਾ ਗਿਆ। ਪ੍ਰਮੁੱਖ ਹਾਜ਼ਰੀਨ ਵਿੱਚ ਪਾਵਨ ਵਾਲਮੀਕਿ ਤੀਰਥ, ਅੰਮ੍ਰਿਤਸਰ ਤੋਂ ਸੰਤ ਬਾਬਾ ਮਲਕੀਤ ਨਾਥ ਤੇ ਸਤਿਕਾਰਯੋਗ ਹਰਦੇਵ ਸਿੰਘ ਆਦਿ ਸ਼ਾਮਲ ਸਨ। ਇਸ ਪ੍ਰੋਗਰਾਮ ਮੌਕੇ ਸਾਬਕਾ ਕੌਂਸਲਰ ਤੇ ਐੱਸ.ਸੀ.ਬੀ.ਸੀ. ਚੇਅਰਮੈਨ ਪੰਜਾਬ ਹਰਦੀਪ ਵਾਲੀਆ ਤੇ ਅੰਬੇਡਕਰ ਮਹਾਂ ਸਭਾ ਹਿੱਸਾਰ (ਹਰਿਆਣਾ) ਦੀ ਰਾਸ਼ਟਰੀ ਪ੍ਰਧਾਨ ਗੀਤਾ ਵਾਲਮੀਕੀ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ, ਜਿਨ੍ਹਾਂ ਨੇ ਡਾ. ਅੰਬੇਡਕਰ ਦੇ ਸਮਾਨਤਾ ਤੇ ਸਿੱਖਿਆ ਦੇ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ। ਐਡਵੋਕੇਟ ਨੂਪੁਰ ਚੋਹਲੀ ਤੇ ਹੋਰਾਂ ਵਾਲਿਆਂ ਨੇ ਇੱਕ ਕਵਿਤਾ ਦੇ ਦੁਆਰਾ ਡਾ. ਅੰਬੇਡਕਰ ਦੀ ਵਿਰਾਸਤ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਸਟੇਟ ਐਵਾਰਡੀ ਸ੍ਰੀ ਬੇਅੰਤ ਭਾਰਤੀ ਤੇ ਓਮ ਪ੍ਰਕਾਸ਼ ਗੱਬਰ ਤੇ ਰਾਕੇਸ਼ ਬਹਾਦਰ ਵਰਗੇ ਹੋਰ ਪ੍ਰਸਿੱਧ ਮਹਿਮਾਨਾਂ ਨੇ ਸਿੱਖਿਆ ਤੇ ਸਮਾਜਿਕ ਉੱਨਤੀ ਵਿੱਚ ਡੀਬੀਯੂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਇਸ ਸਮਾਗਮ ਦੌਰਾਨ ਨੇੜਲੇ ਪਿੰਡਾਂ ਦੇ ਕਈ ਸਨਮਾਨ ਪਤਵੰਤਿਆਂ, ਪੰਚਾਇਤ ਆਗੂਆਂ, ਸਰਪੰਚਾਂ ਤੇ ਸਿੱਖਿਅਕਾਂ ਨੂੰ ਵੀ ਸਨਮਾਨਤ ਕੀਤਾ ਗਿਆ। ਸੰਮੇਲਨ ਦਾ ਸਮਾਪਨ ਅੰਬੇਡਕਰ ਜਾਗ੍ਰਿਤੀ ਵੈੱਲਫੇਅਰ ਸੁਸਾਇਟੀ ਵੱਲੋਂ ਡੀ.ਬੀ.ਯੂ. ਦੇ ਚਾਂਸਲਰ ਡਾ. ਜ਼ੋਰਾ ਸਿੰਘ ਲਈ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਨਾਲ ਹੋਇਆ, ਜਿਸ ਵਿੱਚ ਡਾ. ਅੰਬੇਡਕਰ ਦੇ ਨਿਆਂ, ਆਜ਼ਾਦੀ ਤੇ ਸਿੱਖਿਆ ਦੇ ਆਦਰਸ਼ਾਂ ਪ੍ਰਤੀ ਸਮੂਹਿਕ ਵਚਨਬੱਧਤਾ ਦੀ ਪੁਸ਼ਟੀ ਕੀਤੀ ਗਈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਜਥੇ. ਬਾਬਾ ਬਘੇਲ ਸਿੰਘ ਦੇ ਨਾਮ 'ਤੇ ਸਥਾਪਤ ਹੋਵੇਗੀ ਚੇਅਰ : ਬਾਬਾ ਸੱਜਣ ਸਿੰਘ

ਸਾਨ ਫਰਾਂਸਿਸਕੋ, 30 ਅਪ੍ਰੈਲ (ਚ.ਨ.ਸ.): ਗੁਰਦੁਆਰਾ ਸੰਤ ਸਾਗਰ ਸੈਕਰਾਮੈਂਟੋ ਤੇ ਨਿਊਯਾਰਕ ਤੇ ਗੁਰੂ ਰਾਮਦਾਸ ਅਕੈਡਮੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਮੁੱਖ ਸੰਚਾਲਕ ਬਾਬਾ ਸੱਜਣ ਸਿੰਘ ਨੇ ਪੱਤਰਕਾਰ ਨਾਲ ਗੱਲ ਕਰਦਿਆਂ ਦੱਸਿਆ ਕਿ ਸਿੱਖ ਪੰਥ ਦੇ ਮਹਾਨ ਜਰਨੈਲ ਜਥੇਦਾਰ ਬਾਬਾ ਬਘੇਲ ਸਿੰਘ ਜੀ ਦੇ ਨਾਮ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੇਅਰ ਸਥਾਪਤ ਕੀਤੀ ਜਾਵੇਗੀ, ਜਿਸ ਸਬੰਧੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਬਾਬਾ ਬਘੇਲ ਸਿੰਘ ਜੀ ਨੇ ਦਿੱਲੀ ਫ਼ਤਹਿ ਕਰਕੇ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਸੀ ਤੇ ਫਿਰ ਉਸ ਵੇਲੇ ਦੇ ਬਾਦਸ਼ਾਹ ਸ਼ਾਹ ਆਲਮ ਨੂੰ ਆਪਣਾ ਕੈਦੀ ਬਣਾ ਲਿਆ ਤਾਂ ਉਸ ਦੀ ਬੇਗਮ ਸਮਰੂ ਵੱਲੋਂ ਸਮਝੌਤੇ ਦੀ ਪੇਸ਼ਕਸ਼ ਵਿੱਚ ਦਿੱਲੀ ਸਥਿਤ ਗੁਰੂ ਸਾਹਿਬਾਨ ਦੇ ਚਰਨ ਛੋਹ ਪ੍ਰਾਪਤ ਅਸਥਾਨ ਜਿੱਥੇ ਮਸੀਤਾਂ/ਮਸਜਿਦਾਂ ਉਸਾਰ ਦਿੱਤੀਆਂ ਗਈਆਂ ਸਨ, ਦੀ ਨਿਸ਼ਾਨਦੇਹੀ ਕਰਵਾ ਕੇ ਗੁਰਦੁਆਰਾ ਸਾਹਿਬਾਨ ਸਥਾਪਤ ਕਰਵਾਏ। ਪਰ ਇਤਿਹਾਸਕਾਰਾਂ ਨੇ ਉਸ ਮਹਾਨ ਜਰਨੈਲ ਨੂੰ ਅਣਗੌਲਿਆ ਕਰ ਛੱਡਿਆ। ਇਥੇ ਦਸਣਯੋਗ ਹੈ ਕਿ ਦਿੱਲੀ ਫ਼ਤਹਿ ਦਿਵਸ ਮੌਕੇ ਬਾਬਾ ਜੀ ਨੇ ਐਲਾਨ ਕੀਤਾ ਕਿ ਜਥੇਦਾਰ ਬਾਬਾ ਬਘੇਲ ਸਿੰਘ ਜੀ ਨੇ ਦਿੱਲੀ ਫ਼ਤਹਿ ਕਰਨ ਜਾਣ ਸਮੇਂ ਆਪਣੇ ਜੱਦੀ ਪਿੰਡ ਝਬਾਲ ਤੋਂ ਚੱਲ ਕੇ ਬੰਡਾਲਾ, ਅੰਮ੍ਰਿਤਸਰ ਵਿਖੇ ਪਹਿਲਾ ਪੜਾਅ ਕੀਤਾ ਤੇ ਇਸ ਪਿੰਡ ਦੇ ਉਨ੍ਹਾਂ ਦੇ ਇਕ ਜਰਨੈਲ ਮਿਹਰ ਸਿੰਘ ਦੀ ਛੇਵੀਂ ਪੀੜ੍ਹੀ ਦੇ ਵਾਰਿਸ ਨਰਿੰਦਰਪਾਲ ਸਿੰਘ ਹੁੰਦਲ ਵੱਲੋਂ ਦਾਨ ਕੀਤੀ ਗਈ ਜ਼ਮੀਨ ਉੱਤੇ ਯਾਦਗਾਰ ਉਸਾਰੀ ਕਰਮਜੀਤ ਸਿੰਘ ਤੇ ਅਸਿਸਟੈਂਟ ਰਜਿਸਟਰਾਰ ਹਰਦਿਲਬਾਗ ਸਿੰਘ ਨੇ ਬਾਬਾ ਸੱਜਣ ਸਿੰਘ ਦੇ ਘੰਟੇ ਦੇ ਕਰੀਬ ਲੰਬਾ ਸਮਾਂ ਇਸ ਸਬੰਧੀ ਖੁੱਲ੍ਹ ਕੇ ਵਿਚਾਰਾਂ ਕੀਤੀਆਂ।

# ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਜੰਗ ਦੀ ਸਥਿਤੀ ਵਾਲੇ ਬਿਆਨ 'ਤੇ ਦਿੱਤਾ ਸਪੱਸ਼ਟੀਕਰਨ

ਅੰਮ੍ਰਿਤਸਰ, 30 ਅਪ੍ਰੈਲ (ਚ.ਨ.ਸ.): ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਮੁਹੰਮਦ ਆਸਿਫ ਨੇ ਭਾਰਤ ਨਾਲ ਜੰਗ ਬਾਰੇ ਆਪਣੀਆਂ ਹਾਲੀਆ ਟਿੱਪਣੀਆਂ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸ਼ਬਦਾਂ ਨੂੰ ਗਲਤ ਸਮਝਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇੱਕ ਕੌਮਾਂਤਰੀ ਮੀਡੀਆ ਆਊਟਲੈਟ ਨਾਲ ਇੰਟਰਵਿਊ ਦੌਰਾਨ ਉਨ੍ਹਾਂ ਤੋਂ ਦੋਵਾਂ ਮੁਲਕਾਂ ਦੀ ਮੌਜੂਦਾ ਸਥਿਤੀ ਬਾਰੇ ਪੁੱਛਿਆ ਗਿਆ ਸੀ, ਜਿਸ ਦੇ ਜਵਾਬ 'ਚ ਉਨ੍ਹਾਂ ਨੇ ਕਿਹਾ ਸੀ ਕਿ ਇਸ ਦੇ ਲਈ ਅਗਲੇ 2-3 ਦਿਨ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਇੰਟਰਵਿਊ 'ਚ ਇਹ ਨਹੀਂ ਕਿਹਾ ਸੀ ਕਿ ਦੋ ਤੋਂ ਤਿੰਨ ਦਿਨਾਂ 'ਚ ਜੰਗ ਸ਼ੁਰੂ ਹੋ ਜਾਵੇਗੀ, ਪਰ ਇਹ ਜ਼ਰੂਰ ਕਿਹਾ ਸੀ ਕਿ ਸਥਿਤੀ ਨਾਜ਼ੁਕ ਹੈ ਤੇ ਜੰਗ ਦਾ ਖ਼ਤਰਾ ਬਣਿਆ ਹੋਇਆ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਇਹ ਖੇਤਰ ਇੱਕ ਮਹੱਤਵਪੂਰਨ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਭਾਰਤ-ਪਾਕਿ ਸਰਹੱਦ ਦੇ ਦੋਵੇਂ ਪਾਸੇ ਫ਼ੌਜਾਂ ਤਾਇਨਾਤ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਪਾਕਿ ਜੰਗ ਲਈ ਮਾਨਸਿਕ ਤੌਰ 'ਤੇ ਤਿਆਰ ਹੈ ਤੇ ਸਾਡੀਆਂ ਤਿੰਨ ਹਥਿਆਰਬੰਦ ਫ਼ੌਜਾਂ ਦੇਸ਼ ਦੀ ਰੱਖਿਆ ਕਰਨ ਲਈ ਅਲਰਟ 'ਤੇ ਹਨ। ਖ਼ਵਾਜਾ ਆਸਿਫ ਨੇ ਚਿਤਾਵਨੀ ਦਿੱਤੀ ਕਿ ਜੇਕਰ ਪਾਕਿ 'ਤੇ ਜੰਗ ਥੋਪ ਦਿੱਤੀ ਜਾਂਦੀ ਹੈ ਤਾਂ ਦੇਸ਼ ਸਖ਼ਤ ਜਵਾਬ ਦੇਵੇਗਾ।

# ਭਾਰਤ ਨਾਲ ਵੱਧ ਰਹੇ ਤਣਾਅ ਕਾਰਨ ਵਿਰੋਧੀ ਪਾਰਟੀ ਨੇ ਇਮਰਾਨ ਖ਼ਾਨ ਦੀ ਰਿਹਾਈ ਦੀ ਕੀਤੀ ਮੰਗ

ਅੰਮ੍ਰਿਤਸਰ, 30 ਅਪ੍ਰੈਲ (ਚ.ਨ.ਸ.): ਪਾਕਿਸਤਾਨ ਦੀ ਮੁੱਖ ਵਿਰੋਧੀ ਪਾਰਟੀ ਪੀ.ਟੀ.ਆਈ. ਨੇ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ 'ਚ ਕੈਦ ਆਪਣੇ ਨੇਤਾ ਇਮਰਾਨ ਖ਼ਾਨ ਦੀ ਰਿਹਾਈ ਦੀ ਮੰਗ ਕੀਤੀ ਹੈ ਤਾਂ ਜੋ ਉਹ ਪਹਿਲਗਾਮ ਹਮਲੇ ਦੇ ਮੱਦੇਨਜ਼ਰ ਭਾਰਤ ਨਾਲ ਵੱਧ ਰਹੇ ਤਣਾਅ 'ਤੇ ਕੌਮੀ ਵਿਚਾਰ-ਵਟਾਂਦਰੇ 'ਚ ਹਿੱਸਾ ਲੈ ਸਕਣ। ਪਾਰਟੀ ਨੇ ਖ਼ਾਨ ਦੀ ਮੌਜੂਦਗੀ 'ਚ ਤੁਰੰਤ ਬਹੁ-ਪਾਰਟੀ ਕਾਨਫਰੰਸ, ਐੱਮ.ਪੀ.ਸੀ. ਦੀ ਮੰਗ ਵੀ ਕੀਤੀ। ਇਹ ਮੰਗਾਂ ਲੰਘੇ ਦਿਨ ਸੈਨੇਟ 'ਚ ਕੀਤੀਆਂ ਗਈਆਂ। ਸੈਨੇਟ 'ਚ ਪੀ.ਟੀ.ਆਈ. ਦੇ ਸੰਸਦੀ ਨੇਤਾ ਸੈਨੇਟਰ ਅਲੀ ਜ਼ਫ਼ਰ ਨੇ ਕਿਹਾ ਕਿ ਕੌਮੀ ਮਹੱਤਵ ਦੇ ਮੁੱਦੇ ਲਈ ਰਾਜਨੀਤਿਕ ਮਤਭੇਦਾਂ ਨੂੰ ਪਾਸੇ ਰੱਖਣਾ ਚਾਹੀਦਾ ਹੈ। ਪੀ.ਟੀ.ਆਈ. ਸੈਨੇਟਰ ਸ਼ਿਬਲੀ ਫ਼ਰਾਜ਼ ਨੇ ਕਿਹਾ ਕਿ ਇਮਰਾਨ ਖ਼ਾਨ ਨੂੰ ਟੀ.ਵੀ. 'ਤੇ ਆਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਲੋਕਾਂ ਨੂੰ ਲਾਹੌਰ 'ਚ ਮੀਨਾਰ-ਏ-ਪਾਕਿਸਤਾਨ 'ਤੇ ਜਨਤਕ ਇਕੱਠ ਤੇ ਭਾਰਤ ਨਾਲ ਲੱਗਦੀ ਵਾਹਗਾ ਸਰਹੱਦ ਵੱਲ ਮਾਰਚ ਕਰਨ ਦਾ ਸੱਦਾ ਦੇ ਸਕਣ।

# ਜ਼ਿਲ੍ਹੇ ਦੀਆਂ ਮੰਡੀਆਂ 'ਚ ਕਣਕ ਦੀ ਖਰੀਦ ਦਾ ਅੰਕੜਾ 4.61 ਲੱਖ ਮੀਟ੍ਰਿਕ ਟਨ ਤੋਂ ਪਾਰ ਪਹੁੰਚਿਆ : ਡੀ.ਸੀ.



ਗੁਰਦਾਸਪੁਰ, 30 ਅਪ੍ਰੈਲ (ਜਸਵਿੰਦਰ ਸਿੰਘ ਬੇਦੀ): ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ ਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਦਾ ਅੰਕੜਾ 4.61 ਲੱਖ ਮੀਟ੍ਰਿਕ ਟਨ ਤੋਂ ਪਾਰ ਪਹੁੰਚ ਗਿਆ ਹੈ। ਇਸਦੇ ਨਾਲ ਹੀ ਬੀਤੀ ਸ਼ਾਮ ਤੱਕ ਕਿਸਾਨਾਂ ਨੂੰ 1031.25 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 474542 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿੱਚੋਂ 461060 ਮੀਟ੍ਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀ ਪਨਗ੍ਰੇਨ ਨੇ 129111 ਮੀਟ੍ਰਿਕ ਟਨ, ਮਾਰਕਫੈੱਡ ਨੇ 126981 ਮੀਟ੍ਰਿਕ ਟਨ, ਪਨਸਪ ਨੇ 110946 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 71180 ਮੀਟ੍ਰਿਕ ਟਨ ਤੇ ਐੱਫ.ਸੀ.ਆਈ. ਨੇ 19690 ਮੀਟ੍ਰਿਕ ਟਨ ਕਣਕ ਖ਼ਰੀਦੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਤੇ ਬੀਤੀ ਸ਼ਾਮ ਤੱਕ 1031.25 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਚੁੱਕਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਤੋਂ ਬਾਅਦ ਕਣਕ ਦੀ ਲਿਫਟਿੰਗ ਵੀ ਤੇਜ਼ ਕਰ ਦਿੱਤੀ ਗਈ ਹੈ ਤੇ ਬੀਤੀ ਸ਼ਾਮ ਤੱਕ 178380 ਮੀਟ੍ਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕਣਕ ਦੀ ਖ਼ਰੀਦ ਲਈ 92 ਮੰਡੀਆਂ ਬਣਾਈਆਂ ਗਈਆਂ ਹਨ, ਜਦਕਿ 2 ਆਰਜ਼ੀ ਖ਼ਰੀਦ ਕੇਂਦਰ ਸਥਾਪਤ ਕੀਤੇ ਗਏ ਹਨ।

# ਪੁਲਿਸ ਵੱਲੋਂ ਵੱਖ-ਵੱਖ ਮੁਕੱਦਮਿਆਂ 'ਚ ਇੱਕ ਭਗੌੜੇ ਸਮੇਤ 10 ਦੋਸ਼ੀ ਗ੍ਰਿਫ਼ਤਾਰ



ਗੁਰਦਾਸਪੁਰ, 30 ਅਪ੍ਰੈਲ (ਸੰਧੂ/ਬਸਰਾ): ਮੁੱਖ ਮੰਤਰੀ ਮਾਨ ਵੱਲੋਂ ਐਲਾਨੇ 'ਯੁੱਧ ਨਸ਼ੇ ਦੇ ਵਿਰੁੱਧ' ਮੁਹਿੰਮ ਤਹਿਤ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਤੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਦੀਨਾਨਗਰ ਪੁਲਿਸ ਵੱਲੋਂ ਅਮਰ ਨੂੰ ਕਾਬੂ ਕਰਕੇ ਉਸ ਕੋਲੋਂ 6 ਗ੍ਰਾਮ ਹੈਰੋਇਨ ਤੇ 900/- ਰੁਪਏ ਡਰੱਗ ਮਨੀ ਬ੍ਰਾਮਦ ਕੀਤੀ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 21(ਬੀ)/27(ਏ)-61-85 ਐੱਨ.ਡੀ.ਪੀ.ਐੱਸ. ਐਕਟ ਥਾਣਾ ਦੀਨਾਨਗਰ ਵਿਖੇ ਦਰਜ ਕੀਤਾ ਗਿਆ। ਇਸ ਤੋਂ ਇਲਾਵਾ 2 ਵੱਖ-ਵੱਖ ਮੁਕੱਦਮਿਆਂ ਵਿੱਚ 3 ਔਰਤਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 97500 ਐੱਮ.ਐੱਲ. ਨਾਜਾਇਜ਼ ਸ਼ਰਾਬ ਬ੍ਰਾਮਦ ਕੀਤੀ, ਜਿਸ 'ਤੇ ਉਕਤਾਂ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਤਹਿਤ ਥਾਣਾ ਦੀਨਾਨਗਰ ਵਿਖੇ ਦਰਜ ਕੀਤੇ ਗਏ। ਥਾਣਾ ਬਹਿਰਾਮਪੁਰ ਵਿਖੇ ਦੋਸ਼ੀ ਬੀਰਬਲ ਉਰਫ ਰਿੰਕਾ ਨੂੰ ਕਾਬੂ ਕਰਕੇ ਉਸ ਕੋਲੋਂ 45 ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ ਗਈਆਂ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 22-61-85 ਐੱਨ.ਡੀ.ਪੀ.ਐੱਸ. ਐਕਟ ਥਾਣਾ ਬਹਿਰਾਮਪੁਰ ਵਿਖੇ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਪਵਨ ਕੁਮਾਰ ਨੂੰ ਕਾਬੂ ਕਰਕੇ ਉਸ ਕੋਲੋਂ 6750 ਐੱਮ.ਐੱਲ. ਨਾਜਾਇਜ਼ ਸ਼ਰਾਬ ਬ੍ਰਾਮਦ ਕੀਤੀ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਤਹਿਤ ਥਾਣਾ ਬਹਿਰਾਮਪੁਰ ਵਿਖੇ ਦਰਜ ਕੀਤਾ ਗਿਆ। ਥਾਣਾ ਸਿਟੀ ਗੁਰਦਾਸਪੁਰ ਵਿਖੇ ਹਿਤੇਸ਼ ਸ਼ਰਮਾ ਨੂੰ ਕਾਬੂ ਕਰਕੇ ਉਸ ਕੋਲੋਂ 8 ਗ੍ਰਾਮ 12 ਮਿਲੀਗ੍ਰਾਮ ਹੈਰੋਇਨ ਬ੍ਰਾਮਦ ਹੋਈ, ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21-61-85 ਐੱਨ. ਡੀ. ਪੀ. ਐੱਸ. ਐਕਟ ਥਾਣਾ ਸਿਟੀ ਗੁਰਦਾਸਪੁਰ ਵਿਖੇ ਦਰਜ ਕੀਤਾ ਗਿਆ। ਥਾਣਾ ਦੋਰਾਂਗਲਾ ਵਿਖੇ ਇੱਕ ਔਰਤ ਨੂੰ ਕਾਬੂ ਕਰਕੇ ਉਸ ਕੋਲੋਂ 11,250 ਐੱਮ.ਐੱਲ. ਨਾਜਾਇਜ਼ ਸ਼ਰਾਬ ਬ੍ਰਾਮਦ ਕੀਤੀ, ਜਿਸ 'ਤੇ ਦੋਸ਼ਣ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਤਹਿਤ ਥਾਣਾ ਦੋਰਾਂਗਲਾ ਵਿਖੇ ਦਰਜ ਕੀਤਾ ਗਿਆ। ਥਾਣਾ ਤਿੱਬੜ ਵਿਖੇ ਅਸ਼ੋਕ ਕੁਮਾਰ ਨੂੰ ਕਾਬੂ ਕਰਕੇ ਉਸ ਕੋਲੋਂ 7500 ਐੱਮ.ਐੱਲ. ਨਾਜਾਇਜ਼ ਸ਼ਰਾਬ ਬ੍ਰਾਮਦ ਕੀਤੀ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਤਹਿਤ ਥਾਣਾ ਤਿੱਬੜ ਵਿਖੇ ਦਰਜ ਕੀਤਾ ਗਿਆ। ਥਾਣਾ ਕਲਾਨੌਰ ਵਿਖੇ ਗੁਰਪ੍ਰੀਤ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ 7500 ਐੱਮ.ਐੱਲ. ਨਾਜਾਇਜ਼ ਸ਼ਰਾਬ ਬ੍ਰਾਮਦ ਕੀਤੀ, ਜਿਸ 'ਤੇ ਦੋਸ਼ੀ ਦੇ ਖਿਲਾਫ਼ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਤਹਿਤ ਥਾਣਾ ਕਲਾਨੌਰ ਵਿਖੇ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਬਲਵਿੰਦਰ ਕੁਮਾਰ ਜੋ ਜੁਰਮ 420 ਭ:ਦ: ਥਾਣਾ ਸਿਟੀ ਗੁਰਦਾਸਪੁਰ ਵਿੱਚ ਮਾਨਯੋਗ ਅਦਾਲਤ ਵੱਲੋਂ ਭਗੌੜਾ ਕਰਾਰ ਕੀਤਾ ਗਿਆ ਸੀ, ਜੋ 29 ਅਪ੍ਰੈਲ 2025 ਨੂੰ ਗ੍ਰਿਫਤਾਰ ਕੀਤਾ।

# ਚੇਅਰਮੈਨ ਸੇਖਵਾਂ ਨੇ ਸਰਕਾਰੀ ਆਦਰਸ਼ ਸੀਨੀ. ਸੈਕੰ. ਸਕੂਲ ਵਿਖੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



ਕਾਹਨੂੰਵਾਨ, 30 ਅਪ੍ਰੈਲ (ਕੁਲਜੀਤ ਸਿੰਘ ਖੋਖਰ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰ ਰਹੀ ਹੈ ਤੇ ਸਕੂਲਾਂ ਦੇ ਮੁੱਢਲੇ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ ਤੇ ਸਰਕਾਰੀ ਸਕੂਲਾਂ ਦੇ ਬੱਚੇ ਵੀ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਵਾਂਗ ਸਿੱਖਿਆ ਹਾਸਲ ਕਰਕੇ ਪ੍ਰਤੀਯੋਗੀ ਪ੍ਰੀਖਿਆਵਾਂ ਵਿਚ ਸਫਲਤਾ ਪ੍ਰਾਪਤ ਕਰ ਸਕਣ। ਇਹ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਅੱਜ ਵਿਧਾਨ ਸਭਾ ਹਲਕਾ ਕਾਦੀਆਂ ਦੇ ਸਰਕਾਰੀ ਆਦਰਸ਼ ਸੀਨੀ. ਸੈਕੰ. ਸਕੂਲ ਕੋਟ ਧੰਦਲ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ। ਸ੍ਰ. ਸੇਖਵਾਂ ਨੇ ਕਿਹਾ ਕਿ ਲੋਕਾਂ ਦਾ ਇਹ ਰੁਝਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਕੂਲਾਂ ਵਿਚ ਲਿਆਂਦੀ ਗਈ ਸਿੱਖਿਆ ਕ੍ਰਾਂਤੀ ਦਾ ਹੀ ਨਤੀਜਾ ਹੈ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਵਿੱਚ ਮਦਦਗਾਰ ਸਾਬਤ ਹੋਵੇਗੀ ਤੇ ਸਕੂਲਾਂ ਵਿੱਚ ਸਹੂਲਤਾਂ ਮਿਲਨ ਨਾਲ ਵਿਦਿਆਰਥੀਆਂ ਦਾ ਮਨੋਬਲ ਹੋਰ ਵੀ ਉੱਚਾ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ। ਸ. ਸੇਖਵਾਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਆਧੁਨਿਕਤਾ ਨਾਲ ਭਰਪੂਰ ਸਿੱਖਿਆ ਪ੍ਰਦਾਨ ਕਰਨ ਲਈ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਭੇਜ ਕੇ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ।

# ਕਾਲਾ ਬੱਕਰਾ ਦੀ ਪੰਚਾਇਤ ਬੀ.ਡੀ.ਪੀ.ਓ. ਦਫ਼ਤਰ 'ਚ ਭੁਗਤ ਰਹੀ ਤਰੀਕਾਂ, ਮਸਲਾ ਹੱਲ ਕਰਨ ਦੀ ਕੀਤੀ ਮੰਗ



ਭੋਗਪੁਰ, 30 ਅਪ੍ਰੈਲ (ਅਮਰਜੀਤ ਸਿੰਘ ਸੈਨੀ): ਭੋਗਪੁਰ ਦੇ ਬੀ.ਡੀ.ਪੀ.ਓ. ਦਫਤਰ ਵਿੱਚ ਉਸ ਵੇਲੇ ਤੂੰ-ਤੂੰ ਮੈਂ-ਮੈਂ ਹੋ ਗਈ, ਜਦ ਕਾਲਾ ਬੱਕਰੇ ਦੀ ਪੰਚਾਇਤ ਸਵੇਰ 10 ਵਜੇ ਤੋਂ ਲੈ ਕੇ 3 ਵਜੇ ਤੱਕ ਬੈਠੀ ਰਹੀ ਤੇ ਉਨ੍ਹਾਂ ਦੀ ਕੋਈ ਵੀ ਸੁਣਵਾਈ ਨਾ ਹੋਈ। ਕਾਲਾ ਬੱਕਰਾ ਦੀ ਪੰਚਾਇਤ ਵੱਲੋਂ ਚੜ੍ਹਦੀਕਲਾ ਟਾਈਮ ਟੀ.ਵੀ. ਪੱਤਰਕਾਰ ਅਮਰਜੀਤ ਸਿੰਘ ਸੈਨੀ ਨੂੰ ਫੋਨ ਕਰਕੇ ਬੁਲਾਇਆ ਗਿਆ ਕਿ ਉਨ੍ਹਾਂ ਨੂੰ ਭੋਗਪੁਰ ਦੇ ਬੀ.ਡੀ.ਪੀ.ਓ. ਦਫਤਰ ਵਿੱਚ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਤਿੰਨ ਤਰੀਕਾਂ ਭੁਗਤਨ ਤੋਂ ਬਾਅਦ ਫਿਰ ਅੱਜ ਉਨ੍ਹਾਂ ਨੂੰ ਚੌਥੀ ਵਾਰ ਭੋਗਪੁਰ ਦੇ ਬੀ.ਡੀ.ਪੀ.ਓ. ਦਫਤਰ ਵਿੱਚ ਵਾਰ ਬਲਾਇਆ ਗਿਆ ਸੀ ਤੇ ਕਾਲਾ ਬੱਕਰਾ ਦੀ ਪੰਚਾਇਤ ਦੇ ਮੈਂਬਰ ਵੀ ਪੂਰੇ ਪਹੁੰਚੇ ਹਨ ਤੇ ਉਨ੍ਹਾਂ ਨੂੰ ਪਿੰਡ ਦੇ ਲੋਕਾਂ ਵੱਲੋਂ ਭਾਰੀ ਬਹੁਮਤ ਦੇ ਨਾਲ ਚੁਣਿਆ ਗਿਆ ਹੈ ਫਿਰ ਵੀ ਉਨ੍ਹਾਂ ਦੀ ਪੰਚਾਇਤ ਨੂੰ ਪਾਵਰ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ ਦੇ ਤਿੰਨ ਵਜੇ ਤੱਕ ਬੈਠੇ ਹਾਂ। ਹੁਣ ਪਰ ਬੀ.ਡੀ.ਪੀ.ਓ. ਦਫਤਰ ਦੇ ਮੁਖੀ ਮੈਡਮ ਆਫੀਸਰ ਵੱਲੋਂ ਉਨ੍ਹਾਂ ਨੂੰ ਨਾਹ ਕਰ ਦਿੱਤੀ ਗਈ ਹੈ ਤੇ ਅਗਲੀ ਤਰੀਕ ਦੇਣ ਲਈ ਕਿਹਾ ਗਿਆ ਹੈ। ਇਸ ਦੇ ਸਬੰਧ ਵਿੱਚ ਜਦ ਬੀ.ਡੀ.ਪੀ.ਓ. ਦਫਤਰ ਚੜ੍ਹਦੀਕਲਾ ਪੱਤਰਕਾਰ ਅਮਰਜੀਤ ਸਿੰਘ ਸੈਨੀ ਵੱਲੋਂ ਆਫੀਸਰ ਮੈਡਮ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕੇ ਦੋ ਮੈਂਬਰ ਘੱਟ ਹੋਣ ਕਰਕੇ ਮਸਲੇ ਦਾ ਹੱਲ ਨਹੀਂ ਹੋ ਸਕਿਆ ਕਿਉਂਕਿ ਸਾਰੇ ਬੰਦਿਆਂ ਦੇ ਸਾਈਨ ਹੋਣੇ ਜ਼ਰੂਰੀ ਹਨ, ਇਸ ਕਰਕੇ ਇਨ੍ਹਾਂ ਨੂੰ ਅਗਲੀ ਤਰੀਕ ਦੇਣ ਦਾ ਕਿਹਾ ਜਾ ਰਿਹਾ ਹੈ, ਜਦ ਕਿ ਕਾਲਾ ਬੱਕਰਾ ਦੀ ਪੰਚਾਇਤ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੈਂਬਰ ਸਾਰੇ ਪਹੁੰਚੇ ਹਨ ਤੇ ਜੋ ਦੂਜੀ ਪਾਰਟੀ ਦੇ ਦੋ ਮੈਂਬਰ ਘੱਟ ਹਨ, ਉਹ ਵੀ ਬੀ.ਡੀ.ਪੀ.ਓ. ਦਫਤਰ ਹਾਜ਼ਰੀ ਲਗਵਾ ਕੇ ਚਲੇ ਗਏ ਹਨ ਤੇ ਆਪਣੇ ਸਾਈਨ ਵੀ ਕਰਕੇ ਗਏ ਹਨ ਪਰ ਫਿਰ ਵੀ ਕਾਲਾ ਬੱਕਰਾ ਦੀ ਪੰਚਾਇਤ ਨੂੰ ਲਾਰੇ ਲਗਾਏ ਜਾ ਰਹੇ ਹਨ, ਕੰਮ ਨਹੀਂ ਕੀਤੇ ਜਾ ਰਹੇ।

# ਸ੍ਰੀ ਪਰਸ਼ੂਰਾਮ ਜੈਯੰਤੀ 'ਤੇ ਕੱਢੀ ਵਿਸ਼ਾਲ ਸ਼ੋਭਾ ਯਾਤਰਾ



**ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ** :- 1. ਬੋਲੀਆਂ ਪ੍ਰਸਤਾਵਿਤ ਰੂਪ ਵਿਚ ਕੇਵਲ ਆਨਲਾਈਨ ਜਮ੍ਹਾਂ ਕੀਤੀਆਂ ਜਾਣ। ਆਨਲਾਈਨ ਬੋਲੀਆਂ **http://baanknet.com** 'ਤੇ ਪਹੁੰਚ ਦੁਆਰਾ ਜਮ੍ਹਾਂ ਕੀਤੀਆਂ ਜਾ ਸਕਦੀਆਂ ਹਨ। 2. ਬੋਲੀਆਂ, ਬੋਲੀ ਫਾਰਮ ਨਾਲ ਨੱਥੀ ਪਛਾਣ ਦੇ ਦਸਤਾਵੇਜ਼ ਦੇ ਉਤਾਰੇ ਸਮੇਂ ਜਮ੍ਹਾਂ ਕੀਤੀਆਂ ਜਾਣ। ਮੰਗੇ ਜਾਣ 'ਤੇ ਅਸਲ ਪਛਾਣ ਦਸਤਾਵੇਜ਼ ਜ਼ਰੂਰ ਪੇਸ਼ ਕੀਤਾ ਜਾਵੇ। 3. ਅਸਥਾਈ ਕੀਮਤ/ਰਾਖਵੀਂ ਕੀਮਤ ਦਾ 10% ਨੁਕਤਾ ਨੰ. 6 ਵਿਚ ਦਰਸਾਈ ਵੈਬਸਾਈਟ 'ਤੇ ਪਹੁੰਚ ਦੁਆਰਾ ਆਕਸ਼ਨ ਪ੍ਰੋਵਾਈਡਰ ਦੇ ਈ-ਵੈਲੇਟ ਰਾਹੀਂ ਬਿਆਨਾ ਰਕਮ ਵਜੋਂ ਜਮ੍ਹਾਂ ਕਰਵਾਈ ਜਾਣੀ ਚਾਹੀਦੀ ਹੈ। ਕੇਵਾਈਸੀ ਦੀ ਪੜਤਾਲ ਵਿਚ ਸਰਵਿਸ ਪ੍ਰੋਵਾਈਡਰ ਦੁਆਰਾ 24 ਘੰਟੇ ਲੱਗ ਸਕਦੇ ਹਨ, ਇਸ ਲਈ ਇੱਛੁਕ ਬੋਲੀਕਾਰ (ਾਂ) ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਪੰਜੀਕਰਨ ਪ੍ਰਕਿਰਿਆ ਪੂਰੀ ਕਰਨ ਲਈ ਆਖ਼ਰੀ ਮਿਤੀ ਤੱਕ ਉਡੀਕ ਨਾ ਕਰਨ। ਪੋਰਟਲ 'ਤੇ ਬੋਲੀ ਪ੍ਰਦਰਸ਼ਿਤ ਨਾ ਹੋਣ ਦੀ ਸੂਰਤ ਵਿਚ, ਬੈਂਕ ਦੀ ਕੋਈ ਜੁਆਬਦੇਹੀ ਨਹੀਂ ਹੋਵੇਗੀ। ਅਧਿਕਾਰਤ ਅਧਿਕਾਰੀ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਕਿਸੇ ਇੱਕ ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਜਾਂ ਨਿਲਾਮੀ ਨੂੰ ਮੁਲਤਵੀ/ਰੱਦ ਕਰਨ ਦਾ ਪੂਰਨ ਹੱਕ ਹਾਸਲ ਹੈ। 4. ਅਚੱਲ ਸੰਪੱਤੀ ਦੀ ਵਿਕਰੀ 'ਤੇ ਸਫ਼ਲ ਬੋਲੀਕਾਰ ਨੂੰ ਤੁਰੰਤ ਵਿਕਰੀ ਦਾ ਆਯੋਜਨ ਕਰ ਰਹੇ ਅਧਿਕਾਰਤ ਅਧਿਕਾਰੀ ਨੂੰ ਲੜੀ ਨੰ. 3 'ਤੇ ਬੈਂਕ ਖਾਤੇ ਵਿਚ ਆਰਟੀਜੀਐਸ/ਐਨਈਐਫਟੀ/ਮਨੀ ਟਰਾਂਸਫਰ ਰਾਹੀਂ ਵਿਕਰੀ ਕੀਮਤ ਦੀ ਰਾਸ਼ੀ ਦਾ ਪੱਚੀ ਫੀਸਦੀ (25%) ਜਮ੍ਹਾਂ ਕਰਨਾ ਹੋਵੇਗਾ, ਜਿਸ ਤੋਂ ਅਸਫ਼ਲ ਰਹਿਣ 'ਤੇ ਬਿਆਨਾ ਰਕਮ ਜਮ੍ਹਾਂ ਰਾਸ਼ੀ ਨੂੰ ਜ਼ਬਤ ਕਰ ਲਿਆ ਜਾਵੇਗਾ ਅਤੇ ਸੰਪੱਤੀ ਨੂੰ ਦੁਬਾਰਾ ਵਿਕਰੀ ਲਈ ਰੱਖ ਲਿਆ ਜਾਵੇਗਾ। 5. ਸਫਲ ਬੋਲੀਕਾਰ ਨੂੰ ਆਪਣੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਦੇ 15 (ਪੰਦਰਾਂ) ਦਿਨਾਂ ਦੇ ਅੰਦਰ ਬਕਾਇਆ ਬੋਲੀ ਰਕਮ ਜਮ੍ਹਾਂ ਕਰਨੀ ਹੋਵੇਗੀ। ਜੇਕਰ ਸਫਲ ਬੋਲੀਕਾਰ ਦਰਸਾਈ ਮਿਆਦ ਦੇ ਅੰਦਰ ਬਕਾਇਆ ਬੋਲੀ ਰਕਮ ਜਮ੍ਹਾਂ ਕਰਨ ਵਿਚ ਅਸਫ਼ਲ ਰਹਿੰਦਾ ਹੈ, ਤਾਂ ਜਮ੍ਹਾਂ ਰਕਮ ਨੂੰ ਜ਼ਬਤ ਕਰ ਲਿਆ ਜਾਵੇਗਾ ਅਤੇ ਸੰਪੱਤੀ ਦੀ ਪੁਨਰ ਵਿਕਰੀ ਕੀਤੀ ਜਾਵੇਗੀ। 6. ਇੱਛੁਕ ਬੋਲੀਕਾਰ ਜਿਨ੍ਹਾਂ ਨੂੰ ਲਾਗਇਨ ਆਈਡੀ ਅਤੇ ਪਾਸਵਰਡ ਦੇ ਨਿਰਮਾਣ, ਡਾਟਾ ਅਪਲੋਡ ਕਰਨ, ਬੋਲੀ ਦਸਤਾਵੇਜ਼ ਪੇਸ਼ ਕਰਨ, ਸਿਖਲਾਈ/ਪ੍ਰਦਰਸ਼ਨ, ਆਨਲਾਈਨ ਪ੍ਰਸਪਰ ਬੋਲੀ ਦੇ ਨਿਯਮ ਅਤੇ ਸ਼ਰਤਾਂ ਆਦਿ ਵਿਚ ਸਹਾਇਤਾ ਦੀ ਲੋੜ ਹੈ, ਉਹ ਵੈਬਸਾਈਟ **http://baanknet.com, ਮੈਸ. ਪੀਐਸਬੀ ਅਲਾਇੰਸ ਲਿਮ. (BAANKNET)** ਦੇਖ ਸਕਦੇ ਹਨ, ਸੰਪਰਕ ਨੰ. 8291220220, ਈ-ਮੇਲ : **support.baanknet.@psballiance.com** 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਿਸੇ ਵੀ ਸੰਪੱਤੀ ਸੰਬੰਧੀ ਪੁਛਗਿਛ ਲਈ ਅਧਿਕਾਰਤ ਅਧਿਕਾਰੀ - ਰਵੀ ਪ੍ਰਕਾਸ਼ ਗੁਪਤਾ, ਮੋ. 9934923199 ਨੂੰ ਸੰਪਰਕ ਕੀਤਾ ਜਾ ਸਕਦਾ ਹੈ। 7. ਵਿਕਰੀ ਦੀ ਪੁਸ਼ਟੀ ਨਹੀਂ ਕੀਤੀ ਜਾਵੇਗੀ ਜੇਕਰ ਕਰਜ਼ਦਾਰ ਸਫਲ ਬੋਲੀਕਾਰ (ਾਂ) ਨੂੰ ਵਿਕਰੀ ਦੀ ਪੁਸ਼ਟੀ ਦਾ ਪੱਤਰ ਜਾਰੀ ਕਰਨ [illegible]

**ਸੁਰੱਖਿਆ ਵਿਆਜ (ਲਾਗੂਕਰਨ), ਨਿਯਮਾਂਵਲੀ 2002 ਦੇ ਨਿਯਮ 8 (6) ਦੇ ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ**
**ਸੰਕੇਤਕ ਕਬਜ਼ੇ ਅਧੀਨ ਸੰਪੱਤੀਆਂ ਦਾ ਭੌਤਿਕ ਕਬਜ਼ਾ ਬੈਂਕ / ਅਦਾਲਤੀ ਹੁਕਮਾਂ ਦੁਆਰਾ ਭੌਤਿਕ ਕਬਜ਼ੇ ਨਾਲ ਸੰਬੰਧਤ ਜੋਖ਼ਮ ਨਿਲਾਮੀ ਖਰੀਦਦਾਰ ਨੂੰ ਦਿੱਤਾ ਜਾਵੇਗਾ।**
ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ [illegible] ਕਰਜ਼ਦਾਰ/ਆਂ ਅਤੇ ਜ਼ਾਮਨਾਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6)/ ਨਿਯਮ 9(1) [illegible]

ਮਿਤੀ : 30.04.2025 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ

# ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਦੇ ਅਜੋਕੇ ਹਾਲਾਤ ਅਤੇ “ਮਜ਼ਦੂਰ ਦਿਵਸ”



ਕੁਲਦੀਪ ਚੰਦ ਦੋਭੇਟਾ

ਅੱਜ 01 ਮਈ ਨੂੰ ਪੂਰੀ ਦੁਨੀਆਂ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਿਸਨੂੰ ਮਈ ਦਿਵਸ ਵੀ ਕਿਹਾ ਜਾਂਦਾ ਹੈ ਵਜੋਂ ਮਨਾਇਆ ਜਾ ਰਿਹਾ ਹੈ। ਇਸ ਦਿਨ ਦਾ ਦੁਨੀਆਂ ਦੇ ਮਿਹਨਤਕਸ਼ ਮਜਦੂਰਾਂ ਲਈ ਵਿਸ਼ੇਸ਼ ਮਹੱਤਵ ਹੈ। ਇਸਦੀ ਸ਼ੁਰੂਆਤ ਮਜਦੂਰਾਂ ਦੇ ਕੰਮ ਦੇ 08 ਘੰਟੇ ਕਰਨ ਨੂੰ ਲੈਕੇ ਕੀਤੇ ਗਏ ਸੰਘਰਸ ਨਾਲ ਹੋਈ ਸੀ। ਮਜਦੂਰਾਂ ਤੋਂ ਪਹਿਲਾਂ 12-14 ਘੰਟੇ ਕੰਮ ਕਰਵਾਇਆ ਜਾਂਦਾ ਸੀ ਅਤੇ ਜੇਕਰ ਕੋਈ ਇਸ ਸ਼ੋਸ਼ਣ ਖਿਲਾਫ ਬੋਲਦਾ ਸੀ ਤਾਂ ਉਸਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਸੀ। ਇਸ ਸ਼ੋਸ਼ਣ ਦੇ ਖਿਲਾਫ ਅਮਰੀਕਾ ਵਿੱਚ 01 ਮਈ ਨੂੰ ਮਜਦੂਰ ਜਥੇਵੰਦੀਆਂ ਨੇ ਇੱਕ ਦਿਨ ਦੀ ਹੜਤਾਲ ਕੀਤੀ ਜਿਸਨੂੰ ਭਰਪੂਰ ਸਮੱਰਥਨ ਮਿਲਿਆ। 04 ਮਈ 1886 ਨੂੰ ਸ਼ਿਕਾਗੋ ਵਿੱਚ ਜਦੋਂ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਮਜਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਕਿ ਇਸ ਦੌਰਾਨ ਕਿਸੇ ਵਿਅਕਤੀ ਨੇ ਬੰਬ ਚਲਾ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਫਾਈਰਿੰਗ ਵਿੱਚ 04 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਸਰਕਾਰ ਵਲੋਂ ਮਜਦੂਰ ਆਗੂਆਂ ਵਿਰੁੱਧ ਕਾਰਵਾਈ ਕਰਦਿਆਂ ਕਈ ਮਜਦੂਰਾਂ ਅਤੇ ਮਜਦੂਰ ਆਗੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 08 ਮਜਦੂਰ ਆਗੂਆਂ ਤੇ ਮੁਕੱਦਮਾ ਚਲਾਇਆ ਗਿਆ। ਉਪਰੋਕਤ ਆਗੂਆਂ ਵਿੱਚੋਂ ਕਿਸੇ ਦਾ ਵੀ ਬੰਬ ਧਮਾਕੇ ਦਾ ਦੋਸ਼ੀ ਹੋਣਾ ਸਾਬਤ ਨਹੀਂ ਹੋਇਆ ਪਰ ਫਿਰ ਵੀ ਸੱਤ ਆਗੂਆਂ ਜਿਨ੍ਹਾਂ ਵਿੱਚੋਂ ਅਲਬਰਟ ਪਾਰਸਨਜ਼, ਆਗਸਟ ਸਪਾਈਜ਼, ਸੈਮੂਅਲ ਫੀਲਡਜ਼, ਮਾਈਕਲ ਸ਼ਾਅਬ, ਲੂਈ ਕਿੰਗ, ਅਡੋਲਫ ਫਿਸ਼ਰ ਤੇ ਜਾਰਜ ਐਨਗਿਲ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਅੱਠਵੇਂ ਆਗੂ ਆਸਕਾਰ ਨੀਵ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ।

ਮਜ਼ਦੂਰ ਲਹਿਰ ਅਤੇ ਮਜ਼ਦੂਰ ਸੰਗਠਨ ਨੂੰ ਬਦਨਾਮ ਕਰਨ ਅਤੇ ਆਮ ਲੋਕਾਂ ਵਿੱਚ ਮਜ਼ਦੂਰ ਵਿਰੋਧੀ ਹਵਾ ਬਣਾਉਣ ਲਈ ਮਿੱਲ ਮਾਲਕਾਂ ਅਤੇ ਸਰਕਾਰ ਵੱਲੋਂ ਪਾਣੀ ਵਾਂਗ ਪੈਸਾ ਵਹਾ ਕੇ ਮਨੋਵਿਗਿਆਨਕ ਜੰਗ ਰਾਹੀਂ ਮੀਡੀਆ ਟਰਾਇਲ ਕੀਤਾ ਗਿਆ। ਉਪਰੋਕਤ ਨਾਜਾਇਜ਼ ਸਜ਼ਾਵਾਂ ਨੂੰ ਰੋਕਣ ਲਈ ਯੂਰਪ ਤੇ ਅਮਰੀਕਾ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਵੱਡੇ ਵੱਡੇ ਰੋਸ ਮੁਜ਼ਾਹਰੇ ਵੀ ਕੀਤੇ ਪਰ ਸਰਕਾਰ ਨੇ ਬਚਾਓ ਪੱਖ ਦੀ ਕੋਈ ਵੀ ਦਲੀਲ ਨਹੀਂ ਸੁਣੀ। ਲੋਕਾਂ ਦੇ ਭਾਰੀ ਦਬਾਅ ਕਾਰਨ ਦੋ ਆਗੂਆਂ ਫੀਲਡਜ਼ ਤੇ ਸ਼ਾਅਬ ਦੀ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ, ਲੂਈ ਕਿੰਗ ਦੀ ਜੇਲ੍ਹ ਵਿੱਚ ਹੀ ਮੌਤ ਹੋ ਗਈ, ਅਲਬਰਟ ਪਾਰਸਨਜ਼, ਸਪਾਈਜ਼, ਜਾਰਜ ਐਨਗਿਲ ਤੇ ਅਡੋਲਫ ਫਿਸ਼ਰ ਨੂੰ 11 ਨਵੰਬਰ, 1887 ਨੂੰ ਫਾਂਸੀ ਦਿਤੀ ਗਈ। ਫਾਂਸੀ ਵੇਲੇ ਆਗਸਟ ਸਪਾਈਜ਼ ਨੇ ਕਿਹਾ ਕਿ ਤੁਸੀਂ ਸਾਨੂੰ ਮਾਰ ਕੇ ਸਾਡੇ ਕੋਲੋਂ ਸ਼ਬਦ ਤਾਂ ਖੋਹ ਸਕਦੇ ਹੋ, ਪਰ ਇੱਕ ਸਮਾਂ ਆਵੇਗਾ ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਵੀ ਵੱਧ ਬੋਲੇਗੀ। ਉਮਰ ਕੈਦ ਦੀ ਸਜ਼ਾ ਭੁਗਤ ਰਹੇ ਬਾਕੀ ਬਚੇ ਤਿੰਨ ਆਗੂਆਂ ਨੂੰ 1893 ਵਿੱਚ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਇਨ੍ਹਾਂ ਵਿਰੁੱਧ ਲੱਗੇ ਦੋਸ਼ ਸਾਬਤ ਨਹੀਂ ਸੀ ਹੋ ਸਕੇ। ਦੁਨੀਆਂ ਭਰ ਦੀ ਮਜ਼ਦੂਰ ਲਹਿਰ ਵੱਲੋਂ ਸ਼ਿਕਾਗੋ ਦੇ ਉਪਰੋਕਤ ਸ਼ਹੀਦਾਂ ਨੂੰ ਸ਼ਿਕਾਗੋ ਦੇ ਸ਼ਹੀਦ ਕਹਿ ਕੇ ਸਨਮਾਨਿਆ ਜਾਂਦਾ ਹੈ।

ਇਸਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ, ਉਸ ਸਮੇਂ ਤੋਂ ਹੀ ਦੁਨੀਆਂ ਦੇ 80 ਦੇਸ਼ਾਂ ਵਿੱਚ ਮਈ ਦਿਵਸ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਅਤੇ ਇਸਨੂੰ ਰਾਸ਼ਟਰ ਪੱਧਰ ਤੇ ਮਨਾਇਆ ਜਾਣ ਲੱਗ ਪਿਆ। 1919 ਵਿੱਚ ਅੰਤਰਰਾਸ਼ਟਰੀ ਮਜਦੂਰ ਸੰਗਠਨ ਹੋਂਦ ਵਿੱਚ ਆ ਗਿਆ। ਇਸਦੇ ਲੱਗਭੱਗ 185 ਦੇਸ਼ ਮੈਂਬਰ ਹਨ ਅਤੇ ਇਸਨੂੰ 1969 ਵਿੱਚ ਨੋਬਲ ਸ਼ਾਂਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਵੱਖ ਵੱਖ ਦੇਸ਼ਾਂ ਵਿੱਚ ਦਫਤਰ ਖੋਲੇ ਗਏ ਹਨ ਅਤੇ ਸਮੇਂ ਸਮੇਂ ਤੇ ਇਸ ਸੰਗਠਨ ਦੁਆਰਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਮਜਦੂਰਾਂ ਦੀ ਭਲਾਈ ਅਤੇ ਬਿਹਤਰੀ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਭਾਰਤ ਵਿੱਚ 01 ਮਈ ਦਾ ਦਿਹਾੜਾ ਸਭ ਤੋਂ ਪਹਿਲਾਂ ਚੇਨਈ ਵਿੱਚ 01 ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਇਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਕੀਤੀ ਸੀ। ਭਾਰਤ ਵਿੱਚ ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕਰਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਮਜਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ।

ਇਸਤੋਂ ਬਾਦ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ 01 ਮਈ ਦਾ ਦਿਹਾੜਾ ਮਜਦੂਰ ਦਿਵਸ ਵਜੋਂ ਮਨਾਇਆ ਜਾਣ ਲੱਗ ਪਿਆ। ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਹਰੇਕ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਨੂੰ ਚਲਾਉਣ ਵਿੱਚ ਮਜ਼ਦੂਰਾਂ ਦਾ ਅਹਿਮ ਰੋਲ ਹੁੰਦਾ ਹੈ ਅਤੇ ਇਨ੍ਹਾਂ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਸਰਕਾਰ ਦੀ ਭੂਮਿਕਾ ਉਦਯੋਗਿਕ ਸ਼ਾਂਤੀ, ਉਦਯੋਗਪਤੀਆਂ ਅਤੇ ਮਜ਼ਦੂਰਾਂ ਦਰਮਿਆਨ ਸੁਖਾਵੇਂ, ਸ਼ਾਂਤਮਈ ਅਤੇ ਪਰਿਵਾਰਕ ਸਬੰਧ ਕਾਇਮ ਕਰਨਾ, ਝਗੜੇ ਤੇ ਟਕਰਾਅ ਦੀ ਸੂਰਤ ਵਿੱਚ ਉਨ੍ਹਾਂ ਦਾ ਸਮਝੌਤਾ ਅਤੇ ਸੁਲਾਹ ਕਰਵਾਉਣ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਉਦਯੋਗਿਕ ਟ੍ਰਿਬਿਊਨਲ ਕਾਇਮ ਕਰਕੇ ਨਿਰਪੱਖਤਾ ਤੇ ਪਾਰਦਰਸ਼ੀ ਢੰਗ ਨਾਲ ਕੁਦਰਤੀ ਨਿਆਂ ਦੇ ਅਸੂਲਾਂ ਦੇ ਸਿਧਾਂਤਾਂ ਅਨੁਸਾਰ ਇਨਸਾਫ਼ ਦਿਵਾਉਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਮੇਂ-ਸਮੇਂ ਸਿਰ ਕਾਨੂੰਨੀ ਅਤੇ ਜਾਬਤਾ ਪ੍ਰਣਾਲੀ ਨਿਰਧਾਰਤ ਕਰਨਾ ਹੈ।

ਹੁਣ ਮਜਦੂਰਾਂ ਦੀ ਭਲਾਈ ਹਰ ਸਰਕਾਰ ਅਤੇ ਰਾਜਨੀਤਿਕ ਪਾਰਟੀ ਲਈ ਵਿਸ਼ੇਸ਼ ਮੁੱਦਾ ਬਣ ਗਈ ਹੈ। ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੋਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਇਨ੍ਹਾਂ ਦੇ ਆਗੂ ਆਪਣੇ-ਆਪਣੇ ਦੇਸ਼ਾਂ ਦੇ ਝੰਡੇ ਹੇਠ ਇਕੱਠੇ ਹੋ ਗਏ ਅਤੇ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਬਦਲਾਓ ਗੁੰਮ ਹੋ ਗਿਆ ਹੈ। ਇਕੱਠੇ ਕੰਮ ਕਰਨਾ ਅਤੇ ਇੱਕ ਜਗ੍ਹਾ ਕੰਮ ਕਰਨਾ ਹੁਣ ਮਹਿਜ ਇੱਕ ਸੁਪਨਾ ਹੀ ਰਹਿ ਗਿਆ। ਤਕਨਾਲੋਜੀ ਦੇ ਵਿਕਾਸ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ। ਭਾਰਤ ਵਿੱਚ ਚੀਨ ਤੋਂ ਬਾਦ ਸਭਤੋਂ ਵੱਧ ਕਾਮੇ ਹਨ, ਇਨ੍ਹਾਂ ਵਿਚੋਂ ਬਹੁਤੇ ਕਾਮੇ ਗੈਰ ਸੰਗਠਿਤ ਖੇਤਰ ਵਿੱਚ ਹੀ ਕੰਮ ਕਰਦੇ ਹਨ। ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ ਹਿੱਤਾਂ ਦੀ ਸੁਰਖਿੱਆ ਲਈ ਵੱਖ ਵੱਖ ਯੂਨੀਅਨਾਂ ਕੰਮ ਕਰਦੀਆਂ ਹਨ ਜਿਸ ਕਾਰਨ ਸਰਕਾਰਾਂ ਤੇ ਦਬਾਓ ਬਣਿਆ ਰਹਿੰਦਾ ਹੈ ਪ੍ਰੰਤੂ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜ਼ਦੂਰ ਸ਼ੋਸ਼ਣ ਦਾ ਹੀ ਸ਼ਿਕਾਰ ਰਹਿੰਦੇ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਬਹੁਤੇ ਕਾਮੇ ਪ੍ਰਵਾਸੀ ਹੁੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਅਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ। ਦੇਸ਼ ਵਿੱਚ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਲੱਗਭੱਗ 60 ਹਜਾਰ ਟ੍ਰੇਡ ਯੂਨੀਅਨਾਂ ਚੱਲ ਰਹੀਆਂ ਹਨ ਅਤੇ ਟ੍ਰੇਡ ਯੂਨੀਅਨਾਂ ਦੀਆਂ 10 ਕੇਂਦਰੀ ਫੈਡਰੇਸ਼ਨਾਂ ਹਨ। ਬਹੁਤੀਆਂ ਯੂਨੀਅਨਾਂ ਸਿਰਫ ਸੰਗਠਿਤ ਖੇਤਰਾਂ ਦੇ ਕਾਮਿਆਂ ਲਈ ਹੀ ਕੰਮ ਕਰਦੀਆਂ ਹਨ ਜਦਕਿ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜਦੂਰਾਂ ਲਈ ਕੋਈ ਵੀ ਯੂਨੀਅਨ ਕੰਮ ਨਹੀਂ ਕਰਦੀ ਹੈ। ਕੋਰੋਨਾ ਵਾਇਰਸ ਦਾ ਵੀ ਗਰੀਬ ਮਜਦੂਰਾਂ ਤੇ ਗੰਭੀਰ ਅਸਰ ਪਾਇਆ ਹੈ। ਸੰਯੁਕਤ ਰਾਸ਼ਟਰ ਦੇ ਲੇਬਰ ਵਿਭਾਗ ਨੇ ਇਸ ਸਬੰਧੀ ਕਿਹਾ ਹੈ ਕਿ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ 40 ਕਰੋੜ ਲੋਕ ਗਰੀਬੀ ਵਿੱਚ ਫਸ ਸਕਦੇ ਹਨ।

ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਮਹਾਂ ਨਿਰਦੇਸ਼ਕ ਗਾਏ ਰਾਇਡਰ ਅਨੁਸਾਰ ਇਨ੍ਹਾਂ ਮਜਦੂਰਾਂ ਲਈ ਇਹ ਬਹੁਤ ਹੀ ਸੰਕਟ ਦਾ ਸਮਾਂ ਹੈ। ਸਰਕਾਰ ਵਲੋਂ ਕੋਰੋਨਾ ਵਾਇਰਸ ਦੇ ਫੈਲਾਓ ਨੂੰ ਰੋਕਣ ਲਈ ਕੀਤੀ ਗਈ ਮੁਕੰਮਲ ਤਾਲਾਬੰਦੀ ਅਤੇ ਕਈ ਰਾਜਾਂ ਵਿੱਚ ਲਗਾਏ ਗਏ ਕਰਫਿਊ ਦਾ ਸਭ ਤੋਂ ਮਾੜਾ ਅਸਰ ਇਨ੍ਹਾਂ ਗਰੀਬ ਮਜਦੂਰਾਂ ਤੇ ਹੀ ਪਿਆ ਹੈ। ਸਰਕਾਰਾਂ ਦੇ ਪ੍ਰਬੰਧਾਂ ਦੀ ਪੋਲ ਖੋਲਦਿਆਂ ਹਜ਼ਾਰਾਂ ਪ੍ਰਵਾਸੀ ਮਜਦੂਰ ਅਪਣੇ ਪਰਿਵਾਰਾਂ ਸਮੇਤ ਕਈ ਕਈ ਦਿਨ ਭੁੱਖੇ ਭਾਣੇ ਸਫਰ ਕਰਕੇ ਗੈਰ ਮਨੁੱਖੀ ਹਾਲਾਤਾਂ ਵਿੱਚ ਅਪਣੇ ਜੱਦੀ ਇਲਾਕਿਆਂ ਵਿੱਚ ਪਹੁੰਚੇ ਹਨ। ਇਨ੍ਹਾਂ ਵਿੱਚੋਂ ਕਈਆਂ ਨਾਲ ਰਸਤੇ ਵਿੱਚ ਗੈਰ ਮਨੁੱਖੀ ਵਿਉਹਾਰ ਕੀਤਾ ਗਿਆ। ਭਾਰਤੀ ਸੰਵਿਧਾਨ ਮਜ਼ਦੂਰਾਂ ਨੂੰ ਸ਼ੋਸ਼ਣ ਤੋਂ ਬਚਾਉਣ ਅਤੇ ਭਲਾਈ ਲਈ ਸਪੱਸ਼ਟ ਨਿਰਦੇਸ਼ ਦਿੰਦਾ ਹੈ ਜਿਵੇਂ ਆਰਟੀਕਲ 23 ਜਬਰੀ ਮਜਦੂਰੀ ਨੂੰ ਰੋਕਦਾ ਹੈ, 24 ਬੱਚਿਆਂ ਨੂੰ ਕਈ ਥਾਵਾਂ ਤੇ ਕੰਮ ਕਰਨ ਤੇ ਪਾਬੰਦੀ ਲਗਾਂਦਾ ਹੈ, 42ਵੀਂ ਸੋਧ ਦੁਆਰਾ ਲਾਗੂ ਕੀਤੀ ਗਈ 43 ਏ ਨਿਰਦੇਸ਼ ਦਿੰਦੀ ਹੈ ਕਿ ਉਦਯੋਗਾਂ ਦੇ ਪ੍ਰਬੰਧਕੀ ਕਮੇਟੀਆਂ ਵਿੱਚ ਕਾਮਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ, ਲੱਗਭੱਗ 144 ਕੇਂਦਰੀ ਅਤੇ ਰਾਜਾਂ ਦੇ ਕਨੂੰਨ ਮਜਦੂਰਾਂ ਦੀ ਭਲਾਈ ਲਈ ਬਣਾਏ ਗਏ ਹਨ ਪਰ ਇਸ ਸਭ ਦੇ ਬਾਬਜੁਦ ਦੇਸ਼ ਵਿੱਚ ਮਜਦੂਰਾਂ ਦੀ ਖਸਤਾ ਹਾਲਤ ਸਚਾਈ ਬਿਆਨ ਕਰਦੀ ਹੈ। ਗੈਰ ਸੰਗਠਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜਾਂ ਰੁਪਏ ਖਰਚੇ ਜਾਂਦੇ ਹਨ ਪਰੰਤੂ ਇਸਦਾ ਲਾਭ ਕਿਸਨੂੰ ਮਿਲਦਾ ਹੈ ਇਹ ਇੱਕ ਵੱਡਾ ਸਵਾਲ ਬਣਿਆਂ ਹੋਇਆ ਹੈ। ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਮਹਾਤਮਾ ਗਾਂਧੀ ਰੁਜਗਾਰ ਗਰਾਂਟੀ ਯੋਜਨਾ ਵੀ ਬਹੁਤੇ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਵੱਧ ਅਧਿਕਾਰੀਆਂ ਅਤੇ ਰਾਜਨੇਤਾਵਾਂ ਲਈ ਲਾਭਦਾਇਕ ਸਾਬਿਤ ਹੋ ਰਹੀ ਹੈ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਖਤਰਨਾਕ ਹਾਲਤਾਂ ਵਿੱਚ ਮਜ਼ਦੂਰੀ ਕਰਵਾਣਾ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਇਸ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ ਪਰ ਹੈਰਾਨੀ ਹੈ ਕਿ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰ ਵਲੋਂ ਮਹਿਲਾ ਮਜਦੂਰਾਂ, ਬਾਲ ਮਜਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਵੀ ਅਕਸਰ ਕਾਗਜ਼ਾਂ ਵਿੱਚ ਹੀ ਰਹਿ ਜਾਂਦੀਆਂ ਹਨ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆਂ ਵਿੱਚੋਂ ਬਹੁਤੇ ਸਿਰਫ ਵਾਅਦੇ ਹੀ ਰਹਿ ਜਾਂਦੇ ਹਨ ਅਤੇ ਮੁੜਕੇ ਬਹੁਤੇ ਰਾਜਨੀਤੀਵਾਨ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਮਜਦੂਰਾਂ ਦੀ ਕਦੇ ਯਾਦ ਨਹੀਂ ਆਂਦੀ ਹੈ। ਕੰਮ ਕਾਜ ਦੇ ਮਾੜੇ ਹਾਲਤਾਂ ਕਾਰਨ ਮਜਦੂਰਾਂ ਦੀ ਵਿਗੜਦੀ ਜਾ ਰਹੀ ਸਿਹਤ, ਮਜਦੂਰ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ।

ਪਿਛਲੇ ਕੁੱਝ ਦਹਾਕਿਆਂ ਤੋਂ ਹਰ ਪਾਸੇ ਮਜ਼ਦੂਰ ਵਿਰੋਧੀ ਹਾਲਾਤ ਬਣ ਰਹੇ ਹਨ ਅਤੇ ਸਰਮਾਏਦਾਰਾਂ ਨੇ ਰਾਜਨੇਤਾਵਾਂ ਅਤੇ ਕੁੱਝ ਮਜਦੂਰ ਆਗੂਆਂ ਲਾਲ ਮਿਲਕੇ ਮਜਦੂਰਾਂ ਦੇ ਸ਼ੋਸ਼ਣ ਲਈ ਨਵੀਆਂ-ਨਵੀਆਂ ਯੋਜਨਾਵਾਂ ਘੜੀਆਂ ਹਨ। ਰੁਜ਼ਗਾਰ ਦੇ ਮੌਕੇ ਲਗਾਤਾਰ ਸੁੰਗੜ ਰਹੇ ਹਨ। ਪੱਕੇ ਰੁਜ਼ਗਾਰ ਦੀ ਥਾਂ ਮੁੜ ਠੇਕੇਦਾਰੀ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ, ਆਏ ਦਿਨ ਵਿਕਾਸ ਦੇ ਨਾਮ ਤੇ ਮਜਦੂਰਾਂ ਤੋਂ ਰੋਜਗਾਰ ਖੋਹਿਆ ਜਾ ਰਿਹਾ ਹੈ, ਠੇਕੇਦਾਰੀ ਪ੍ਰਥਾ, ਆਊਟ ਸੋਰਸਿਜ ਦੁਆਰਾ ਭਰਤੀ ਅਤੇ ਨਿਗੁਣੀ ਤਨਖਾਹ ਆਦਿ ਦੁਆਰਾ ਬੇਰੋਜਗਾਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਆਰਥਿਕ ਮੰਦੀ ਦੇ ਨਾਮ ਤੇ ਤਨਖਾਹਾਂ ਘੱਟ ਹੋ ਰਹੀਆਂ ਹਨ, ਪੈਨਸ਼ਨ ਸਕੀਮ ਬੰਦ ਕੀਤੀ ਗਈ ਹੈ, ਮਜਦੂਰ ਭਲਾਈ ਸਕੀਮਾਂ ਖਤਮ ਕੀਤੀਆਂ ਜਾ ਰਹੀਆਂ ਹਨ। ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਬਹੁਤੀ ਥਾਵਾਂ ਤੇ ਇਹ ਵੀ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਦੇ ਹਨ। ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਮਜਦੂਰ ਭਲਾਈ ਲਈ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਕਈ ਵਾਰ ਸਿਰਫ ਖਾਨਾਪੂਰਤੀ ਹੀ ਲੱਗਦੇ ਹਨ। ਕਈ ਅਦਾਰਿਆਂ ਵਿੱਚ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰ ਅਤੇ ਅਧਿਕਾਰੀ ਮਜਦੂਰਾਂ ਦੀ ਸੁੱਰਖਿਆ ਲਈ ਕਿੰਨੇ ਕੁ ਗੰਭੀਰ ਹਨ। ਸਰਕਾਰਾਂ ਵਲੋਂ ਘੋਸ਼ਿਤ ਕੀਤੀਆਂ ਵੱਖ ਵੱਖ ਸਕੀਮਾਂ ਦਾ ਜਮੀਨੀ ਪੱਧਰ ਤੇ ਅਸਰ ਅਤੇ ਮਜਦੂਰਾਂ ਦੀ ਖਸਤਾ ਹਾਲਤ ਵੇਖਕੇ ਪਤਾ ਚੱਲਦਾ ਹੈ ਕਿ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਲਈ ਜਿੰਮੇਬਾਰ ਅਧਿਕਾਰੀ ਗੰਭੀਰ ਨਹੀਂ ਹਨ।

ਬੇਸ਼ਕ ਹਰ ਸਾਲ 01 ਮਈ ਦਾ ਦਿਨ ਅੰਤਰਰਾਸ਼ਟਰੀ ਮਜਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਵੱਖ-ਵੱਖ ਥਾਵਾਂ ਤੇ ਮਜ਼ਦੂਰਾਂ ਦੀ ਮਾੜੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਅਤੇ ਘੋਸ਼ਿਤ ਕੀਤੀਆਂ ਜਾਂਦੀਆਂ ਹਨ। ਅੱਜ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਸਬੰਧੀ ਹਰ ਸਾਲ ਵਾਂਗ ਬੇਸ਼ੱਕ ਸਰਕਾਰੀ ਅਤੇ ਗੈਰ ਸਰਕਾਰੀ ਪੱਧਰਤੇ ਵੱਡੇ ਵੱਡੇ ਸਮਾਗਮ ਕਰਵਾਏ ਜਾਣਗੇ ਪਰੰਤੂ ਜਦੋਂ ਤੱਕ ਮਜਦੂਰ ਵਿਰੋਧੀ ਨੀਤੀਆਂ ਖਤਮ ਕਰਕੇ ਮਜਦੂਰਾਂ ਦੀਆਂ ਭਲਾਈ ਲਈ ਯੋਗ ਸਕੀਮਾਂ ਬਣਾਈਆਂ ਅਤੇ ਗੰਭੀਰਤਾ ਨਾਲ ਲਾਗੂ ਨਹੀਂ ਕੀਤੀਆਂ ਜਾਂਦੀਆਂ ਹਨ ਉਦੋਂ ਤੱਕ ਬਹੁਤੇ ਮਜਦੂਰਾਂ ਲਈ 01 ਮਈ ਮਜਦੂਰ ਦਿਵਸ ਵੀ ਇੱਕ ਵੱਡੀ ਬੁਝਾਰਤ ਅਤੇ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ।

9417563054

> ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੋਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਇਨ੍ਹਾਂ ਦੇ ਆਗੂ ਆਪਣੇ-ਆਪਣੇ ਦੇਸ਼ਾਂ ਦੇ ਝੰਡੇ ਹੇਠ ਇਕੱਠੇ ਹੋ ਗਏ ਅਤੇ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਬਦਲਾਓ ਗੁੰਮ ਹੋ ਗਿਆ ਹੈ। ਇਕੱਠੇ ਕੰਮ ਕਰਨਾ ਅਤੇ ਇੱਕ ਜਗ੍ਹਾ ਕੰਮ ਕਰਨਾ ਹੁਣ ਮਹਿਜ ਇੱਕ ਸੁਪਨਾ ਹੀ ਰਹਿ ਗਿਆ। ਤਕਨਾਲੋਜੀ ਦੇ ਵਿਕਾਸ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ। ਭਾਰਤ ਵਿੱਚ ਚੀਨ ਤੋਂ ਬਾਦ ਸਭਤੋਂ ਵੱਧ ਕਾਮੇ ਹਨ, ਇਨ੍ਹਾਂ ਵਿਚੋਂ ਬਹੁਤੇ ਕਾਮੇ ਗੈਰ ਸੰਗਠਿਤ ਖੇਤਰ ਵਿੱਚ ਹੀ ਕੰਮ ਕਰਦੇ ਹਨ। ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ ਹਿੱਤਾਂ ਦੀ ਸੁਰਖਿੱਆ ਲਈ ਵੱਖ ਵੱਖ ਯੂਨੀਅਨਾਂ ਕੰਮ ਕਰਦੀਆਂ ਹਨ ਜਿਸ ਕਾਰਨ ਸਰਕਾਰਾਂ ਤੇ ਦਬਾਓ ਬਣਿਆ ਰਹਿੰਦਾ ਹੈ ਪ੍ਰੰਤੂ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜ਼ਦੂਰ ਸ਼ੋਸ਼ਣ ਦਾ ਹੀ ਸ਼ਿਕਾਰ ਰਹਿੰਦੇ ਹਨ।



# ਅੱਜ ਮਜ਼ਦੂਰ ਦਿਵਸ ਹੈ

ਮਿਖ਼ਾਈਲ ਨਈਮੀ

ਕਿਰਤ ਤੇ ਭਾਸ਼ਾ ਨੇ ਮਨੁੱਖ ਨੂੰ ਮਨੁੱਖ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ। ਸਰਮਾਏਦਾਰੀ ਦੇ ਯੁੱਗ ਵਿੱਚ ਜਿੱਥੇ ਕਿਰਤ ਤੇ ਕਿਰਤੀਆਂ ਦਾ ਮਾਣ ਘਟਿਆ ਹੈ, ਉੱਥੇ ਕਿਰਤੀਆਂ ਨੇ ਯੁੱਗ-ਪਲਟਾਊ ਹੰਭਲੇ ਵੀ ਮਾਰੇ ਹਨ। ਪੇਸ਼ ਹੈ ਮਜ਼ਦੂਰ ਦਿਵਸ ਬਾਰੇ ਲਿਬਨਾਨੀ ਦਾਰਸ਼ਨਿਕ ਮਿਖ਼ਾਈਲ ਨਈਮੀ ਦੀ ਲਿਖਤ।

ਅੱਜ ਮਜ਼ਦੂਰ ਦਿਵਸ ਹੈ।

ਛੁੱਟੀ ਦਾ ਦਿਨ।

ਪਿੱਟਡ ਫੇਸ ਹੈ ਤਾਂ ਮਜ਼ਦੂਰ, ਪਰ ਉਸ ਨੂੰ ਛੁੱਟੀ ਨਹੀਂ। ਤੈਨੂੰ ਭਲਾ ਕਿਸ ਦਿਨ ਛੁੱਟੀ ਮਿਲਦੀ ਹੈ? ਸਿਰਫ਼ ਤੂੰ ਹੀ ਇਸ ਧਰਤੀ ਦਾ ਅਜਿਹਾ ਬਾਸ਼ਿੰਦਾ ਹੈਂ ਜਿਸ ਨੂੰ ਕਦੇ ਕੋਈ ਛੁੱਟੀ ਨਹੀਂ। ਪਰ ਨਹੀਂ, ਤੇਰੇ ਲਈ ਤਾਂ ਹਰ ਦਿਨ ਛੁੱਟੀ ਦਾ ਦਿਨ ਹੈ। ਕੀ ਹਰ ਰੋਜ਼ ਦੀ ਪ੍ਰਭਾਤ ਤੇਰੇ ਲਈ ਨਵੇਂ-ਨਵੇਂ ਵਿਚਾਰ, ਅਹਿਸਾਸ ਅਤੇ ਅਸੀਸਾਂ ਦਾ ਅਸੀਮ ਖ਼ਜ਼ਾਨਾ ਲੈ ਕੇ ਨਹੀਂ ਆਉਂਦੀ? ਕੀ ਅਜਿਹੀਆਂ ਬੇਅੰਤ ਨਿਆਮਤਾਂ ਨੂੰ ਮਾਣਨ ਲਈ ਇੱਕ ਛੁੱਟੀ ਕਾਫ਼ੀ ਹੈ? ਕੁਦਰਤ ਦੀਆਂ ਦਾਤਾਂ ਦੇ ਜਲਵੇ ਨੂੰ ਆਤਮਾ ਵਿੱਚ ਰਚਾਉਣ ਲਈ ਇੱਕ ਦਿਨ, ਇੱਕ ਵਰ੍ਹਾ, ਇੱਕ ਜ਼ਿੰਦਗੀ ਜਾਂ ਹਜ਼ਾਰਾਂ ਜ਼ਿੰਦਗੀਆਂ ਵੀ ਕਾਫ਼ੀ ਨਹੀਂ ਹਨ। ਅੱਖਾਂ, ਕੰਨ, ਨੱਕ ਤੇ ਢਿੱਡ ਲਈ ਇਹ ਭਾਂਤ-ਭਾਂਤ ਦੀਆਂ ਅਣਗਿਣਤ ਦੁਰਲੱਭ ਸੌਗਾਤਾਂ ਹਨ।

ਲੋਕਾਂ ਲਈ ਛੁੱਟੀ ਦਾ ਅਰਥ ਹੁੰਦਾ ਹੈ ਸੁਆਦਲੇ ਭੋਜਨ ਦਾ ਸੇਵਨ ਤੇ ਇੰਦਰੀਆਂ ਦਾ ਭੋਗ। ਵਿਸ਼ੇ-ਵਾਸਨਾ ਵਿੱਚ ਗ਼ਲਤਾਨ ਲੋਕ ਇਹ ਭੁੱਲ ਜਾਂਦੇ ਹਨ ਕਿ ਛੁੱਟੀ ਦਾ ਅਰਥ ਹੁੰਦਾ ਹੈ, ਉਸ ਮਹਾਨ ਆਤਮਾ ਦੀ ਕਰਨੀ ਤੇ ਕਥਨੀ 'ਤੇ ਇਕਾਗਰ ਮਨ ਨਾਲ ਵਿਚਾਰ ਕਰਨਾ ਜਿਸ ਦੀ ਯਾਦ ਵਿੱਚ ਉਹ ਛੁੱਟੀ ਐਲਾਨੀ ਜਾਂਦੀ ਹੈ।

ਇਹ ਛੋਟਾ ਜਿਹਾ ਕੌਫ਼ੀ ਹਾਊਸ ਸਵੇਰ ਤੋਂ ਲੈ ਕੇ ਅੱਧੀ ਰਾਤ ਤੱਕ ਗਾਹਕਾਂ ਨਾਲ ਭਰਿਆ ਰਿਹਾ। ਕੇ.ਪੀ. ਦੀਆਂ ਜੇਬਾਂ ਭਾਰੀ ਹੁੰਦੀਆਂ ਰਹੀਆਂ। ਉਸ ਦੀਆਂ ਅੱਖਾਂ ਵਿੱਚ ਚਮਕ ਵਧਦੀ ਰਹੀ ਤੇ ਉਸ ਦੀ ਜ਼ੁਬਾਨ ਲਗਾਤਾਰ ਚੱਲਦੀ ਰਹੀ। ਇਹ ਤਾਂ ਉਸ ਲਈ ਬੜਾ ਚੰਗਾ ਦਿਨ ਚੜ੍ਹਿਆ ਸੀ। 'ਰਚਨਾਤਮਕ ਕਿਰਤ' ਦੀ ਮਹਿਮਾ ਵਿੱਚ ਮਨਾਏ ਜਾਣ ਵਾਲੇ ਇਸ ਦਿਵਸ ਲਈ ਨਾ ਉਸ ਨੇ ਤੇ ਨਾ ਉਸ ਦੇ ਕਿਸੇ ਗਾਹਕ ਨੇ ਰਸਮੀ ਤੌਰ 'ਤੇ ਵੀ ਇੱਕ ਸ਼ਬਦ ਨਹੀਂ ਸੀ ਬੋਲਿਆ। ਇਸ ਤੋਂ ਉਲਟ ਉਨ੍ਹਾਂ ਨੇ ਜੋ ਕਿਹਾ ਤੇ ਜੋ ਕੀਤਾ, ਉਹ ਇਸ ਪਵਿੱਤਰ ਦਿਹਾੜੇ ਦਾ ਮਜ਼ਾਕ ਉਡਾਉਣ ਵਾਂਗ ਸੀ। ਉਹ ਤਾਂ ਅੰਨ੍ਹੇਵਾਹ ਆਪਣਾ ਢਿੱਡ ਭਰਨ ਵਿੱਚ ਮਸਤ ਸਨ ਤੇ ਆਪਣੀ ਰੂਹ ਦਾ ਗਲਾ ਘੁੱਟ ਰਹੇ ਸਨ। ਜ਼ਿੰਦਗੀ ਬਾਰੇ ਸੋਚਣ ਲਈ ਅਤੇ 'ਰਚਨਾਤਮਕ ਕਿਰਤ' ਦੇ ਸੰਕਲਪ ਤੇ ਚਿੰਤਨ ਕਰਨ ਲਈ ਉਨ੍ਹਾਂ ਦੀ ਟੁੱਟੀ ਭੱਜੀ ਸੋਚ ਵਿੱਚ ਸਮਰੱਥਾ ਹੀ ਨਹੀਂ ਸੀ।

ਧੰਨ ਹਨ ਹਲ, ਫਹੁੜਾ ਤੇ ਦਾਤਰੀ ਦੀਆਂ ਰਹਿਮਤਾਂ

ਧੰਨ ਹਨ ਭੱਠੀ, ਹਥੌੜਾ ਤੇ ਅਹਿਰਨ ਦੀਆਂ ਰਹਿਮਤਾਂ

ਧੰਨ ਹਨ ਕੁਲਹਾੜੀ, ਛੈਣੀ ਤੇ ਆਰੀ ਦੀਆਂ ਰਹਿਮਤਾਂ

ਧੰਨ ਹਨ ਤੱਕਲਾ, ਖੱਡੀ ਤੇ ਧਾਗੇ ਦੀਆਂ ਰਹਿਮਤਾਂ

ਧੰਨ ਹਨ ਕਾਗ਼ਜ਼, ਸਿਆਹੀ ਤੇ ਕਲਮ ਦੀਆਂ ਰਹਿਮਤਾਂ

ਧੰਨ ਹਨ ਉਹ ਜੋ ਜਹਾਜ਼ਾਂ ਨੂੰ ਸਮੁੰਦਰ 'ਚ ਤੇ

ਹਵਾਈ ਜਹਾਜ਼ਾਂ ਨੂੰ ਅਸਮਾਨ 'ਚ ਉਡਾਉਂਦੇ ਹਨ

'ਰਚਨਾਤਮਕ ਕਿਰਤ' ਦੀ ਦਾਤ ਸਭ ਦਾਤਾਂ ਤੋਂ ਵੱਡੀ ਹੈ। ਲੋਕਾਂ ਨੂੰ ਤੇ ਲੋਕਾਂ ਦੀ ਅਗਿਆਨਤਾ ਨੂੰ ਮੁਆਫ਼ ਕਰਨਾ; ਮੁਆਫ਼ ਕਰਨਾ ਕਿਰਤੀਆਂ ਨੂੰ ਤੇ ਵਿਹਲੜਾਂ ਨੂੰ; ਮਿਹਨਤਕਸ਼ਾਂ ਨੂੰ ਤੇ ਆਲਸੀਆਂ ਨੂੰ; ਆਸ਼ਾਵਾਦੀਆਂ ਨੂੰ ਤੇ ਨਿਰਾਸ਼ਾਵਾਦੀਆਂ ਨੂੰ; ਆਸਤਿਕਾਂ ਨੂੰ ਤੇ ਨਾਸਤਿਕਾਂ ਨੂੰ, ਖ਼ਰਚੀਲਿਆਂ ਨੂੰ ਤੇ ਕੰਜੂਸਾਂ ਨੂੰ; ਉਨ੍ਹਾਂ ਨੂੰ ਵੀ ਮੁਆਫ਼ ਕਰਨਾ ਜੋ ਆਪਣੇ ਆਪ ਨੂੰ ਬਹੁਤ ਉੱਚੇ, ਸ੍ਰੇਸ਼ਟ ਅਤੇ ਮਹਾਨ ਮੰਨਦੇ ਹਨ ਅਤੇ ਹੱਥਾਂ ਨਾਲ ਕੰਮ ਕਰਨਾ ਆਪਣੀ ਤੌਹੀਨ ਸਮਝਦੇ ਹਨ। ਉਨ੍ਹਾਂ ਸਭ ਨੂੰ ਮੁਆਫ਼ ਕਰਨਾ ਕਿਉਂਕਿ ਉਹ ਅੱਜ ਤੱਕ ਵੀ ਤੇਰੀਆਂ ਦੈਵੀ ਰਹਿਮਤਾਂ ਤੋਂ ਅਣਜਾਣ ਹਨ। ਉਹ ਇਹ ਨਹੀਂ ਜਾਣਦੇ ਕਿ ਉਹ ਕਿੰਨੇ ਵੱਡੇ ਵਰਦਾਨ ਦਾ ਅਪਮਾਨ ਕਰ ਰਹੇ ਹਨ।

ਅਕਸਰ ਮੈਂ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਕਾਸ਼! ਅਸੀਂ ਜ਼ਮੀਨ 'ਤੇ ਉੱਗੇ ਵੇਲ-ਬੂਟੇ ਹੁੰਦੇ; ਕਾਸ਼! ਅਸੀਂ ਹਵਾ 'ਚ ਉਡਾਰੀ ਮਾਰਦੇ ਪਰਿੰਦੇ ਹੁੰਦੇ; ਕਾਸ਼! ਅਸੀਂ ਦਰਿਆ ਦੀਆਂ ਮਛਲੀਆਂ ਹੁੰਦੇ... ਅਜਿਹੀ ਕਲਪਨਾ ਕਰਨ ਵਾਲੇ ਇਹ ਨਹੀਂ ਜਾਣਦੇ ਕਿ 'ਰਚਨਾਤਮਕ ਕਿਰਤ' ਦਾ ਵਰਦਾਨ ਸਿਰਫ਼ ਇਨਸਾਨ ਨੂੰ ਹੀ ਹਾਸਲ ਹੈ। ਕੀ ਉਹ ਇਹ ਨਹੀਂ ਜਾਣਦੇ ਕਿ ਸਿਰਫ਼ ਆਦਮੀ ਹੀ ਆਪਣੀ ਮਿਹਨਤ ਨਾਲ ਕੁਝ ਨਵਾਂ ਸਿਰਜ ਸਕਦਾ ਹੈ। ਸਿਰਜਣਾ ਕਰ ਕੇ ਉਹ 'ਸਿਰਜਣਹਾਰ ਪ੍ਰਭੂ' ਦੇ ਤਖ਼ਤ ਤੱਕ ਅੱਪੜ ਸਕਦਾ ਹੈ। ਕਿਰਤ ਦੇ ਸਹਾਰੇ ਸੀਮਤ ਸ਼ਕਤੀਆਂ ਵਾਲਾ ਇਨਸਾਨ ਸਰਬ-ਸ਼ਕਤੀਮਾਨ ਪਰਮਾਤਮਾ ਵਾਂਗ 'ਸ੍ਰੇਸ਼ਟ' ਬਣ ਸਕਦਾ ਹੈ।

ਕੀ ਉਹ ਅਜੇ ਤੱਕ ਇਹ ਨਹੀਂ ਜਾਣ ਸਕੇ ਕਿ 'ਰਚਨਾਤਮਕ ਕਿਰਤ' ਉਹ ਕੜੀ ਹੈ ਜੋ ਆਦਮੀ ਨੂੰ ਆਦਮੀ ਨਾਲ ਜੋੜਦੀ ਹੈ ਤੇ ਸਮੂਹ ਮਨੁੱਖ ਜਾਤੀ ਨੂੰ ਕਾਇਨਾਤ ਨਾਲ ਜੋੜਦੀ ਹੈ। ਕੀ ਉਹ ਇਹ ਨਹੀਂ ਜਾਣਦੇ ਕਿ ਇਹ ਇੱਕ ਅਜਿਹੀ ਕੁਠਾਲੀ ਹੈ ਜਿਸ ਵਿੱਚ ਢਲ ਕੇ ਸਾਰੀ ਮਨੁੱਖਤਾ ਇੱਕ ਇਕਾਈ ਵਿੱਚ ਢਲ ਜਾਂਦੀ ਹੈ? ਸੱਚਮੁੱਚ ਮਨੁੱਖ ਜਾਤੀ ਹੈ ਹੀ ਇੱਕ ਇਕਾਈ, ਮਨੁੱਖ 'ਰਚਨਾਤਮਕ ਕਿਰਤ' ਦੇ ਸਹਾਰੇ ਹਮੇਸ਼ਾਂ ਉਤਾਂਹ ਵੱਲ ਜਾਂਦਾ ਹੈ।

ਇਹ ਮੈਂ ਹਾਂ- ਪਿੱਟਡ ਫੇਸ- ਚੁੱਪ ਦੀ ਚਾਦਰ ਵਿਚ ਲਿਪਟਿਆ ਹੋਇਆ ਇੱਕ ਬੇਨਾਮ ਆਦਮੀ- ਜੋ ਇੱਕ ਸਾਧਾਰਨ ਜਿਹੇ ਕੌਫ਼ੀ ਹਾਊਸ ਵਿੱਚ ਵੀਹਵੀਂ ਸਦੀ ਦੇ ਸ਼ੋਰ-ਸ਼ਰਾਬੇ ਵਿੱਚ ਕੰਮ ਕਰ ਰਿਹਾ ਹਾਂ। ਮੈਂ ਦੁਨੀਆਂ ਭਰ ਦੇ ਉਨ੍ਹਾਂ ਸਭ ਕਾਮਿਆਂ ਦੀ ਮਿਹਨਤ ਦਾ ਰਿਣ ਉਤਾਰਨਾ ਚਾਹੁੰਦਾ ਹਾਂ ਜੋ ਦਿਨ-ਰਾਤ ਮੇਰੇ ਲਈ ਕੰਮ ਕਰ ਰਹੇ ਹਨ। ਮੈਨੂੰ ਸਮਝ ਨਹੀਂ ਆ ਰਿਹਾ ਕਿ ਮੈਂ ਉਨ੍ਹਾਂ ਦੀ ਉਸਤਤ ਕਿੱਥੋਂ ਸ਼ੁਰੂ ਕਰਾਂ ਤੇ ਕਿੱਥੇ ਖ਼ਤਮ ਅਤੇ ਆਪਣਾ ਸ਼ੁਕਰਾਨਾ ਕਿੰਜ ਅਦਾ ਕਰਾਂ?

ਮੇਰੇ ਖਾਣ ਲਈ ਜੋ ਅੰਨ ਪੈਦਾ ਕਰਦੇ ਹਨ ਤੇ ਮੇਰੇ ਪਹਿਨਣ ਲਈ ਜੋ ਕੱਪੜਾ ਬੁਣਦੇ ਹਨ, ਉਨ੍ਹਾਂ ਦਾ ਅਹਿਸਾਨ ਮੈਂ ਕਿੰਜ ਉਤਾਰਾਂ? ਬਿਜਲੀ, ਰੇਲ-ਗੱਡੀ, ਜਹਾਜ਼, ਹਵਾਈ ਜਹਾਜ਼ ਅਤੇ ਪ੍ਰਿੰਟਿੰਗ ਦੀ ਖੋਜ ਕਰਨ ਵਾਲੇ ਸਾਡੇ ਸਭ ਤੋਂ ਵੱਡੇ ਹਿਤੈਸ਼ੀ ਹਨ। ਅਣਗਿਣਤ ਲੋਕ ਮੇਰੇ ਹਿੱਤ ਲਈ ਲਗਾਤਾਰ ਕੰਮ ਕਰਦੇ ਰਹੇ ਹਨ ਅਤੇ ਹੁਣ ਤੱਕ ਵੀ ਕਰ ਰਹੇ ਹਨ। ਇਸ ਲਈ ਪਿੱਟਡ ਫੇਸ, ਜੇ ਤੂੰ ਇਹ ਸਮਝਦਾ ਹੈ ਕਿ ਤੇਰੀ ਆਤਮਾ ਤੇ ਤੇਰੀ ਜ਼ਿੰਦਗੀ ਸਿਰਫ਼ ਤੇਰੀ ਹੀ ਹੈ ਤਾਂ ਤੇਰੀ ਇਹ ਸੋਚ ਬਿਲਕੁਲ ਗ਼ਲਤ ਹੈ। 'ਰਚਨਾਤਮਕ ਕਿਰਤ' ਦੀ ਭੱਠੀ ਵਿਚ ਸਮੁੱਚੀ ਮਨੁੱਖ ਜਾਤੀ ਨੇ ਆਪਣੇ ਮਾਸ ਅਤੇ ਖ਼ੂਨ ਦਾ ਬਾਲਣ ਪਾਇਆ ਹੈ। ਇਸ ਵਿਚ ਤੇਰੇ ਵਿਚਾਰਾਂ ਅਤੇ ਅਹਿਸਾਸਾਂ ਦੇ ਨਾਲ-ਨਾਲ ਸਮੂਹ ਮਨੁੱਖਤਾ ਦੇ ਵਿਚਾਰਾਂ ਅਤੇ ਅਹਿਸਾਸਾਂ ਦੀ ਸਮੱਗਰੀ ਵੀ ਸ਼ਾਮਲ ਹੈ। ਇਸ ਲਈ ਨਾ ਤੇਰੀ ਆਵਾਜ਼ ਇਕੱਲੀ ਹੈ ਤੇ ਨਾ ਤੇਰੀ ਨਜ਼ਰ ਇਕੱਲੀ ਹੈ। ਇਹ ਜ਼ੁਬਾਨ ਸਭ ਦੀ ਹੈ, ਇਹ ਨਜ਼ਰ ਸਭ ਦੀ ਹੈ।

ਦੁਨੀਆਂ ਭਰ ਦੇ ਮਿਹਨਤਕਸ਼ੋ ਭੈਣੋ ਤੇ ਭਰਾਵੋ!

ਤੁਸੀਂ ਆਪਣੇ ਸੁਪਨੇ ਧਰਤੀ ਹੇਠਾਂ ਦਫ਼ਨ ਕਰ ਦਿੱਤੇ ਹਨ।

ਤੁਸੀਂ ਆਪਣੇ ਹੰਝੂਆਂ ਅਤੇ ਮੁਸਕਾਨਾਂ ਨੂੰ ਜ਼ਿੰਦਗੀ ਦੀਆਂ ਰਾਹਾਂ 'ਤੇ ਖਿੰਡਾ ਦਿੱਤਾ ਹੈ।

ਤੁਸੀਂ ਆਪਣੀਆਂ ਖ਼ਾਹਿਸ਼ਾਂ ਨੂੰ ਆਪਣੇ ਦਿਲ ਦੇ ਖ਼ੂਨ ਨਾਲ ਸਿੰਜਿਆ ਹੈ।

ਤੁਸੀਂ ਆਪਣੀਆਂ ਚਾਹਤਾਂ ਦੇ ਬੀਜ ਇੰਦਰਧਨੁਸ਼ ਵਿੱਚ ਬੀਜੇ ਹਨ।

ਤੁਸੀਂ ਆਪਣੇ ਖੰਭਾਂ ਨੂੰ ਸਮੁੰਦਰ ਦੀਆਂ ਲਹਿਰਾਂ ਅਤੇ ਮਾਰੂਥਲ ਦੇ ਟਿੱਬਿਆਂ ਤੱਕ ਫੈਲਾ ਰੱਖਿਆ ਹੈ।

ਤੁਸੀਂ ਆਪਣੇ ਆਪ ਨੂੰ ਬੈਂਕਾਂ ਤੇ ਫੈਕਟਰੀਆਂ ਦੇ ਕੈਦਖ਼ਾਨਿਆਂ ਵਿੱਚ ਕੈਦ ਕਰ ਰੱਖਿਆ ਹੈ।

ਤੁਸੀਂ ਆਪਣੀਆਂ ਅੱਖਾਂ ਵਹੀ-ਖਾਤਿਆਂ ਦੇ ਹਿਸਾਬ-ਕਿਤਾਬ 'ਤੇ ਟਿਕਾਈ ਰੱਖਦੇ ਹੋ।

ਚੱਕੇ ਦੀ ਘੁਰ-ਘੁਰ ਤੁਹਾਡੇ ਗੀਤ ਹਨ ਤੇ ਪੈਨੀ-ਪੌਂਡ ਦਾ ਨ੍ਰਿਤ ਤੁਹਾਡਾ ਨ੍ਰਿਤ।

ਦੁਨੀਆਂ ਭਰ ਦੇ ਮਿਹਨਤਕਸ਼ ਕਾਮਿਓ!

ਇਸ ਸਾਧਾਰਨ ਜਿਹੇ ਕੌਫ਼ੀ ਹਾਊਸ ਦਾ ਇੱਕ ਮਾਮੂਲੀ ਕਾਮਾ ਤੁਹਾਡੇ ਵੱਲ ਦੋਸਤੀ ਦਾ ਹੱਥ ਵਧਾਉਂਦਾ ਹੈ ਅਤੇ ਤੁਹਾਡੀ ਮਿਹਨਤ ਸਾਹਮਣੇ ਆਪਣਾ ਸੀਸ ਝੁਕਾਉਂਦਾ ਹੈ ਕਿਉਂਕਿ ਉਹ ਤੁਹਾਡੀ ਮਿਹਨਤ ਦੀ ਮਹੱਤਤਾ ਤੋਂ ਵਾਕਿਫ਼ ਹੈ।

ਕਿਰਤ ਜ਼ਿੰਦਗੀ ਨੂੰ ਨਿਰੰਤਰ ਜੀਵਨ-ਧਾਰਾ ਨਾਲ ਜੋੜਦੀ ਹੈ। ਇਸ ਵਿੱਚ ਮਨੁੱਖ ਜਾਤੀ ਦੀਆਂ ਸਾਂਝੀਆਂ ਆਸਾਂ, ਉਮੀਦਾਂ ਅਤੇ ਉਦੇਸ਼ ਸ਼ਾਮਲ ਹੁੰਦੇ ਹਨ।

ਕਿਰਤ ਮਹੱਤਤਾ ਕੀ ਹੈ?

ਇਹ ਜ਼ਿੰਦਗੀ ਨੂੰ ਸਦੀਵੀ ਜੀਵਨ-ਧਾਰਾ ਨਾਲ ਜੋੜਦੀ ਹੈ। ਇਹ ਸਮੁੱਚੀ ਮਨੁੱਖਤਾ ਦੀਆਂ ਉਮੀਦਾਂ ਅਤੇ ਉਦੇਸ਼ਾਂ ਨੂੰ ਇੱਕ ਸਾਂਝੇ ਟੀਚੇ ਦੀ ਪ੍ਰਾਪਤੀ ਲਈ ਇੱਕ ਧਾਗੇ 'ਚ ਪਰੋ ਸਕਦੀ ਹੈ। ਰਚਨਾਤਮਕ ਕਿਰਤ ਵਿੱਚ ਉਦੋਂ ਤੱਕ ਵਿਘਨ ਨਹੀਂ ਪੈ ਸਕਦਾ, ਜਦੋਂ ਤੱਕ ਮਨੁੱਖ ਖ਼ੁਦ ਆਪਣਾ ਤੇ ਆਪਣੇ ਸੰਸਾਰ ਦਾ ਸੁਆਮੀ ਨਹੀਂ ਬਣਦਾ। ਉਸ ਤੋਂ ਬਾਅਦ ਹੀ ਉਹ ਆਪਣੀ ਮਰਜ਼ੀ ਦਾ ਸੰਸਾਰ ਸਿਰਜ ਪਾਵੇਗਾ।

ਕੋਈ ਮੰਦਬੁੱਧੀ ਇਨਸਾਨ ਹੀ ਕਿਰਤ ਨੂੰ ਸਿੱਕਿਆਂ ਵਿੱਚ ਤੋਲਣ ਦੀ ਹਿਮਾਕਤ ਕਰ ਸਕਦਾ ਹੈ। ਮਨੁੱਖੀ ਮਿਹਨਤ ਨਾਲ ਉਸਾਰੇ ਪ੍ਰਗਤੀ ਦੇ ਪਿਰਾਮਿਡ ਦੀ ਉਚਾਈ ਨੂੰ ਕੌਣ ਨਾਪ ਸਕਦਾ ਹੈ? ਇਸ ਦਾ ਨਿਰਮਾਣ ਤਾਂ ਉਸ ਵੇਲੇ ਹੀ ਹੋਣਾ ਸ਼ੁਰੂ ਹੋ ਗਿਆ ਸੀ ਜਦੋਂ ਇਸ ਧਰਤੀ 'ਤੇ ਪਹਿਲੇ ਇਨਸਾਨ ਨੇ ਜਨਮ ਲਿਆ ਸੀ। ਜੋ ਕਿਰਤ ਸਮੁੱਚੇ ਰੂਪ ਵਿੱਚ ਅਮੁੱਲ ਹੈ, ਉਹ ਛੋਟੀ ਤੋਂ ਛੋਟੀ ਇਕਾਈ ਵਿੱਚ ਵੀ ਅਮੁੱਲ ਹੈ।

ਆਦਮੀ ਦੀ ਜ਼ਿੰਦਗੀ ਭਰ ਦੀ ਮਿਹਨਤ ਇਸ ਪਿਰਾਮਿਡ ਵਿੱਚ ਸਿਰਫ਼ ਇੱਕ ਪੱਥਰ ਜੜਨ ਦੇ ਬਰਾਬਰ ਹੈ।

ਤਰਸ ਆਉਂਦਾ ਹੈ ਉਨ੍ਹਾਂ 'ਤੇ ਜੋ ਕਿਰਤ ਦਾ ਮੁੱਲ ਨਿਰਧਾਰਤ ਕਰਦੇ ਹਨ। ਖ਼ੂਨ-ਪਸੀਨੇ ਨਾਲ ਪੈਦਾ ਕੀਤੀ ਵਸਤੂ ਨੂੰ ਤੱਕੜੀ 'ਚ ਕਿਵੇਂ ਤੋਲਿਆ ਜਾ ਸਕਦਾ ਹੈ? ਪਰ ਕੁਝ ਲੋਕ ਅਜਿਹੀ ਕਿਰਤ ਨੂੰ ਆਪਣੀ ਸੰਪੱਤੀ ਸਮਝਦੇ ਹਨ। ਕੁਝ ਅਜਿਹੇ ਲੋਕ ਵੀ ਹਨ ਜੋ ਸਾਂਝੀ 'ਰਚਨਾਤਮਕ ਕਿਰਤ' ਦੇ ਸਿੱਟੇ ਵਜੋਂ ਉਸਾਰੇ/ਉਸਾਰੀ-ਅਧੀਨ ਪਿਰਾਮਿਡ ਨੂੰ ਟੁਕੜਿਆਂ ਵਿੱਚ ਵੰਡਣ ਦਾ ਜਤਨ ਕਰਦੇ ਹਨ- ਉਹ ਆਹਮੋ-ਸਾਹਮਣੇ ਖਲੋ ਕੇ ਇੱਕ-ਦੂਜੇ ਨੂੰ ਨਸ਼ਟ ਕਰਨ ਦੀਆਂ ਧਮਕੀਆਂ ਦਿੰਦੇ ਹਨ। ਦਾਤਰੀ ਤਲਵਾਰ ਬਣ ਜਾਂਦੀ ਹੈ, ਕੰਦਾਲਾ ਰਾਈਫਲ, ਕਲਮ ਤੋਪ, ਸਿਆਹੀ ਬਾਰੂਦ, ਸ਼ਬਦ ਗੋਲੀਆਂ। ਜਿਸ ਦਾ ਨਿਰਮਾਣ ਅਜੇ ਕੱਲ੍ਹ ਹੀ ਹੋਇਆ ਸੀ, ਉਸ ਦਾ ਵਿਨਾਸ਼ ਉਹ ਅੱਜ ਕਰ ਰਹੇ ਹਨ। ਉਹ ਚਾਨਣ ਨੂੰ ਹਨੇਰੇ ਵਿੱਚ ਤੇ ਜ਼ਿੰਦਗੀ ਨੂੰ ਮੌਤ ਵਿੱਚ ਬਦਲ ਰਹੇ ਹਨ।

ਜੇ ਮਨੁੱਖ ਜਾਤੀ ਦੀ ਵਾਗਡੋਰ ਮੇਰੇ ਹੱਥਾਂ ਵਿੱਚ ਦੇ ਦਿੱਤੀ ਜਾਵੇ ਤਾਂ ਮੈਂ ਇੱਕ ਬੇਹੱਦ ਅਨੁਸ਼ਾਸਿਤ ਫ਼ੌਜ ਤਿਆਰ ਕਰਾਂਗਾ ਅਤੇ ਉਨ੍ਹਾਂ ਨੂੰ ਮਨੁੱਖ ਜਾਤੀ ਦੇ ਭਲੇ ਲਈ ਈਜਾਦ ਕੀਤੇ ਗਏ ਸਾਰੇ ਔਜ਼ਾਰਾਂ ਨਾਲ ਲੈਸ ਕਰੇਗਾ। ਮੈਂ ਧਰਤੀ ਨੂੰ ਜੀਊਣ ਜੋਗੀ ਤੇ ਆਰਾਮਦਾਇਕ ਪਨਾਹਗਾਹ ਬਣਾਵਾਂਗਾ। ਮੈਂ ਧਰਤੀ ਦੀ ਹਿੱਕ 'ਤੇ ਵਾਹੀਆਂ ਸਾਰੀਆਂ ਲਕੀਰਾਂ ਮਿਟਾ ਦੇਵਾਂਗਾ।

ਇਹ ਸਾਰੀ ਧਰਤੀ ਮਨੁੱਖਤਾ ਦਾ ਸਾਂਝਾ ਵਿਹੜਾ ਹੋਵੇਗੀ- ਇਸ ਦੇ ਹਰੇ-ਭਰੇ ਖੇਤ-ਖਲਿਹਾਨ, ਪੱਥਰ ਤੇ ਰੇਗਿਸਤਾਨ, ਪਹਾੜ ਤੇ ਨਦੀਆਂ, ਦਰਿਆ ਤੇ ਸਮੁੰਦਰ ਸਭ ਦੇ ਸਾਂਝੇ ਹੋਣਗੇ। ਫਿਰ ਮੈਂ ਲੋਕਾਂ ਨੂੰ ਕਹਾਂਗਾ:

ਵੇਖੋ! ਇਹ ਧਰਤੀ ਤੁਹਾਡੀ ਹੈ।

ਆਪਣੀ ਕਿਰਤ ਦੇ ਫਲ ਸਭ 'ਚ ਵੰਡ ਕੇ ਖਾਓ।

ਜੀ ਭਰ ਕੇ ਨੱਚੋ, ਗਾਓ ਤੇ ਖੇਡੋ।

ਸਭ ਕੁਝ ਤੁਹਾਡੀ ਮਿਹਨਤ ਸਦਕਾ ਹੀ ਪੈਦਾ ਹੋਇਆ ਹੈ ਤੇ ਤੁਸੀਂ ਹੀ ਇਸ ਦੇ ਲਾਭ-ਪਾਤਰ ਹੋ। ਜਦੋਂ ਤੱਕ ਤੁਸੀਂ 'ਰਚਨਾਤਮਕ ਕਿਰਤ' ਦੇ ਝੰਡੇ ਹੇਠ ਮਿਹਨਤਕਸ਼ ਬਹਾਦਰ ਸੂਰਬੀਰ ਹੋ, ਉਦੋਂ ਤੱਕ ਤੁਹਾਡੇ 'ਚੋਂ ਕਿਸੇ ਨੂੰ ਵੀ ਇਹ ਸੋਚਣ ਦੀ ਲੋੜ ਨਹੀਂ ਕਿ ਮੈਂ ਕੀ ਖਾਵਾਂਗਾ, ਕੀ ਪੀਵਾਂਗਾ, ਕੀ ਪਹਿਨਾਂਗਾ ਤੇ ਕਿੱਥੇ ਰਹਾਂਗਾ? ਇਹ ਸਭ ਕੁਝ ਤੁਹਾਨੂੰ ਉਪਲਬਧ ਹੋਵੇਗਾ। ਇਸ ਵਿੱਚ ਧਰਤੀ ਤੇ ਅਸਮਾਨ ਦਾ ਪਿਆਰ ਅਤੇ ਨਿੱਘ ਵੀ ਸ਼ਾਮਲ ਹੋਵੇਗਾ।

ਸਭ ਲੋਕ 'ਰਚਨਾਤਮਕ ਕਿਰਤ' ਦੀ ਫ਼ੌਜ ਦੇ ਸੈਨਿਕ ਹੋਣਗੇ। ਉਹ ਇੱਕ-ਦੂਜੇ ਖ਼ਿਲਾਫ਼ ਨਹੀਂ, ਇੱਕ-ਦੂਜੇ ਲਈ ਮਿਹਨਤ ਕਰਨਗੇ। ਕੰਮ-ਕਾਜ ਦਾ ਸਮਾਂ ਵੀ ਲੋੜ ਅਨੁਸਾਰ ਵਧਾਇਆ-ਘਟਾਇਆ ਜਾ ਸਕੇਗਾ। ਸਾਰੇ ਸਕੂਲ, ਕਾਲਜ, ਹਸਪਤਾਲ, ਅਜਾਇਬਘਰ, ਸੈਨੀਟੋਰੀਅਮ, ਨਾਟਸ਼ਾਲਾ, ਆਵਾਜਾਈ ਦੇ ਸਭ ਸਾਧਨ 'ਰਚਨਾਤਮਕ ਕਿਰਤ' ਦੇ ਝੰਡੇ ਹੇਠ ਹੀ ਕਾਰਜਸ਼ੀਲ ਹੋਣਗੇ।

ਜਦੋਂ ਸਭ ਲੋਕਾਂ ਦੀ ਦਿਮਾਗ਼ੀ, ਜਿਸਮਾਨੀ ਤੇ ਇਖ਼ਲਾਕੀ ਤਾਕਤ ਇਸ ਧਰਤੀ ਨੂੰ ਹੋਰ ਵਧੇਰੇ ਜ਼ਰਖ਼ੇਜ਼ ਅਤੇ ਸੋਹਣੀ ਬਣਾਉਣ ਵਿੱਚ ਜੁਟੇਗੀ ਤੇ ਜਦੋਂ ਵਸਤਾਂ ਦੀ ਵੰਡ ਇਸ ਤਰ੍ਹਾਂ ਕੀਤੀ ਜਾਵੇਗੀ, ਜਿੱਦਾਂ ਫ਼ੌਜੀਆਂ ਨੂੰ ਰਾਸ਼ਨ ਵੰਡਿਆ ਜਾਂਦਾ ਹੈ, ਅਜਿਹੇ ਹਾਲਾਤ ਵਿੱਚ ਮਨੁੱਖੀ ਸਮਾਜ ਵਿੱਚ ਦਵੈਸ਼, ਕਲੇਸ਼, ਘਿਰਣਾ, ਲਾਲਚ ਅਤੇ ਸੁਆਰਥ ਲਈ ਕੋਈ ਥਾਂ ਨਹੀਂ ਰਹੇਗੀ। ਪਰ ਅਜੇ ਲੋਕਾਂ ਵਿੱਚ ਸਿਆਣਪ ਦੀ ਘਾਟ ਹੈ। ਉਹ ਨਾਦਾਨ ਬੱਚਿਆਂ ਵਾਂਗ ਦਰੱਖਤ 'ਤੇ ਲੱਗੇ ਸੇਬ ਨੂੰ ਵੇਖ ਕੇ ਹੀ ਲੜਨ ਲੱਗ ਪੈਂਦੇ ਹਨ। ਪਹਿਲਾਂ ਉਨ੍ਹਾਂ ਨੂੰ ਸੋਚਣਾ ਇਹ ਚਾਹੀਦਾ ਹੈ ਕਿ ਦਰੱਖਤ ਤੋਂ ਸੇਬ ਕਿੰਜ ਤੋੜਿਆ ਜਾਵੇ ਤੇ ਫਿਰ ਉਸ ਨੂੰ ਆਪਸ ਵਿੱਚ ਬਰਾਬਰੀ ਦੇ ਆਧਾਰ 'ਤੇ ਵੰਡਿਆ ਕਿਵੇਂ ਜਾਵੇ?

'ਰਚਨਾਤਮਕ ਕਿਰਤ' ਮਨੁੱਖ ਨੂੰ ਕੁਦਰਤ ਤੋਂ ਹਾਸਲ ਹੋਇਆ ਸਭ ਤੋਂ ਵੱਡਾ ਵਰਦਾਨ ਹੈ। ਸਭ ਨੂੰ ਮੁਆਫ਼ ਕਰਨਾ ਤੇ ਤੇਰੀਆਂ ਦਿੱਤੀਆਂ ਬੇਅੰਤ ਸੌਗਾਤਾਂ ਦਾ ਆਨੰਦ ਮਾਣਨ ਦੀ ਤੌਫ਼ੀਕ ਬਖ਼ਸ਼ਣਾ।

(ਆਵਾਰਾ ਰੂਹ ਦਾ ਰੋਜ਼ਨਾਮਚਾ 'ਚੋਂ)

ਪੰਜਾਬੀ ਰੂਪ: ਜੰਗ ਬਹਾਦੁਰ ਗੋਇਲ

ਸੰਪਰਕ: 98551-23499

# ਵਿਧਾਇਕ ਗੁਰਲਾਲ ਘਨੌਰ ਵੱਲੋਂ ਸਮਿਸ ਸਲੇਮਪੁਰ ਜੱਟਾਂ ਵਿਖੇ ਵਿਕਾਸ ਕਾਰਜਾਂ ਦਾ ਲੋਕ ਅਰਪਣ

ਘਨੌਰ, 30 ਅਪ੍ਰੈਲ (ਚ.ਨ.ਸ.) : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਮਿਡਲ ਸਕੂਲ ਸਲੇਮਪੁਰ ਜੱਟਾਂ ਜ਼ਿਲ੍ਹਾ ਪਟਿਆਲਾ ਵਿਖੇ ਲੱਖਾਂ ਰੁਪਏ ਦੀਆਂ ਗ੍ਰਾਂਟਾਂ ਨਾਲ ਹੋਏ ਵਿਕਾਸ ਕਾਰਜਾਂ ਨੂੰ ਹਲਕਾ ਘਨੌਰ ਦੇ ਵਿਧਾਇਕ ਸ੍ਰੀ ਗੁਰਲਾਲ ਸਿੰਘ ਘਨੌਰ ਵੱਲੋਂ ਲੋਕ ਅਰਪਿਤ ਕੀਤਾ ਗਿਆ। ਇਸ ਉਦੇਸ਼ ਹੇਠ ਕਰਵਾਏ ਗਏ ਉਦਘਾਟਨ ਸਮਾਰੋਹ ਦੌਰਾਨ ਮੁੱਖ ਮਹਿਮਾਨ ਸ੍ਰੀ ਗੁਰਲਾਲ ਸਿੰਘ ਘਨੌਰ ਵੱਲੋਂ ਪੰਜਾਬ ਸਰਕਾਰ ਦੀਆਂ ਸਿੱਖਿਆ ਖੇਤਰ ਵਿੱਚ ਹੋਈਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ।ਸਮਾਰੋਹ ਦੀ ਸ਼ੁਰੂਆਤ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਰਾਹੀਂ ਹੋਈ। ਸਕੂਲ ਮੁਖੀ ਸ੍ਰੀ ਸਿਆ ਰਾਮ ਵੱਲੋਂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕੀਤੇ ਗਏ।ਸਿੱਖਿਆ ਕ੍ਰਾਂਤੀ




ਤਹਿਤ ਨਵੇਂ ਬਣੇ ਸਮਾਰਟ ਕਲਾਸਰੂਮ, ਚਾਰਦੀਵਾਰੀ, ਪਖਾਨੇ ਅਤੇ ਮੁਰੰਮਤ ਕਾਰਜਾਂ ਦੀ ਜਾਣਕਾਰੀ ਮਾਪਿਆਂ ਨਾਲ ਸਾਂਝੀ ਕੀਤੀ ਗਈ ਅਤੇ ਇਨ੍ਹਾਂ ਦੀ ਮਹੱਤਤਾ ਬਾਰੇ ਵੀ ਵਿਸ਼ੇਸ਼ ਤੌਰ ਤੇ ਰੌਸ਼ਨੀ ਪਾਈ ਗਈ।ਮੁੱਖ ਮਹਿਮਾਨ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਨੂੰ ਸਭ ਤੋਂ ਜਿਆਦਾ ਪਹਿਲ ਦੇ ਰਹੀ ਹੈ।

ਹਰ ਬੱਚੇ ਨੂੰ ਗੁਣਵੱਤਾਪੂਰਨ ਸਿੱਖਿਆ ਅਤੇ ਅਨੁਕੂਲ ਸਿੱਖਣ-ਸਿਖਾਉਣ ਵਾਲਾ ਮਾਹੌਲ ਦੇਣ ਲਈ ਇਹ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਨੇ ਅੱਠਵੀਂ ਜਮਾਤ ਦੇ ਚੰਗੇ ਨਤੀਜੇ ਲੈ ਕੇ ਆਏ ਵਿਦਿਆਰਥੀਆਂ ਦੀ ਵੀ ਸ਼ਲਾਘਾ ਕੀਤੀ।

ਇਸ ਮੌਕੇ ਤੇ ਬੀ ਐਨ ਓ, ਸਕੂਲ ਮੁਖੀ, ਪਤਵੰਤੇ ਸੱਜਣ, ਅਧਿਆਪਕ, ਸਕੂਲ ਮੈਨੇਜਮੈਂਟ ਕਮੇਟੀ ਮੈਂਬਰ, ਸਰਪੰਚ, ਪੰਚ, ਪ੍ਰੋਗਰਾਮ ਹਲਕਾ ਕੋਆਰਡੀਨੇਟਰ, ਪ੍ਰੋਗਰਾਮ ਵਿਭਾਗ ਕੋਆਰਡੀਨੇਟਰ ਅਤੇ ਇਲਾਕੇ ਦੇ ਪਤਵੰਤੇ ਸੱਜਣ ਵੀ ਹਾਜ਼ਰ ਰਹੇ। ਮੰਚ ਸੰਚਾਲਕ ਦੀ ਭੂਮਿਕਾ ਪੰਜਾਬੀ ਅਧਿਆਪਕ ਸ੍ਰ. ਰਮਨਜੀਤ ਸਿੰਘ ਨੇ ਬਾਖ਼ੂਬੀ ਨਿਭਾਈ।


HINDUJA HOUSING FINANCE

## ਹਿੰਦੂਜਾ ਹਾਊਸਿੰਗ ਫਾਇਨਾਂਸ ਲਿਮਟਿਡ

ਰਜਿਸਟਰਡ ਦਫਤਰ 27-ਏ, ਡਿਵੈਲਪਡ ਇੰਡਸਟ੍ਰੀਅਲ ਅਸਟੇਟ, ਗਾਇੰਡੀ, ਚੇਨਈ 600032, ਤਾਮਿਲਨਾਡੂ, ਈ-ਮੇਲ : auction@hindujahousingfinance.com

ਸੀਆਰਐਮ : ਰਾਹੁਲ ਸ਼ਰਮਾ - 9815400176 ਜ਼ੋਨਲਐਮ : ਅੰਕਿਤ ਕੁਮਾਰ - 9991112298 ਆਰਐਲਐਮ : ਅਰੁਣ ਮੋਹਨ ਸ਼ਰਮਾ - 8800898999 ਆਰਐਮ : ਅਮਿਤ ਕੌਸ਼ਿਕ - 9587088333

### ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ

ਨਿਮਨ ਹਸਤਾਖਰੀ ਨੇ ਹਿੰਦੂਜਾ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਵਜੋਂ ਕਾਨੂੰਨ ਦੇ ਅਧੀਨ ਅਤੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਸੂਚਨਾ (ਵਾਂ) ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਨਿਮਨਲਿਖਤ ਕਰਜ਼ਦਾਰ (ਾਂ) ਨੂੰ ਸੱਦਾ ਦਿੰਦੇ ਹੋਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ (ਵਾਂ) ਜਾਰੀ ਕੀਤੀ ਸੀ। ਨਿਮਨ ਹਸਤਾਖਰੀ ਤਰਕਸੰਗਤ ਢੰਗ ਨਾਲ ਇਹ ਵਿਸ਼ਵਾਸ ਕਰਦੇ ਹਨ ਕਿ ਕਰਜ਼ਦਾਰ (ਾਂ) ਮੰਗ ਸੂਚਨਾ (ਵਾਂ) ਦੀ ਤਾਮੀਲ ਨੂੰ ਟਾਲ ਰਹੇ ਹਨ, ਇਸ ਲਈ ਨਿਯਮਾਂ ਦੇ ਅਨੁਸਾਰ ਮੰਗ ਸੂਚਨਾ ਦੀ ਤਾਮੀਲ ਚਸਪਾ ਅਤੇ ਪ੍ਰਕਾਸ਼ਨ ਦੁਆਰਾ ਪ੍ਰਭਾਵ ਵਿਚ ਲਿਆਂਦੀ ਗਈ ਹੈ। ਮੰਗ ਸੂਚਨਾ (ਵਾਂ) ਦੇ ਵੇਰਵੇ ਨਿਮਨ ਦਰਸਾਏ ਗਏ ਹਨ :

Sr. No. — ਕਰਜ਼ਦਾਰ/ਸਹਿ-ਕਰਜ਼ਦਾਰ/ਗਾਰੰਟੀਕਰਤਾ/ਪਤਾ

1 PJ/ZKP/ZKPR/A000000394 ਅਤੇ CO/CPC/CPOF/A000005117 I 1. ਸ੍ਰੀ ਸਤਜੀਤ ਵਰਮਾ 2. ਸ਼੍ਰੀਮਤੀ ਸਨੇਹ ਲਤਾ। ਮਕਾਨ ਨੰਬਰ 652 ਡੇਰਾ ਸਾਹਿਬ, ਮਨੀ ਮਾਜਰਾ ਚੰਡੀਗੜ੍ਹ 160101, ਸ਼ਹਿਰੀ, ਚੰਡੀਗੜ੍ਹ, ਪੰਜਾਬ, ਭਾਰਤ160101 NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 2597181/- ਮਿਤੀ 05-03-2025 ਨੂੰ
ਜਾਇਦਾਦ ਦਾ ਵੇਰਵਾ: ਮਕਾਨ ਨੰਬਰ. 90/1, ਖੁਦਾ ਅਲੀ ਸ਼ੇਰ, ਚੰਡੀਗੜ੍ਹ ਯੂਟੀ, 160103, ਚੰਡੀਗੜ੍ਹ, ਅਰਬਨ, ਚੰਡੀਗੜ੍ਹ, ਪੰਜਾਬ, ਭਾਰਤ 160103 ਮਕਾਨ ਨੰ. 90/1, ਖੁਦਾ ਅਲੀ ਸ਼ੇਰ, ਚੰਡੀਗੜ੍ਹ ਯੂਟੀ, 160103, ਚੰਡੀਗੜ੍ਹ, ਅਰਬਨ, ਚੰਡੀਗੜ੍ਹ, ਪੰਜਾਬ, ਭਾਰਤ–160103

2 PJ/LUD/LUDN/A000001032 ਅਤੇ CO/CPC/CPOF/A000005875 I 1. ਨਿਰਮਲ ਨਾਥ 2. ਸ਼ਬਨੀ ਸ਼ਬਨੀ। ਪਿੰਡ ਸਨੇਤ, ਰਾਜਗੁਰੂ ਨਗਰ, ਰਾਜਗੁਰੂ ਨਗਰ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141012 NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 32648/- ਰੁਪਏ
ਜਾਇਦਾਦ ਦਾ ਵੇਰਵਾ: ਪਿੰਡ ਸੈਨੇਟ, ਰਾਜਗੁਰੂ ਨਗਰ, ਰਾਜਗੁਰੂ ਨਗਰ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141012

3 PJ/ZKP/ZKPR/A000000189 ਅਤੇ PJ/ZKP/ZKPR/1000000406. 1. ਸ਼੍ਰੀਮਤੀ ਨਾਹਾ ਦੇਵੀ 2. ਸ਼੍ਰੀ ਪੰਕਜ 3. ਸ੍ਰੀ ਰਾਜ ਕੁਮਾਰ। ਮਕਾਨ ਨੰਬਰ 321 ਬਲਾਕ ਈ ਇੰਡਸਟਰੀਅਲ ਏਰੀਆ ਕਲੋਨੀ ਨੰਬਰ 4 ਚੰਡੀਗੜ੍ਹ, ਸ਼ਹਿਰੀ, ਚੰਡੀਗੜ੍ਹ, ਪੰਜਾਬ, ਭਾਰਤ-160002 NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1018316/- ਰੁਪਏ
ਜਾਇਦਾਦ ਦਾ ਵੇਰਵਾ: ਮਕਾਨ ਨੰਬਰ 321 ਬਲਾਕ ਈ ਇੰਡਸਟਰੀਅਲ ਏਰੀਆ ਕਲੋਨੀ ਨੰਬਰ 4 ਚੰਡੀਗੜ੍ਹ 160002, ਸ਼ਹਿਰੀ, ਚੰਡੀਗੜ੍ਹ, ਪੰਜਾਬ, ਭਾਰਤ-160002

4 PJ/LUD/LUDN/A000000024 ਅਤੇ PJ/LUD/LUDN/1000000961. 1. ਸ਼੍ਰੀ ਪਰਵਿੰਦਰ ਕੁਮਾਰ 2. ਸ੍ਰੀ ਖੁਸ਼ਬੂ ਕੁਮਾਰੀ। ਮਕਾਨ ਨੰਬਰ 989 ਸੀ.ਟੀ. ਰੋਡ ਨੇੜੇ ਪੀ ਐਨ ਬੀ. ਬੈਂਕ ਲੁਧਿਆਣਾ, ਮੈਟਰੋ, ਲੁਧਿਆਣਾ, ਪੰਜਾਬ, ਭਾਰਤ - 141003 | NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 2434108/- ਰੁਪਏ
ਜਾਇਦਾਦ ਦਾ ਵੇਰਵਾ: ਖਸਰਾ ਨੰਬਰ 1131 ਖੇਵਟ ਨੰਬਰ 2673 ਖਤੌਨੀ ਨੰਬਰ 3404, ਪਾਨ ਨੰਬਰ 3441, ਜਮਾਬੰਦੀ 2010-11, ਵਾਕੀਆ ਪਿੰਡ ਗਿੱਲ ਨੰਬਰ 2, ਹਦਬਸਤ ਨੰਬਰ 263, ਆਬਾਦੀ ਈਸ਼ਰ ਨਗਰ ਬਲਾਕ ਸੀ, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141007

5 PJ/LUD/LUDN/A000000049 ਅਤੇ CO/CPC/CPOF/1000000298311. ਸ੍ਰੀ ਰਵਿੰਦਰ ਪਾਲ ਸਿੰਘ 2. ਸ੍ਰੀ ਦੀਪੀਕਾ ਦੀਪੀਕਾ। ਮਕਾਨ ਨੰਬਰ 2933 ਲੁਧਿਆਣਾ ਸੀਆਰਪੀਐਫ ਕਲੋਨੀ ਲੁਧਿਆਣਾ ਪੰਜਾਬ 141002, ਸੈਮੀਅਰਬਨ, ਲੁਧਿਆਣਾ, ਪੰਜਾਬ, ਭਾਰਤ-141002 | NPA ਮਿਤੀ: 05-12-2024
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 3032362/- 05-03-2025 ਨੂੰ
ਜਾਇਦਾਦ ਦਾ ਵੇਰਵਾ: ਮਕਾਨ ਨੰ. 2933 ਲੁਧਿਆਣਾ ਸੀਆਰਪੀਐਫ ਕਲੋਨੀ ਲੁਧਿਆਣਾ ਪੰਜਾਬ 141002, ਸੈਮੀਅਰਬਨ ਕਲੋਨੀ, ਮੈਟਰੋ, ਲੁਧਿਆਣਾ, ਪੰਜਾਬ, ਭਾਰਤ-141002

6 PJ/LUD/LUDN/A000000057 ਅਤੇ CO/CPC/CPOF/1000000386011. ਸ੍ਰੀ ਅਰੁਣ ਕੁਮਾਰ 2. ਸ੍ਰੀ ਊਸ਼ਾ ਰਾਣੀ। ਗੁਰੂ ਨਾਨਕ ਆਯੁਰਵੈਦਿਕ ਮੈਡੀਕਲ ਕਾਲਜ, ਗੋਪਾਲਪੁਰ ਡੇਹਲੋਂ ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141118 | NPA ਮਿਤੀ: 05-12-2024
ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 3317412/- ਰੁਪਏ 05-03-2025 ਨੂੰ
ਜਾਇਦਾਦ ਦਾ ਵੇਰਵਾ: ਪਿੰਡ - ਗੋਪਾਲਪੁਰ, ਗੁਰੂ ਨਾਨਕ ਆਯੁਰਵੈਦਿਕ ਮੈਡੀਕਲ ਕਾਲਜ ਦੇ ਸਾਹਮਣੇ, ਮਲੇਰਕੋਟਲਾ ਰੋਡ ਲੁਧਿਆਣਾ, ਪਿੰਡ-ਗੋਪਾਲਪੁਰ, ਲੁਧਿਆਣਾ, ਪੰਜਾਬ, ਭਾਰਤ - 141118 ਵਿੱਚ ਜਾਇਦਾਦ

7 PJ/LUD/LUDN/A000000301 ਅਤੇ CO/CPC/CPOF/A000003859 I 1. ਸ਼੍ਰੀ ਅਸ਼ਵਨੀ ਕੁਮਾਰ 2. ਸ਼੍ਰੀ ਹਿਮਾਂਸ਼ੂ ਛਾਬੜਾ 3. ਸ਼੍ਰੀ ਸਾਗਰ ਛਾਬੜਾ। ਮਕਾਨ ਨੰ. 177, ਸੰਤ ਨਗਰ ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141007 | NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 3534415/- ਰੁਪਏ
ਜਾਇਦਾਦ ਦਾ ਵੇਰਵਾ: ਪਲਾਟ ਨੰਬਰ 104, ਖਸਰਾ ਨੰਬਰ 22/1-2-3/1-3/2-23//5, ਖਾਤਾ ਨੰਬਰ 81/83, ਸਫਾ ਨੰਬਰ 129, ਜੇਤੂ ਐਨਕਲੇਵ, ਗੇਟ ਨੰਬਰ 1, ਬਸਤ ਨੰਬਰ 197, ਪਿੰਡ ਬਰੋਟਾ ਵਾਲਾ ਪਿੰਡ ਬੱਲੋਕੇ, ਐਪਲ ਵਿਲਾ ਦੇ ਨੇੜੇ, ਲੁਧਿਆਣਾ-141001, ਬਲਨ ਸਿੰਘ ਮਾਰਗ, ਵਾਕੀਆ ਪਿੰਡ ਬੱਲੋਕੇ, ਐਪਲ ਵਿਲਾ ਦੇ ਨੇੜੇ, ਲੁਧਿਆਣਾ-141001, ਅਰਬਨ, ਲੁਧਿਆਣਾ, ਪੰਜਾਬ, ਭਾਰਤ-141007

8 PJ/LUD/LUDN/A000001000 ਅਤੇ CO/CPC/CPOF/A000003908. 1. ਸ੍ਰੀ ਗੁਰਪ੍ਰੀਤ ਸਿੰਘ 2. ਸ਼੍ਰੀ ਹਿਮਾਂਸ਼ੂ ਵਰਮਾ 3. ਸ਼੍ਰੀਮਤੀ ਕਾਜਲ ਵਰਮਾ। ਮਕਾਨ ਨੰਬਰ 6762 ਸਟਰੀਟ ਨੰ. 6, ਕੋਂਕਲ ਇੰਟਰਨੈਸ਼ਨਲ ਵਰਕਸ ਜਨਤਾ ਨਗਰ ਮਿਲਰਗੰਜ, ਅਰਬਨ ਲੁਧਿਆਣਾ, ਪੰਜਾਬ, ਭਾਰਤ-141003 | NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 2656207/- ਰੁਪਏ
ਜਾਇਦਾਦ ਦਾ ਵੇਰਵਾ: ਡਾਬਾ ਗਲੀ ਨੰ. 11/5, ਅਬਾਦੀ ਸ੍ਰੀ ਗੁਰਪਾਲ ਨਗਰ ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141001

9 PJ/AMR/AMRI/A000000163 ਅਤੇ CO/CPC/CPOF/A000004089 I 1. ਸ੍ਰੀ ਸੰਤੋਖ ਸਿੰਘ 2. ਸ੍ਰੀਮਤੀ ਪਰਮਜੀਤ ਕੌਰ। ਪੁੱਤਰੀ ਦਰਸ਼ਨ ਸਿੰਘ, ਬਾਬਾ ਸਾਵਨ ਸਿੰਘ ਕਲੋਨੀ ਛੇਹਰਟਾ ਰੋਡ ਅੰਮ੍ਰਿਤਸਰ, ਸ਼ਹਿਰੀ, ਅੰਮ੍ਰਿਤਸਰ, ਪੰਜਾਬ, ਭਾਰਤ-143001 | NPA ਮਿਤੀ: 06-01-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 2267140/- ਰੁਪਏ
ਜਾਇਦਾਦ ਦਾ ਵੇਰਵਾ: ਬਾਬਾ ਸਾਵਨ ਸਿੰਘ ਕਲੋਨੀ, ਛੇਹਰਟਾ ਰੋਡ ਐਨਕਲੇਵ 671, ਅੰਮ੍ਰਿਤਸਰ, ਸ਼ਹਿਰੀ, ਅੰਮ੍ਰਿਤਸਰ, ਪੰਜਾਬ, ਭਾਰਤ-143001

10 PJ/LUD/LUDN/A000000240 ਅਤੇ CO/CPC/CPOF/A000004333. 1. ਸ੍ਰੀ ਰਾਜੇਸ਼ ਕੁਮਾਰ 2. ਸ਼੍ਰੀਮਤੀ ਪੂਨਮ ਦੇਵੀ। ਪਲਾਟ ਨੰ. 27, ਵ ਇੰਦਰ ਕਲੋਨੀ, ਨੇੜੇ ਐਮ.ਐਸ. ਡਾਇਗ ਜੰਕਸ਼ਨਾਂ ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141008 | NPA ਮਿਤੀ: 06-02-2025
ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 2374669/- 05-03-2025 ਨੂੰ
ਜਾਇਦਾਦ ਦਾ ਵੇਰਵਾ: ਖਸਰਾ ਨੰ. ਤੀ-33-1414/ਐਸ3/64, ਖਸਰਾ ਨੰ. 17//18, 17//13/2, ਖਤਾ ਨੰ. 154/157, 156/159, ਧਾਂਦਰਾ ਕਰਿਆਨਾ ਸਟੋਰ ਦੇ ਨੇੜੇ, ਗਲੀ ਨੰ. 10, ਨਿਊ ਅਸ਼ੋਕ ਨਗਰ, ਪਿੰਡ ਸ਼ਹਿਰ, ਸਲੇਮ ਟਾਬਰੀ, ਲੁਧਿਆਣਾ-141008, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141008

11 PJ/LUD/LUDN/A000000659. 1. ਸ੍ਰੀ ਸਾਗਰ ਵਸ਼ਿਸ਼ਟ 2. ਸ੍ਰੀ ਮੁਕੁਲ ਵਸ਼ਿਸ਼ਟ 3. ਸ੍ਰੀ ਸੁਮਨ ਸ਼ਰਮਾ। ਮਕਾਨ ਨੰਬਰ 217, ਬਲਾਕ-ਸੀ, ਐਕਸਟੈਂਸ਼ਨ, ਹੋਸ਼ਰਾ ਰੋਡ, ਅਰਬਨ, ਗੋਬਿੰਦਗੜ੍ਹ, ਪੰਜਾਬ, ਭਾਰਤ-147301 | NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 4976910/- ਰੁਪਏ
ਜਾਇਦਾਦ ਦਾ ਵੇਰਵਾ: ਮਕਾਨ ਨੰਬਰ 199-ਸੀ, ਖਸਰਾ ਨੰਬਰ 4//11 ਆਦਿ। ਨਿਊ ਕਿਚਲੂ ਨਗਰ, ਵਾਕਿਆ ਪ੍ਰਤਾਪ ਸਿੰਘ ਵਾਲਾ, ਲੁਧਿਆਣਾ, ਪੰਜਾਬ, ਭਾਰਤ-141001, ਮਕਾਨ ਨੰ. 199-ਸੀ, ਖਸਰਾ ਨੰ. 4//11 ਆਦਿ। ਨਿਊ ਕਿਚਲੂ ਨਗਰ, ਵਾਕਿਆ ਪ੍ਰਤਾਪ ਸਿੰਘ ਵਾਲਾ, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141001

12 PJ/MOG/MOGA/A000000023. 1. ਸ੍ਰੀ ਗੁਰਲਾਲ ਸਿੰਘ 2. ਸ਼੍ਰੀਮਤੀ ਪਰਮਜੀਤ ਕੌਰ 3. ਸ਼੍ਰੀਮਤੀ ਸਰਬਜੀਤ ਕੌਰ। ਪਿੰਡ - ਲੋਲੇ ਵਰਕਣ ਫਤਿਹਗੜ੍ਹ ਪੰਜਤੂਰ, ਫਿਰੋਜ਼ਪੁਰ-142043, ਦਿਹਾਤੀ, ਫਿਰੋਜ਼ਪੁਰ, ਪੰਜਾਬ, ਭਾਰਤ-142043 | NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 2298768/- 05-03-2025 ਨੂੰ
ਜਾਇਦਾਦ ਦਾ ਵੇਰਵਾ: ਪਿੰਡ - ਲੋਲੇ ਵਰਕਣ ਫਤਿਹਗੜ੍ਹ ਪੰਜਤੂਰ, ਫਿਰੋਜ਼ਪੁਰ-142043, ਪਿੰਡ-ਲੋਲੇ ਵਰਕਣ ਫਤਿਹਗੜ੍ਹ ਪੰਜਤੂਰ, ਫਿਰੋਜ਼ਪੁਰ-142043, ਦਿਹਾਤੀ, ਫਿਰੋਜ਼ਪੁਰ, ਪੰਜਾਬ, ਭਾਰਤ-142043

13 PJ/PAT/PATH/A000000671. 1. ਸ੍ਰੀ ਬਾਊ ਰਾਮ 2. ਸ਼੍ਰੀਮਤੀ ਗੁਰਜੀਤ ਕੌਰ। ਪੀ/ਓ ਗਲਵੜੀ, ਠਾਕਰਪੁਰ, ਗੁਰਦਾਸਪੁਰ, ਗੁਰਦੁਆਰਾ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ - 143526 | NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 2269197/- ਰੁਪਏ
ਜਾਇਦਾਦ ਦਾ ਵੇਰਵਾ: ਪਿੰਡ ਤੇ ਡਾਕਖਾਨਾ ਗਲਵੜੀ, ਠਾਕਰਪੁਰ, ਗੁਰਦੁਆਰਾ ਸਾਹਿਬ, ਸ਼ਹਿਰੀ, ਗੁਰਦਾਸਪੁਰ, ਪੰਜਾਬ, ਭਾਰਤ-143526

14 ਪੀਜੇ/ਐਲਯੂਡੀ/ਐਲਯੂਡੀਐਨ/ਏ000000895. 1. ਸ੍ਰੀ ਵਿਜੇਂਦਰ ਕੁਮਾਰ 2. ਸ਼੍ਰੀਮਤੀ ਮਮਤਾ ਮਮਤਾ। ਮਕਾਨ ਨੰ. 539/14, ਗਲੀ ਨੰ. 4 1/2, ਸੈਕਟਰ 3, ਸ਼ਿਵ ਪੁਰੀ, ਲੁਧਿਆਣਾ141008, ਸਟਰੀਟ ਨੰ. 4 1/2, ਸੈਕਟਰ ਨਗਰ, ਲੁਧਿਆਣਾ, ਪੰਜਾਬ, ਭਾਰਤ - 141008 | NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1920823/- ਰੁਪਏ
ਜਾਇਦਾਦ ਦਾ ਵੇਰਵਾ: ਮਕਾਨ ਨੰਬਰ 539/14, ਗਲੀ ਨੰਬਰ 4 1/2, ਸੈਕਟਰ 3, ਸ਼ਿਵ ਪੁਰੀ, ਲੁਧਿਆਣਾ141008, ਗਲੀ ਨੰਬਰ 4 1/2, ਸੈਕਟਰ ਨਗਰ, ਲੁਧਿਆਣਾ, ਪੰਜਾਬ, ਭਾਰਤ-141008

15 PJ/PAT/PATH/A000000138. 1. ਸ੍ਰੀ ਜੋਨ ਕੰਸਲ ਮਸੀਹ 2. ਸ਼੍ਰੀਮਤੀ ਸੁਨੀਤਾ ਦੇਵੀ। ਮੋਹੀਉਦੀਨਪੁਰ ਗਾਜ਼ੀ, ਸਿੰਗ ਫਟਕਾਰਾ, ਅਰਬਨ, ਪੰਜਾਬ, ਭਾਰਤ - 144211 | NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1227387/- ਰੁਪਏ
ਜਾਇਦਾਦ ਦਾ ਵੇਰਵਾ: ਮੋਹਿਉਦੀਨਪੁਰ ਗਾਜ਼ੀ, ਸ਼ਹਿਰੀ, ਪੰਜਾਬ, ਭਾਰਤ-144221

16 PJ/LUD/LUDN/A000000245. 1. ਸ੍ਰੀ ਓਂਕਾਰ ਸਿੰਘ 2. ਸ੍ਰੀ ਹਰਜਿੰਦਰ ਸਿੰਘ 3. ਸ਼੍ਰੀਮਤੀ ਬਲਵੀਰ ਕੌਰ। ਮਕਾਨ ਨੰ. 1706/869, ਗਲੀ ਨੰ. 1, ਪ੍ਰੀਤ ਨਗਰ ਮਕਾਨ ਨੰ. 63, ਸ਼ਿਮਲਾਪੁਰੀ ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141003 | NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 984085/- ਰੁਪਏ
ਜਾਇਦਾਦ ਦਾ ਵੇਰਵਾ: ਸਥਾ ਨੰਬਰ 1726, ਖੇਵਟ ਨੰਬਰ 2159, ਖਤੌਨੀ ਨੰਬਰ 2866, ਖਸਰਾ ਨੰਬਰ 867, ਨੇੜੇ ਐਸ.ਕੇ. ਗੈਸ ਏਜੰਸੀ, ਗਲੀ ਨੰਬਰ 1, ਪ੍ਰੀਤ ਨਗਰ, ਸ਼ਿਮਲਾਪੁਰੀ, ਲੁਧਿਆਣਾ-141003, ਗਲੀ ਨੰਬਰ 1, ਪ੍ਰੀਤ ਨਗਰ, ਸ਼ਿਮਲਾਪੁਰੀ, ਜ਼ਿਲ੍ਹਾ ਲੁਧਿਆਣਾ-141003, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141003

17 PJ/PAT/PATH/A000000158. 1. ਸ੍ਰੀ ਪੇਪੀ ਸਿੰਘ 2. ਸ਼੍ਰੀਮਤੀ ਜਸਮੀਤ ਕੌਰ। 381/ਏ ਵਾਰਡ 6 ਸ਼ਹਿਜ਼ਾਦਾ, ਨੰਗਲ, ਮੰਦਰ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ - 143521 | NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 881113/- 05-03-2025 ਨੂੰ
ਜਾਇਦਾਦ ਦਾ ਵੇਰਵਾ: 381/6 ਸ਼ਹਿਜ਼ਾਦਾ ਨੰਗਲ, ਗੁਰਦਾਸਪੁਰ, ਮੰਦਰ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ-143521

18 PJ/LUD/LUDN/A000000302. 1. ਸ੍ਰੀ ਸਤਰਾਜ ਸਿੰਘ 2. ਸ੍ਰੀ ਸਰਬਜੀਤ ਕੌਰ। ਮਕਾਨ ਨੰ.01 ਗਲੀ ਨੰ.02 ਵਾਰਡ 64, ਸੈਨੇਤ ਨਗਰ ਡਾਬਾ, ਲੁਧਿਆਣਾ, ਪੰਜਾਬ, ਭਾਰਤ - 141003 | NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 398118/- ਰੁਪਏ
ਜਾਇਦਾਦ ਦਾ ਵੇਰਵਾ: ਮਕਾਨ ਨੰਬਰ 59-61-63, ਖਸਰਾ ਨੰਬਰ 552, ਗਲੀ ਨੰਬਰ 10-ਬੀ, ਗਲੀ ਨੰਬਰ 3, ਲਾਲਪੁਰੀ, ਸ਼ਿਮਲਾਪੁਰੀ, ਲੁਧਿਆਣਾ-141003, ਖਸਰਾ ਨੰਬਰ 59-61-63, ਗਲੀ ਨੰਬਰ 10-ਬੀ, ਸ਼ਿਮਲਾਪੁਰੀ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141003

19 PJ/JAL/JALA/A000000014. 1. ਸ੍ਰੀ ਹਰਜੀਤ ਸਿੰਘ 2. ਸ੍ਰੀ ਕਮਲਜੀਤ ਸਿੰਘ 3. ਸ੍ਰੀ ਪਰਮਜੀਤ ਕੌਰ। ਰਜਬ ਜਲੰਧਰ, ਰਜਬ ਜਲੰਧਰ, ਅਰਬਨ, ਕਪੂਰਥਲਾ, ਪੰਜਾਬ, ਭਾਰਤ - 144801 | NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1112297/- 05-03-2025 ਨੂੰ
ਜਾਇਦਾਦ ਦਾ ਵੇਰਵਾ: ਵਾਕਿਆ ਰਾਜਬ ਜ਼ਿਲ੍ਹਾ ਜਲੰਧਰ, ਅਰਬਨ, ਜਲੰਧਰ, ਪੰਜਾਬ, ਭਾਰਤ-144801

20 PJ/LUD/LUDN/A000000329 I 1. ਸ਼੍ਰੀ ਬੰਟੀ ਕੁਮਾਰ 2. ਸ਼੍ਰੀਮਤੀ ਸੰਦੀਪ ਸੰਦੀਪ। ਮਕਾਨ ਨੰ.677, ਗਲੀ ਨੰ. 13, ਬਾਲਮੀਕੀ ਮੰਦਰ ਨੇੜੇ ਦਸ਼ਮੇਸ਼ ਨਗਰ ਲੁਧਿਆਣਾ ਅਰਬਨ, ਲੁਧਿਆਣਾ, ਪੰਜਾਬ, ਭਾਰਤ - 141003 | NPA ਮਿਤੀ: 05-12-2024
ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ: 05-03-2025 ਅਤੇ 1425560/- ਰੁਪਏ 05-03-2025 ਨੂੰ
ਜਾਇਦਾਦ ਦਾ ਵੇਰਵਾ: ਖਸਰਾ ਨੰ.-1107,1108,5936,1110/1,1106, ਗੁਰੂ ਗੋਬਿੰਦ ਸਿੰਘ ਨਗਰ, ਗਿੱਲ ਨੰ.2, ਲੁਧਿਆਣਾ, ਗੁਰੂ ਗੋਬਿੰਦ ਸਿੰਘ ਨਗਰ, ਗਿੱਲ ਨੰ.2, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141003

21 PJ/LUD/LUDN/A000000681. 1. ਸ਼੍ਰੀ ਸਤਪਾਲ ਸਤਪਾਲ 2. ਸ਼੍ਰੀਮਤੀ ਸਰਮਾ ਦੇਵੀ 3. ਸ਼੍ਰੀ ਮਨੀ ਗਲੀ ਨੰ. 1 ਵਿਸ਼ਾਲ ਕਾਲੋਨੀ ਕਾਕੋਵਾਲ ਰੋਡ, ਲੁਧਿਆਣਾ, ਨਿੱਕਾ ਅੱਟਾ ਚੱਕੀ, ਅਰਬਨ, ਲੁਧਿਆਣਾ, ਪੰਜਾਬ, ਭਾਰਤ 141007 | NPA ਮਿਤੀ: 05-12-2024
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1426324/- 05-03-2025 ਨੂੰ
ਜਾਇਦਾਦ ਦਾ ਵੇਰਵਾ: ਪਿੰਡ ਕਾਕੋਵਾਲ ਵਿਸ਼ਾਲ ਨਗਰ ਲੁਧਿਆਣਾ, ਪਿੰਡ ਕਾਕੋਵਾਲ ਵਿਸ਼ਾਲ ਨਗਰ ਲੁਧਿਆਣਾ, ਪਿੰਡ ਕਾਕੋਵਾਲ ਵਿਸ਼ਾਲ ਨਗਰ ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ - 141001

22 PJ/LUD/LUDN/A000000875 I 1. ਸ਼੍ਰੀ ਅਨੁਰਾਗ ਸ਼ਰਮਾ 2. ਸ਼੍ਰੀਮਤੀ ਰੇਖਾ ਸ਼ਰਮਾ। ਬੀ-23-6120 ਗਲੀ ਨੰ. 17, ਹਰਗੋਬਿੰਦ ਨਗਰ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ -141003. NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1563156/- ਮਿਤੀ 05-03-2025 ਨੂੰ
ਜਾਇਦਾਦ ਦਾ ਵੇਰਵਾ: ਸਮਰਾਲਾ ਰੋਡ ਲੁਧਿਆਣਾ, ਸੈਕਟਰ -32 ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141007

23 PJ/LUD/LUDN/A000001063. 1. ਸ਼੍ਰੀ ਰਵਿੰਦਰ ਕੁਮਾਰ 2. ਸ਼੍ਰੀਮਤੀ ਸਤੋਸ਼ ਰਾਣੀ ਮਕਾਨ ਨੰ. 1901 ਸਟਰੀਟ ਨੰ.14 ਗਿੱਲ ਰੋਡ, ਦਸ਼ਮੇਸ਼ ਨਗਰ ਮਿਲਰਗੰਜ ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141003 I NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1411505/- ਰੁਪਏ
ਜਾਇਦਾਦ ਦਾ ਵੇਰਵਾ: ਗਿੱਲ ਨੰਬਰ 1, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ -141003

24 PJ/LUD/LUDN/A000001074. 1. ਸ਼੍ਰੀ ਸੰਨੀ ਕੁਮਾਰ 2. ਸ਼੍ਰੀ ਸ਼੍ਰੀ ਪਾਲ 3. ਸ਼੍ਰੀਮਤੀ ਰਾਧਾ ਦੇਵੀ ਮਕਾਨ ਨੰਬਰ 2510, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ -141003. NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 2574628/- ਰੁਪਏ
ਜਾਇਦਾਦ ਦਾ ਵੇਰਵਾ: ਮੌਜਾ ਗਿੱਲ ਨੰਬਰ 1 ਲੁਧਿਆਣਾ, ਲੁਧਿਆਣਾ ਪੰਜਾਬ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141003

25 PJ/LUD/LUDN/A000001087. 1. ਸ਼੍ਰੀ ਹੇਮੰਤ ਗੁਪਤਾ 2. ਸ਼੍ਰੀਮਤੀ ਅਨੁਰਾਧਾ ਅਨੁਰਾਧਾ। ਮਕਾਨ ਨੰ. 221/ਏ ਗਲੀ ਨੰ. 8 ਪ੍ਰੀਤ ਨਗਰ, ਨਿਊ ਸ਼ਿਵਪੁਰੀ ਰੋਡ ਲੁਧਿਆਣਾ, ਨੇੜੇ ਉਮੇਸ਼ਵਰ ਮੰਦਰ, ਅਰਬਨ, ਲੁਧਿਆਣਾ, ਪੰਜਾਬ, ਭਾਰਤ - 141008. NPA ਮਿਤੀ: 05-12-2024
ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ: 05-03-2025 ਅਤੇ 1107490/- ਰੁਪਏ 05-03-2025 ਨੂੰ
ਜਾਇਦਾਦ ਦਾ ਵੇਰਵਾ: ਮੌਜਾ ਪਿੰਡ ਸੇਖੇਵਾਲ, ਆਬਾਦੀ ਗਣੇਸ਼ਪੁਰੀ ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ - 141008

26 PJ/LUD/LUDN/A000001186. 1. ਸ਼੍ਰੀ ਮਨੀਸ਼ ਮਿਸ਼ਰਾ 2. ਸ਼੍ਰੀਮਤੀ ਅੰਕਿਤਾ ਮਿਸ਼ਰਾ। 103 ਬੱਗਾ, ਜਹਾਂਗੀਰਪੁਰ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ 141007 | NPA ਮਿਤੀ: 05-12-2024
ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ: 05-03-2025 ਅਤੇ 1127233/- ਰੁਪਏ 05-03-2025 ਨੂੰ
ਜਾਇਦਾਦ ਦਾ ਵੇਰਵਾ: ਵਾਕਿਆ ਪਿੰਡ ਕੱਕਾ, ਲੁਧਿਆਣਾ, ਪੰਜਾਬ, ਉਪ ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141001

27 PJ/LUD/LUDN/A000001359. 1. ਸ਼੍ਰੀ ਸੰਜੀਵ ਕੁਮਾਰ 2. ਸ਼੍ਰੀਮਤੀ ਰੇਖਾ ਦੇਵੀ। ਮਕਾਨ ਨੰ-76, ਨਵਾਂ ਵਿਜੇ ਨਗਰ ਹੈਬੋਵਾਲ, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ -141001. NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 925561/- ਰੁਪਏ
ਜਾਇਦਾਦ ਦਾ ਵੇਰਵਾ: ਮਕਾਨ ਨੰ. 76, ਹੈਬੋਵਾਲ ਬਿਹਾਰੀ ਕਲੋਨੀ, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ - 141001

28 PJ/LUD/LUDN/A000001414. 1. ਸ਼੍ਰੀ ਗੁਰਵਿੰਦਰ ਸਿੰਘ 2. ਸ਼੍ਰੀਮਤੀ ਹਰਮੀਤ ਕੌਰ। 156 ਬਲਾਕ ਏ, ਧਾਂਦਰਾ ਰੋਡ ਸਿਟੀ ਐਨਕਲੇਵ ਗਿੱਲ, ਸਿਟੀ ਐਨਕਲੇਵ ਗਿੱਲ ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141116। ਐਨਪੀਏ ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1464780/- ਰੁਪਏ
ਜਾਇਦਾਦ ਦਾ ਵੇਰਵਾ: ਧਾਂਦਰਾ ਰੋਡ ਅਬਾਦੀ ਮਾਨਕਵਾਲ ਗਿੱਲ ਲੁਧਿਆਣਾ, ਧਾਂਦਰਾ ਰੋਡ ਅਬਾਦੀ ਮਾਨਕਵਾਲ ਗਿੱਲ ਲੁਧਿਆਣਾ, ਧਾਂਦਰਾ ਰੋਡ ਅਬਾਦੀ ਮਾਨਕਵਾਲ ਗਿੱਲ ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ - 141116

29 PJ/MOG/MOGA/A000000020. 1. ਸ਼੍ਰੀ ਰਾਹੁਲ ਗਰੋਵਰ 2. ਸ਼੍ਰੀਮਤੀ ਸੋਨੀਆ ਜੀ. ਵਾਰਡ ਨੰ. 02, ਬਟਰ ਆਈ ਹਸਪਤਾਲ, ਅੰਮ੍ਰਿਤਸਰ ਰੋਡ, ਮੋਗਾ, ਨੇੜੇ ਬਟਰ ਆਈ ਹਸਪਤਾਲ, ਅਰਬਨ, ਮੋਗਾ, ਪੰਜਾਬ, ਭਾਰਤ-142001. NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1114679/- ਰੁਪਏ
ਜਾਇਦਾਦ ਦਾ ਵੇਰਵਾ: ਵਾਰਡ ਨੰ. 02, ਬਟਰ ਆਈ ਹਸਪਤਾਲ, ਅੰਮ੍ਰਿਤਸਰ ਰੋਡ, ਮੋਗਾ, ਵਾਰਡ ਨੰ. 02, ਬਟਰ ਆਈ ਹਸਪਤਾਲ, ਅੰਮ੍ਰਿਤਸਰ ਰੋਡ, ਮੋਗਾ, ਬਟਰ ਆਈ ਹਸਪਤਾਲ, ਅੰਮ੍ਰਿਤਸਰ ਰੋਡ, ਅਰਬਨ, ਮੋਗਾ, ਪੰਜਾਬ, ਭਾਰਤ - 142001

30 PJ/MOG/MOGA/A000000113. 1. ਸ਼੍ਰੀ ਅਮੋਲਕ ਸਿੰਘ 2. ਸ਼੍ਰੀਮਤੀ ਭੁਪਿੰਦਰ ਕੌਰ। 36/188 ਡਾਬਾ ਲੋਹਾਰਾ ਰੋਡ, ਲੋਹਾਰਾ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ -141016. NPA ਮਿਤੀ: 05-12-2024
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1343006/- 05-03-2025 ਨੂੰ
ਜਾਇਦਾਦ ਦਾ ਵੇਰਵਾ: ਵਾਕੀਆ ਪਿੰਡ ਗਿਆਸਪੁਰਾ, ਆਬਾਦੀ ਗਗਨ ਨਗਰ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141014

31 PJ/PAT/PATH/A000000018 I 1. ਸ਼੍ਰੀ ਗਣੇਸ਼ ਰਜਕ 2. ਸ਼੍ਰੀ ਰੇਖਾ ਰਜਕ। H/NO 163 ਵਾਰਡ ਨੰਬਰ 21, ਬੇਰੀਅਨ ਮੁਹੱਲਾ, ਗੁਰਦਾਸਪੁਰ 143521, ਗੁਰਦਾਸਪੁਰ, ਸਰਕਾਰੀ ਸਕੂਲ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ - 143521 | NPA ਮਿਤੀ: 05-12-2024
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1487355/- 05-03-2025 ਨੂੰ
ਜਾਇਦਾਦ ਦਾ ਵੇਰਵਾ: ਗੁਰਦਾਸਪੁਰ, ਗੁਰਦਾਸਪੁਰ, ਮੰਦਰ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ-143521

32 PJ/PAT/PATH/A000000072 I 1. ਸਰੂਪ ਸਿੰਘ 2. ਸ਼੍ਰੀਮਤੀ ਮਨਜੀਤ ਕੌਰ। ਬਾਜੇ ਚੱਕ, ਪੋ. ਜੀਵਨਵਾਲ ਬਦਰੀ, ਗੁਰਦਾਸਪੁਰ, ਮੰਡੇਰ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ -143520. NPA ਮਿਤੀ: 05-12-2024
ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ: 05-03-2025 ਅਤੇ ਰੁਪਏ।1061761/- 05-03-2025 ਨੂੰ
ਜਾਇਦਾਦ ਦਾ ਵੇਰਵਾ: ਵਿਲ ਬਾਜੇ ਚੱਕ, ਪੋ. ਜੀਵਨਵਾਲ ਬਾਬਰੀ, ਬਾਜੇ ਚੱਕ, ਗੁਰਦਾਸਪੁਰ, ਮੰਡੇਰ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ - 143520

33 PJ/PTL/PTLA/A000000023 I 1. ਸ਼੍ਰੀ ਜਰਨੈਲ ਸਿੰਘ 2. ਸ਼੍ਰੀਮਤੀ ਨਰਿੰਦਰ ਕੌਰ 3. ਸ਼੍ਰੀ ਸੁਰਿੰਦਰਪਾਲ ਸਿੰਘ। ਸੰਗਤਪੁਰਾ ਸਮਾਣਾ, ਸਮਾਣਾ ਪਟਿਆਲਾ, ਦਿਹਾਤੀ, ਸਮਾਣਾ, ਪੰਜਾਬ, ਭਾਰਤ - 147101 | NPA ਮਿਤੀ: 05-12-2024
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1196698/- 05-03-2025 ਨੂੰ
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1196698/- 05-03-2025 ਨੂੰ

34 PJ/PTL/PTLA/A000000233 I 1. ਸ਼੍ਰੀ ਨਿਰਭਾਈ ਸਿੰਘ 2. ਸ਼੍ਰੀਮਤੀ ਹਰਪ੍ਰੀਤ ਕੌਰ। ਪਿੰਡ ਸਹਿਜਪੁਰ ਕਲਾਂ, ਸਮਾਣਾ, ਦਿਹਾਤੀ, ਸਮਾਣਾ, ਪੰਜਾਬ, ਭਾਰਤ - 147101 | NPA ਮਿਤੀ: 05-12-2024
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 982553/- 05-03-2025 ਨੂੰ
ਜਾਇਦਾਦ ਦਾ ਵੇਰਵਾ: ਪਿੰਡ - ਸਹਿਜਪੁਰ ਕਲਾਂ, ਸਮਾਣਾ, ਦਿਹਾਤੀ, ਸਮਾਣਾ, ਪੰਜਾਬ, ਭਾਰਤ-147101

35 PJ/ZKP/ZKPR/A000000057 I 1. ਸ਼੍ਰੀ ਨੀਤੂ ਸ਼ਰਮਾ ਸੀ/ਓ ਪ੍ਰਮੋਦ ਕੁਮਾਰ 2. ਸ਼੍ਰੀ ਰਾਘਵ ਸ਼ਰਮਾ ਪੁੱਤਰ ਵਿਜੇ ਕੁਮਾਰ। ਮਕਾਨ ਨੰ 439, ਗੇਟ ਨੰ 4, ਦਰਪਨ ਸਿਟੀ, ਖਰੜ, ਐਸ.ਏ.ਐਸ. ਨਗਰ (ਮੋਹਾਲੀ), ਮੋਹਾਲੀ, ਦਿਹਾਤੀ, ਰੂਪਨਗਰ, ਪੰਜਾਬ, ਭਾਰਤ 140301 | NPA ਮਿਤੀ: 05-12-2024
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1607026/- 05-03-2025 ਨੂੰ
ਜਾਇਦਾਦ ਦਾ ਵੇਰਵਾ: ਪਲਾਟ ਨੰਬਰ 23 ਓਮਕਾਰ ਕਲੋਨੀ ਨੇੜੇ ਅਨਾਜ ਮੰਡੀ, ਰਿਆਤ ਬਾਹਰਾ ਯੂਨੀਵਰਸਿਟੀ, ਮੋਹਾਲੀ, ਰਿਆਤ ਬਾਹਰਾ ਯੂਨੀਵਰਸਿਟੀ, ਪੇਂਡੂ, ਖਰੜ, ਪੰਜਾਬ, ਭਾਰਤ -140301

36 PJ/AMR/AMRI/A000000036. 1. ਸ਼੍ਰੀ ਇਕਬਾਲ ਸਿੰਘ 2. ਸ਼੍ਰੀ ਅਮਨਦੀਪ ਕੌਰ। ਨਵਾਂ ਪਿੰਡ ਪਿੰਡ, ਅਰਬਨ, ਭਾਰਤ - 143520, ਗੁਰਦਾਸਪੁਰ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ -143505 I NPA ਮਿਤੀ: 06-01-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 562304/- 05-03-2025 ਨੂੰ
ਜਾਇਦਾਦ ਦਾ ਵੇਰਵਾ: ਖਸਰਾ ਨੰ. 10//27/1 (27-12), ਐਨ.ਏ., ਨਿਊ ਹਰਨਾਮ ਨਗਰ, ਨਿਊ ਹਰਨਾਮ ਨਗਰ, ਗੁਰੂਦੁਆਰਾ ਸਾਹਿਬ ਦੇ ਨੇੜੇ, ਅੰਮ੍ਰਿਤਸਰ, ਪੰਜਾਬ, 143505, ਨਵਾਂ ਪਿੰਡ ਪਿੰਡ ਗੁਰਦਾਸਪੁਰ, ਗੁਰਦਾਸਪੁਰ, ਸ਼ਹਿਰੀ, ਗੁਰਦਾਸਪੁਰ, ਪੰਜਾਬ, ਪੰਜਾਬ, ਭਾਰਤ, ਗੁਰਦਾਸਪੁਰ, ਪੰਜਾਬ, 1253, ਭਾਰਤ 143520

37 ਪੀਜੇ/ਏਐਮਆਰ/ਏਐਮਆਰਆਈ/ਏ000000222. 1. ਸ਼੍ਰੀਮਤੀ ਨਵਪ੍ਰੀਤ ਕੌਰ 2. ਸ਼੍ਰੀਮਤੀ ਰਣਦੀਪ ਕੌਰ। ਪੀਰਾ ਵਾਲਾ ਬਾਜ਼ਾਰ, ਸੁਲਤਾਨਵਿੰਡ ਰੋਡ ਅੰਮ੍ਰਿਤਸਰ, ਅਰਬਨ, ਅੰਮ੍ਰਿਤਸਰ, ਪੰਜਾਬ, ਭਾਰਤ -143001, ਐਨਪੀਏ ਮਿਤੀ: 06-01-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1064956/- ਰੁਪਏ
ਜਾਇਦਾਦ ਦਾ ਵੇਰਵਾ: ਅੰਮ੍ਰਿਤਸਰ, ਅੰਮ੍ਰਿਤਸਰ, ਅਰਬਨ, ਅੰਮ੍ਰਿਤਸਰ, ਪੰਜਾਬ, ਭਾਰਤ -143001

38 ਪੀਜੇ/ਐਲਯੂਡੀ/ਐਲਯੂਡੀਐਨ/ਏ000000676. 1. ਸ਼੍ਰੀ ਗੁਰਪ੍ਰੀਤ ਸਿੰਘ 2. ਸ਼੍ਰੀ ਹਰਜੀਤ ਕੌਰ। ਬੈਂਕ ਰੋਡ ਪੀਐਨਬੀ ਬੈਂਕ ਰਾਏਕੋਟ ਤਲਵੰਡੀ ਰੋਡ, ਕੰਟਰੀ ਜਿਮ ਦੇ ਨੇੜੇ, ਰਾਏਕੋਟ, ਕੰਟਰੀ ਜਿਮ ਦੇ ਨੇੜੇ, ਅਰਬਨ, ਲੁਧਿਆਣਾ, ਪੰਜਾਬ, ਭਾਰਤ - 141107 | ਐਨਪੀਏ ਮਿਤੀ: 06-01-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1401263/- ਰੁਪਏ
ਜਾਇਦਾਦ ਦਾ ਵੇਰਵਾ: ਨਲੂਆ ਚੌਂਕ ਤਹਿਸੀਲ ਰਾਏਕੋਟ ਲੁਧਿਆਣਾ, ਤਹਿਸੀਲ ਰਾਏਕੋਟ ਲੁਧਿਆਣਾ, ਤਹਿਸੀਲ ਰਾਏਕੋਟ ਲੁਧਿਆਣਾ, ਅਰਬਨ, ਰਾਏਕੋਟ, ਪੰਜਾਬ, ਭਾਰਤ -141001

39 ਪੀਜੇ/ਐਲਯੂਡੀ/ਐਲਯੂਡੀਐਨ/ਏ000000688. 1. ਸ਼੍ਰੀ ਮੁਹੰਮਦ ਤੌਸਿਫ ਮੁਹੰਮਦ ਤੌਸਿਫ 2. ਸ਼੍ਰੀ ਹਲੀਮਾ ਖਾਤੂਨ। ਮਕਾਨ ਨੰਬਰ ਜੀ5 1285 ਗਲੀ ਨੰਬਰ 1 ਵਾਰਡ ਨੰਬਰ 22, ਸਰਦਾਰ ਨਗਰ, ਲੁਧਿਆਣਾ ਬਸਤੀ ਜੋਧੇਵਾਲ, ਕਬੀਰ ਨਗਰ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ - 141007, ਐਨਪੀਏ ਮਿਤੀ: 06-01-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1312600/- ਰੁਪਏ
ਜਾਇਦਾਦ ਦਾ ਵੇਰਵਾ: ਖਸਰਾ ਨੰਬਰ 3//9, ਗਲੀ ਨੰਬਰ 9, ਪਿੰਡ ਜਗੀਰਪੁਰ, ਆਬਾਦੀ ਮਾਡਲ ਕਲੋਨੀ, ਪਿੰਡ ਜਗੀਰਪੁਰ, ਆਬਾਦੀ ਮਾਡਲ ਕਲੋਨੀ, ਰੈੱਡ ਰੋਜ਼ ਸੀਨੀਅਰ ਸੈਕੰਡਰੀ ਸਕੂਲ ਦੇ ਨੇੜੇ, ਆਬਾਦੀ ਮਾਡਲ ਕਲੋਨੀ, ਰੈੱਡ ਰੋਜ਼ ਸੀਨੀਅਰ ਸੈਕੰਡਰੀ ਸਕੂਲ ਦੇ ਨੇੜੇ, ਲੁਧਿਆਣਾ, ਪੰਜਾਬ, ਦਿਹਾਤੀ, ਲੁਧਿਆਣਾ, ਪੰਜਾਬ, ਭਾਰਤ - 141007

40 ਪੀਜੇ/ਐਲਯੂਡੀ/ਐਲਯੂਡੀਐਨ/ਏ000001274. 1. ਸ਼੍ਰੀ ਦੀਪਕ ਚੋਪੜਾ 2. ਸ਼੍ਰੀਮਤੀ ਰਾਧਾ ਰਾਣੀ। ਗੁਰਮੇਲ ਟਿੱਬਾ ਰੋਡ, ਬਸਤੀ ਜੋਧੇਵਾਲ, ਲੁਧਿਆਣਾ, ਬਸਤੀ ਜੋਧੇਵਾਲ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ - 141007 | NPA ਮਿਤੀ: 06-01-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1485815/- 05-03-2025 ਨੂੰ
ਜਾਇਦਾਦ ਦਾ ਵੇਰਵਾ: ਅਬਾਦੀ ਪ੍ਰੇਮ ਵਿਹਾਰ, ਲੁਧਿਆਣਾ, ਮੈਟਰੋ, ਲੁਧਿਆਣਾ, ਪੰਜਾਬ, ਭਾਰਤ-141007

41 PJ/MOG/MOGA/A000000112. 1. ਸ਼੍ਰੀ ਸ਼ਮਸ਼ੇਰ ਸਿੰਘ 2. ਸ਼੍ਰੀਮਤੀ ਆਰਤੀ ਆਰਤੀ। 00 ਤਿਲਕ ਜਨਰਲ ਸਟੋਰ ਨੇੜੇ, ਬਸਤੀ ਜੋਧੇਵਾਲ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ - 141007 | NPA ਮਿਤੀ: 06-01-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 598653/- ਰੁਪਏ
ਜਾਇਦਾਦ ਦਾ ਵੇਰਵਾ: ਵਾਕੀਆ ਪਿੰਡ ਮੇਹਰਬਾਨ, ਲੁਧਿਆਣਾ, ਪੰਜਾਬ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ - 141007

42 PJ/LUD/LUDN/A000001035. 1. ਸ਼੍ਰੀ ਵਿਸ਼ਾਲ ਵਿਸ਼ਾਲ 2. ਸ਼੍ਰੀਮਤੀ ਡਿੰਪਲ ਡਿੰਪਲ 3. ਸ਼੍ਰੀਮਤੀ ਕਾਜਲ ਕਾਜਲ। ਮਕਾਨ ਨੰ. 2634, ਵਾਰਡ, ਨੰ. 42, ਇਸਲਾਮ ਗੰਜ, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ -141008. NPA ਮਿਤੀ: 05-11-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1671785/- ਰੁਪਏ
ਜਾਇਦਾਦ ਦਾ ਵੇਰਵਾ: ਭਾਮੀਆਂ ਖੁਰਦ, ਲੁਧਿਆਣਾ ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ - 141001

43 PJ/ZKP/ROPA/A000000098. 1. ਸ਼੍ਰੀ ਹਰਦੀਪ ਸਿੰਘ 2. ਸ਼੍ਰੀਮਤੀ ਰਮਨਾ ਦੇਵੀ 3. ਸ਼੍ਰੀਮਤੀ ਸੁਰਿੰਦਰ ਕੌਰ। ਪਿੰਡ ਪੋਜੇਵਾਲ, ਪਿੰਡ ਪੋਜੇਵਾਲ, ਦਿਹਾਤੀ, ਬਲਾਚੌਰ, ਪੰਜਾਬ, ਭਾਰਤ - 144524. NPA ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 2815213/- ਰੁਪਏ
ਜਾਇਦਾਦ ਦਾ ਵੇਰਵਾ: ਪਿੰਡ ਪੋਜੇਵਾਲ, ਸ਼ਹੀਦ ਭਗਤ ਸਿੰਘ ਨਗਰ, ਪਿੰਡ, ਬਲਾਚੌਰ, ਪੰਜਾਬ, ਭਾਰਤ - 144524

44 PJ/LUD/LUDN/A000001415. 1. ਸ਼੍ਰੀ ਰਾਜ ਕੁਮਾਰ 2. ਸ਼੍ਰੀਮਤੀ ਕੁਲਦੀਪ ਕੌਰ 3. ਸ਼੍ਰੀਮਤੀ ਕਮਲਾ ਕਮਲਾ। ਹੰਬਰਨ ਲੁਧਿਆਣਾ, ਹੰਬਰਨ ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141110 | NPA ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 2639939/- ਰੁਪਏ
ਜਾਇਦਾਦ ਦਾ ਵੇਰਵਾ: ਹੰਬੜਾਂ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ -141001

45 PJ/LUD/LUDN/A000001036. 1. ਸ਼੍ਰੀ ਅਮਨਦੀਪ ਕੁਮਾਰ 2. ਸ਼੍ਰੀਮਤੀ ਨਿਰਮਲਾ ਰਾਣੀ 3. ਸ਼੍ਰੀ ਕਸਤੂਰੀ ਲਾਲ। 1043 ਗਲੀ ਨੰ 9, ਵਿਸ਼ਵਕਰਮਾ ਕਾਲੋਨੀ ਬਸਤੀ ਜੋਧੇਵਾਲ ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ - 141007 | NPA ਮਿਤੀ: 06-02-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 2620731/- 05-03-2025 ਨੂੰ
ਜਾਇਦਾਦ ਦਾ ਵੇਰਵਾ: ਜੋਧੇਵਾਲ, ਆਬਾਦੀ ਵਿਸ਼ਵਕਰਮਾ ਕਾਲੋਨੀ ਬਾਲ ਸਿੰਘ ਨਗਰ ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ - 141007

46 PJ/PAT/PATH/A000000210 I 1. ਸ਼੍ਰੀ ਗਗਨਦੀਪ ਸਿੰਘ 2. ਸ਼੍ਰੀਮਤੀ ਪਰਮਜੀਤ ਕੌਰ। 520/9, ਕਾਦਰੀ ਮੁਹੱਲਾ ਗੁਰਦਾਸਪੁਰ, ਪਾਲਕੀ ਪਲਾਈਵੁੱਡ ਸਟਰੀਟ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ -143521 NPA ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 2430105/- ਰੁਪਏ
ਜਾਇਦਾਦ ਦਾ ਵੇਰਵਾ: ਕਾਦਰੀ ਮੁਹੱਲਾ, ਗੁਰਦਾਸਪੁਰ, ਪਾਲਕੀ ਪਲਾਈਵੁੱਡ ਸਟਰੀਟ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ - 143521

47 PJ/PAT/PATH/A000000196. 1. ਸ਼੍ਰੀ ਪਵਨ ਕੁਮਾਰ 2. ਸ਼੍ਰੀਮਤੀ ਸੁਨੀਤਾ ਦੇਵੀ 3. ਸ਼੍ਰੀ ਦਲਬੀਰ ਸਿੰਘ। ਪਿੰਡ ਬਹਿ ਨੰਗਲ, ਹੁਸ਼ਿਆਰਪੁਰ, ਨੇੜੇ ਮੰਦਿਰ, ਅਰਬਨ, ਮੁਕੇਰੀਆਂ, ਪੰਜਾਬ, ਭਾਰਤ - 144223 I NPA ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 2498539/- ਰੁਪਏ
ਜਾਇਦਾਦ ਦਾ ਵੇਰਵਾ: ਪਿੰਡ ਬਹਿ ਨੰਗਲ, ਹਾਜੀਪੁਰ, ਨੇੜਲਾ ਮੰਡੀ, ਸ਼ਹਿਰੀ, ਮੁਕੇਰੀਆਂ, ਪੰਜਾਬ, ਭਾਰਤ-144223

48 PJ/JAL/JALA/A000000345. 1. ਸ਼੍ਰੀ ਰਵਿੰਦਰ ਸਿੰਘ 2. ਸ਼੍ਰੀਮਤੀ ਸਿਮਰਨਜੀਤ ਕੌਰ। ਮਕਾਨ ਨੰ. 135/5, ਸਟਰੀਟ ਨੰ.-11 GTB ਨਗਰ ਪੀਰ ਚੌਧਰੀ ਰੋਡ ਕਪੂਰਥਲਾ, ਸ਼ਹਿਰੀ, ਕਪੂਰਥਲਾ, ਪੰਜਾਬ, ਭਾਰਤ-144601 | NPA ਮਿਤੀ: 06-02-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 2459678/- 05-03-2025 ਨੂੰ
ਜਾਇਦਾਦ ਦਾ ਵੇਰਵਾ: ਵਕੀਲਾ ਮਨਸੂਰਵਾਲ ਦੋਨਾ ਤਹਿਸੀਲ ਅਤੇ ਜ਼ਿਲ੍ਹਾ ਕਪੂਰਥਲਾ, ਕਪੂਰਥਲਾ, ਅਰਬਨ, ਕਪੂਰਥਲਾ, ਪੰਜਾਬ, ਭਾਰਤ - 144601

49 PJ/PTL/PTLA/A000000366 I 1. ਸ਼੍ਰੀ ਖੁਸ਼ਹਾਲ ਭੋਲਾ 2. ਸ਼੍ਰੀਮਤੀ ਲਲਿਤਾ ਭੋਲਾ 3. ਸ਼੍ਰੀ ਅਸ਼ੋਕ ਕੁਮਾਰ ਭੋਲਾ। ਐੱਚ. ਨੰ. 817, ਦਰਸ਼ਨ ਨਗਰ, ਪਟਿਆਲਾ ਪੰਜਾਬ, ਦਿਹਾਤੀ, ਪਟਿਆਲਾ, ਪੰਜਾਬ, ਭਾਰਤ 147001. ਐਨ.ਪੀ.ਏ. ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 2192220/- 05-03-2025 ਨੂੰ
ਜਾਇਦਾਦ ਦਾ ਵੇਰਵਾ: ਐੱਚ. ਨੰ. 817, ਦਰਸ਼ਨ ਨਗਰ, ਪਟਿਆਲਾ, ਦਿਹਾਤੀ, ਪਟਿਆਲਾ, ਪੰਜਾਬ, ਭਾਰਤ-147003

50 ਪੀ.ਜੇ./ਏ.ਐਮ.ਆਰ./ਏ.ਐਮ.ਆਰ.ਆਈ/ਏ.ਐਮ.ਆਰ.ਆਈ/ਏ000000067. 1. ਸ਼੍ਰੀ ਨਵੀਨ ਕੁਮਾਰਾ 2. ਸ਼੍ਰੀਮਤੀ ਬਿਊਟੀ ਨਵੀਨ 3. ਸ਼੍ਰੀ ਚਮਨ ਲਾਲ। ਪੁੱਤਰ ਚਮਨ ਲਾਲ ਸਮਾਰਟ ਸਿਟੀ ਤਰਨ ਤਾਰਨ, ਅੰਮ੍ਰਿਤਸਰ ਹਰੀਕੇ ਰੋਡ ਤਹਿਸੀਲ ਅਤੇ ਜ਼ਿਲ੍ਹਾ, ਸ਼ਹਿਰੀ, ਅੰਮ੍ਰਿਤਸਰ, ਪੰਜਾਬ, ਭਾਰਤ - 143401, ਐਨਪੀਏ ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1962493/- ਰੁਪਏ
ਜਾਇਦਾਦ ਦਾ ਵੇਰਵਾ: ਖਸਰਾ ਨੰ. 29/25(7-16)48/4(7-16)48/5(4-0)48/7(7-16)48/14(7-16)48/47(7-16) ਪਿੰਡ ਪੰਡੋਰੀ ਸਮਾਰਟ ਸਿਟੀ ਅੰਮ੍ਰਿਤਸਰ, ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ, ਅੰਮ੍ਰਿਤਸਰ, ਸ਼ਹਿਰੀ, ਅੰਮ੍ਰਿਤਸਰ, ਪੰਜਾਬ, ਭਾਰਤ - 143401

51 PJ/LUD/LUDN/A000000131. 1. ਸ਼੍ਰੀ ਸੰਦੀਪ ਸਿੰਘ 2. ਸ਼੍ਰੀ ਮੀਰਾ ਮੀਰਾ 3. ਸ਼੍ਰੀ ਵਿਦਿਆ ਭੂਸ਼ਣ। ਮਕਾਨ ਨੰ.1464, ਐਸ.ਟੀ. ਨੰ.3, ਜ਼ੀਰਾ ਰੋਡ ਸੋਢੀ ਨਗਰ ਮੋਗਾ, ਮੋਗਾ, ਸ਼ਹਿਰੀ, ਮੋਗਾ, ਪੰਜਾਬ, ਭਾਰਤ -142001 I NPA ਮਿਤੀ: 06-02-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1812139/- 05-03-2025 ਨੂੰ
ਜਾਇਦਾਦ ਦਾ ਵੇਰਵਾ: ਖੇਵਟ ਨੰ. 1454, ਖਤੌਨੀ ਨੰ. 1674, ਮੋਗਾ ਮਹਿਲਾ ਸਿੰਘ-3, ਮੋਗਾ ਮਹਿਲਾ ਸਿੰਘ-3, ਮੋਗਾ, ਸ਼ਹਿਰੀ, ਮੋਗਾ, ਪੰਜਾਬ, ਭਾਰਤ-142001

52 PJ/ZKP/ZKPR/A000000136. 1. ਸ਼੍ਰੀ ਸਿਕੰਦਰ ਸ਼ਰਮਾ 2. ਸ਼੍ਰੀਮਤੀ ਪ੍ਰੀਤੀ ਸੁੰਦਰਿਆਲ 3. ਸ਼੍ਰੀ ਰਵੀ ਸ਼ਰਮਾ। ਹਾਊਸ ਨੰਬਰ 2848 ਸੈਕਟਰ 20 ਸੀ ਚੰਡੀਗੜ੍ਹ 160020 ਚੰਡੀਗੜ੍ਹ, ਅਰਬਨ, ਚੰਡੀਗੜ੍ਹ, ਪੰਜਾਬ, ਭਾਰਤ - 160020 | NPA ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1820207/- ਰੁਪਏ
ਜਾਇਦਾਦ ਦਾ ਵੇਰਵਾ: ਲਾਲੜੂ ਤਹਿਸੀਲ/ਸਬਤਹਿਲ ਡੇਰਾਬਸੀ ਜ਼ਿਲ੍ਹਾ ਸਾਸ ਨਗਰ ਮੋਹਾਲੀ ਪੰਜਾਬ 140506, ਮੋਹਾਲੀ, ਸ਼ਹਿਰੀ, ਮੋਹਾਲ, ਪੰਜਾਬ, ਭਾਰਤ - 140506
ਜਾਇਦਾਦ ਦਾ ਵੇਰਵਾ: ਖੇਵਾਂਤ ਨੰ.1454, ਖਟੋਨੀ ਨੰ.1674, ਮੋਗਾ ਮਹਿਲਾ ਸਿੰਘ III, ਮੋਗਾ ਮਹਿਲਾ ਸਿੰਘ III, ਮੋਗਾ, ਸ਼ਹਿਰੀ, ਮੋਗਾ, ਪੰਜਾਬ, ਭਾਰਤ-142001

53 PJ/LUD/LUDN/A000000998. 1. ਸ਼੍ਰੀ ਵਰੁਣ ਤਲਵਾਰ 2. ਸ਼੍ਰੀ ਰਾਜੇਸ਼ ਤਲਵਾਰ 3. ਸ਼੍ਰੀਮਤੀ ਰਜਨੀ ਤਲਵਾਰ। ਮਕਾਨ ਨੰਬਰ 157। ਜੀ.ਕੇ. ਵਿਹਾਰ, ਮਾਨਕਵਾਲ ਰੋਡ, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141116। ਐਨ.ਪੀ.ਏ. ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1633616/- 05-03-2025 ਨੂੰ
ਜਾਇਦਾਦ ਦਾ ਵੇਰਵਾ: ਮਕਾਨ ਨੰਬਰ 157, ਜੀ.ਕੇ. ਵਿਹਾਰ, ਮਾਨਕਵਾਲ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141116

54 PJ/LUD/LUDN/A000001303. 1. ਸ਼੍ਰੀ ਮਨੋਜ ਪ੍ਰਸਾਦ 2. ਸ਼੍ਰੀਮਤੀ ਸੁਨੀਤਾ ਸੁਨੀਤਾ। ਮਕਾਨ ਨੰਬਰ ਬੀ179, ਫੋਕਲ ਪੁਆਇੰਟ ਲੁਧਿਆਣਾ, ਫੋਕਲ ਪੁਆਇੰਟ ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ -141010। ਐਨਪੀਏ ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1609318/- 05-03-2025 ਨੂੰ
ਜਾਇਦਾਦ ਦਾ ਵੇਰਵਾ: ਭਾਮੀਆਂ ਕਲਾਂ ਲੁਧਿਆਣਾ, ਭਾਮੀਆਂ ਕਲਾਂ ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141010

55 ਪੀਜੇ/ਪੀਟੀਐਲ/ਪੀਟੀਐਲਏ/ਏ000000093. 1. ਸ਼੍ਰੀ ਮਨਜੀਤ ਸਿੰਘ 2. ਸ਼੍ਰੀਮਤੀ ਸੁਰਿੰਦਰ ਕੌਰ। ਪਿੰਡ ਨੈਣ ਕਲਾਂ ਪਟਿਆਲਾ, ਪਿੰਡ ਨੈਣ ਕਲਾਂ, ਦਿਹਾਤੀ, ਪਟਿਆਲਾ, ਪੰਜਾਬ, ਭਾਰਤ - 147001 | NPA ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1557019/- ਰੁਪਏ
ਜਾਇਦਾਦ ਦਾ ਵੇਰਵਾ: ਪਿੰਡ ਨੈਣ ਕਲਾਂ ਪਟਿਆਲਾ, ਪਟਿਆਲਾ, ਦਿਹਾਤੀ, ਪਟਿਆਲਾ, ਪੰਜਾਬ, ਭਾਰਤ-147001

56 PJ/LUD/LUDN/A000000892. 1. ਸ਼੍ਰੀ ਸੁਭਾਸ਼ ਚੰਦਰ 2. ਸ਼੍ਰੀਮਤੀ ਸਰੋਜ ਰਾਣੀ ਮਕਾਨ ਨੰ. 758, ਬਲਾਕ ਨੰ.14, ਪ੍ਰੇਮ ਨਗਰ ਸ਼ਿਵ ਜੀ ਦਾ ਮੰਦਰ ਲੁਧਿਆਣਾ, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ-141008 | NPA ਮਿਤੀ: 06-02-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1520654/- 05-03-2025 ਨੂੰ
ਜਾਇਦਾਦ ਦਾ ਵੇਰਵਾ: ਮਕਾਨ ਨੰ. 1477, ਨੇੜੇ ਭੰਤ ਸਿੰਘ ਸਭਾ ਗੁਰਦੁਆਰਾ ਪ੍ਰੇਮ ਵਿਹਾਰ ਲੁਧਿਆਣਾ, ਪ੍ਰੇਮ ਵਿਹਾਰ ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ -141001

57 PJ/ZKP/ZKPR/A000000116 I 1. ਸ਼੍ਰੀ ਹਨੀ ਕੁਮਾਰ 2. ਸ਼੍ਰੀ ਅਨੂ ਮੱਟੂ 3. ਸ਼੍ਰੀ ਅਵਤਾਰ ਕੌਰ। ਪਿੰਡ ਨੂਰਪੁਰ ਮੰਡ ਤਹਿਸੀਲ ਸਮਰਾਲਾ ਛੌਰੀਆਂ ਲੁਧਿਆਣਾ 141121, ਲੁਧਿਆਣਾ, ਦਿਹਾਤੀ, ਲੁਧਿਆਣਾ, ਪੰਜਾਬ, ਭਾਰਤ-141121| NPA ਮਿਤੀ: 06-02-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1172534/- 05-03-2025 ਨੂੰ
ਜਾਇਦਾਦ ਦਾ ਵੇਰਵਾ: ਪਿੰਡ ਨੂਰਪੁਰ ਮੰਡ ਛੌਰੀਆਂ ਲੁਧਿਆਣਾ 141121, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141121

58 PJ/LUD/LUDN/A000000429. 1. ਸ਼੍ਰੀ ਮਨੋਹਰ ਪਾਸਵਾਨ 2. ਸ਼੍ਰੀਮਤੀ ਕੰਚਨ ਦੇਵੀ। ਮਕਾਨ ਨੰ. 1935 BVM ਸਕੂਲ ਕਿਚਲੂ ਨਗਰ, ਹੈਬੋਵਾਲ ਕਲਾਂ ਲੁਧਿਆਣਾ, ਮੈਟਰੋ, ਲੁਧਿਆਣਾ, ਪੰਜਾਬ, ਭਾਰਤ 141001 | NPA ਮਿਤੀ: 06-02-2025
ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ: 05-03-2025 ਅਤੇ ਰੁਪਏ।1127766/- 05-03-2025 ਤੱਕ
ਜਾਇਦਾਦ ਦਾ ਵੇਰਵਾ: ਮਾਡਲ ਗ੍ਰਾਮ ਲੁਧਿਆਣਾ, ਮਾਡਲ ਗ੍ਰਾਮ ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141001

59 PJ/ZKP/ZKPR/A000000080 I 1. ਚਰਨਜੀਤ ਕੌਰ 2. ਸ਼੍ਰੀਮਤੀ ਸੁਖਜਿੰਦਰ ਕੌਰ 3. ਸ਼੍ਰੀ ਬੀਰ ਸਿੰਘ। ਮਕਾਨ ਨੰ 116 ਸ਼ਾਮਪੁਰਾ ਰੋਪੜ, ਰੋਪੜ, ਗੁਰੂਦਵਾਰਾ ਸਾਹਿਬ, ਦਿਹਾਤੀ, ਰੂਪਨਗਰ, ਪੰਜਾਬ, ਭਾਰਤ - 140001 | NPA ਮਿਤੀ: 06-02-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 1086519/- 05-03-2025 ਨੂੰ
ਜਾਇਦਾਦ ਦਾ ਵੇਰਵਾ: ਮਕਾਨ ਨੰ: 116 ਸ਼ਾਮਪੁਰਾ ਰੋਪੜ, ਰੋਪੜ, ਗੁਰਦੁਆਰਾ ਸਾਹਿਬ, ਦਿਹਾਤੀ, ਰੂਪਨਗਰ, ਪੰਜਾਬ, ਭਾਰਤ - 140000

60 PJ/PTL/PTLA/A000000362 I 1. ਸ਼੍ਰੀ ਜਰਨੈਲ ਸਿੰਘ 2. ਸ਼੍ਰੀਮਤੀ ਰੂਪ ਕੌਰ 3. ਸ਼੍ਰੀ ਅਤਰ ਸਿੰਘ। ਪਿੰਡ ਢੇਂਠਲ ਸਮਾਣਾ, ਸਮਾਣਾ ਪੰਜਾਬ, ਦਿਹਾਤੀ, ਸਮਾਣਾ, ਪੰਜਾਬ, ਭਾਰਤ -147101 NPA ਮਿਤੀ: 06-02-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 994321/- ਰੁਪਏ
ਜਾਇਦਾਦ ਦਾ ਵੇਰਵਾ: ਪਿੰਡ ਢੇਂਟਲ ਸਮਾਣਾ, ਸਮਾਣਾ ਪੰਜਾਬ, ਦਿਹਾਤੀ, ਸਮਾਣਾ, ਪੰਜਾਬ, ਭਾਰਤ - 147101

61 PJ/ZKP/ZKPR/A000000164 I 1. ਸ਼੍ਰੀ ਗੁਰਜੀਤ ਸਿੰਘ 2. ਸ਼੍ਰੀਮਤੀ ਮਨਜੀਤ ਕੌਰ। ਰਾਮਗੜ੍ਹ ਮੰਡੀ ਰਾਮਗੜ੍ਹ ਰੂਪਨਗਰ, ਮੋਰਿੰਡਾ, ਦਿਹਾਤੀ, ਮੋਰਿੰਡਾ, ਪੰਜਾਬ, ਭਾਰਤ - 140101 | NPA ਮਿਤੀ: 06-02-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 939905/- 05-03-2025 ਨੂੰ
ਜਾਇਦਾਦ ਦਾ ਵੇਰਵਾ: ਸੋ ਮੋਹਨ ਸਿੰਘ ਰਾਮਗੜ੍ਹ ਮੰਡਨ ਰਾਮਗੜ੍ਹ ਰੂਪਨਗਰ ਪੰਜਾਬ, ਰੂਪਨਗਰ, ਦਿਹਾਤੀ, ਮੋਰਿੰਡਾ, ਪੰਜਾਬ, ਭਾਰਤ - 140101

62 PJ/PTL/PTLA/A000000454 I 1. ਸ਼੍ਰੀ ਨੀਰਜ ਕੁਮਾਰ 2. ਸ਼੍ਰੀਮਤੀ ਸੀਮਾ ਰਾਣੀ। ਵਾਰਡ ਨੰ 2, ਗੋਬਿੰਦਗੜ੍ਹ ਜੇਜੀਆਂ, ਸੈਮੀਅਰਬਨ, ਸੰਗਰੂਰ, ਪੰਜਾਬ, ਭਾਰਤ - 148030 | NPA ਮਿਤੀ: 06-02-2025
ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 879566/- 05-03-2025 ਨੂੰ
ਜਾਇਦਾਦ ਦਾ ਵੇਰਵਾ: ਗੋਬਿੰਦਗੜ੍ਹ ਜੇਜੀਆਂ, ਸੰਗਰੂਰ, ਸੈਮੀਅਰਬਨ, ਸੰਗਰੂਰ, ਪੰਜਾਬ, ਭਾਰਤ-148030

63 PJ/LUD/LUDN/A000001181. 1. ਸ਼੍ਰੀ ਸੁਨੀਲ ਪਾਂਡੇ 2. ਸ਼੍ਰੀਮਤੀ ਸੰਧਿਆ ਦੇਵੀ। 824 ਮੋਤੀ ਨਗਰ, ਲੁਧਿਆਣਾ, ਪੰਜਾਬ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ - 141010 NPA ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 868487/- ਰੁਪਏ
ਜਾਇਦਾਦ ਦਾ ਵੇਰਵਾ: ਵਾਕੀਆ ਪਿੰਡ ਭਾਮੀਆ, ਲੁਧਿਆਣਾ, ਪੰਜਾਬ, ਅਰਧ-ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ - 141001

64 ਪੀਜੇ/ਪੀਏਟੀ/ਪਾਥ/ਏ000000356. 1. ਸ਼੍ਰੀ ਪੰਕਜ ਯਾਦਵ 2. ਸ਼੍ਰੀਮਤੀ ਸਬਿਤਾ ਦੇਵੀ। ਪਿੰਡ ਘੁਰਾਲਾ, ਗੁਰਦਾਸਪੁਰ, ਗੁਰਦੁਆਰਾ ਸਾਹਿਬ, ਸ਼ਹਿਰੀ, ਗੁਰਦਾਸਪੁਰ, ਪੰਜਾਬ, ਭਾਰਤ - 143521 | NPA ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 582052/- ਰੁਪਏ
ਜਾਇਦਾਦ ਦਾ ਵੇਰਵਾ: ਘੁਰਾਲਾ, ਗੁਰਦਾਸਪੁਰ, ਮੰਦਿਰ ਦੇ ਨੇੜੇ, ਸ਼ਹਿਰੀ, ਗੁਰਦਾਸਪੁਰ, ਪੰਜਾਬ, ਭਾਰਤ ਵਿੱਚ ਸਥਿਤ ਜਾਇਦਾਦ - 143521

65 PJ/MOG/MOGA/A000000116. 1. ਸ਼੍ਰੀ ਦਵਿੰਦਰ ਸਿੰਘ 2. ਸ਼੍ਰੀਮਤੀ ਕੁਲਵਿੰਦਰ ਕੌਰ। 363 ਸ਼ਾਲੀਮਾਰ ਪਾਰਕ, ਦੁੱਗਰੀ ਧਾਂਦਰਾ, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ -141116। ਐਨਪੀਏ ਮਿਤੀ: 06-01-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 1744933/- ਰੁਪਏ
ਜਾਇਦਾਦ ਦਾ ਵੇਰਵਾ: ਵਾਕੀਆ ਗਿੱਲ ਅਬਾਦੀ ਭਾਈ ਹਿੰਮਤ ਸਿੰਘ ਨਗਰ, ਉਚੀ ਕਲੋਨੀ ਦੁੱਗਰੀ, ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ - 141116

66 PJ/PTL/PTLA/A000000402. 1. ਸ਼੍ਰੀ ਮਹੇਸ਼ ਸ਼ਰਮਾ 2. ਸ਼੍ਰੀਮਤੀ ਰੰਜਨਾ ਸ਼ਰਮਾ। ਪਿੰਡ ਦੇਲਵਾਲ, ਰਾਇਲ ਐਨਕਲੇਵ, ਸੈਮੀਅਰਬਨ, ਪਟਿਆਲਾ, ਪੰਜਾਬ, ਭਾਰਤ 147002 NPA ਮਿਤੀ: 05-03-2025
ਮੰਗ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ 10-03-2025 ਨੂੰ 3210054/- ਰੁਪਏ
ਜਾਇਦਾਦ ਦਾ ਵੇਰਵਾ: ਜਾਇਦਾਦ ਭਾਵ ਪਲਾਟ 13 ਪਿੰਡ ਦੇਲਵਾਲ (ਹਦਬਸਟ ਨੰ. 75), ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ, ਖੇਤਰਫਲ OB-5.50 ਬਿਸਵਾ ਭਾਵ 268 ਵਰਗ ਗਜ਼। ਖੇਵਟ ਨੰਬਰ 100, ਖਟੌਨੀ ਨੰਬਰ 485, ਖਸਰਾ ਨੰਬਰ 269(6-5), 270(6-5), 271(6-0), 272(5-8), 273(6-0), 274(6-5), 275(6-14), 276(7-17), ਆਈਟਮ 8, ਕੁੱਲ ਖੇਤਰਫਲ 502-142 biswa ਵਿੱਚ ਸ਼ਾਮਲ ਹੈ ਜਿਸ ਵਿੱਚੋਂ 11/2028 ਹਿੱਸਾ 02-5.50 ਬਿਸਵਾ ਭਾਵ 268 ਵਰਗ ਗਜ਼ ਮਹੇਸ਼ ਸ਼ਰਮਾ ਪੁੱਤਰ ਮਦਨ ਸ਼ਰਮਾ ਦੇ ਨਾਮ 'ਤੇ ਟਰਾਂਸਫਰ ਡੀਡ ਨੰਬਰ 4617 ਮਿਤੀ 04.09.2015 ਅਤੇ ਸਾਲ 2017-2018 ਲਈ ਜਮਾਂਬੰਦੀ ਦੇ ਅਨੁਸਾਰ (ਇਸ ਤੋਂ ਬਾਅਦ ਪ੍ਰਸ਼ਨ ਵਾਲੀ ਜਾਇਦਾਦ ਕਹੀ ਜਾਵੇਗੀ)। ਹੇਠ ਲਿਖੇ ਅਨੁਸਾਰ ਟਰਾਂਸਫਰ ਡੀਡ ਨੰਬਰ 4617 ਮਿਤੀ 04.09.2015 ਅਨੁਸਾਰ ਸੀਮਾ: ਪੂਰਬ: ਸੜਕ 22 ਫੁੱਟ, ਸਾਈਡ 33 ਫੁੱਟ, ਪੱਛਮ: ਮਹਿਤਾ ਕਲੋਨੀ (ਨੇੜੇ ਵਾਲੀ ਸੜਕ), ਸਾਈਡ 36 ਫੁੱਟ, ਉੱਤਰ: ਪਲਾਟ ਨੰਬਰ 14, ਸਾਈਡ 14 ਫੁੱਟ 70 ਇੰਚ, ਦੱਖਣ: ਪਲਾਟ ਨੰਬਰ 12, ਸਾਈਡ 70 ਫੁੱਟ

67 PJ/LUD/LUDN/A000001241. 1. ਸ਼੍ਰੀ ਸੈਫ ਅਲੀ 2. ਸ਼੍ਰੀਮਤੀ ਰਹੀਸਾ ਰਹੀਸਾ। ਰਾਮ ਨਗਰ, ਰਾਮ ਨਗਰ ਟਿੱਬਾ ਰੋਡ, ਅਰਬਨ, ਲੁਧਿਆਣਾ, ਪੰਜਾਬ, ਭਾਰਤ 141007 | NPA ਮਿਤੀ: 05-03-2025
ਮੰਗ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ 10-03-2025 ਨੂੰ 2426590/- ਰੁਪਏ
ਜਾਇਦਾਦ ਦਾ ਵੇਰਵਾ: ਪਲਾਟ ਨੰਬਰ 1 'ਤੇ ਘਰ। 51-ਮਿਨ, 100 ਵਰਗ ਗਜ਼ ਦਾ ਮਾਪ, ਖਾਤਾ ਨੰ. 229/230, ਖਸਰਾ ਨੰ. 26//1, 10, 11, ਜਮਾਂਬੰਦੀ ਸਾਲ 2006-2007 ਅਨੁਸਾਰ, ਪਿੰਡ ਕੁਲੀਏਵਾਲ ਵਿਖੇ ਸਥਿਤ, ਮੁਹੱਲਾ ਰਿਸ਼ੀ ਨਗਰ, ਹਦਬਸਤ ਨੰ. 72, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ।

68 PJ/LUD/LUDN/A000000845. 1. ਸ਼੍ਰੀ ਗੁਰਪ੍ਰੀਤ ਸਿੰਘ 2. ਸ਼੍ਰੀਮਤੀ ਅਮਨਦੀਪ ਕੌਰ। ਪਿੰਡ ਤੇ ਡਾਕਖਾਨਾ ਗੋਸਲ.ਸਹਾਰਨ ਮਾਜਰਾ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ -141117. ਐਨਪੀਏ ਮਿਤੀ: 05-03-2025
ਮੰਗ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ 10-03-2025 ਨੂੰ 1558352/- ਰੁਪਏ
ਜਾਇਦਾਦ ਦਾ ਵੇਰਵਾ- ਵਾਕਿਆ ਗੋਸਲ, ਤਹਿਸੀਲ- ਪਾਇਲ, ਗੁਰਦੁਆਰਾ ਸਾਹਿਬ, ਲੁਧਿਆਣਾ, ਪੰਜਾਬ-141117 ਦੇ ਖੇਵਟ ਨੰ. 325/337 ਖਸਰਾ ਨੰ. 343(0-3)18//3(8-0)7 (8-0)8(7-7)9(8-0)10/2(3-0)11(8-0)12(8-0)13(7-18)14(8-0)18/1(6-18)19/1(6-18)20/1(6- 18)27(1-2)35//14/2(2-16)15(7-11)16/1(0-1)36//20/4(1-2)41//20/2(0-19)42//2/2(3-7)4/1 (0-3)4/2/2(2-12)3/2(2-13)7(5-18)9/1/2(2-9)14(7-1)16(7-18)18/2(2-9)19/1(4-8)22/2(4-1)517/2(0-4) ਅਤੇ ਖੇਵਟ ਨੰ. 330/342, ਖਸਰਾ ਨੰ. 342 (0-3) 185(7-11)।

69 PJ/AMR/AMRI/A000000258. 1. ਸ਼੍ਰੀ ਵਿਸ਼ਾਲ ਕੁਮਾਰ 2. ਸ਼੍ਰੀਮਤੀ ਬੇਬੀ ਮੰਡਲ 3. ਸ਼੍ਰੀਮਤੀ ਸੋਨੀਆ ਸੋਨੀਆ। 462 ਗਲੀ ਨੰਬਰ 4, ਕੋਟ ਆਤਮਾ ਸਿੰਘ, ਨੇੜੇ ਰਾਮ ਬਾਗ, ਸ਼ਹਿਰੀ, ਅੰਮ੍ਰਿਤਸਰ, ਪੰਜਾਬ, ਭਾਰਤ - 143001 | NPA ਮਿਤੀ: 05-03-2025
ਮੰਗ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ 10-03-2025 ਨੂੰ 1433421/- ਰੁਪਏ
ਜਾਇਦਾਦ ਦਾ ਵੇਰਵਾ: ਘਰ ਦੀ ਜਾਇਦਾਦ ਜੋ ਜ਼ਮੀਨ ਦਾ ਇੱਕ ਪਲਾਟ ਹੈ, ਜਿਸਦੇ ਮਾਪ ਲੰਬਾਈ 36 ਫੁੱਟ 7 ਇੰਚ ਅਤੇ ਚੌੜਾਈ 20 ਫੁੱਟ ਹੈ, ਜ਼ਮੀਨ ਦਾ ਕੁੱਲ ਖੇਤਰਫਲ 81 ਵਰਗ ਗਜ਼ ਹੈ, ਜੋ ਕਿ ਖਸਰਾ ਨੰਬਰ 373 ਮਿਨ ਵਿੱਚ ਸ਼ਾਮਲ ਹੈ, ਜੋ ਕਿ ਤੁੰਗਪਾਈ ਉਪ ਸ਼ਹਿਰੀ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਖੇਤਰ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ ਹੈ। ਸੀਮਾਵਾਂ:- ਪੂਰਬ: ਮਾਲਕੀ ਰਾਣੀ, ਪੱਛਮ: ਬਾਬੂ ਦੀ ਮਾਲਕੀ, ਉੱਤਰ: - ਗਲੀ 15 ਫੁੱਟ ਚੌੜੀ, ਦੱਖਣ: - ਦੂਜਿਆਂ ਦੀ ਮਾਲਕੀ

70 PJ/PTL/PTLA/A000000392. 1. ਸ਼੍ਰੀਮਤੀ ਗੁਰਇਕਬਾਲ ਕੌਰ 2. ਸ਼੍ਰੀ ਪਰਮਜੀਤ ਸਿੰਘ। ਹਾਊਸ ਨੰਬਰ 1657 46, ਵਾਰਡ ਨੰ: 15 ਟੋਡਰ ਮੱਲ ਨਗਰ ਬੱਸੀ ਰੋਡ, ਅਰਬਨ, ਸਰਹਿੰਦ, ਪੰਜਾਬ, ਭਾਰਤ - 140406 | NPA ਮਿਤੀ: 05-03-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ ਰੁਪਏ।1410317/- ਮਿਤੀ 10-03-2025 ਨੂੰ
ਜਾਇਦਾਦ ਦਾ ਵੇਰਵਾ: ਸਰਹਿੰਦ (ਹੱਦਬਸਤ ਨੰਬਰ 125) ਤਹਿਸੀਲ ਅਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਸਥਿਤ ਘਰ, ਜਿਸ ਦਾ ਮਾਪ ਠੀਕ ਹੈ-4 ਮਰਲੇ ਹੈ, ਜਿਸ ਵਿੱਚ ਖੇਵਟ ਨੰਬਰ 141, ਖਟੌਨੀ ਨੰਬਰ 176, ਖਸਰਾ ਨੰਬਰ 40//17(5-0), 24/1(2-4), ਆਈਟਮ 2, ਕੁੱਲ ਖੇਤਰਫਲ 7K-4M ਹੈ, ਜਿਸ ਵਿੱਚੋਂ 4/144 ਹਿੱਸੇ ਠੀਕ ਹੈ-4 ਮਰਲੇ ਗੁਰਇਕਬਾਲ ਕੌਰ ਪਤਨੀ ਪਰਮਜੀਤ ਸਿੰਘ ਦੇ ਨਾਮ 'ਤੇ, ਮਿਤੀ 18.07.2022 ਨੂੰ ਟਰਾਂਸਫਰ ਡੀਡ ਨੰਬਰ 909 ਅਤੇ ਸਾਲ 2016-2017 ਲਈ ਜਮਾਂਬੰਦੀ ਅਨੁਸਾਰ ਹਨ। ਹੇਠਾਂ ਦਿੱਤੀ ਜਾਇਦਾਦ ਦੀ ਸੀਮਾ: ਪੂਰਬ: ਰਸਤਾ, ਪਾਸਾ 28 ਫੁੱਟ 6 ਇੰਚ, ਪੱਛਮ: ਸੁਖਰਾਜ ਸਿੰਘ ਦਾ ਘਰ, ਪਾਸਾ 28 ਫੁੱਟ, ਉੱਤਰ: ਗੁਰਇਕਬਾਲ ਕੌਰ ਦਾ ਘਰ, ਪਾਸਾ 39 ਫੁੱਟ, ਦੱਖਣ: ਬਲਦੇਵ ਸਿੰਘ ਦਾ ਘਰ, ਪਾਸਾ 39 ਫੁੱਟ।

71 PJ/LUD/FDGJ/A000000012. 1. ਸ਼੍ਰੀਮਾਨ ਐੱਮ.ਡੀ. ਜਾਵੇਦ ਅਖਤਰ 2. ਸ਼੍ਰੀਮਤੀ ਰੌਸ਼ਨ ਖਾਤੂਨ 3. ਸ਼੍ਰੀ ਫਰਾਜ ਅਖਤਰ। ਗੁਰੂ ਤੇਗ ਬਹਾਦਰ ਕਾਲੋਨੀ, ਤਾਜਪੁਰ ਰੋਡ ਫੋਕਲ ਪੁਆਇੰਟ ਲੁਧਿਆਣਾ, ਮੱਕੜ ਡਾਂਗ ਨੇੜੇ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141010 | NPA ਮਿਤੀ: 05-03-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ ਰੁਪਏ 1358150/- 10-03-2025 ਨੂੰ
ਜਾਇਦਾਦ ਦਾ ਵੇਰਵਾ: ਖਤੌਨੀ ਨੰਬਰ 434-435-436 ਜਮ ?ਹਾਂਬੰਦੀ ਸਾਲ 2008-200 2009, ਵਾਕੀਆ ਪਿੰਡ ਭਾਮੀਆਂ ਕਲਾਂ, ਹਦਬਸਤ ਨੰ. 181, ਨਿਊ ਮਹਾਵੀਰ ਕਲੋਨੀ, ਭਾਰਤ ਬਾਕਸ ਫੈਕਟਰੀ ਅਤੇ ਫਾਈਨ ਫਿਨਿਸ਼ ਫੈਕਟਰੀ, ਲੁਧਿਆਣਾ, ਪੰਜਾਬ, 141007

72 PJ/LUD/LUDN/A000000543. 1. ਸ਼੍ਰੀ ਮੁਕੇਸ਼ ਕੁਮਾਰ 2. ਸ਼੍ਰੀ ਰਾਜਵੰਤ ਕੌਰ। 1986/1, ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ, ਬਸੰਤ ਵਿਹਾਰ, ਕਾਕੋਵਾਲ ਰੋਡ, ਅਰਬਨ, ਲੁਧਿਆਣਾ, ਪੰਜਾਬ, ਭਾਰਤ 141008 | NPA ਮਿਤੀ: 05-03-2025
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ ਰੁਪਏ 1268688/- 10-03-2025 ਨੂੰ
ਜਾਇਦਾਦ ਦਾ ਵੇਰਵਾ: ਖਸਰਾ ਨੰ.25//11-25//12-24//17/2, ਗਲੀ ਨੰ.6, ਨਵੀਂ ਬਸੰਤ ਵਿਹਾਰ ਕਾਲੋਨੀ, ਵਾਕਿਆ ਕਾਕੋਵਾਲ, ਕਾਕੋਵਾਲ ਰੋਡ, ਲੁਧਿਆਣਾ, ਨਵੀਂ ਬਸੰਤ ਵਿਹਾਰ ਕਾਲੋਨੀ, ਨੇੜੇ ਸ੍ਰੀ ਸ਼ਿਵ ਦੁਰਗਾ ਮੰਦਰ, ਲੁਧਿਆਣਾ, ਪੰਜਾਬ, 0114

73 PJ/PAT/PATH/A000000168 I 1. ਸ਼੍ਰੀ ਸਲਿੰਦਰ ਸਿੰਘ 2. ਸ਼੍ਰੀਮਤੀ ਗੀਨਾ ਦੇਵੀ। ਪਿੰਡ ਸਹਿਗਾ, ਦਸੂਹਾ, ਮੁਕੇਰੀਆਂ, ਮੰਡੀਰ, ਅਰਬਨ, ਮੁਕੇਰੀਆਂ, ਪੰਜਾਬ, ਭਾਰਤ 144205 | NPA ਮਿਤੀ: 05-03-2025
ਮੰਗ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ 10-03-2025 ਨੂੰ 800189/- ਰੁਪਏ
ਜਾਇਦਾਦ ਦਾ ਵੇਰਵਾ: 5 ਮਰਲੇ ਦਾ ਪਲਾਟ, ਹੈਦਬਸਤ ਨੰਬਰ 149, ਖਸਰਾ ਨੰਬਰ 10//13/1, 19/1/1, 19/1/2 ਵਿੱਚ ਸ਼ਾਮਲ, ਪਿੰਡ ਸਹਿਗਾ, ਤਹਿਸੀਲ ਦਸੂਹਾ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ। ਸੀਮਾਵਾਂ:- ਪੂਰਬ:- ਸ਼੍ਰੀ ਗਿਰਧਾਰੀ ਲਾਲ, ਪੱਛਮ:- ਸੜਕ, ਉੱਤਰ:- ਸ਼੍ਰੀ ਰਜਤ ਸਿੰਘ, ਦੱਖਣ:- ਸ਼੍ਰੀ ਸਰਦਾਰੀ ਲਾਲ।

74 PJ/LUD/LUDN/A000000294. 1. ਸ਼੍ਰੀ ਕਮਲ ਕਿਸ਼ੋਰ 2. ਸ਼੍ਰੀਮਤੀ ਅਮੋ ਦੇਵੀ। ਦੇਵ ਨਗਰ ਧਾਂਦਰਾ ਲੁਧਿਆਣਾ, ਦੇਵ ਨਗਰ ਧਾਂਦਰਾ ਲੁਧਿਆਣਾ, ਸ਼ਹਿਰੀ, ਲੁਧਿਆਣਾ, ਪੰਜਾਬ, ਭਾਰਤ 141116 ਐਨਪੀਏ ਮਿਤੀ: 05-03-2025
ਮੰਗ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ 10-03-2025 ਨੂੰ 476541/- ਰੁਪਏ
ਜਾਇਦਾਦ ਦਾ ਵੇਰਵਾ: ਖਸਰਾ ਨੰਬਰ 63/76, ਖੇਵਟ ਨੰਬਰ 477.471-478/472, ਖਤੌਨੀ ਨੰਬਰ 516-517, ਡਾਕਘਰ ਦੇਵ ਨਗਰ ਦੇ ਨੇੜੇ, ਗਲੀ ਨੰ-12, ਦੇਵ ਨਗਰ, ਪੱਖੋਵਾਲ ਰੋਡ, ਲੁਧਿਆਣਾ-141013, ਗਲੀ ਨੰ-12, ਦੇਵ ਨਗਰ, ਪੱਖੋਵਾਲ ਰੋਡ, ਲੁਧਿਆਣਾ, ਡਾਕਘਰ ਦੇਵ ਨਗਰ ਦੇ ਨੇੜੇ, ਲੁਧਿਆਣਾ, ਪੰਜਾਬ, 141013

75 ਪੀਜੇ/ਪੀਏਟੀ/ਪਾਥ/ਏ000000280 I 1. ਸ਼੍ਰੀਮਤੀ ਕਿਰਨ ਕਿਰਨ 2. ਸ਼੍ਰੀ ਨਰਿੰਦਰ ਕੁਮਾਰ 3. ਸ਼੍ਰੀ ਮਨੀ ਮਕਾਨ ਨੰ: 161/3 ਧੋਬੀਆਂ ਡਬਲਯੂ, ਮਕਾਨ ਨੰ: 161/3 ਢਾਬੀਆਂ ਵਾਲੀ ਗਲੀ ਗੁਰਦਾਸਪੁਰ, ਸ਼ਿਵ ਮੰਦਰ, ਅਰਬਨ, ਗੁਰਦਾਸਪੁਰ, ਪੰਜਾਬ, ਭਾਰਤ 143521 | NPA ਮਿਤੀ: 05-03-2025
ਮੰਗ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ 10-03-2025 ਨੂੰ 1232203/- ਰੁਪਏ
ਜਾਇਦਾਦ ਦਾ ਵੇਰਵਾ: ਸ਼ਹਿਜ਼ਾਦਾ ਨੰਗਲ ਐਚਬੀ ਨੰਬਰ 335 ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਥਿਤ ਸਾਲ 2017-18 ਲਈ ਜਮਾਂਬੰਦੀ ਵਿੱਚ ਦਰਜ ਕੀਤੇ ਗਏ ਖਸਰਾ ਨੰਬਰ 570 (0-7) ਵਿੱਚੋਂ 3.5 ਮਰਲੇ ਦੇ ਪਲਾਟ 'ਤੇ ਬਣਾਇਆ ਗਿਆ ਘਰ ਅਤੇ ਸੀਮਾਵਾਂ ਵਾਲੇ ਵਿਕਰੀ ਡੀਡ ਦੇ ਅਨੁਸਾਰ: - ਪੂਰਬ - ਹਰਬੰਸ ਸਿੰਘ ਦਾ ਘਰ, ਪੱਛਮ - ਗਲੀ, ਉੱਤਰ - ਰਾਮ ਲੁਭਾਇਆ ਦਾ ਘਰ, ਦੱਖਣ - ਰਾਜ ਕੁਮਾਰ ਦਾ ਘਰ

76 PJ/PTL/PTLA/A000000062 ਅਤੇ PJ/PTL/PTLA/A000000355 I 1. ਸ਼੍ਰੀ ਗੁਰਵਿੰਦਰ ਸਿੰਘ 2. ਸ਼੍ਰੀ ਜਸ਼ਨਪ੍ਰੀਤ ਸਿੰਘ 3. ਸ਼੍ਰੀ ਸੰਤ ਪ੍ਰਕਾਸ਼ ਸਿੰਘ ਅਤੇ ਸ਼੍ਰੀਮਤੀ ਜਸਪਾਲ ਕੌਰ। ਪੀਰ ਜੈਨ ਬਲਿਹਾਰੀ ਕਲਾਂ, ਫਤਿਹਗੜ੍ਹ ਸਾਹਿਬ, ਦਿਹਾਤੀ, ਸਰਹਿੰਦ ਫਤਿਹਗੜ੍ਹ ਸਾਹਿਬ, ਪੰਜਾਬ, ਭਾਰਤ - 140406 ਐਨਪੀਏ ਮਿਤੀ: 05-03-2025
ਮੰਗ ਨੋਟਿਸ ਮਿਤੀ ਅਤੇ ਰਕਮ: 11-03-2025 ਅਤੇ 10-03-2025 ਨੂੰ 3602763/- ਰੁਪਏ
ਜਾਇਦਾਦ ਦਾ ਵੇਰਵਾ: ਖੇਵਟ/ਖਤੌਨੀ ਨੰ. 29/39, ਖਸਰਾ ਨੰ. 20//16/1(2-4), 20//17(8-0), 20//18(8-0), 20//19(8-0), 20//23(8-0), 20//24(7-4), ਪਿੰਡ ਪੀਰਜੈਨ, ਤਹਿਸੀਲ ਅਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਪੰਜਾਬ-147406, ਪੀਰਜੈਨ, ਸਿੰਧ ਹਸਪਤਾਲ ਦੇ ਨੇੜੇ, ਸਰਹਿੰਦ ਫਤਿਹਗੜ੍ਹ ਸਾਹਿਬ, ਪੰਜਾਬ, 147406

77 PJ/LUD/LUDN/A000000257. 1. ਸ਼੍ਰੀ ਫੂਲ ਚੰਦ ਪਰਸ਼ਾਦ 2. ਸ਼੍ਰੀ ਕਮਲਾ ਦੇਵੀ। ਮਕਾਨ ਨੰ. 178, ਗਲੀ ਨੰ.06,33 ਫੁੱਟਾ ਰੋਡ ਰਾਮ ਨਗਰ, ਭਾਮੀਆਂ ਕਲਾਂ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ - 141015 | NPA ਮਿਤੀ: 05-12-2024
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 543176/- 05-03-2025 ਨੂੰ
ਜਾਇਦਾਦ ਦਾ ਵੇਰਵਾ: ਖਸਰਾ ਨੰ: 1168/58, 1169/58 ਦਾ ਖੇਵਟ ਨੰ: 486, 489, ਖਤੌਨੀ ਨੰ: 533, 536, ਭਾਟੀਆ ਮਠਿਆਈਆਂ ਨੇੜੇ, ਗਲੀ ਨੰ: 6, ਰਾਮ ਨਗਰ, 33' ਰੋਡ, ਮੁੰਡੀਆਂ ਕਲਾਂ, ਲੁਧਿਆਣਾ, ਕਬਾੜ-1, ਲੁਧਿਆਣਾ, ਮੁੰਡਿਆਂ, 14, ਕਸਬਾ ਪੰਜਾਬ, ਭਾਰਤ-141015

78 PJ/PTL/PTLA/A000000265 I 1. ਸ਼੍ਰੀ ਹਰਿੰਦਰ ਕੁਮਾਰ 2. ਸ਼੍ਰੀ ਕਰਨਵੀਰ ਸਿੰਘ। ਮਕਾਨ ਨੰਬਰ ਟੀ-9ਏ ਰੇਲਵੇ ਕਲੋਨੀ ਪਟਿਆਲਾ, ਸ਼ਹਿਰੀ, ਪਟਿਆਲਾ, ਪੰਜਾਬ, ਭਾਰਤ - 147001 | ਐਨਪੀਏ ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 3570537/- 05-03-2025 ਨੂੰ
ਜਾਇਦਾਦ ਦਾ ਵੇਰਵਾ: ਰੇਲਵੇ ਸਟੇਸ਼ਨ ਪਟਿਆਲਾ, ਪਟਿਆਲਾ ਪੰਜਾਬ, ਸ਼ਹਿਰੀ, ਪਟਿਆਲਾ, ਪੰਜਾਬ, ਭਾਰਤ-147001

79 ਪੀਜੇ/ਜ਼ੈਡਕੇਪੀ/ਰੋਪਾ/ਏ000000021. 1. ਸ਼੍ਰੀ ਬਸ਼ੀਰ ਅਹਿਮਦ 2. ਸ਼੍ਰੀਮਤੀ ਨਜਮਾ ਨਜਮਾ। ਸ਼ੰਪੁਰਾ ਰੂਪਨਗਰ ਪੰਜਾਬ, ਰੋਪੜ, ਦਿਹਾਤੀ, ਰੂਪਨਗਰ, ਪੰਜਾਬ, ਭਾਰਤ -140001 | NPA ਮਿਤੀ: 06-01-2025
ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ: 05-03-2025 ਅਤੇ ਰੁਪਏ।668185/- 05-03-2025 ਨੂੰ
ਜਾਇਦਾਦ ਦਾ ਵੇਰਵਾ: ਪਿੰਡ ਸ਼ਾਮਪੁਰਾ ਤਹਿ ਅਤੇ ਜ਼ਿਲ੍ਹਾ ਰੋਪੜ, ਰੋਪੜ, ਦਿਹਾਤੀ, ਰੂਪਨਗਰ, ਪੰਜਾਬ, ਭਾਰਤ - 140001

80 PJ/LUD/LUDN/A000000065. 1. ਸ਼੍ਰੀ ਪ੍ਰੀਤਮ ਸਿੰਘ 2. ਸ਼੍ਰੀ ਮਹਿੰਦਰ ਕੌਰ। ਮਕਾਨ ਨੰ.9. ਕਰਤਾਰਸਰ ਗੁਰਦੁਆਰੇ ਨੇੜੇ ਛਾਪਾ ਰੋਡ, ਵੀਪੀਓ ਧੂਲਜੋਤ ਧੂਰਕੋਟ ਲੁਧਿਆਣਾ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ - 141204 | NPA ਮਿਤੀ: 05-12-2024
ਡਿਮਾਂਡ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ ਰੁਪਏ 2001832/- 05-03-2025 ਨੂੰ
ਜਾਇਦਾਦ ਦਾ ਵੇਰਵਾ: V.P.O ਧੂਰਕੋਟ, ਨੇੜੇ ਗੁਰਦੁਆਰਾ ਕਰਤਾਰਸਰ ਸਾਹਿਬ, ਜਿਲਾ ਲੁਧਿਆਣਾ, ਪਿੰਡ ਤੇ ਡਾਕਖਾਨਾਧੂਰਕੋਟ, ਸੈਮੀਅਰਬਨ, ਲੁਧਿਆਣਾ, ਪੰਜਾਬ, ਭਾਰਤ-141204

81 PJ/AMR/AMRI/A000000092. 1. ਸ਼੍ਰੀ ਨੀਤਨ ਮਹਿਰਾ 2. ਸ਼੍ਰੀਮਤੀ ਜੋਤੀ ਮੇਹਰਾ ਪੁੱਤਰ ਸਰਵਨ ਕੁਮਾਰ ਮਕਾਨ ਨੰਬਰ 161 ਏ ਰਾਣੀ ਕਾ ਬਾਗ ਅੰਮ੍ਰਿਤਸਰ, ਅੰਮ੍ਰਿਤਸਰ, ਅਰਬਨ, ਅੰਮ੍ਰਿਤਸਰ, ਪੰਜਾਬ, ਭਾਰਤ - 143001 | NPA ਮਿਤੀ: 06-02-2025
ਮੰਗ ਨੋਟਿਸ ਮਿਤੀ ਅਤੇ ਰਕਮ: 17-03-2025 ਅਤੇ 17-03-2025 ਨੂੰ 2343417/- ਰੁਪਏ
ਜਾਇਦਾਦ ਦਾ ਵੇਰਵਾ: ਖਾਨ ਸ਼ੁਮਾਰੀ ਨੰਬਰ 2924/1 (ਪੁਰਾਣਾ) ਅਤੇ 1251/1-22 ਅਤੇ 1389 ਵਾਲੀ ਜਾਇਦਾਦ, 90 ਵਰਗ ਗਜ਼, ਵਾਕੀਆ ਰਕਬਾ ਅੰਮ੍ਰਿਤਸਰ ਸ਼ਹਿਰੀ ਸਰਕਲ ਨੰਬਰ 107, ਕਟੜਾ ਮਹਾਨ ਸਿੰਘ, ਕੂਚਾ ਦਬਗਰਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਹੈ ਅਤੇ ਮੌਜੂਦਾ ਮਾਲਕਾਂ ਦੁਆਰਾ ਖਰੀਦੀ ਗਈ ਉਕਤ ਜਾਇਦਾਦ ਅਤੇ ਇੰਤਕਾਲ ਪਹਿਲਾਂ ਹੀ ਮੌਜੂਦਾ ਮਾਲਕ ਦੇ ਨਾਮ 'ਤੇ ਮਨਜ਼ੂਰ ਕੀਤਾ ਜਾ ਚੁੱਕਾ ਹੈ ਯਾਨੀ ਕਿ ਸ਼੍ਰੀਮਤੀ ਵੀਨਾ ਪਤਨੀ ਸਵਰਗੀ ਸ਼੍ਰੀ ਅਸ਼ੋਕ ਕੁਮਾਰ ਅਤੇ ਹੁਣ, ਸ਼੍ਰੀਮਤੀ ਜੋਤੀ ਮਹਿਰਾ ਪਤਨੀ ਸ਼੍ਰੀ ਨੀਤਨ ਮਹਿਰਾ ਦੁਆਰਾ ਖਰੀਦਣ ਦਾ ਇਰਾਦਾ ਹੈ। ਇਸ ਤਰ੍ਹਾਂ ਸੀਮਾਬੱਧ: ਪੂਰਬ: ਬੇਅੰਤ ਰਾਮ ਦਾ ਘਰ ਪੱਛਮ: - ਗਲੀ ਵੱਲ ਘਰ ਉੱਤਰ: - ਮਨਮੋਹਨ ਸਿੰਘ ਅਤੇ ਹੋਰਾਂ ਦਾ ਘਰ ਦੱਖਣ: - ਮੁਖ ਰਾਜ ਦਾ ਘਰ

82 PJ/LUD/FDGJ/A000000003. 1. ਸ਼੍ਰੀ ਦੀਪਕ ਬਾਲੂ 2. ਸ਼੍ਰੀਮਤੀ ਸਰਬਜੀਤ ਕੌਰ। ਮਕਾਨ ਨੰ. 111 ਕੱਚਾ ਮਲਕ ਰੋਡ, ਬਾਬਾ ਜੀਵਨ ਨਗਰ, ਜਾਰੋਂ, ਅਰਬਨ, ਲੁਧਿਆਣਾ, ਪੰਜਾਬ, ਭਾਰਤ -141001 | NPA ਮਿਤੀ: 05-12-2024
ਮੰਗ ਨੋਟਿਸ ਮਿਤੀ ਅਤੇ ਰਕਮ: 05-03-2025 ਅਤੇ 05-03-2025 ਨੂੰ 812835/- ਰੁਪਏ
ਜਾਇਦਾਦ ਦਾ ਵੇਰਵਾ: ਜੀਵਨ ਨਗਰ ਜਾਗਰੋਂ ਲੁਧਿਆਣਾ, ਜੀਵਨ ਨਗਰ ਜਾਗਰੋਂ ਲੁਧਿਆਣਾ, ਸ਼ਹਿਰੀ, ਜਗਰਾਉਂ, ਪੰਜਾਬ, ਭਾਰਤ -141001

ਉਕਤ ਕਰਜ਼ਦਾਰ/ਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਧਾਰਾ 13 (2) ਅਧੀਨ ਸੂਚਨਾ ਜਾਰੀ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰ ਦੇਣ, ਜਿਸ ਤੋਂ ਅਸਫ਼ਲ ਹੋਣ 'ਤੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀਆਂ ਵਿਵਸਥਾਵਾਂ ਅਨੁਸਾਰ ਉਕਤ ਦਰਸਾਈ ਮਿਤੀ ਨੂੰ ਧਾਰਾ 13 (2) ਅਧੀਨ ਸੂਚਨਾ ਜਾਰੀ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਲੰਘਣ ਉਪਰੰਤ ਅਗਲੇ ਕਦਮ ਚੁੱਕੇ ਜਾਣਗੇ।

ਸਹੀ/- ਅਧਿਕਾਰਤ ਅਧਿਕਾਰੀ ਵਾਸਤੇ ਹਿੰਦੂਜਾ ਹਾਊਸਿੰਗ ਫਾਇਨਾਂਸ ਲਿਮਟਿਡ
ਸਥਾਨ : ਪੰਜਾਬ | ਮਿਤੀ : 01.05.2025

ਬੀ ਬੀ ਸੀ ਪੰਜਾਬੀ ਦੇ ਸਹਿਯੋਗ ਨਾਲ




ਪੰਜਾਬੀ


ਲਿਬਰਲ ਉਮੀਦਵਾਰ ਸੋਨੀਆ ਸਿੱਧੂ ਨੇ ਬਰੈਂਪਟਨ ਸਾਊਥ ਤੋਂ ਕੰਜ਼ਰਵੇਟਿਵ ਸੁਖਦੀਪ ਕੰਗ ਨੂੰ ਹਰਾਇਆ


ਲਿਬਰਲ ਉਮੀਦਵਾਰ ਰੂਬੀ ਸਹੋਤਾ ਨੇ ਬਰੈਂਪਟਨ ਨਾਰਥ ਤੋਂ ਕੰਜ਼ਰਵੇਸ਼ਨ ਅਮਨਦੀਪ ਜੱਜ ਨੂੰ ਹਰਾਇਆ


ਲਿਬਰਲ ਉਮੀਦਵਾਰ ਅਮਨਦੀਪ ਸੋਢੀ ਨੇ ਬਰੈਂਪਟਨ ਸੈਂਟਰ ਤੋਂ ਕੰਜ਼ਰਵੇਟਿਵ ਤਰਨ ਚਾਹਲ ਨੂੰ ਹਰਾਇਆ


ਲਿਬਰਲ ਉਮੀਦਵਾਰ ਮਨਿੰਦਰ ਸਿੱਧੂ ਨੇ ਬਰੈਂਪਟਨ ਈਸਟ ਤੋਂ ਕੰਜ਼ਰਵੇਟਿਵ ਬੌਬੀ ਦੋਸਾਂਝ ਨੂੰ ਹਰਾਇਆ


ਕੰਜ਼ਰਵੇਟਿਵ ਉਮੀਦਵਾਰ ਅਮਰਜੀਤ ਗਿੱਲ ਨੇ ਬਰੈਂਪਟਨ ਵੈਸਟ ਤੋਂ ਲਿਬਰਲ ਮੰਤਰੀ ਕਮਲ ਖੈਰਾ ਨੂੰ ਹਰਾਇਆ


ਮਿਸੀਸਾਗਾ ਮਾਲਟਨ ਤੋਂ ਲਿਬਰਲ ਇਕਵਿੰਦਰ ਸਿੰਘ ਗਹੀਰ ਜਿੱਤੇ

# ਕੈਨੇਡਾ ਚੋਣਾਂ: ਨਤੀਜੇ ਭਾਰਤ ਬਾਰੇ ਕੀ ਹੈ ਮਾਰਕ ਕਾਰਨੀ ਦੀ ਰਾਏ?

ਕੈਨੇਡਾ ਇਲੈਕਸ਼ਨ ਦੀ ਵੈੱਬਸਾਈਟ ਮੁਤਾਬਕ, ਲਿਬਰਲ ਪਾਰਟੀ 169 ਸੀਟਾਂ, ਕੰਜ਼ਰਵੇਟਿਵ ਪਾਰਟੀ 144 ਸੀਟਾਂ, ਬਲਾਕ ਕਿਊਬੇਕੋਇਸ 22 ਸੀਟਾਂ ਅਤੇ ਐੱਨਡੀਪੀ (ਨਿਊ ਡੈਮੋਕ੍ਰੇਟ ਪਾਰਟੀ) 7 ਸੀਟਾਂ ਉੱਤੇ ਅੱਗੇ ਹੈ।

ਹਾਲਾਂਕਿ ਅਜੇ ਸਪੱਸ਼ਟ ਨਹੀਂ ਹੈ ਕਿ ਪਾਰਟੀ ਨੂੰ ਬਹੁਮਤ ਦੇ ਲਈ ਜ਼ਰੂਰੀ 172 ਸਿੱਟਾਂ ਮਿਲਣਗੀਆਂ ਜਾਂ ਕਿਸੇ ਦੂਜੀ ਪਾਰਟੀ ਤੋਂ ਸਮਰਥਨ ਲੈਣਾ ਪਵੇਗਾ।

ਜਿੱਤ ਤੋਂ ਬਾਅਦ ਦਿੱਤੇ ਗਏ ਆਪਣੇ ਭਾਸ਼ਣ ਵਿੱਚ ਮਾਰਕ ਕਾਰਨੀ ਨੇ ਆਪਣੇ ਸਮਰਥਕਾਂ ਨੂੰ ਕਿਹਾ, "ਰਾਸ਼ਟਰਪਤੀ ਟਰੰਪ ਸਾਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂਕਿ ਅਮਰੀਕਾ ਸਾਡੇ 'ਤੇ ਆਪਣਾ ਅਧਿਕਾਰ ਜਮਾ ਸਕੇ- ਅਜਿਹਾ ਕਦੇ ਨਹੀਂ ਹੋਵੇਗਾ।"

ਉਨ੍ਹਾਂ ਕਿਹਾ, "ਅਮਰੀਕਾ ਦੇ ਨਾਲ ਸਾਡਾ ਪੁਰਾਣਾ ਰਿਸ਼ਤਾ ਹੁਣ ਖਤਮ ਹੋ ਗਿਆ ਹੈ। ਅਸੀਂ ਅਮਰੀਕੀ ਵਿਸ਼ਵਾਸਘਾਤ ਦੇ ਸਦਮੇ ਤੋਂ ਉਭਰ ਚੁੱਕੇ ਹਾਂ, ਸਾਨੂੰ ਇੱਕ-ਦੂਜੇ ਦਾ ਖਿਆਲ ਰੱਖਣਾ ਹੋਵੇਗਾ।"

ਲਿਬਰਲ ਪਾਰਟੀ ਮਹਿਜ ਤਿੰਨ ਮਹੀਨੇ ਪਹਿਲਾਂ ਚੋਣਾਂ ਵਿੱਚ ਕਾਫੀ ਪਿੱਛੇ ਚੱਲ ਰਹੀ ਸੀ ਪਰ ਅਮਰੀਕਾ ਨਾਲ ਵੱਧਦੇ ਤਣਾਅ ਵਿਚਾਲੇ ਕਾਰਨੀ ਨੇ ਪਾਰਟੀ ਦੀ ਵਾਗਡੋਰ ਸੰਭਾਲੀ।

ਇਸ ਤੋਂ ਬਾਅਦ ਪਾਰਟੀ ਦੀ ਪ੍ਰਚਾਰ ਮੁਹਿੰਮ ਵਿੱਚ ਨਵਾਂ ਮੋੜ ਆਇਆ।

ਇਸ ਸਾਲ ਦੀ ਸ਼ੁਰੂਆਤ ਵਿੱਚ ਨੌ ਸਾਲ ਤੱਕ ਕੈਨੇਡਾ ਦੇ ਪ੍ਰਧਾਨ ਮੰਤਰੀ ਰਹੇ ਜਸਟਿਨ ਟਰੂਡੋ ਦੇ ਅਹੁਦੇ ਛੱਡਣ ਤੋਂ ਬਾਅਦ ਮਾਰਕ ਕਾਰਨੀ ਲਿਬਰਲ ਪਾਰਟੀ ਦੇ ਨੇਤਾ ਚੁਣੇ ਗਏ ਸਨ ਅਤੇ ਪ੍ਰਧਾਨ ਮੰਤਰੀ ਬਣੇ ਸਨ।

ਜਸਟਿਨ ਟਰੂਡੋ ਦੇ ਕਾਰਜਕਾਲ ਵਿੱਚ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਕਾਫੀ ਤਣਾਅ ਦੇਖਣ ਨੂੰ ਮਿਲਿਆ ਸੀ ਅਤੇ ਦੋਵੇਂ ਦੇਸ਼ਾਂ ਨੇ ਆਪਣੇ ਕੂਟਨੀਤਿਕ ਰਿਸ਼ਤੇ ਕਾਫੀ ਘੱਟ ਕਰ ਲਏ ਸਨ।

### ਟਰੰਪ ਦਾ ਮੁੱਦਾ ਭਾਰੀ ਰਿਹਾ

ਬੀਬੀਸੀ ਪੱਤਰਕਾਰ ਐਂਥਨੀ ਜ਼ਰਕਰ ਦੇ ਅਨੁਸਾਰ ਲਿਬਰਲ ਪਾਰਟੀ ਦੀ ਜਿੱਤ ਵਿੱਚ ਡੌਨਲਡ ਟਰੰਪ ਦੀਆਂ ਨੀਤੀਆਂ ਦਾ ਵੀ ਯੋਗਦਾਨ ਰਿਹਾ ਹੈ। ਉਨ੍ਹਾਂ ਦੇ ਅਨੁਸਾਰ ਟਰੰਪ ਨੇ ਵਾਰ-ਵਾਰ ਕੈਨੇਡਾ ਨੂੰ ਭੜਕਾਇਆ ਅਤੇ ਉਸ ਨੂੰ ਅਮਰੀਕਾ ਦਾ 51ਵਾਂ ਰਾਜ ਬਣਨ ਲਈ ਕਿਹਾ, ਜਿਸ ਨਾਲ ਕੈਨੇਡੀਅਨ ਵੋਟਰ ਇੱਕਜੁੱਟ ਹੋ ਗਏ।

ਕੈਨੇਡਾ ਦੀ ਰਾਜਨੀਤੀ ਵਿੱਚ ਲਿਬਰਲ ਪਾਰਟੀ ਪਿਛਲੇ ਕੁਝ ਮਹੀਨਿਆਂ ਤੋਂ ਬਹੁਤ ਦਬਾਅ ਹੇਠ ਸੀ। ਜਿਸ ਪਾਰਟੀ ਨੂੰ ਕੁਝ ਮਹੀਨੇ ਪਹਿਲਾਂ ਤੱਕ ਲਗਭਗ ਖਤਮ ਮੰਨਿਆ ਜਾਂਦਾ ਸੀ, ਉਹ ਹੁਣ ਚੌਥੀ ਵਾਰ ਸੱਤਾ ਵਿੱਚ ਆ ਸਕਦੀ ਹੈ।

ਇਸ ਸਾਲ ਜਨਵਰੀ ਦੇ ਸ਼ੁਰੂ ਵਿੱਚ ਜਸਟਿਨ ਟਰੂਡੋ ਨੇ ਆਪਣੀ ਹੀ ਪਾਰਟੀ ਦੇ ਵਧਦੇ ਦਬਾਅ ਕਾਰਨ ਚੋਣਾਂ ਤੋਂ ਠੀਕ ਪਹਿਲਾਂ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਜਦੋਂ ਤੋਂ ਕਾਰਨੀ ਨੇ ਕੈਨੇਡਾ ਦੀ ਕਮਾਨ ਸੰਭਾਲੀ ਹੈ, ਉਨ੍ਹਾਂ ਨੇ ਆਪਣੇ ਪਹਿਲੇ ਪ੍ਰਧਾਨ ਮੰਤਰੀ ਦੇ ਮੁਕਾਬਲੇ ਭਾਰਤ ਨਾਲ ਸਬੰਧਾਂ ਵਿੱਚ ਬਦਲਾਅ ਦਾ ਸੰਕੇਤ ਦਿੱਤਾ ਹੈ।

ਸਾਬਕਾ ਬੈਂਕਰ ਰਹੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੋਮਵਾਰ ਨੂੰ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਨੂੰ 'ਬਹੁਤ ਮਹੱਤਵਪੂਰਨ' ਦੱਸਿਆ ਅਤੇ ਸੰਕੇਤ ਦਿੱਤਾ ਕਿ ਜੇਕਰ ਉਹ ਦੁਬਾਰਾ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਉਹ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨਗੇ।

### ਭਾਰਤ ਬਾਰੇ ਕਾਰਨੀ ਦੇ ਕੀ ਵਿਚਾਰ ਹਨ?

ਚੋਣ ਪ੍ਰਚਾਰ ਮੁਹਿੰਮ ਸਮਾਪਤ ਹੋਣ ਤੋਂ ਪਹਿਲਾਂ ਸ਼ਨਿਚਰਵਾਰ ਨੂੰ ਇੱਕ ਚੋਣ ਰੈਲੀ ਦੌਰਾਨ ਕੈਨੇਡਾ ਦੇ ਇੱਕ ਚੈਨਲ ਵਾਈ ਮੀਡੀਆ ਦੇ ਸਵਾਲ ਦੇ ਜਵਾਬ ਵਿੱਚ ਕਾਰਨੀ ਦਾ ਕਹਿਣਾ ਸੀ, "ਇਹ ਤਾਂ ਸਾਫ਼ ਹੈ ਕਿ ਰਿਸ਼ਤਿਆਂ ਵਿੱਚ ਤਣਾਅ ਹੈ ਪਰ ਇਹ ਸਾਡੀ ਵਜ੍ਹਾ ਨਾਲ ਨਹੀਂ ਹੈ। ਇਕ ਦੂਜੇ ਪ੍ਰਤੀ ਸਨਮਾਨ ਦੇ ਨਾਲ ਅਤੇ ਇਸ ਨੂੰ ਫਿਰ ਤੋਂ ਬਣਾਉਣ ਦਾ ਅੱਗੇ ਦਾ ਰਾਹ ਹੈ।"

ਅਸਲ ਵਿੱਚ ਉਨ੍ਹਾਂ ਤੋਂ ਪੁੱਛਿਆ ਗਿਆ ਸੀ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਭਾਰਤ ਕੈਨੇਡਾ ਦੇ ਰਿਸ਼ਤਿਆਂ ਵਿੱਚ ਸੁਧਾਰ ਲਈ ਉਹ ਕੀ ਕਰਨਗੇ।

ਉਨ੍ਹਾਂ ਕਿਹਾ, "ਭਾਰਤ ਅਤੇ ਕੈਨੇਡਾ ਦਾ ਰਿਸ਼ਤਾ ਕਈ ਪੱਧਰਾਂ 'ਤੇ ਬਹੁਤ ਅਹਿਮ ਹੈ। ਨਿੱਜੀ ਸਬੰਧਾਂ, ਆਰਥਿਕ ਅਤੇ ਰਣਨੀਤਿਕ ਮੋਰਚੇ 'ਤੇ ਵੀ। ਬਹੁਤ ਅਜਿਹੇ ਕੈਨੇਡੀਅਨ ਹਨ, ਜਿਨ੍ਹਾਂ ਦੇ ਭਾਰਤ ਨਾਲ ਬਹੁਤ ਨਿੱਜੀ ਸਬੰਧ ਹਨ। ਮੈਂ ਆਪਣੇ ਅਨੁਭਵ ਨਾਲ ਕਹਿੰਦਾ ਹਾਂ ਕਿ ਇਸ ਸਮੇਂ ਵਿਸ਼ਵ

> **ਭਾਰਤ ਤੇ ਕੈਨੇਡਾ ਦਾ ਰਿਸ਼ਤਾ ਕਈ ਪੱਧਰਾਂ 'ਤੇ ਬਹੁਤ ਅਹਿਮ ਹੈ। ਨਿੱਜੀ ਸਬੰਧਾਂ, ਆਰਥਿਕ ਅਤੇ ਰਣਨੀਤਿਕ ਮੋਰਚੇ 'ਤੇ ਵੀ। ਮੈਂ ਆਪਣੇ ਅਨੁਭਵ ਨਾਲ ਕਹਿੰਦਾ ਹਾਂ ਕਿ ਵਿਸ਼ਵ ਅਰਥਵਿਵਸਥਾ ਜਿਸ ਤਰ੍ਹਾਂ ਨਾਲ ਡਗਮਗਾ ਰਹੀ ਹੈ ਅਤੇ ਨਵਾਂ ਆਕਾਰ ਲੈ ਰਹੀ ਹੈ, ਅਜਿਹੇ ਵਿੱਚ ਭਾਰਤ ਤੇ ਕੈਨੇਡਾ ਵਰਗੇ ਦੇਸ਼ ਵੱਡੀ ਭੂਮਿਕਾ ਨਿਭਾਅ ਸਕਦੇ ਹਨ।**
>
> **ਮਾਰਕ ਕਾਰਨੀ**
> ਕੈਨੇਡਾ ਦੇ ਪ੍ਰਧਾਨ ਮੰਤਰੀ

ਅਰਥਵਿਵਸਥਾ ਜਿਸ ਤਰ੍ਹਾਂ ਨਾਲ ਡਗਮਗਾ ਰਹੀ ਹੈ ਅਤੇ ਨਵਾਂ ਆਕਾਰ ਲੈ ਰਹੀ ਹੈ, ਅਜਿਹੇ ਵਿੱਚ ਭਾਰਤ ਅਤੇ ਕੈਨੇਡਾ ਵਰਗੇ ਦੇਸ਼ ਬਹੁਤ ਵੱਡੀ ਭੂਮਿਕਾ ਨਿਭਾਅ ਸਕਦੇ ਹਨ।"

ਮਾਰਕ ਕਾਰਨੀ ਨੇ ਕਿਹਾ ਕਿ ਵਪਾਰ ਜੰਗ ਤੋਂ ਮੌਕੇ ਵੀ ਪੈਦਾ ਹੋਏ ਹਨ।

"ਮੈਨੂੰ ਲੱਗਦਾ ਹੈ ਕਿ ਮੌਕੇ ਬਣਾਏ ਜਾਣਗੇ ਕਿਉਂਕਿ ਜੋ ਨਕਾਰਾਤਮਕ ਘਟਨਾਵਾਂ ਹੋਈਆਂ ਹਨ, ਖਾਸਕਰ ਵਪਾਰ ਜੰਗ, ਇਹ ਉਨ੍ਹਾਂ ਮੌਕਿਆਂ ਵਿਚੋਂ ਇੱਕ ਹਨ, ਜਿਨ੍ਹਾਂ 'ਤੇ ਜੇ ਮੈਂ ਪ੍ਰਧਾਨ ਮੰਤਰੀ ਬਣਦਾ ਹਾਂ ਤਾਂ ਕੰਮ ਕਰਾਂਗਾ।"

ਇਹ ਬਿਆਨ ਵੋਟਾਂ ਤੋਂ ਠੀਕ ਪਹਿਲਾ ਆਇਆ ਸੀ ਅਤੇ ਇਹ ਇਸ ਮਾਇਨੇ ਵਿੱਚ ਵੀ ਮਹੱਤਵਪੂਰਨ ਸੰਕੇਤ ਹੈ ਕਿ ਕਾਰਨੀ ਦੀ ਸਰਕਾਰ ਦਾ ਭਾਰਤ ਦੇ ਨਾਲ ਰਿਸ਼ਤੇ ਵਿੱਚ ਕੀ ਰੁਖ ਰਹਿਣ ਵਾਲਾ ਹੈ।

### ਭਾਰਤ ਨੂੰ ਲੈ ਕੇ ਕਾਰਨੀ ਦਾ ਰੁਖ਼

ਪਰ ਕਾਰਨੀ ਦਾ ਅਜਿਹਾ ਬਿਆਨ ਪਹਿਲੀ ਵਾਰ ਨਹੀਂ ਆਇਆ ਹੈ। ਬੀਤੇ ਮਾਰਚ ਵਿੱਚ ਜਦੋਂ ਉਹ ਲਿਬਰਲ ਪਾਰਟੀ ਦੇ ਨੇਤਾ ਬਣਨ ਦੀ ਦੌੜ ਵਿੱਚ ਸ਼ਾਮਲ ਸੀ ਤਾਂ ਉਨ੍ਹਾਂ ਨੇ 'ਭਾਰਤ ਦੇ ਨਾਲ ਵਪਾਰਕ ਸਬੰਧਾਂ ਨੂੰ ਸੁਧਾਰਨ' ਦੀ ਗੱਲ ਕਹੀ ਸੀ।



ਮਾਰਕ ਕਾਰਨੀ ਨੇ ਕਿਹਾ, "ਕੈਨੇਡਾ ਦੇ ਕੋਲ ਭਾਰਤ ਦੇ ਨਾਲ ਸਬੰਧਾਂ ਨੂੰ ਫਿਰ ਤੋਂ ਬਣਾਉਣ ਦਾ ਮੌਕਾ ਹੈ। ਉਸ ਵਪਾਰਕ ਸਬੰਧ ਦੇ ਆਲੇ-ਦੁਆਲੇ ਕਦਰਾਂ-ਕੀਮਤਾਂ ਦੀ ਸਾਂਝੀ ਭਾਵਨਾ ਹੋਣੀ ਚਾਹੀਦੀ ਹੈ ਅਤੇ ਜੇਕਰ ਮੈਂ ਪ੍ਰਧਾਨ ਮੰਤਰੀ ਹੁੰਦਾ ਤਾਂ ਮੈਂ ਉਸ ਮੌਕੇ ਦਾ ਬੇਸਬਰੀ ਨਾਲ ਉਡੀਕ ਕਰਾਂਗਾ।"

ਉਨ੍ਹਾਂ ਨੇ ਮਾਰਚ ਵਿੱਚ ਹੀ ਇੱਕ ਜਨਸਭਾ ਦੇ ਦੌਰਾਨ ਕਿਹਾ ਸੀ ਕਿ 'ਕੈਨੇਡਾ ਨੂੰ ਨਵੇਂ ਦੋਸਤਾਂ ਅਤੇ ਸਹਿਯੋਗੀਆਂ ਦੀ ਜ਼ਰੂਰਤ ਹੈ।' ਇਸ ਸਬੰਧੀ ਉਨ੍ਹਾਂ ਨੇ ਭਾਰਤ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਸੀ।

ਮਾਰਕ ਕਾਰਨੀ ਕੈਨੇਡਾ ਵਿੱਚ ਭਾਰਤੀ ਭਾਈਚਾਰੇ ਨਾਲ ਸੰਵਾਦ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ।

ਇਸੇ ਮਹੀਨੇ ਛੇ ਅਪ੍ਰੈਲ ਨੂੰ ਉਨ੍ਹਾਂ ਨੇ ਟੋਰਂਟੋ ਦੇ ਇੱਕ ਹਿੰਦੂ ਮੰਦਰ ਵਿੱਚ ਪਹੁੰਚ ਕੇ ਲੋਕਾਂ ਨੂੰ ਰਾਮ ਨੌਵੀਂ ਦੀ ਵਧਾਈ ਦਿੱਤੀ ਸੀ।

ਓਕਵਿਲ ਈਸਟ ਤੋਂ ਲਿਬਰਲ ਪਾਰਟੀ ਦੀ ਉਮੀਦਵਾਰ ਅਨੀਤਾ ਆਨੰਦ ਨੇ ਇੱਕ ਟਵੀਟ ਵਿੱਚ ਕਿਹਾ ਸੀ ਕਿ ਕਾਰਨੀ ਨੇ ਟੋਰਾਂਟੋ ਵਿੱਚ ਬਾਪਸ ਸਵਾਮੀਨਾਰਾਇਣ ਮੰਦਰ ਦਾ ਦੌਰਾ ਕੀਤਾ ਸੀ।

ਇਸ ਮਹੀਨੇ 14 ਅਪ੍ਰੈਲ ਨੂੰ ਕਾਰਨੀ ਨੇ ਓਟਾਵਾ ਸਿੱਖ ਸੁਸਾਇਟੀ ਦੇ ਗੁਰਦੁਆਰੇ ਜਾ ਕੇ ਵਿਸਾਖੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਸਨ ਅਤੇ ਇਸ ਦੀਆਂ ਤਸਵੀਰਾਂ ਆਪਣੇ ਐਕਸ ਅਕਾਊਂਟ 'ਤੇ ਸਾਂਝਾ ਕੀਤੀਆਂ ਸਨ।

### ਟਰੂਡੋ ਦੇ ਕਾਰਜਕਾਲ ਵਿੱਚ ਭਾਰਤ-ਕੈਨੇਡਾ ਦੇ ਸਬੰਧ

ਜਸਟਿਨ ਟਰੂਡੋ ਦੇ ਕਾਰਜਕਾਲ ਦੇ ਆਖਰੀ ਦੌਰ 'ਚ ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਵਿੱਚ ਬਹੁਤ ਤਣਾਅ ਆ ਗਿਆ ਸੀ।

ਰਿਸ਼ਤਿਆਂ ਵਿੱਚ ਇਸ ਕੁੜੱਤਣ ਦਾ ਕਾਰਨ ਕੈਨੇਡਾ ਵਿੱਚ ਖਾਲਿਸਤਾਨ ਪੱਖੀ ਨੇਤਾ ਹਰਦੀਪ ਸਿੰਘ ਨਿੱਝਰ ਦਾ ਕਤਲ ਸੀ। ਇਸ ਮਾਮਲੇ ਵਿੱਚ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਲਜ਼ਾਮ ਲਗਾਇਆ ਸੀ ਕਿ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦੇ 'ਭਰੋਸੇਯੋਗ ਸਬੂਤ' ਹਨ।

ਭਾਰਤ ਨੇ ਇਨ੍ਹਾਂ ਇਲਜ਼ਾਮਾਂ ਤੋਂ ਇਨਕਾਰ ਕੀਤਾ ਸੀ। ਇਸ ਤੋਂ ਬਾਅਦ ਹੀ ਦੋਵਾਂ ਦੇਸ਼ਾਂ ਦੇ ਸਬੰਧ ਬੱਦ ਤੋਂ ਬਦਤਰ ਹੁੰਦੇ ਗਏ।

ਦੋਵਾਂ ਦੇਸ਼ਾਂ ਨੇ ਇੱਕ ਦੂਜੇ ਦੇ ਕੂਟਨੀਤਿਕਾਂ ਨੂੰ ਦੇਸ਼ ਛੱਡਣ ਲਈ ਵੀ ਕਿਹਾ ਸੀ। ਮੌਜੂਦਾ ਸਮੇਂ ਦੋਵਾਂ ਦੇਸ਼ਾਂ ਦੇ ਸਬੰਧ ਆਪਣੇ ਸਭ ਤੋਂ ਮਾੜੇ ਦੌਰ ਵਿੱਚੋਂ ਗੁਜ਼ਰ ਰਹੇ ਹਨ।

ਜਦੋਂ ਟਰੂਡੋ ਨੇ ਭਾਰਤ 'ਤੇ ਇਲਜ਼ਾਮ ਲਗਾਏ ਸਨ ਤਾਂ ਇਹ ਵੀ ਕਿਹਾ ਜਾ ਰਿਹਾ ਸੀ ਕਿ ਟਰੂਡੋ ਕੈਨੇਡਾ ਵਿੱਚ ਸਿੱਖ ਭਾਈਚਾਰੇ ਦੀਆਂ ਵੋਟਾਂ ਹਾਸਲ ਕਰਨ ਲਈ ਭਾਰਤ ਪ੍ਰਤੀ ਇੰਨਾ ਹਮਲਾਵਰ ਰੁਖ਼ ਦਿਖਾ ਰਹੇ ਹਨ।

ਭਾਰਤ ਸਰਕਾਰ ਲੰਬੇ ਸਮੇਂ ਤੋਂ ਕੈਨੇਡਾ ਨੂੰ ਖਾਲਿਸਤਾਨੀ ਵੱਖਵਾਦੀਆਂ ਵਿਰੁੱਧ ਕਾਰਵਾਈ ਕਰਨ ਲਈ ਕਹਿ ਰਹੀ ਹੈ। ਭਾਰਤ ਦਾ ਮੰਨਣਾ ਹੈ ਕਿ ਟਰੂਡੋ ਸਰਕਾਰ ਆਪਣੀ ਵੋਟ ਬੈਂਕ ਰਾਜਨੀਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਖਾਲਿਸਤਾਨ ਪ੍ਰਤੀ ਨਰਮ ਹੈ। ਵਿਦੇਸ਼ ਮੰਤਰੀ ਐਸ. ਜੈਸ਼ੰਕਰ ਵੀ ਇਹ ਗੱਲ ਕਹਿ ਚੁੱਕੇ ਹਨ।

ਟਰੂਡੋ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਵਾਲਿਆਂ ਦਾ ਇਹ ਵੀ ਕਹਿਣਾ ਸੀ ਕਿ ਟਰੂਡੋ ਨੇ ਪੁਲਿਸ ਦੀ ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਭਾਰਤ 'ਤੇ ਇਲਜ਼ਾਮ ਲਗਾਏ।

ਹੁਣ ਤੱਕ ਟਰੂਡੋ ਦੇ ਮੁਕਾਬਲੇ ਕਾਰਨੀ ਦੇ ਭਾਰਤ ਬਾਰੇ ਵਿਚਾਰ ਕਾਫ਼ੀ ਸਕਾਰਾਤਮਕ ਰਹੇ ਹਨ। ਪਰ ਇਹ ਵੀ ਸੱਚ ਹੈ ਕਿ ਨਿੱਝਰ ਵਰਗੇ ਮਾਮਲਿਆਂ 'ਤੇ ਮਾਰਕ ਕਾਰਨੀ ਦੇ ਰਵੱਈਏ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਹੈ।

ਪਰ ਇੰਨਾ ਸਾਫ਼ ਹੈ ਕਿ ਮਾਰਕ ਕਾਰਨੀ ਭਾਰਤ ਦੇ ਨਾਲ ਸਬੰਧਾਂ ਨੂੰ ਦੁਬਾਰਾ ਪੱਟਰੀ 'ਤੇ ਲਿਆਉਣ ਦੇ ਹਮਾਇਤੀ ਹਨ।

### ਮਾਰਕ ਕਾਰਨੀ ਕੌਣ ਹਨ?

ਮਾਰਕ ਕਾਰਨੀ ਦਾ ਜਨਮ ਉੱਤਰ-ਪੱਛਮੀ ਟੈਰੀਟਰੀਜ਼ ਦੇ ਦੂਰ-ਦੁਰਾਡੇ ਉੱਤਰੀ ਸ਼ਹਿਰ ਫੋਰਟ ਸਮਿੱਟ ਵਿੱਚ ਹੋਇਆ ਸੀ।

ਹਾਲਾਂਕਿ, ਉਨ੍ਹਾਂ ਨੇ ਨਿਊਯਾਰਕ, ਲੰਡਨ ਅਤੇ ਟੋਕੀਓ ਵਰਗੀਆਂ ਥਾਵਾਂ 'ਤੇ ਗੋਲਡਮੈਨ ਸੈਕਸ ਲਈ ਕੰਮ ਕਰਦੇ ਹੋਏ ਦੁਨੀਆਂ ਭਰ ਦੀ ਯਾਤਰਾ ਕੀਤੀ ਹੈ।

ਉਨ੍ਹਾਂ ਦੇ ਪਿਤਾ ਇੱਕ ਹਾਈ ਸਕੂਲ ਦੇ ਪ੍ਰਿੰਸੀਪਲ ਸਨ ਅਤੇ ਕਾਰਨੀ ਆਪ ਸਕਾਲਰਸ਼ਿਪ 'ਤੇ ਹਾਰਵਰਡ ਯੂਨੀਵਰਸਿਟੀ ਪੜ੍ਹਨ ਗਏ ਸਨ ਜਿੱਥੇ ਉਨ੍ਹਾਂ ਨੇ ਆਈਸ ਹਾਕੀ ਵੀ ਖੇਡੀ।

ਸਾਲ 1995 ਵਿੱਚ ਉਨ੍ਹਾਂ ਨੇ ਆਕਸਫੋਰਡ ਯੂਨੀਵਰਸਿਟੀ ਤੋਂ ਅਰਥਸ਼ਾਸਤਰ ਵਿੱਚ ਪੀਐੱਚਡੀ ਦੀ ਡਿਗਰੀ ਪ੍ਰਾਪਤ ਕੀਤੀ।

2003 ਵਿੱਚ, ਉਨ੍ਹਾਂ ਨੇ ਬੈਂਕ ਆਫ਼ ਕੈਨੇਡਾ ਵਿੱਚ ਡਿਪਟੀ ਗਵਰਨਰ ਵਜੋਂ ਸ਼ਾਮਲ ਹੋਣ ਲਈ ਨਿੱਜੀ ਖੇਤਰ ਛੱਡ ਦਿੱਤਾ ਅਤੇ ਫਿਰ ਵਿੱਤ ਵਿਭਾਗ ਵਿੱਚ ਇੱਕ ਸੀਨੀਅਰ ਐਸੋਸੀਏਟ ਡਿਪਟੀ ਮੰਤਰੀ ਵਜੋਂ ਕੰਮ ਕੀਤਾ।

ਮਾਰਕ ਕਾਰਨੀ ਬੈਂਕ ਆਫ਼ ਇੰਗਲੈਂਡ ਦੇ ਸਾਬਕਾ ਮੁਖੀ ਹਨ।

ਮਾਰਕ ਕਾਰਨੀ 2013 ਵਿੱਚ ਬੈਂਕ ਆਫ਼ ਇੰਗਲੈਂਡ ਦੇ ਗਵਰਨਰ ਬਣੇ ਸਨ ਅਤੇ ਇਸ ਦੇ 300 ਸਾਲ ਤੋਂ ਵੱਧ ਦੇ ਇਤਿਹਾਸ ਵਿੱਚ ਉਹ ਪਹਿਲੇ ਗੈਰ-ਬ੍ਰਿਟਿਸ਼ ਵਿਅਕਤੀ ਸਨ ਜਿਸ ਨੇ ਇਹ ਅਹੁਦਾ ਸੰਭਾਲਿਆ ਸੀ।

ਵਿੰਡਸਰ ਵੈਸਟ ਤੋਂ ਕੰਜਰਵੇਟਿਵ ਉਮੀਦਵਾਰ ਹਰਬ ਗਿੱਲ ਜੇਤੂ ਰਹੇ



ਐਡਮਿੰਟਨ ਸਾਊਥ ਈਸਟ ਤੋਂ ਕੰਜਰਵੇਟਿਵ ਉਮੀਦਵਾਰ ਜਗਸ਼ਰਨ ਸਿੰਘ ਮਾਹਲ ਜੇਤੂ ਰਹੇ



ਐਬਸਟਫੋਰਡ ਲੈਂਗਲੀ ਤੋਂ ਕੰਜਰਵੇਟਿਵ ਉਮੀਦਵਾਰ ਸੁਖਮਨ ਗਿੱਲ ਜੇਤੂ ਰਹੇ




ਓਕਵਿਲ ਈਸਟ ਤੋਂ ਲਿਬਰਲ ਅਨੀਤਾ ਆਨੰਦ ਜਿੱਤੇ


ਵਾਟਰਲੂ ਤੋਂ ਲਿਬਰਲ ਉਮੀਦਵਾਰ ਬਰਦੀਸ਼ ਚੱਗਰ ਜਿੱਤੇ


ਡੋਰਵਲ ਲਾਚੀਨ ਤੋਂ ਲਿਬਰਲ ਉਮੀਦਵਾਰ ਅੰਜੂ ਢਿੱਲੋਂ ਜਿੱਤੇ


ਸਰੀ ਨਿਊਟਨ ਤੋਂ ਲਿਬਰਲ ਉਮੀਦਵਾਰ ਸੁੱਖ ਧਾਲੀਵਾਲ ਜੇਤੂ ਰਹੇ


ਸਰੀ ਸੈਂਟਰ ਤੋਂ ਲਿਬਰਲ ਉਮੀਦਵਾਰ ਰਣਦੀਪ ਸਰਾਏ ਜੇਤੂ ਰਹੇ


ਫਲੀਟਵੁੱਡ ਪੋਰਟ ਕੈਲਸ ਤੋਂ ਲਿਬਰਲ ਉਮੀਦਵਾਰ ਗੁਰਬਖ਼ਸ਼ ਸੈਣੀ ਜੇਤੂ ਰਹੇ

ਪੰਜਾਬੀ


ਆਕਸਫੋਰਡ ਤੋਂ ਕੰਜਰਵੇਟਿਵ ਉਮੀਦਵਾਰ ਅਰਪਣ ਖੰਨਾ ਜੇਤੂ ਰਹੇ


ਕੈਲਗਰੀ ਸਕਾਈਵੀਊ ਤੋਂ ਕੰਜਰਵੇਟਿਵ ਉਮੀਦਵਾਰ ਅਮਨਪ੍ਰੀਤ ਸਿੰਘ ਗਿੱਲ ਜੇਤੂ ਰਹੇ


ਐਡਮਿੰਟਨ ਗੇਟਵੇ ਤੋਂ ਕੰਜਰਵੇਟਿਵ ਉਮੀਦਵਾਰ ਟਿੰਮ ਉਪਲ ਜੇਤੂ ਰਹੇ


ਕੈਲਗਰੀ ਮੈਕਾਨਾਈਟ ਤੋਂ ਕੰਜਰਵੇਟਿਵ ਉਮੀਦਵਾਰ ਦਲਵਿੰਦਰ ਗਿੱਲ ਜੇਤੂ ਰਹੇ


ਕੈਲਗਰੀ ਈਸਟ ਤੋਂ ਕੰਜਰਵੇਟਿਵ ਉਮੀਦਵਾਰ ਜਸਰਾਜ ਹੱਲਣ ਜੇਤੂ ਰਹੇ


ਰਿਚਮੰਡ ਈਸਟ ਸਟੀਵਨਸਟਨ ਤੋਂ ਲਿਬਰਲ ਉਮੀਦਵਾਰ ਪਰਮ ਬੈਂਸ ਜੇਤੂ ਰਹੇ

# ਮਾਈ ਭਾਗੋ ਸੰਸਥਾ ਰੱਲਾ ਵਿਖੇ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ



ਜੋਗਾ, 30 ਅਪ੍ਰੈਲ (ਵਿਰੋਦਰਪਾਲ ਮੰਤਰੋ):ਮਾਈ ਭਾਗੋ ਸੰਸਥਾ ਰੱਲਾ ਵਿਖੇ ਕੋਆਰਡੀਨੇਟਰ ਸੁਭਾਸ਼ ਚੰਦਰ ਦੀ ਰਹਿਨੁਮਾਈ ਹੇਠ ਡਿਗਰੀ ਅਤੇ ਐਜੂਕੇਸ਼ਨ ਕਾਲਜ ਰੱਲਾ ਵੱਲੋਂ ਫਾਈਨਲ ਕਲਾਸਾਂ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਵਿਦਾਇਗੀ ਪਾਰਟੀ ਦੌਰਾਨ ਬੀ.ਐਡ. ਅਤੇ ਡਿਗਰੀ ਕਾਲਜ ਦੇ ਵਿਦਿਆਰਥੀਆਂ ਵੱਲੋਂ ਵੱਖ ਵੱਖ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ। ਵਿਦਿਆਰਥੀਆਂ ਦੁਆਰਾ ਗੀਤ-ਸੰਗੀਤ ਅਤੇ ਭੰਗੜੇ ਤੋਂ ਇਲਾਵਾ ਮਾਡਲਿੰਗ ਆਦਿ ਦੀ ਵਿਲੱਖਣ ਪੇਸ਼ਕਾਰੀ ਕੀਤੀ ਵਿਦਾਇਗੀ ਪਾਰਟੀ ਦੌਰਾਨ ਵਿਸ਼ੇਸ਼ ਤੌਰ ਤੇ ਪੰਜਾਬੀ ਫਿਲਮ ਗੀਤਾਂ ਨਾਲ ਪ੍ਰੀਤਾਂ ਦੀ ਸਮੁੱਚੀ ਟੀਮ ਨੂੰ ਵਿਦਿਆਰਥੀਆਂ ਨਾਲ ਰੂਬ-ਰੂ ਕਰਵਾਇਆ ਗਿਆ । ਇਸ ਮੌਕੇ ਫਿਲਮ ਦੇ ਪ੍ਰੋਡਿਊਸਰ, ਲੇਖਕ ਤੇ ਨਿਰਮਾਤਾ ਡਾ. ਪ੍ਰਭਸ਼ਰਨ ਕੌਰ ਸਿੱਧੂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਉਹਨਾਂ ਨਾਲ ਫਿਲਮ ਦੀ ਪੂਰੀ ਟੀਮ ਪ੍ਰਿੰਸੀਪਲ ਜਸਪਾਲ ਸਿੰਘ, ਪਾਲ ਸਿੰਘ ਸਮਾਂਓ, ਮਨਦੀਪ ਸਿੰਘ, ਮਨਪ੍ਰੀਤ ਕੌਰ, ਅਮਨਦੀਪ ਕੌਰ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਪ੍ਰਭਸ਼ਰਨ ਕੌਰ ਸਿੱਧੂ ਫਿਲਮ ਬਾਰੇ ਚਰਚਾ ਕਰਦਿਆਂ ਫਿਲਮ ਵਿੱਚ ਪੁਰਾਣੇ ਪੰਜਾਬ ਦੇ ਰੀਤੀ ਰਿਵਾਜਾਂ ਦੀ ਜਿਉਂਦੇ ਜਾਗਦੀ ਤਸਵੀਰ ਪੇਸ਼ ਕੀਤੀ ਗਈ ਹੈ, ਉਹਨਾਂ ਕਿਹਾ ਕਿ ਫਿਲਮ ਵਿੱਚ ਦਿਖਾਇਆਂ ਗਈਆਂ 65 ਗੀਤਾਂ ਜੋ ਪੰਜਾਬੀ ਵਿਰਾਸਤ ਦਾ ਮੂਲ ਹਨ ਦਾ ਵਿਲੱਖਣ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਇਸ ਮੌਕੇ ਐਜੂਕੇਸ਼ਨ ਕਾਲਜ ਦੇ ਟੈੱਟ ਪਾਸ ਵਿਦਿਆਰਥੀਆਂ ਨੂੰ ਸਮੂਹ ਮੈਨੇਜਮੈਂਟ ਅਤੇ ਪੂਰੀ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਸਹਾਇਕ ਪ੍ਰੋਫੈਸਰ ਹਰਪ੍ਰੀਤ ਸਿੰਘ ਨੂੰ ਕਾਲਜ ਵਿਖੇ ਬਿਹਤਰੀਨ ਸੇਵਾਵਾਂ ਨਿਭਾਉਣ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ ਬਲਵਿੰਦਰ ਸਿੰਘ ਬਰਾੜ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਇਸ ਫਿਲਮ ਨੂੰ ਪਰਿਵਾਰ ਸਮੇਤ ਦੇਖਣ ਦਾ ਸੁਨੇਹਾ ਦਿੱਤਾ। ਵਿਦਾਇਗੀ ਪਾਰਟੀ ਦੀ ਸਮਾਪਤੀ ਮੌਕੇ ਸੀਨੀਅਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਵਿਦਿਆਰਥੀ ਯਾਦਵਿੰਦਰ ਸਿੰਘ ਨੂੰ ਨਾਨਕ ਨਾਮ ਜਹਾਜ਼ ਫਿਲਮ ਵਿੱਚ ਰੋਲ ਨਿਭਾਅ ਕੇ ਸੰਸਥਾ ਦਾ ਨਾਮ ਰੌਸ਼ਨ ਕਰਨ ਲਈ ਸਨਮਾਨਿਤ ਕੀਤਾ ਗਿਆ। ਵਿਦਾਇਗੀ ਪਾਰਟੀ ਦੀ ਸਮਾਪਤੀ ਮੌਕੇ ਐਜੂਕੇਸ਼ਨ ਕਾਲਜ ਦੀ ਵਿਦਿਆਰਥਣ ਸਿਮਰਜੀਤ ਕੌਰ ਅਤੇ ਡਿਗਰੀ ਕਾਲਜ ਦੀ ਵਿਦਿਆਰਥਣ ਸਬੀਨਾ ਨੂੰ ਮਿਸ ਫੇਅਰਵੈੱਲ ਚੁਣਿਆ ਗਿਆ। ਇਸ ਮੌਕੇ ਸੰਸਥਾਂ ਦੇ ਚੇਅਰਮੈਨ ਡਾ ਬਲਵਿੰਦਰ ਸਿੰਘ ਬਰਾੜ, ਮੈਨੇਜਿੰਗ ਡਾਇਰੈਕਟਰ ਸ੍ਰ ਕੁਲਦੀਪ ਸਿੰਘ ਖਿਆਲਾ, ਸਕੱਤਰ ਸ੍ਰ ਮਨਜੀਤ ਸਿੰਘ ਖਿਆਲਾ ਅਤੇ ਆਫਿਸ ਐਡਮਨਿਸਟ੍ਰੇਟਰ ਮੈਡਮ ਲਵਪ੍ਰੀਤ ਕੌਰ ਨੇ ਵਿਦਾਇਗੀ ਲੈ ਰਹੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਮੂਹ ਅਧਿਆਪਕ ਅਤੇ ਵਿਦਿਆਰਥੀ ਸ਼ਾਮਿਲ ਸਨ।

# ਪਰਲਜ਼ ਸਮੇਤ ਹੋਰ ਚਿੱਟਫੰਡ ਕੰਪਨੀਆਂ ਤੋਂ ਪੀੜ੍ਹਤ ਲੋਕਾਂ ਨਾਲ ਸਰਕਾਰ ਵੱਲੋਂ ਕੀਤੇ ਵਾਅਦੇ ਖੋਖਲੇ ਹੀ ਨਿਕਲੇ : ਚੇਅਰਮੈਨ ਗੁਰਭੇਜ ਸਿੰਘ ਸੰਧੂ

ਬਾਜਾਖਾਨਾ, 30 ਅਪ੍ਰੈਲ (ਅਵਤਾਰ ਸਿੰਘ ਮੱਲਾ): ਪਰਲਜ਼ ਸਮੇਤ ਅਨੇਕਾਂ ਹੋਰ ਚਿੱਟਫੰਡ ਕੰਪਨੀ ਜਿੰਨਾ ਨੂੰ ਪੰਜਾਬ ਅਤੇ ਕੇਂਦਰ ਦੀ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸੀ ਨੇ ਪੰਜਾਬ ਦੇ ਤਕਰੀਬਨ 40-45 ਲੱਖ ਲੋਕਾਂ ਨੂੰ ਠੱਗਿਆ, ਜਿਸਦੀ ਅੰਦਾਜ਼ਨ ਰਾਸ਼ੀ 20 ਹਜਾਰ ਕਰੋੜ ਬਣਦੀ ਹੈ।ਇਹਨਾਂ ਲੋਕਾਂ ਨਾਲ ਆਮ ਆਦਮੀ ਪਾਰਟੀ ਦੇ ਮੁਖੀਆ ਸ੍ਰ ਭਗਵੰਤ ਸਿੰਘ ਮਾਨ ਨੇ ਚੋਣਾਂ ਤੋਂ ਪਹਿਲਾ ਵਾਅਦਾ ਕੀਤਾ ਸੀ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੀ ਹੈ, ਤਾ ਕੰਪਨੀਆਂ ਵੱਲੋਂ ਠੱਗਿਆ ਇਕ ਇਕ ਪੈਸਾ ਵਿਆਜ ਸਮੇਤ ਵਾਪਿਸ ਕਰਵਾਵਾਂਗੇ ।ਪਰ ਇਕ ਸਾਲ ਬੀਤ ਜਾਣ ਤੋਂ ਬਾਅਦ ਕੀਤੇ ਵਾਅਦੇ ਖੋਖਲੇ ਹੀ ਨਿਕਲੇ ।ਉਪਰੋਕਤ ਬਿਆਨ ਪੀੜ੍ਹਤ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਲੜ ਰਹੀ ਜਥੇਬੰਦੀ ਇਨਸਾਫ ਦੀ ਲਹਿਰ ਖਾਤੇਦਾਰ ਯੂਨੀਅਨ ਪੰਜਾਬ ਦੇ ਚੇਅਰਮੈਨ ਸ੍ਰ ਗੁਰਭੇਜ ਸਿੰਘ ਸੰਧੂ ਨੇ ਅੱਜ ਇੱਥੇ ਚੋਣਵੇਂ ਪੱਤਰਕਾਰਾਂ ਨਾਲ ਰਸਮੀ ਗੱਲਬਾਤ ਕਰਦਿਆਂ ਕਹੇ । ਚੇਅਰਮੈਨ ਸ੍ਰੀ ਸੰਧੂ ਨੇ ਦੱਸਿਆ ਕਿ ਮੁਖ ਮੰਤਰੀ ਸ੍ਰੀ ਭਗਵੰਤ ਮਾਨ ਜੀ ਨਾਲ ਸਰਕਾਰ ਬਣਨ ਤੋਂ ਬਾਅਦ ਇਸ ਮਸਲੇ ਤੇ ਤਿੰਨ ਮੀਟਿੰਗਾਂ ਹੋਣ ਤੇ ਮਾਨ ਸਾਹਿਬ ਨੇ ਆਪਣੇ ਬਿਆਨ ਰਾਹੀਂ ਕਿਹਾ ਸੀ ਕਿ ਆਉਣ ਵਾਲੇ 15-20 ਦਿਨਾਂ ਤੱਕ ਪੀੜ੍ਹਤ ਲੋਕਾਂ ਦਾ ਮਸਲਾ ਕੰਪਨੀ ਦੀ ਜਾਇਦਾਦ ਵੇਚ ਕੇ ਹੱਲ ਕਰ ਦਿੱਤਾ ਜਾਵੇਗਾ ਪਰ ਅਫਸੋਸ ਜਾਇਦਾਦ ਦਾ ਸਾਰਾ ਵੇਰਵਾ ਦੇ ਦਿੱਤੇ ਜਾਣ ਦੇ ਬਾਵਜੂਦ ਵੀ ਸਰਕਾਰ ਵੱਲੋਂ ਕੋਈ ਸਾਰਥਿਕ ਕਦਮ ਨਹੀਂ ਚੁੱਕਿਆ ਗਿਆ ।ਇਸੇ ਸਮੇ ਜਥੇਬੰਦੀ ਦੇ ਚੇਅਰਮੈਨ ਨੇ ਪੀੜ੍ਹਤ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਹੁਣ ਵਿਧਾਨ ਸਭਾ



ਚੋਣਾਂ 2027 ਆਉਣ ਵਾਲਿਆਂ ਹਨ ਪਰ ਕੋਈ ਵੀ ਸਰਕਾਰ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂ ਸਾਡੇ ਮਸਲੇ ਤੇ ਆਪਣਾ ਮੂੰਹ ਖੋਲਣ ਨੂੰ ਤਿਆਰ ਨਹੀਂ ,ਸੋ ਆਪਣੇ ਹੱਕ ਲੈਣ ਲਈ ਸੰਘਰਸ਼ ਦੇ ਮੈਦਾਨ ਵਿਚ ਕੁੱਦਣਾ ਪਵੇਗਾ ਆਪਣਾ ਪੈਸਾ ਵਾਪਿਸ ਲੈਣ ਲਈ ਕਿਸੇ ਵੀ ਸਰਕਾਰ ਤੋਂ ਇਹ ਨਾ ਝਾਕ ਕਰੋ ਕਿ ਇਹ ਤੁਹਾਨੂੰ ਤੁਹਾਡੇ ਹੱਕ ਕਟੋਰੀ ਵਿਚ ਪਰੋਸ ਕੇ ਦੇਣਗੇ ।

# ਅਕੈਡੀਆ ਵਰਲਡ ਸਕੂਲ ਵਿੱਚ ਕਰਵਾਇਆ ਗਿਆ ਕਹਾਣੀ ਉਚਾਰਨ ਮੁਕਾਬਲਾ



ਸੁਨਾਮ ਊਧਮ ਸਿੰਘ ਵਾਲਾ, 30 ਅਪ੍ਰੈਲ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ):ਸਥਾਨਕ ਅਕੈਡੀਆ ਵਰਲਡ ਸਕੂਲ ਵਿਖੇ ਹੋਏ ਕਹਾਣੀ ਮੁਕਾਬਲੇ 'ਚ ਵਿਦਿਆਰਥੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਹ ਮੁਕਾਬਲਾ ਪਹਿਲੀ ਐਸਟਰ ਅਤੇ ਲਾਈਲੈਕ ਦੇ ਵਿਦਿਆਰਥੀਆਂ ਵਿਚਕਾਰ ਹੋਇਆ। ਵਿਦਿਆਰਥੀਆਂ ਨੇ ਕਹਾਣੀ ਮੁਕਾਬਲੇ ਚ ਬੜੇ ਉਤਸ਼ਾਹ ਤੇ ਆਤਮ ਵਿਸ਼ਵਾਸ ਨਾਲ ਆਪਣੇ ਹੁਨਰ ਦਾ ਪ੍ਰਗਟਾਵਾ ਕੀਤਾ ਅਤੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਕਹਾਣੀਆਂ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤੀਆਂ।ਬੱਚਿਆਂ ਨੇ ਵੱਖ-ਵੱਖ ਤਰੀਕੇ ਦੇ ਪਹਿਰਾਵੇ ਦੀ ਵਰਤੋਂ ਕਰਕੇ ਕਹਾਣੀਆਂ ਨੂੰ ਰੋਮਾਂਚਕ ਬਣਾਇਆ। ਇਸ ਮੁਕਾਬਲੇ ਚੋਂ ਪਹਿਲੀ ਐਸਟਰ ਕਲਾਸ ਦੀ ਵਿਦਿਆਰਥਣ ਮਹਿਤਾਬ ਕੌਰ ਨੇ ਪਹਿਲਾ, ਅਵਨੀਤ ਕੌਰ ਨੇ ਦੂਜਾ ਤੇ ਹੈਵਿਸ਼ਨੂਰ ਸਿੰਘ ਅਤੇ ਭਵਮੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਇਸ ਮੁਕਾਬਲੇ ਦੀ ਜੱਜਮੈਂਟ ਪੰਜਾਬੀ ਵਿਭਾਗ ਦੇ ਐਚ.ਓ.ਡੀ ਗੁਰਪ੍ਰੀਤ ਕੌਰ ਦੁਆਰਾ ਕੀਤੀ ਗਈ।ਪ੍ਰਿੰਸੀਪਲ ਮੈਡਮ ਰਣਜੀਤ ਕੌਰ ਜੀ ਨੇ ਵਿਦਿਆਰਥੀਆਂ ਦੀ ਮਿਹਨਤ ਤੇ ਕਾਰਗੁਜ਼ਾਰੀ ਲਈ ਉਨ੍ਹਾਂ ਦੀ ਹੌਸਲਾ ਅਫ਼ਜਾਈ ਕੀਤੀ ਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਵੱਖ-ਵੱਖ ਸਰਗਰਮੀਆਂ ਕਰਵਾ ਕੇ ਬੱਚਿਆਂ ਦੇ ਹੁਨਰ ਨੂੰ ਹੋਰ ਨਿਖਾਰਨ ਦੇ ਉਪਰਾਲੇ ਕਰਦੇ ਰਹਿੰਦੇ ਹਨ ਤਾਂ ਜੋ ਬੱਚਿਆਂ ਨੂੰ ਭਵਿੱਖ ਵਿੱਚ ਆਤਮ-ਵਿਸ਼ਵਾਸ ਨਾਲ ਗੁਜ਼ਰਨ ਯੋਗ ਬਣਾਇਆ ਜਾ ਸਕੇ।ਇਸ ਮੌਕੇ ਮੈਡਮ ਬਲਦੀਪ ਕੌਰ, ਰੁਪਿੰਦਰ ਕੌਰ ਅਤੇ ਸਿਮਰਨਜੀਤ ਕੌਰ ਵੀ ਮੌਜੂਦ ਸਨ।

# ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਚੜ੍ਹਾਇਆ ਸ੍ਰੀ ਬਾਲਾ ਜੀ ਮਹਾਰਾਜ ਦਾ ਝੰਡਾ



ਸੰਗਰੂਰ, 30 ਅਪ੍ਰੈਲ (ਹਰਕੰਵਲ ਸਿੰਘ ਹੈਪੀ): ਸ੍ਰੀ ਗਣਪਤੀ ਬਾਲਾ ਜੀ ਸੇਵਾ ਸੰਘ, ਸੰਗਰੂਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਬਾਲਾ ਜੀ ਮਹਾਰਾਜ ਅਤੇ ਖਾਟੂ ਸ਼ਯਾਮ ਜੀ ਦਾ 9ਵਾਂ ਵਿਸ਼ਾਲ ਮਹਾਂ ਉਤਸਵ ਸਮਾਗਮ ਮਿਤੀ 3 ਮਈ ਦਿਨ ਸ਼ਨੀਵਾਰ ਨੂੰ ਮੰਦਰ ਸ੍ਰੀ ਮਹਾਂ ਕਾਲੀ ਦੇਵੀ ਜੀ ਪਟਿਆਲਾ ਗੇਟ ਸੰਗਰੂਰ ਵਿਖੇ ਬੜੀ ਹੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਦੇ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਗੁਣਗਾਨ ਕਰਤਾ ਘਣਈਆਂ ਮਿੱਤਲ ਵੱਲੋਂ ਆਪਣੇ ਭਜਨਾ ਰਾਹੀਂ ਭਗਤਾਂ ਨੂੰ ਨਿਹਾਲ ਕੀਤਾ ਜਾਵੇਗਾ।ਇਸ ਮਹਾਂ ਉਤਸਵ ਦੀਆਂ ਤਿਆਰੀਆਂ ਦੀ ਸ਼ੁਰੂਆਤ ਬੀਤੇ ਦਿਨੀਂ ਇੱਕ ਵਿਸ਼ਾਲ ਸ਼ੋਭਾ ਯਾਤਰਾ ਦੇ ਰੂਪ ਵਿੱਚ ਕੀਤੀ ਗਈ ਜੋ ਕਿ ਮਾਤਾ ਮੰਗਲਾ ਦੇਵੀ ਮੰਦਰ ਤੋਂ ਚੱਲ ਕੇ ਸ਼ਹਿਰ ਦੇ ਵੱਖ ਵੱਖ ਬਜਾਰਾਂ ਵਿੱਚੋਂ ਦੀ ਹੁੰਦੀ ਹੋਈ ਮੰਦਰ ਸ੍ਰੀ ਮਹਾਂ ਕਾਲੀ ਦੇਵੀ ਜੀ ਵਿਖੇ ਪਹੁੰਚ ਕੇ ਸਮਾਪਤ ਹੋਈ।ਇਸ ਦੌਰਾਨ ਪੰਜਾਬ ਇੰਡੋਟੈਕ ਅਤੇ ਭਾਈ ਗੁਰਦਾਸ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਵੱਲੋਂ ਸ੍ਰੀ ਬਾਲਾ ਜੀ ਮਹਾਰਾਜ ਦਾ ਝੰਡਾ ਮੰਦਰ ਸ੍ਰੀ ਮਹਾਂ ਕਾਲੀ ਦੇਵੀ ਜੀ ਵਿਖੇ ਚੜ੍ਹਾਇਆ ਗਿਆ। ਇਸ ਮੌਕੇ ਡਾ. ਜਵੰਧਾ ਨੇ ਕਿਹਾ ਕਿ ਸਾਰੇ ਧਰਮ ਸਾਨੂੰ ਸਦਾ ਏਕਤਾ, ਪਿਆਰ ਅਤੇ ਭਾਈਚਾਰੇ ਦਾ ਪਾਠ ਪੜਾਉਂਦੇ ਹਨ ਤੇ ਇਸ ਲਈ ਅਜਿਹੇ ਸਮਾਗਮ ਸਾਡੇ ਸਮਾਜ ਵਿੱਚ ਸਦਭਾਵਨਾ ਅਤੇ ਧਾਰਮਿਕ ਜਾਗਰੂਕਤਾ ਨੂੰ ਵਧਾਉਂਦੇ ਹਨ ਤੇ ਇਹ ਸਾਡੀ ਸਭਿਆਚਾਰਿਕ ਵਿਰਾਸਤ ਨੂੰ ਅੱਗੇ ਵਧਾਉਣ ਵਾਲੇ ਪਲ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੀ ਸੰਗਰੂਰ 'ਚ ਧਾਰਮਿਕ ਸਮਰਸਤਾ, ਸੁੱਖ-ਸ਼ਾਂਤੀ ਅਤੇ ਤਰੱਕੀ ਨੂੰ ਪ੍ਰਾਥਮਿਕਤਾ ਦਿੱਤੀ ਜਾ ਰਹੀ ਹੈ। ਇਸ ਮੌਕੇ ਜਵੰਧਾ ਨੇ ਸਮੂਹ ਨਗਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ 3 ਮਈ ਨੂੰ ਹੋਣ ਵਾਲੇ ਮਹਾਂ ਉਤਸਵ ਵਿੱਚ ਵਧ-ਚੜ੍ਹ ਕੇ ਭਾਗ ਲੈਣ ਅਤੇ ਇਹ ਦਰਸਾਉਣ ਕਿ ਪੰਜਾਬ ਦੀ ਧਰਤੀ ਹਮੇਸ਼ਾ ਭਾਈਚਾਰਕ ਸਾਂਝ, ਭਗਤੀ ਅਤੇ ਏਕਤਾ ਦੀ ਨਿਸ਼ਾਨੀ ਰਹੀ ਹੈ।ਇਸ ਮੌਕੇ ਸ੍ਰੀ ਗਣਪਤੀ ਬਾਲਾ ਜੀ ਸੇਵਾ ਸੰਘ ਵੱਲੋਂ ਸਮੂਹ ਭਗਤਾਂ, ਇਲਾਕਾ ਨਿਵਾਸੀਆਂ ਅਤੇ ਧਾਰਮਿਕ ਅਸਥਾਵਾਂ ਵਾਲੇ ਲੋਕਾਂ ਨੂੰ ਇਸ ਵਿਸ਼ਾਲ ਮਹਾਂ ਉਤਸਵ ਵਿੱਚ ਹਾਜ਼ਰੀ ਭਰਨ ਦੀ ਸ਼ਾਲੀਨ ਅਪੀਲ ਕੀਤੀ ਗਈ।

# ਜ਼ਿਲ੍ਹਾ ਕੋਰਟ ਕੰਪਲੈਕਸ ਸੰਗਰੂਰ, ਮਲੇਰਕੋਟਲਾ ਅਤੇ ਸਬ ਤਹਿਸੀਲ ਕੋਰਟ ਕੰਪਲੈਕਸ ਧੂਰੀ, ਸੁਨਾਮ ਅਤੇ ਮੂਨਕ ਵਿਖੇ ਕੌਮੀ ਲੋਕ ਅਦਾਲਤ ਦਾ ਆਯੋਜਨ 10 ਮਈ ਨੂੰ

ਖਨੌਰੀ 30 ਅਪ੍ਰੈਲ (ਓਮਪ੍ਰਕਾਸ਼ ਮੁਆਲ) : ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ (ਨਾਲਸਾ), ਨਵੀਂ ਦਿੱਲੀ ਦੀਆਂ ਹਦਾਇਤਾ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਸ੍ਰੀ ਦੀਪਕ ਸਿੱਬਲ, ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਜੀਆਂ ਦੀ ਰਹਿਨੁਮਾਈ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਮਾਨਯੋਗ ਚੇਅਰਮੈਨ ਸ੍ਰੀ ਮੁਨੀਸ਼ ਸਿੰਗਲ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਜੀ ਦੀ ਅਗਵਾਈ ਹੇਠ ਜ਼ਿਲ੍ਹਾ ਕੋਰਟ ਕੰਪਲੈਕਸ ਸੰਗਰੂਰ ਅਤੇ ਮਲੇਰਕੋਟਲਾ ਅਤੇ ਸਬ ਤਹਿਸੀਲ ਕੋਰਟ ਕੰਪਲੈਕਸ ਧੂਰੀ, ਸੁਨਾਮ ਅਤੇ ਮੂਨਕ ਵਿਖੇ ਮਿਤੀ 10 ਮਈ ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਸਕੱਤਰ ਮੈਡਮ ਦਲਜੀਤ ਕੌਰ, ਸਿਵਲ ਜੱਜ (ਸੀਨੀਅਰ ਡਵੀਜ਼ਨ)/ ਸੀ.ਜੇ.ਐਮ. ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਮਾਨਯੋਗ ਅਦਾਲਤਾਂ ਵਿੱਚ ਪੈਂਡਿੰਗ ਕਰੀਮੀਨਲ ਕੰਪਾਉਂਡੇਬਲ ਕੇਸ, ਬੈਂਕ ਰਿਕਵਰੀ ਕੇਸ, ਐਮ.ਏ.ਸੀ.ਟੀ. ਕੇਸ, ਮੈਟਰੀਮੋਨੀਅਲ, ਲੇਬਰ ਦੇ ਝਗੜੇ, ਲੈਂਡ, ਬਿਜਲੀ ਅਤੇ ਪਾਣੀ ਦੇ ਬਿੱਲਾਂ, ਪੇਅ ਅਲਾਊਂਸ, ਰੈਵਨਿਊ ਕੇਸ (ਜ਼ਿਲ੍ਹਾ ਅਤੇ ਹਾਈਕੋਰਟ ਕਚਹਿਰੀਆਂ ਵਿੱਚ ਪੈਂਡਿੰਗ) ਆਦਿ ਕੇਸ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਪ੍ਰੀ ਲਿਟੀਗੇਸ਼ਨ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਝਗੜੇ, ਬਿਜਲੀ ਅਤੇ ਪਾਣੀ ਦੇ ਬਿੱਲ ਅਤੇ ਹੋਰ ਆਦਿ ਕੇਸ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਆਪਣੇ ਉਕਤ ਵਿਸ਼ਿਆਂ ਨਾਲ ਸਬੰਧਤ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਚਾਹੁੰਦੇ ਹਨ ਉਹ ਸਬੰਧਤ ਮਾਨਯੋਗ ਅਦਾਲਤ ਵਿੱਚ ਜਿੱਥੇ ਉਨ੍ਹਾਂ ਦਾ ਕੇਸ ਚਲਦਾ ਹੈ, ਆਪਣੀ ਅਰਜ਼ੀ ਦੇ ਸਕਦੇ ਹਨ ਜਾਂ ਨਵੇਂ ਮਾਮਲਿਆਂ ਦਾ ਨਿਪਟਾਰਾ ਲੋਕ ਅਦਾਲਤ ਰਾਹੀਂ ਕਰਵਾਉਣ ਲਈ ਸਬੰਧਤ ਕਾਨੂੰਨੀ ਸੇਵਾਵਾਂ ਅਥਾਰਟੀ/ਕਮੇਟੀ ਦੇ ਦਫ਼ਤਰ ਵਿੱਚ ਆਪਣੀ ਅਰਜ਼ੀ ਦੇ ਸਕਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਵੱਧ ਤੋਂ ਵੱਧ ਲੋਕ ਇਸ ਕੌਮੀ ਲੋਕ ਅਦਾਲਤ ਵਿੱਚ ਆਪਣੇ ਸਬੰਧਤ ਕੇਸ ਲਗਾ ਕੇ ਨਿਪਟਾਰਾ ਕਰਵਾਉਣ। ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਫਾਇਦੇ ਬਾਰੇ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦਾ ਫ਼ੈਸਲਾ ਅੰਤਿਮ ਫ਼ੈਸਲਾ ਹੁੰਦਾ ਹੈ ਇਸ ਦੇ ਫ਼ੈਸਲੇ ਦੀ ਕਿਤੇ ਅਪੀਲ ਵੀ ਨਹੀਂ ਹੁੰਦੀ ਹੈ ਅਤੇ ਕੇਸ ਦਾ ਸਥਾਈ ਹੱਲ ਹੋ ਜਾਂਦਾ ਹੈ। ਲੋਕ ਅਦਾਲਤ ਵਿੱਚ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ। ਲੋਕ ਅਦਾਲਤਾਂ ਦੇ ਫ਼ੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ।ਇਸ ਦੇ ਨਾਲ ਹੀ ਜੱਜ ਸਾਹਿਬ ਨੇ ਦੱਸਿਆ ਕਿ ਕਾਨੂੰਨੀ ਸਹਾਇਤਾ ਲੈਣ ਲਈ ਅਤੇ ਲੋਕ ਅਦਾਲਤਾਂ ਬਾਰੇ ਵਧੇਰੇ ਜਾਣਕਾਰੀ ਹਿੱਤ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਹੈਲਪਲਾਈਨ ਨੰਬਰ 15100 ਜਾਂ ਸਿੱਧੇ ਤੌਰ 'ਤੇ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸਮਝੌਤਾ ਸਦਨ, ਸੰਗਰੂਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਤੇ ਲਿਫਟਿੰਗ ਨਿਰਵਿਘਨ ਜਾਰੀ : ਡਿਪਟੀ ਕਮਿਸ਼ਨਰ

ਬਠਿੰਡਾ, 30 ਅਪ੍ਰੈਲ (ਜਗਸੀਰ ਭੁੱਲਰ): ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਅਤੇ ਲਿਫਟਿੰਗ ਨਿਰਵਿਘਨ ਜਾਰੀ ਹੈ। ਇਹ



ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਅਧਿਕਾਰੀਆਂ ਨਾਲ ਖਰੀਦ ਦੇ ਪ੍ਰਬੰਧਾਂ ਨੂੰ ਲੈ ਕੇ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ ਚੱਲ ਰਹੀ ਕਣਕ ਦੀ ਖ੍ਰੀਦ ਤੇ ਲਿਫਟਿੰਗ 'ਚ ਹੋਰ ਤੇਜ਼ੀ ਲਿਆਂਦੀ ਜਾਵੇ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਲਈ ਮੰਡੀਆਂ ਵਿਚ ਪੀਣ ਵਾਲੇ ਪਾਣੀ, ਸਾਫ-ਸਫਾਈ ਤੇ ਹੋਰ ਲੋੜੀਂਦੇ ਪ੍ਰਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਕਣਕ ਦੀ ਖ੍ਰੀਦ ਦੌਰਾਨ ਕਿਸੇ ਤਰ੍ਹਾਂ ਦੀ ਢਿੱਲ-ਮੱਠ ਜਾਂ ਅਣਗਹਿਲੀ ਬਰਦਾਸਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਵੱਖ-ਵੱਖ ਅਨਾਜ ਮੰਡੀਆਂ 29 ਅਪ੍ਰੈਲ 2025 ਤੱਕ 744637.50 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਨ੍ਹਾਂ ਵਿਚੋਂ ਵੱਖ-ਵੱਖ ਖਰੀਦ ਏਜੰਸੀਆਂ ਨੇ 702732 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ 1493.88 ਕਰੋੜ ਰੁਪਏ ਕਣਕ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।ਇਸ ਸਬੰਧ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ ਨੇ 29 ਅਪ੍ਰੈਲ ਤੱਕ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀ ਖਰੀਦੀ ਗਈ ਕਣਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗ੍ਰੇਨ ਵੱਲੋਂ 220471 ਮੀਟ੍ਰਿਕ ਟਨ, ਮਾਰਕਫ਼ੈਡ 149748, ਪਨਸਪ 160495, ਵੇਅਰ ਹਾਊਸ 117998 ਤੇ ਪ੍ਰਾਈਵੇਟ ਵਪਾਰੀਆਂ ਵਲੋਂ 54020 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ।

# ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਐਜੂਕੇਸ਼ਨ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ , ਮਾਲਵੇ ਖਿੱਤੇ ਦੀ ਨਾਮਵਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ਼ ਇਸਟੀਚਿਊਸ਼ਨਜ਼ ਢੱਡੇ ਵੱਲੋਂ ਸੰਸਥਾ ਦੀ ਇਨੋਵੇਸ਼ਨ ਕੌਂਸਲ

ਬਠਿੰਡਾ,30 ਅਪ੍ਰੈਲ (ਜਗਸੀਰ ਭੁੱਲਰ): ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਐਜੂਕੇਸ਼ਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ , ਮਾਲਵੇ ਖਿੱਤੇ ਦੀ ਨਾਮਵਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ਼ ਇਸਟੀਚਿਊਸ਼ਨਜ਼ ਢੱਡੇ ਵੱਲੋਂ ਸੰਸਥਾ ਦੀ ਇਨੋਵੇਸ਼ਨ ਕੌਂਸਲ (InstitutionÓs Innovation Council) ਦਾ ਗਠਨ ਕੀਤਾ ਗਿਆ । ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ ਨੇ ਕਿਹਾ ਕਿ ਇਹ ਕੌਂਸ਼ਲ ਮੀਡੀਆਂ ਦੇ ਹਰ ਪਲੇਟਫਾਰਮ ਤੇ ਸੰਸਥਾਂ ਦੇ ਹਰੇਕ ਗਤੀਵਿਧੀ ਦੀ ਜਾਣਕਾਰੀ ਦੇਕੇ ਸਮਾਜ ਵਿੱਚ ਚੰਗੇ ਸਰੋਕਾਰ ਸਿਰਜਣ ਵਿੱਚ ਆਪਣਾ ਯੋਗਦਾਨ ਪਾਵੇਗੀ। ਸੰਸਥਾ ਦੇ ਐਮ.ਡੀ. ਗੁਰਬਿੰਦਰ ਸਿੰਘ ਬੱਲੀ ਨੇ ਕਿਹਾ ਕਿ ਟੈਕਨੌਲਜੀ ਦੇ ਇਸ ਯੁੱਗ ਵਿੱਚ ਸੋਸ਼ਲ ਮੀਡੀਆ ਨਾਲ ਜੁੜਨਾ ਸਮੇਂ ਦੀ ਲੋੜ ਬਣਦਾ ਜਾ ਰਿਹਾ ਹੈ। ਸੰਸਥਾ ਦੀ ਹਰ ਇੱਕ ਗਤੀਵਿਧੀ ਨੂੰ ਘੱਟ ਸਮੇਂ ਵਿੱਚ ਦੂਜੀਆਂ ਥਾਵਾਂ 'ਤੇ ਪਹੁੰਚਾਉਣ ਲਈ ਸੋਸ਼ਲ ਮੀਡੀਆਂ ਦੇ ਵੱਖ-ਵੱਖ ਪਲੇਟਫਾਰਮ ਹੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਕੌਂਸਲ ਦੇ ਪ੍ਰੈਜੀਡੈਂਟ ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਅਤੇ ਵਾਈਸ- ਪ੍ਰੈਜੀਡੈਂਟ ਰਾਜ ਸਿੰਘ ਬਾਘਾ ਨੂੰ ਬਣਾਇਆ ਗਿਆ। ਇਸ ਮੌਕੇ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ. ਰਣਜੀਤ ਕੌਰ ਨੂੰ ਕੌਂਸਲ ਦੇ ਕਨਵੀਨਰ ਲਗਾਇਆ ਗਿਆ ਅਤੇ ਹਰਦੀਪ ਸਿੰਘ ਨੂੰ ਸੋਸ਼ਲ ਮੀਡੀਆ



ਕੋਆਰਡੀਨੇਟਰ ਲਗਾਇਆ ਗਿਆ। ਇਸ ਤੋਂ ਇਲਾਵਾ ਪ੍ਰੋ. ਰੁਪਿੰਦਰ ਕੌਰ, ਪ੍ਰੋ. ਗਗਨਦੀਪ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਕਿਰਨਜੀਤ ਕੌਰ, ਪ੍ਰੋ. ਕਿਰਨ ਜੋਤ, ਪ੍ਰੋ. ਮਨਿੰਦਰਪ੍ਰੀਤ ਕੌਰ ਕੌਂਸਲ ਦੇ ਅਕੈਟਵਿਟੀ ਕੋਆਡੀਨੇਟਰ ਨਿਯੁਕਤ ਕੀਤੇ ਗਏ। ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਕੌਂਸਲ ਵਿੱਚ ਹਰ ਇੱਕ ਕਲਾਸ ਵਿੱਚੋਂ ਇੱਕ-ਇੱਕ ਵਿਦਿਆਰਥਣ ਦੀ ਚੋਣ ਕਰਕੇ ਉਕਤ ਕੌਂਸ਼ਲ ਦਾ ਹਿੱਸਾ ਬਣਾਇਆ ਗਿਆ , ਇਸ ਵਿੱਚ ਸੰਸ਼ਥਾ ਦੀ ਹੋਣਹਾਰ ਵਿਦਿਆਰਥਣ ਖੁਸ਼ਕਿਰਨਪ੍ਰੀਤ ਕੌਰ ਬੀ.ਐਸ.ਸੀ ਐਫ. ਟੀ. ਭਾਗ ਤੀਜਾ ਦੀ ਵਿਦਿਆਰਥਣ ਨੂੰ ਸਟੂਡੈਂਟ ਕਨਵੀਨਰ ਲਗਾਇਆ ਗਿਆ। ਇਸ ਤੋਂ ਇਲਾਵਾ ਰਮਨਦੀਪ ਕੌਰ ਬੀ.ਐਸ.ਸੀ ਐਫ. ਟੀ. ਭਾਗ ਤੀਜਾ, ਜਸਨਪ੍ਰੀਤ ਕੌਰ ਬੀ.ਕਾਮ ਭਾਗ ਪਹਿਲਾ, ਜਸਨਪ੍ਰੀਤ ਕੌਰ ਬੀ.ਐਸ.ਸੀ. ਭਾਗ ਪਹਿਲਾ, ਖੁਸ਼ਪ੍ਰੀਤ ਕੌਰ ਬੀ.ਏ. ਭਾਗ ਪਹਿਲਾ, ਨਵਦੀਪ ਕੌਰ, ਅਰਸ਼ਦੀਪ ਕੌਰ, ਰੁਪਿੰਦਰ ਕੌਰ, ਨਵਜੋਤ ਕੌਰ ਬੀ.ਸੀ.ਏ ਭਾਗ ਪਹਿਲਾ, ਬਬੀਤਾ ਪੀ.ਜੀ.ਡੀ.ਸੀ.ਏ ਭਾਗ ਪਹਿਲਾ, ਹੁਸਨਪ੍ਰੀਤ ਕੌਰ, ਜਸਨਪ੍ਰੀਤ ਕੌਰ, ਸੁਖਪ੍ਰੀਤ ਕੌਰ ਕੌਂਸਲ ਦੇ ਮੈਂਬਰਾਂ ਵਜੋਂ ਨਿਯੁਕਤ ਕੀਤਾ ਗਿਆ। ਸੰਸਥਾ ਦੇ ਪ੍ਰਿੰਸੀਪਲ ਅਤੇ ਕੌਂਸਲ ਦੇ ਵਾਈਸ-ਪ੍ਰੈਜੀਡੈਂਟ ਨੇ ਮਿਤੀ 26-04-2025 ਨੂੰ ਕੌਂਸਲ ਦੀ ਪਹਿਲੀ ਮੀਟਿੰਗ ਬੁਲਾਈ ਗਈ, ਜਿਸ ਵਿੱਚ ਲੱਗਭਗ ਕੌਂਸਲ ਦੇ 22 ਮੈਂਬਰ ਹਾਜ਼ਰ ਸਨ । ਇਸ ਮੀਟਿੰਗ ਵਿੱਚ ਉਨ੍ਹਾਂ ਦੇ ਕੌਂਸ਼ਲ ਦੇ ਓਦੇਸ਼ਾਂ, ਗਤੀਵਿਧੀਆਂ, ਬਾਰੇ ਵਿਚਾਰ ਚਰਚਾ ਕੀਤੀ ਅਤੇ ਮੀਡੀਏ ਦੇ ਸਦਉਪਯੋਗ ਦੀ ਵਰਤੋਂ ਕਰਨ ਬਾਰੇ ਵਿਚਾਰ ਦਿੱਤੇ। ਇਸ ਮੀਟਿੰਗ ਵਿੱਚ ਮੌਕੇ ਸੰਸਥਾ ਦੇ ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ ਵੀ ਸ਼ਾਮਲ ਹੋਏ । ਇਸ ਕੌਂਸ਼ਲ ਦੀ ਲਈ ਸੰਸਥਾ ਦੇ ਡਾਇਰੈਕਟਰ ਸਿੰਬਲਜੀਤ ਕੌਰ ਅਤੇ ਖ਼ਜ਼ਾਨਚੀ ਪ੍ਰਸ਼ੋਤਮ ਕੌਰ ਨੇ ਭਰਪੂਰ ਸਲਾਘਾ ਕੀਤੀ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਅੰਜ਼ਾਮ 'ਤੇ ਪਹੁੰਚਾਏਗਾ ਨਸ਼ਾ ਮੁਕਤੀ ਮੋਰਚਾ-ਚੁਸ਼ਪਿੰਦਰ ਚਹਿਲ




ਬਰਨਾਲਾ, 30 ਅਪ੍ਰੈਲ (ਬਘੇਲ ਸਿੰਘ ਧਾਲੀਵਾਲ):ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਗਈ ਹੈ, ਜਿਸਨੂੰ ਅੰਜਾਮ 'ਤੇ ਪਹੁੰਚਾਉਣ ਲਈ ਸਿਰਤੋੜ ਯਤਨ ਕੀਤੇ ਜਾਣਗੇ ਅਤੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਪਹੁੰਚ ਕੀਤੀ ਜਾਵੇਗੀ। ਇਹ ਸ਼ਬਦ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚਾ ਲਈ ਮਾਲਵਾ (ਵੈਸਟ) ਦੇ ਕੋਆਰਡੀਨੇਟਰ ਚੁਸ਼ਪਿੰਦਰ ਚਹਿਲ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਮੁਹਿੰਮ ਭਖਾਉਣ ਲਈ ਨਸ਼ਾ ਮੁਕਤੀ ਮੋਰਚਾ ਬਣਾਇਆ ਗਿਆ ਹੈ, ਜਿਸ ਵਲੋਂ ਹਰ ਪਿੰਡ, ਹਰ ਗਲੀ, ਹਰ ਮੁਹੱਲੇ ਤਕ ਪਹੁੰਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਲੋਕਾਂ ਤੱਕ ਪਹੁੰਚ ਕੀਤੀ ਜਾਵੇਗੀ, ਜਿਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੈ। ਹਰ ਸਕੂਲੀ ਬੱਚੇ, ਹਰ ਨੌਜਵਾਨ ਨੂੰ ਪ੍ਰੇਰਿਤ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਖੇਡਾਂ ਨਾਲ ਜੋੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਮਕਸਦ ਲੋਕਾਂ ਨੂੰ ਜਾਗਰੂਕ ਕਰਨਾ ਹੈ, ਖਾਸ ਕਰਕੇ ਨੌਜਵਾਨਾਂ ਨੂੰ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਹਰ ਪਿੰਡ-ਸ਼ਹਿਰ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਬਣਾਈਆਂ ਗਈਆਂ ਹਨ ਜੋ ਕਿ ਇਸ ਮਕਸਦ ਨਾਲ ਕੰਮ ਕਰਨਗੀਆਂ। ਉਨ੍ਹਾਂ ਕਿਹਾ ਕਿ 2 ਮਈ ਨੂੰ ਜ਼ਿਲ੍ਹੇ ਦੀਆਂ ਵਿਲੇਜ ਡਿਫੈਂਸ ਕਮੇਟੀਆਂ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੋਈ ਵੀ ਮੁਹਿੰਮ ਇੱਕਲਿਆਂ ਜਿੱਤੀ ਨਹੀਂ ਜਾ ਸਕਦੀ, ਇਸ ਲਈ ਹਰ ਪੰਜਾਬ ਵਾਸੀ ਇਸ ਵਿਚ ਆਪਣਾ ਯੋਗਦਾਨ ਪਾਵੇ ਤਾਂ ਜੋ ਕਿ ਰਲ ਕੇ ਇਹ ਜੰਗ ਜਿੱਤੀ ਜਾ ਸਕੇ। ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਬਰਨਾਲਾ ਅਤੇ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਰਾਮ ਤੀਰਥ ਮੰਨਾ ਨੇ ਕਿਹਾ ਕਿ ਜ਼ਿਲ੍ਹਾ ਬਰਨਾਲਾ ਵਿੱਚ ਜਿੱਥੇ ਜਾਗਰੂਕਤਾ ਸੈਮੀਨਾਰ ਕਰਵਾਏ ਜਾ ਰਹੇ ਹਨ, ਓਥੇ ਨੁੱਕੜ ਨਾਟਕਾਂ ਰਾਹੀਂ ਘਰ ਘਰ ਤੱਕ ਨਸ਼ਿਆਂ ਵਿਰੁੱਧ ਹੋਕਾ ਦਿੱਤਾ ਜਾ ਰਿਹਾ ਹੈ ਕਿ ਆਓ ਬੱਚਿਆਂ ਨੂੰ ਨਸ਼ਿਆਂ ਤੋਂ ਬਚਾ ਕੇ ਆਉਣ ਵਾਲੀ ਪੀੜ੍ਹੀ ਨੂੰ ਬਚਾਈਏ। ਉਨ੍ਹਾਂ ਸਾਰਿਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਉਸ ਮੁਹਿੰਮ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਇਸ ਮੌਕੇ ਵਿਧਾਨ ਸਭਾ ਹਲਕਾ ਬਰਨਾਲਾ ਦੇ ਕੋਆਰਡੀਨੇਟਰ ਕੁਲਦੀਪ ਸਿੰਘ (ਫਰਵਾਹੀ), ਵਿਧਾਨ ਸਭਾ ਹਲਕਾ ਭਦੌੜ ਦੇ ਕੋਆਰਡੀਨੇਟਰ ਐਡਵੋਕੇਟ ਗੁਰਪ੍ਰੀਤ ਸਿੰਘ ਢਿੱਲਵਾਂ, ਵਿਧਾਨ ਸਭਾ ਹਲਕਾ ਮਹਿਲ ਕਲਾਂ ਦੇ ਕੋਆਰਡੀਨੇਟਰ ਮਹਿਕਪ੍ਰੀਤ ਸਿੰਘ ਮੌਜੂਦ ਸਨ।

# ਡਾ. ਬਲਜੀਤ ਸਿੰਘ ਨੇ ਸੰਭਾਲਿਆ ਸਿਵਲ ਸਰਜਨ ਬਰਨਾਲਾ ਦਾ ਅਹੁਦਾ

ਬਰਨਾਲਾ, 30 ਅਪ੍ਰੈਲ (ਬਘੇਲ ਸਿੰਘ ਧਾਲੀਵਾਲ)-ਸਿਹਤ ਵਿਭਾਗ ਦਾ ਮੁੱਖ ਮੰਤਵ ਹਰ ਵਰਗ ਦੇ ਵਿਅਕਤੀ ਨੂੰ ਚੰਗੀਆਂ ਸਿਹਤ ਸੇਵਾਵਾਂ



ਮੁਹੱਈਆ ਕਰਵਾਉਣਾ ਹੈ, ਜਿਸਦੀ ਪੂਰਤੀ ਹਿੱਤ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਮੁਫ਼ਤ ਸਿਹਤ ਸਹੂਲਤਾਂ ਦੀ ਜਾਣਕਾਰੀ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ ਅਤੇ ਸਮੇਂ ਸਿਰ ਪ੍ਰਦਾਨ ਕਰਨਾ ਸਾਡੀ ਅਹਿਮ ਤੇ ਮੁੱਢਲੀ ਜ਼ਿੰਮੇਵਾਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਬਲਜੀਤ ਸਿੰਘ ਵੱਲੋ ਸਿਵਲ ਸਰਜਨ ਬਰਨਾਲਾ ਦਾ ਕਾਰਜ ਸੰਭਾਲਣ ਮੌਕੇ ਕੀਤਾ। ਡਾ. ਬਲਜੀਤ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਪੰਜਾਬ ਸਰਕਾਰ ਦੀ ਅਹਿਮ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ", ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆਕ੍ਰਮ, ਮੁੱਖ ਮੰਤਰੀ ਕੈਂਸਰ ਰਾਹਤ ਫੰਡ ਕੋਸ਼ ਯੋਜਨਾ, ਆਰ.ਬੀ.ਐਸ.ਕੇ., ਮੁਫ਼ਤ ਹੈਪਾਟਾਈਟਸ ਸੀ ਰਿਲੀਫ ਫੰਡ ਯੋਜਨਾ, ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਮੁਫ਼ਤ ਟੀਕਾਕਰਨ ਸਮੇਤ ਕਈ ਹੋਰ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ, ਜਿਸ ਲੋੜਵੰਦਾਂ ਨੂੰ ਇਹ ਮਿਆਰੀ ਸਹੂਲਤਾਂ ਉਪਲੱਬਧ ਕਰਵਾਉਣ ਦੇ ਨਾਲ ਨਾਲ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਡਾ. ਪ੍ਰਵੇਸ਼ ਕੁਮਾਰ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾ. ਗੁਰਮਿੰਦਰ ਔਜਲਾ ਡੀ.ਐਮ.ਸੀ., ਡਾ.ਵੰਦਨਾ ਭਾਂਬਰੀ ਜ਼ਿਲ੍ਹਾ ਡੈਂਟਲ ਅਫ਼ਸਰ ਅਤੇ ਸਿਵਲ ਸਰਜਨ ਦਫ਼ਤਰ ਬਰਨਾਲਾ ਦੇ ਸਮੂਹ ਸਟਾਫ਼ ਵੱਲੋਂ ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਦਾ ਆਹੁਦਾ ਸੰਭਾਂਲਣ ਮੌਕੇ ਸਵਾਗਤ ਕੀਤਾ ਗਿਆ।

# ਨੌਜਵਾਨਾਂ ਨੂੰ ਖੇਡਾਂ ਮੈਦਾਨਾਂ ਵੱਲ ਮੋੜਨ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਹਨ ਉਪਰਾਲੇ




ਭਦੌੜ, 30 ਅਪ੍ਰੈਲ (ਸੁਖਵਿੰਦਰ ਪਲਾਹਾ):ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸੋਚ ਸਦਕਾ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸੂਬੇ ਵਿਚ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਕੂਲਾਂ ਦੀ ਕਾਇਆ ਕਲਪ ਕੀਤੀ ਗਈ ਹੈ। ਇਸ ਮੁਹਿੰਮ ਤਹਿਤ ਵਿਧਾਇਕ ਹਲਕਾ ਭਦੌੜ ਸ. ਲਾਭ ਸਿੰਘ ਉੱਗੋਕੇ ਨੇ ਸਰਕਾਰੀ ਹਾਈ ਸਕੂਲ ਜੰਗੀਆਣਾ, ਸਰਕਾਰੀ ਪ੍ਰਾਇਮਰੀ ਸਕੂਲ ਜੰਗੀਆਣਾ, ਸਰਕਾਰੀ ਪ੍ਰਾਇਮਰੀ ਸਕੂਲ ਸੰਧੂ ਕਲਾਂ, ਸਰਕਾਰੀ ਪ੍ਰਾਇਮਰੀ ਸਕੂਲ ਬਲੋਕੇ ਸਕੂਲਾਂ ਵਿਚ 22 ਲੱਖ ਤੋਂ ਵੱਧ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਭ ਤੋਂ ਵੱਧ ਬਜਟ ਸਿਹਤ, ਸਿੱਖਿਆ ਅਤੇ ਖੇਡਾਂ ਦਾ ਰੱਖਿਆ ਗਿਆ ਹੈ ਤਾਂ ਜੋ ਸਾਡੇ ਨੌਜਵਾਨਾਂ ਨੂੰ ਉੱਚ ਵਿਦਿਆ ਦਿੱਤੀ ਜਾ ਸਕੇ ਅਤੇ ਖੇਡ ਮੈਦਾਨਾਂ ਵੱਲ ਮੋੜਕੇ ਉਨ੍ਹਾਂ ਨੂੰ ਸਿਹਤਮੰਦ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਸਕੂਲਾਂ ਵਿਚ ਹਰ ਸਹੂਲਤ ਦਿੱਤੀ ਗਈ ਹੈ, ਟਚ ਸਕ੍ਰੀਨ, ਹੈੱਡ ਫੋਨ, ਨਵਾਂ ਫਰਨੀਚਰ ਤੇ ਹੋਰ ਸਹੂਲਤਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀ ਪੂਰੀ ਕੋਸ਼ਿਸ਼ ਹੈ ਕਿ ਲੋੜੀਂਦੀਆਂ ਸਹੂਲਤਾਂ ਨਾਲ ਲੈਸ ਕਰਕੇ ਸੂਬੇ ਨੂੰ ਹਸਦਾ-ਵਸਦਾ ਅਤੇ ਰੰਗਲਾ ਪੰਜਾਬ ਬਣਾਇਆ ਜਾ ਸਕੇ ।ਇਸ ਮੌਕੇ ਉਨ੍ਹਾਂ ਸਰਕਾਰੀ ਹਾਈ ਸਕੂਲ ਜੰਗੀਆਣਾ ਵਿਚ 8.60 ਲੱਖ ਦੀ ਲਾਗਤ ਨਾਲ, ਸਰਕਾਰੀ ਪ੍ਰਾਇਮਰੀ ਸਕੂਲ ਜੰਗੀਆਣਾ ਵਿਚ 5.98 ਲੱਖ ਦੀ ਲਾਗਤ ਨਾਲ, ਸਰਕਾਰੀ ਪ੍ਰਾਇਮਰੀ ਸਕੂਲ ਸੰਧੂ ਕਲਾਂ ਵਿੱਚ 3.79 ਲੱਖ ਦੀ ਲਾਗਤ ਨਾਲ ਤੇ ਸਰਕਾਰੀ ਪ੍ਰਾਇਮਰੀ ਸਕੂਲ ਬਲੋਕੇ ਵਿਚ 3.72 ਲੱਖ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ।

# ਸਿੱਖਿਆ ਦੇ ਖੇਤਰ 'ਚ ਸੁਧਾਰ ਲਿਆਉਣ ਲਈ ਜ਼ਮੀਨੀ ਪੱਧਰ 'ਤੇ ਉਪਰਾਲੇ ਜਾਰੀ : ਪ੍ਰੋ. ਬਲਜਿੰਦਰ ਕੌਰ

ਬਠਿੰਡਾ, 30 ਅਪ੍ਰੈਲ (ਜਗਸੀਰ ਭੁੱਲਰ): ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਸਿੱਖਿਆ ਦੇ ਖੇਤਰ 'ਚ ਸੁਧਾਰ ਲਿਆਉਣ ਲਈ ਜ਼ਮੀਨੀ ਪੱਧਰ 'ਤੇ ਲਗਾਤਾਰ ਉਪਰਾਲੇ ਜਾਰੀ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਚੀਫ ਵਿੱਪ ਅਤੇ ਤਲਵੰਡੀ ਸਾਬੋ ਤੋਂ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਾਂ ਮੰਡੀ, ਸਰਕਾਰੀ ਪ੍ਰਾਇਮਰੀ ਸਕੂਲ ਤੇ ਸਰਕਾਰੀ ਹਾਈ ਸਕੂਲ ਤਰਖਾਣਵਾਲਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਸੁਖਲੱਧੀ ਵਿਖੇ ਸਕੂਲ ਦੇ ਮੁਕੰਮਲ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਇਸ ਮੌਕੇ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਨੂੰ ਅੰਤਰਰਾਸ਼ਟਰੀ ਵਿੱਦਿਅਕ ਸੰਸਥਾਵਾਂ ਦੇ ਹਾਣੀ ਬਣਾਉਣ ਲਈ ਕਲਾਸਰੂਮ, ਬੁਨਿਆਦੀ ਢਾਂਚਾ ਅਤੇ ਡਿਜੀਟਲ ਸਿਖਲਾਈ ਸਹੂਲਤਾਂ ਦਾ



ਆਧੁਨਿਕੀਕਰਨ ਕੀਤਾ ਗਿਆ ਹੈ।ਇਸ ਦੌਰਾਨ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਬੱਚੇ ਵੱਕਾਰੀ ਮੁਕਾਬਲੇਬਾਜ਼ੀ ਦੀਆਂ ਪ੍ਰੀਖਿਆਵਾਂ ਪਾਸ ਕਰ ਰਹੇ ਹਨ ਅਤੇ ਆਪਣੇ ਸਕੂਲ, ਅਧਿਆਪਕਾਂ ਤੇ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੇ ਹਨ।

# ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਦਾ 12ਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

ਭਗਤਾ ਭਾਈ ਕਾ, 30 ਅਪਰੈਲ (ਸਵਰਨ ਸਿੰਘ ਭਗਤਾ):ਆਈ.ਸੀ.ਐਸ.ਈ ਬੋਰਡ ਵੱਲੋਂ ਐਲਾਨੇ ਗਏ ਆਈ.ਐੱਸ ਸੀ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਦਾ ਨਤੀਜਾ ਵਧੀਆ ਰਿਹਾ। ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ,ਚੇਅਰਪਰਸਨ ਮੈਡਮ ਰਣਧੀਰ ਕੌਰ ਕਲੇਰ, ਡਾਇਰੈਕਟਰ ਕੋਹਿਨੂਰ ਸਿੱਧੂ, ਸੀਨੀਅਰ ਕੁਆਰਡੀਨੇਟਰ ਰੰਜੀਵ ਸ਼ਰਮਾ, ਐਗਜਾਮੀਨੇਸ਼ਨ ਇੰਚਾਰਜ ਦਮਨਜੋਤ ਕੌਰ, ਜੂਨੀਅਰ ਕੁਆਰਡੀਨੇਟਰ ਰੁਪਿੰਦਰ ਕੌਰ, ਪ੍ਰਾਇਮਰੀ ਕੁਆਰਡੀਨੇਟਰ ਕਰਮਜੀਤ ਕੌਰ, ਕਿੰਡਰਗਾਰਟਨ ਕੁਆਰਡੀਨੇਟਰ ਮੋਨਿਕਾ ਚਾਲਾਨਾ ਅਤੇ ਪ੍ਰਿੰਸੀਪਲ ਸ਼ਸ਼ੀ ਕਾਂਤ ਨੇ ਦੱਸਿਆ ਕਿ ਬਾਰ੍ਹਵੀਂ ਜਮਾਤ ਦਾ ਨਤੀਜਾ ਬਹੁਤ ਵਧੀਆ ਰਿਹਾ। ਜਿਸ ਵਿੱਚ ਕਮਰਸ ਗਰੁੱਪ ਵਿੱਚੋਂ ਜੈਸਮੀਨ ਕੌਰ 96.8%ਅੰਕਾਂ ਨਾਲ ਪਹਿਲਾ ਸਥਾਨ, ਬਿਮਨਪ੍ਰੀਤ ਕੌਰ 94.8% ਅੰਕਾਂ ਨਾਲ ਦੂਜਾ ਸਥਾਨ ਤੇ ਹਰਸ਼ਨੂਰ ਕੌਰ91%ਅੰਕਾਂ ਨਾਲ



ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਤਰ੍ਹਾਂ ਮੈਡੀਕਲ ਗਰੁੱਪ ਵਿੱਚੋਂ ਰਮਨਦੀਪ ਕੌਰ 92% ਅੰਕਾਂ ਨਾਲ ਪਹਿਲਾ ਸਥਾਨ, ਜਸਲੀਨ ਕੌਰ 90.8% ਅੰਕਾਂ ਨਾਲ ਦੂਜਾ ਸਥਾਨ, ਜਪਲੀਨ ਕੌਰ ਨੇ 86.8% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਤੇ ਨਾਨ- ਮੈਡੀਕਲ ਗਰੁੱਪ ਵਿੱਚੋਂ ਜਸਬੱਬਲ ਸਿੰਘ ਗਿੱਲ 96.5% ਅੰਕਾਂ ਨਾਲ ਪਹਿਲਾ ਸਥਾਨ, ਹਰਸਿਮਰਨ ਕੌਰ95.3% ਅੰਕਾਂ ਨਾਲ ਦੂਜਾ ਅਤੇ ਨਿਸ਼ਾਨ ਸਿੰਘ 92.5% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਆਰਟਸ ਗਰੁੱਪ ਵਿੱਚੋਂ ਪਰਮਿੰਦਰ ਕੌਰ 93.8% ਅੰਕਾਂ ਨਾਲ ਪਹਿਲਾ ਸਥਾਨ, ਅਨਮੋਲ ਪ੍ਰੀਤ ਕੌਰ 84.8% ਅੰਕਾਂ ਨਾਲ ਦੂਜਾ ਸਥਾਨ ਤੇ ਗੁਰਪ੍ਰੀਤ ਕੌਰ 83.8% ਅੰਕਾਂ ਨਾਲ ਤੀਜਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਦਾ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਸਕੂਲ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਚੇਅਰਪਰਸਨ ਮੈਡਮ ਰਣਧੀਰ ਕੌਰ ਕਲੇਰ, ਡਾਇਰੈਕਟਰ ਕੋਹਿਨੂਰ ਸਿੱਧੂ ਅਤੇ ਪ੍ਰਿੰਸੀਪਲ ਸ਼ਸ਼ੀ ਕਾਂਤ ਨੇ ਸਕੂਲ ਦੇ ਸਮੂਹ ਸਟਾਫ਼, ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਸ਼ਿਵ ਧਾਮ ਟਿੱਲਾ ਨਮੋਲ ਵਿਖੇ ਭਗਵਾਨ ਪਰਸ਼ੂਰਾਮ ਦਾ ਜਨਮ ਉਤਸਵ ਮਨਾਇਆ ਗਿਆ



ਲੌਂਗੋਵਾਲ, 30 ਅਪ੍ਰੈਲ (ਭਗਵੰਤ ਸ਼ਰਮਾ) : ਸ਼ਿਵਧਾਮ ਟਿੱਲਾ ਨਮੋਲ ਵਿਖੇ ਬ੍ਰਹਮਣ ਸਭਾ ਸੁਨਾਮ ਅਤੇ ਬ੍ਰਹਮਣ ਸਭਾ ਨਮੋਲ ਦੇ ਸਮੂਹ ਮੈਂਬਰਾਂ ਨੇ ਸ਼ਿਵਧਾਮ ਦੇ ਮੁੱਖ ਸੇਵਾਦਾਰ ਮਹੰਤ ਵਾਮ ਗਿਰ ਜੀ ਦੀ ਅਗਵਾਈ ਹੇਠ ਭਗਵਾਨ ਸ੍ਰੀ ਪਰਸ਼ੂਰਾਮ ਜੀ ਦਾ ਜਨਮ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ। ਇਸ ਮੌਕੇ ਬ੍ਰਾਹਮਣ ਸਭਾ ਦੇ ਆਗੂਆਂ ਨੇ ਦੱਸਿਆ ਕਿ ਦੱਖਣ ਦੇ ਇੱਕ ਰਾਜੇ ਨੇ ਜਾਤੀਵਾਦ ਦੇ ਕਾਰਨ ਹੋਰ ਜਾਤੀਆਂ ਦੇ ਲੋਕਾਂ ਨੂੰ ਤਲਾਬ ਤੋਂ ਪਾਣੀ ਨਹੀਂ ਲੈਣ ਦਿੱਤਾ, ਹਾਲਾਂਕਿ ਲੋਕ ਪਿਆਸ ਨਾਲ ਮਰ ਰਹੇ ਸਨ। ਇਸ ਕਰਕੇ ਭਗਵਾਨ ਪਰਸ਼ੂਰਾਮ ਜੀ ਨੇ ਉਸ ਰਾਜੇ ਦਾ ਵਧ ਕੀਤਾ ਅਤੇ ਸਾਰਿਆਂ ਨੂੰ ਸਧਾਰਣ ਅਧਿਕਾਰ ਦਿੱਤੇ। ਉਨ੍ਹਾਂ ਦੀ ਅਰਾਧਨਾ ਦਾ ਸੱਚਾ ਫਲ ਤਦੋਂ ਮਿਲਦਾ ਹੈ ਜਦੋਂ ਕੋਈ ਆਪਣੇ ਮਾਤਾ-ਪਿਤਾ ਦੀ ਸੇਵਾ ਵੀ ਕਰਦਾ ਰਹੇ। ਵੱਡੇ-ਵੱਡੇ ਯੋਧਿਆਂ ਨੂੰ ਭਗਵਾਨ ਪਰਸ਼ੂਰਾਮ ਜੀ ਨੇ ਯੁੱਧ ਵਿੱਦਿਆ ਸਿਖਾਈ ਸੀ। ਬ੍ਰਹਮਾਸਤਰ ਦਾ ਗਿਆਨ ਵੀ ਉਨ੍ਹਾਂ ਨੇ ਆਪਣੇ ਸ਼ਿਸ਼ਿਆ ਨੂੰ ਦਿੱਤਾ ਸੀ। ਗੰਗਾਜਲ ਨੂੰ ਸ਼ਿਵਲਿੰਗ ਉੱਤੇ ਚੜ੍ਹਾਉਣ ਦੀ ਰੀਤ ਵੀ ਭਗਵਾਨ ਪਰਸ਼ੂਰਾਮ ਜੀ ਨੇ ਹੀ ਸ਼ੁਰੂ ਕੀਤੀ ਸੀ। ਅੱਜ ਲੱਖਾਂ ਭਗਤ ਗੰਗਾਜਲ ਚੜ੍ਹਾ ਕੇ ਪੁੰਨ ਪ੍ਰਾਪਤ ਕਰ ਰਹੇ ਹਨ। ਇਸ ਮੌਕੇ ਬ੍ਰਹਮਣ ਸਭਾ ਦੇ ਸਮੂਹ ਮੈਂਬਰਾਂ ਨੇ ਨੇ ਭਗਵਾਨ ਅੱਗੇ ਅਰਦਾਸ ਕੀਤੀ ਕਿ ਪਿਛਲੇ 20 ਸਾਲਾਂ ਤੋਂ ਸਾਡੀ ਟੀਮ ਜਿਵੇਂ ਜਨਮ ਉਤਸਵ ਮਨਾਉਂਦੀ ਆ ਰਹੀ ਹੈ, ਅਸੀਂ ਭਗਵਾਨ ਦੀ ਮਹਿਮਾ ਗਾਉਂਦੇ ਰਹੀਏ ਅਤੇ ਭਗਵਾਨ ਸਾਨੂੰ ਸਮਾਜ ਦੀ ਭਲਾਈ ਲਈ ਕੰਮ ਕਰਵਾਉਂਦੇ ਰਹਿਣ'। ਇਸ ਮੌਕੇ ਹਾਜ਼ਰ ਹਸਤੀਆਂ ਵਿਚ ਠਾਕਰ ਸ਼ਰਮਾ ਨਮੋਲ ਬ੍ਰਾਹਮਣ ਸਭਾ ਦੇ ਪ੍ਰਧਾਨ, ਭਗਵਤ ਸ਼ਰਮਾ, ਪ੍ਰਦੀਪ ਮੈਨਨ ਰਾਸ਼ਟਰੀ ਵਾਈਸ ਪ੍ਰਧਾਨ, ਗੀਤਾ ਸ਼ਰਮਾ ਪ੍ਰਧਾਨ ਮਹਿਲਾ ਵਿੰਗ ਪੰਜਾਬ, ਹਰਭਗਵਾਨ ਸ਼ਰਮਾ, ਨੰਦ ਲਾਲ ਕੌਸ਼ਲ, ਬ੍ਰਿਜ ਲਾਲ ਸ਼ਰਮਾ, ਰਾਮਪਾਲ ਸ਼ਰਮਾ, ਭੀਮ ਸ਼ਰਮਾ, ਸੱਤ ਭੂਸ਼ਨ ਸ਼ਰਮਾ, ਮੋਹਨ ਸ਼ਰਮਾ, ਸੰਜੇ ਭਾਰਦਵਾਜ, ਜਨਕ ਰਾਜ ਸ਼ਰਮਾ, ਪਰਮਜੀਤ ਸ਼ਰਮਾ, ਧਰਮਜੀਤ ਸ਼ਰਮਾ, ਰਾਜੂ ਸ਼ਰਮਾ, ਭੀਮ ਸ਼ਰਮਾ, ਭੂਸ਼ਨ ਸ਼ਰਮਾ, ਗੁਰਮੀਤ ਸ਼ਰਮਾ, ਅਸ਼ਵਨੀ ਸ਼ਰਮਾ, ਜਗਦੀਸ਼ ਸ਼ਰਮਾ, ਮਨਦੀਪ ਸ਼ਰਮਾ, ਬਿੰਦਰਪਾਲ ਸ਼ਰਮਾ, ਹਰਮੇਸ਼ ਕੁਮਾਰ, ਸਨਦੀਪ ਸ਼ਰਮਾ, ਗਗਨ ਸ਼ਰਮਾ, ਵਿਜੇ ਸ਼ਰਮਾ, ਸੰਦੀਪ ਸ਼ਰਮਾ, ਗਗਨਦੀਪ ਸ਼ਰਮਾ, ਤਰਸੇਮ ਲਾਲ, ਦੇਵ ਰਾਮ, ਲਾਲ ਚੰਦ, ਭਗਤ ਰਾਮ, ਜੀਤ ਰਾਮ, ਰਾਜਕੁਮਾਰ, ਪ੍ਰਦੀਪ ਕੁਮਾਰ, ਸ਼ਿਵ ਕੁਮਾਰ, ਲਵਪ੍ਰੀਤ ਸ਼ਰਮਾ, ਭੋਲਾ, ਚਰਨਜੀਤ ਸ਼ਰਮਾ, ਕ੍ਰਿਸ਼ਨ ਕੁਮਾਰ, ਕ੍ਰਿਸ਼ਨ ਸ਼ਰਮਾ, ਵਾਸੂਦੇਵ ਸ਼ਰਮਾ, ਰਾਮ ਦੀਪਕ ਸ਼ਰਮਾ, ਪ੍ਰਦੀਪ ਸ਼ਰਮਾ, ਪ੍ਰਦੀਪ ਕੁਮਾਰ ਅਤੇ ਬਾਬਾ ਜੀ ਹਾਜ਼ਰ ਸਨ।ਤਸਵੀਰ - ਸ਼ਿਵ ਧਾਮ ਟਿੱਲਾ ਨਮੋਲ ਵਿਖੇ ਭਗਵਾਨ ਪਰਸ਼ੂਰਾਮ ਦੇ ਜਨਮ ਦਿਹਾੜੇ ਮੌਕੇ ਪੂਜਾ ਅਰਚਨਾ ਕਰਦੇ ਹੋਏ ਬ੍ਰਾਹਮਣ ਭਾਈਚਾਰੇ ਦੇ ਲੋਕ।

# ਕੈਮਿਸਟ ਪਾਬੰਦੀਸ਼ੁਦਾ ਦਵਾਈਆਂ ਨਾ ਵੇਚਣ : ਸਿਵਲ ਸਰਜਨ



ਸੁਨਾਮ ਊਧਮ ਸਿੰਘ ਵਾਲਾ, 30 ਅਪ੍ਰੈਲ ( ਮੋਹਣ ਸ਼ਰਮਾ / ਰਾਊਵਰਿੰਦਰ ਮਠਾੜੂ)::ਸਿਵਲ ਸਰਜਨ ਡਾ: ਸੰਜੇ ਕਾਮਰਾ ਨੇ ਡਰੱਗ ਵਿਭਾਗ ਦੇ ਅਧਿਕਾਰੀਆਂ ਨਵਜੋਤ ਕੌਰ ਜ਼ੈਡਐਲਏ, ਸੰਤੋਸ਼ ਜਿੰਦਲ ਡੀਸੀਓ ਅਤੇ ਨਰੇਸ਼ ਕੁਮਾਰ ਡੀਸੀਓ ਨਾਲ ਮਿਲ ਕੇ ਜ਼ਿਲ੍ਹੇ ਦੇ ਕੈਮਿਸਟਾਂ ਨਾਲ ਮੀਟਿੰਗ ਕੀਤੀ ਜਿਸ ਵਿੱਚ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਜਿੰਦਲ ਅਤੇ ਜਨਰਲ ਸਕੱਤਰ ਰਾਜੀਵ ਜੈਨ ਸ਼ਾਮਲ ਸਨ, ਜਿਸ ਵਿੱਚ ਉਨ੍ਹਾਂ ਨੇ ਪੰਜਾਬ ਸਰਕਾਰ ਦੀ ਨਸ਼ਾ ਛੁਡਾਊ ਮੁਹਿੰਮ ਦਾ ਹਵਾਲਾ ਦਿੱਤਾ ਅਤੇ ਨਸ਼ੇ ਵਜੋਂ ਵਰਤੇ ਜਾ ਰਹੇ ਨਸ਼ਿਆਂ ਨੂੰ ਵੇਚਣ ਜਾਂ ਖਰੀਦਣ ਤੋਂ ਰੋਕਣ ਦੇ ਹੁਕਮ ਦਿੱਤੇ। ਸਿਵਲ ਸਰਜਨ ਨੇ ਕਿਹਾ ਕਿ ਪ੍ਰੀਗਾਬਾਲਿਨ 300 ਮਿਲੀਗ੍ਰਾਮ, ਗੈਬਾਪੈਂਟਿਨ-400, ਡਾਈਸਾਈਕਲੋਮਾਈਨ, ਟੈਪੈਂਟਾਡੋਲ, ਜ਼ੋਪਿਕਲੋਨ, ਫਲੂਪੈਂਟਿਕਸੋਲ ਅਤੇ ਕੈਰੀਸੋਪ੍ਰੋਡੋਲ ਵਾਲੇ ਡਰੱਗ ਫਾਰਮੂਲੇ ਦੀ ਨਸ਼ੀਲੇ ਪਦਾਰਥਾਂ ਵਜੋਂ ਦੁਰਵਰਤੋਂ ਕੀਤੀ ਜਾ ਰਹੀ ਸੀ। ਉਨ੍ਹਾਂ ਸਾਰੇ ਨਸ਼ਾ ਵੇਚਣ ਵਾਲਿਆਂ ਨੂੰ ਆਪਣੇ ਕਾਰੋਬਾਰੀ ਸਥਾਨਾਂ 'ਤੇ ਸੀਸੀਟੀਵੀ ਕੈਮਰੇ ਲਗਾਉਣ ਅਤੇ ਨਸ਼ਿਆਂ ਦੀ ਦੁਰਵਰਤੋਂ ਨਾ ਕਰਨ ਦਾ ਪ੍ਰਣ ਲੈਣ ਲਈ ਕਿਹਾ ਜਿਨ੍ਹਾਂ ਦੀ ਨਸ਼ੀਲੇ ਪਦਾਰਥਾਂ ਵਜੋਂ ਵਰਤੋਂ ਕੀਤੀ ਜਾ ਰਹੀ ਹੈ। ਸਿਵਲ ਸਰਜਨ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਨਸ਼ਿਆਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਅਤੇ ਗੰਭੀਰ ਹੈ। ਸਾਰੇ ਦਵਾਈ ਵੇਚਣ ਵਾਲਿਆਂ ਨੂੰ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਰੇਸ਼ ਜਿੰਦਲ ਅਤੇ ਜਨਰਲ ਸਕੱਤਰ ਰਾਜੀਵ ਜੈਨ ਨੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਮੀਟਿੰਗ ਵਿੱਚ ਯੋਗੇਸ਼ ਚੋਪੜਾ, ਬਾਰੂ ਰਾਮ, ਅਜੈਬ ਸੈਣੀ, ਸਤੀਸ਼ ਸਿੰਗਲਾ, ਬਲਬਿੰਦਰ ਸਿੰਘ, ਭੂਸ਼ਨ ਗੋਇਲ, ਵੀਨੂੰ ਜਿੰਦਲ, ਹਿਮਾਂਸ਼ੂ ਜਿੰਦਲ, ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।

# ਪਰਸ਼ੂਰਾਮ ਜਯੰਤੀ ਮੌਕੇ ਦਮਨ ਬਾਜਵਾ ਨੇ ਕੀਤੀ ਸ਼ਿਰਕਤ

ਸੁਨਾਮ ਊਧਮ ਸਿੰਘ ਵਾਲਾ, 30 ਅਪ੍ਰੈਲ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦੀ ਜਯੰਤੀ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਸੁਨਾਮ ਊਧਮ ਸਿੰਘ ਵਾਲਾ ਵਿਖੇ ਸ਼੍ਰੀ ਸ਼ਿਵ ਕੁਟੀ ਮੰਦਿਰ ਨੇੜੇ ਪੁਰਾਣਾ ਸਿਵਲ ਹਸਪਤਾਲ ਵਿਖੇ ਬਰਾਦਰੀ ਬ੍ਰਾਹਮਣ ਬਤਰਫ ਉਬਰਾਓ ਵੱਲੋਂ ਜਨਮ ਉਤਸਵ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਥਿੰਦ ਬਾਜਵਾ ਤੇ ਆਪਣੀ ਹਾਜ਼ਰੀ ਲਗਵਾਈ । ਇਸ ਮੌਕੇ ਪਹੁੰਚੇ ਮੈਡਮ ਦਾਮਨ ਬਾਜਵਾ ਨੇ ਸਮੂਹ ਸੰਗਤ ਨੂੰ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦੀ ਜਯੰਤੀ ਦੇ ਸ਼ੁਭ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਕਿਹਾ ਕਿ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦੀ ਜੀਵਨੀ ਤੋਂ ਸਾਨੂੰ ਆਪਣੇ ਹੱਕਾਂ ਲਈ ਲੜਦੇ ਰਹਿਣ ਅਤੇ ਜ਼ਿੰਦਗੀ ਵਿੱਚ ਹਮੇਸ਼ਾ ਹੌਂਸਲਾ ਰੱਖਣ ਦੀ ਪ੍ਰੇਰਣਾ ਮਿਲਦੀ ਹੈ। ਇਸ ਮੌਕੇ ਮਹਿਲਾ ਸੰਕੀਰਤਨ ਮੰਡਲ ਸ਼ਿਵ ਮੰਦਰ ਕੁਟੀ ਨੂੰ ਮੈਡਮ ਦਾਮਨ ਬਾਜਵਾ ਦੀ ਵੱਲੋਂ ਸਨਮਾਨ ਵੀ ਕਰਵਾਇਆ ਗਿਆ ਅਤੇ ਸਮੂਹ ਕਮੇਟੀ ਮੈਂਬਰ ਸਹਿਬਾਨਾਂ ਵੱਲੋਂ ਮੈਡਮ ਦਾਮਨ ਬਾਜਵਾ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਦੀਪ ਸ਼ਰਮਾਂ ਪ੍ਰਧਾਨ, ਮੁਨੀਸ਼ ਜੋਸ਼ੀ ਸੈਕਟਰੀ, ਜਗਮੋਹਨ ਸ਼ਰਮਾਂ, ਪਰਦੀਪ ਮੈਨਨ, ਅਬਦੁਲ ਰਹਿਮਾਨ, ਯੋਗੇਸ਼ ਸ਼ਰਮਾਂ, ਪ੍ਰੇਮ ਗੁਗਨਾਨੀ ਸੀਨੀਅਰ ਬੀਜੇਪੀ ਆਗੂ, ਰਿਸ਼ੀਪਾਲ ਖੇਰਾ, ਨਵੀਨ ਸ਼ਾਸ਼ਤਰੀ, ਪੰਕਜ, ਰੋਹਿਤ, ਰਵੀ, ਲਾਲੀ ਆਦਿ ਹਾਜ਼ਰ ਸਨ।

# ਐਸ ਬੀ ਐਸ ਸਕੂਲ ਵਿਖੇ ਐਫ ਐਲ ਐਨ ਤਹਿਤ ਬੱਚਿਆਂ ਦੀਆਂ ਗਤੀਵਿਧੀਆਂ ਕਰਵਾਈਆ



ਬਰਨਾਲਾ, 30 ਅਪ੍ਰੈਲ (ਤੁਸ਼ਾਰ ਗੋਇਲ):ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਮਹੀਨੇ ਦੇ ਅਖੀਰਲੇ ਦਿਨ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਬੱਚਿਆਂ ਦੇ ਨਿਰੋਗ ਅਤੇ ਤੰਦਰੁਸਤ ਜੀਵਨ ਲਈ ਖੇਡਾਂ ਕਰਵਾਈਆਂ ਗਈਆਂ ਜਿਸ ਵਿੱਚ ਯੋਗਾ ਕਰਵਾਇਆ ਗਿਆ ਅਤੇ ਰੀਲੇਅ ਰੇਸ ਦੇ ਮੁਕਾਬਲੇ ਕਰਵਾਏ ਗਏ। ਬੱਚਿਆਂ ਦੀ "ਹੂ ਇਜ਼ ਐਟ ਦਾ ਡੋਰ"ਵਿਸ਼ੇ ਤਹਿਤ ਗਤੀਵਿਧੀ ਕਰਵਾਈ, ਜਿਸ ਵਿੱਚ ਕੁਝ ਬੱਚਿਆਂ ਵੱਲੋਂ ਕਲਾਸ ਰੂਮ ਦਾ ਦਰਵਾਜਾ ਖੜਕਾਇਆ ਗਿਆ ਅਤੇ ਕਲਾਸ ਰੂਮ ਦੇ ਅੰਦਰ ਬੱਚਿਆਂ ਨੇ ਦਰਵਾਜਾ ਖੜਕਾਉਣ ਵਾਲੇ ਦੇ ਨਾਮ ਦਾ ਅੰਦਾਜ਼ਾ ਲਗਾਇਆ। ਗਣਿਤ ਵਿਸ਼ੇ ਨਾਲ ਸੰਬੰਧਿਤ ਵਸਤੂਆਂ ਨੂੰ ਕ੍ਰਮਵਾਰ ਕਰਨ ਸੰਬੰਧੀ ਗਤੀਵਿਧੀ ਕਰਵਾਈ ਗਈ। ਅਧਿਆਪਕ ਨੇ ਬੱਚਿਆਂ ਨੂੰ ਅਲੱਗ-ਅਲੱਗ ਵਸਤੂਆਂ ਦਿੱਤੀਆਂ ਜਿਨ੍ਹਾਂ ਨੂੰ ਬੱਚਿਆਂ ਨੇ ਤਰਤੀਬ ਵਿੱਚ ਲਗਾਉਂਦੇ ਹੋਏ ਕ੍ਰਮਵਾਰ ਕੀਤਾ। ਬੱਚਿਆਂ ਦੀ ਕਲਾ ਨੂੰ ਨਿਖਾਰਨ ਲਈ ਪੇਟਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਬੱਚਿਆਂ ਨੇ ਆਪਣੇ ਹੱਥਾਂ ਨੂੰ ਰੰਗ ਲਗਾਕੇ ਪੇਪਰ ਉੱਪਰ ਵੱਖ-ਵੱਖ ਡਿਜਾਇਨ ਤਿਆਰ ਕੀਤੇ। ਸਕੂਲ ਪ੍ਰਿੰਸੀਪਲ ਕਮਲਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਕਿਹਾ ਬੱਚਿਆਂ ਨੇ ਸਾਰੀਆਂ ਗਤੀਵਿਧੀਆਂ ਨੂੰ ਪੂਰੇ ਉਤਸ਼ਾਹ ਨਾਲ ਪੂਰਾ ਕੀਤਾ ਅਤੇ ਇਹ ਬੱਚਿਆਂ ਲਈ ਇਹ ਖੁਸ਼ੀਆਂ ਭਰਿਆ ਮਾਹੌਲ ਸੀ ਜਿਸ ਤੋਂ ਬੱਚਿਆਂ ਨੇ ਬਹੁਤ ਕੁਝ ਨਵਾਂ ਸਿੱਖਿਆ।

# ਸੀਨੀਅਰ ਕਾਂਗਰਸੀ ਆਗੂ ਰਾਜਵਿੰਦਰ ਸ਼ੀਤਲ ਨੇ ਪਰਸ਼ੂਰਾਮ ਜਯੰਤੀ 'ਤੇ ਕੀਤੀ ਪੂਜਾ ਅਰਚਨਾ



ਭਦੌੜ, 30 ਅਪ੍ਰੈਲ (ਸੁਖਵਿੰਦਰ ਪਲਾਹਾ):ਕਸਬਾ ਭਦੌੜ ਦੇ ਸ਼ਿਵਾਲਾ ਮੰਦਰ (ਬ੍ਰਾਹਮਣਾਂ ਵਾਲਾ) ਵਿਖੇ ਬੀਤੇ ਦਿਨੀ ਭਗਵਾਨ ਪਰਸ਼ੂਰਾਮ ਜਯੰਤੀ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਈ ਗਈ। ਇਸ ਜਯੰਤੀ ਮੌਕੇ ਪੰਡਿਤ ਰਾਜੇਸ਼ ਜੀ ਕਾਲਿਆਂਵਾਲੀ ਵਾਲੇ ਨੇ ਆਪਣੇ ਕਥਾ ਵਿਚਾਰਾਂ ਰਾਹੀਂ ਸ਼ਰਧਾਲੂਆਂ ਨੂੰ ਭਗਵਾਨ ਪਰਸ਼ੂਰਾਮ ਜੀ ਦੀ ਜੀਵਨੀ 'ਤੇ ਚਾਨਣਾ ਪਾਇਆ। ਇਸ ਮੌਕੇ ਪੂਜਾ ਅਰਚਨਾ ਦੌਰਾਨ ਹਲਕਾ ਭਦੌੜ ਦੇ ਸੀਨੀਅਰ ਕਾਂਗਰਸੀ ਆਗੂ ਰਾਜਵਿੰਦਰ ਸਿੰਘ ਸ਼ੀਤਲ ਬਰਨਾਲੇ ਵਾਲਿਆਂ ਨੇ ਭਗਵਾਨ ਪਰਸ਼ੂਰਾਮ ਜੀ ਦੀ ਮੂਰਤੀ ਅੱਗੇ ਪੂਜਾ ਅਰਚਨਾ ਕੀਤੀ ਅਤੇ ਸਰਬੱਤ ਦੇ ਭਲੇ ਲਈ ਦੁਆ ਬੇਨਤੀ ਕੀਤੀ। ਇਸ ਮੌਕੇ ਰਾਜਵਿੰਦਰ ਸਿੰਘ ਸ਼ੀਤਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਗਵਾਨ ਪਰਸ਼ੂਰਾਮ ਜੀ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਸਨ ਜਿਨ੍ਹਾਂ ਨੇ ਹਮੇਸ਼ਾ ਹੀ ਮਨੁੱਖਤਾ ਨੂੰ ਧਰਮ, ਜਾਤ- ਪਾਤ,ਉਚ ਨੀਚ ਤੋਂ ਉੱਪਰ ਉੱਠ ਕੇ ਪਰਮਾਤਮਾ ਦੇ ਨਾਮ ਸਿਮਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮ ਸਾਨੂੰ ਜਾਤ ਪਾਤ,ਉਚ ਨੀਚ ਅਤੇ ਸਭ ਧਰਮਾਂ ਤੋਂ ਉੱਪਰ ਉੱਠ ਕੇ ਮਨਾਉਣੇ ਚਾਹੀਦੇ ਹਨ,ਤਾਂ ਕਿ ਪੂਰੀ ਦੁਨੀਆ ਵਿੱਚ ਸਾਂਝੀਵਾਲਤਾ ਦਾ ਉਪਦੇਸ਼ ਜਾ ਸਕੇ। ।ਇਸ ਮੌਕੇ ਸਮੂਹ ਬ੍ਰਾਹਮਣ ਸਮਾਜ ਤੋਂ ਇਲਾਵਾ ਧਰਮਿੰਦਰਪਾਲ ਪੱਪੂ, ਭੱਠੇ ਵਾਲੇ ਚੰਦਰ ਸ਼ੇਖਰ,ਬੋਨੀ ਸ਼ਰਮਾ,ਮਾ. ਬਲਵਿੰਦਰ ਸ਼ਰਮਾ,ਆਦਿ ਹਾਜ਼ਰ ਸਨ।

# ਕਾਲਜ ਵਿਦਿਆਰਥਣ ਦੀ ਸਰਕਾਰੀ ਅਧਿਆਪਕ ਵਜੋਂ ਨਿਯੁਕਤੀ



ਧੂਰੀ, 30 ਅਪ੍ਰੈਲ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਯੂਨੀਵਰਸਿਟੀ ਕਾਲਜ ਬੇਨੜਾ ਦੀ ਬੀ.ਸੀ.ਏ. ਭਾਗ ਤੀਜਾ ਦੀ ਵਿਦਿਆਰਥਣ ਦੀਕਸ਼ਾ ਬਾਂਸਲ ਈ.ਟੀ.ਟੀ. ਅਧਿਆਪਕ ਦੇ ਤੌਰ 'ਤੇ ਨਿਯੁਕਤ ਹੋਈ। ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਨੇ ਦੀਕਸ਼ਾ ਬਾਂਸਲ ਨੂੰ ਵਧਾਈ ਦਿੰਦੇ ਕਿਹਾ ਕਿ ਜਿਹੜੇ ਵਿਦਿਆਰਥੀ ਸਖ਼ਤ ਮਿਹਨਤ ਅਤੇ ਵਧੀਆ ਤਰੀਕੇ ਨਾਲ ਪੜ੍ਹਾਈ ਕਰਦੇ ਹਨ ਉਨ੍ਹਾਂ ਦਾ ਭਵਿੱਖ ਹਮੇਸ਼ਾ ਹੀ ਉੱਜਵਲ ਹੁੰਦਾ ਹੈ। ਕੰਪਿਊਟਰ ਸਾਇੰਸ ਵਿਭਾਗ ਦੇ ਕੋਆਰਡੀਨੇਟਰ ਇੰਜ: ਵਰਿੰਦਰ ਕੁਮਾਰ ਸਿੰਗਲਾ ਨੇ ਕਿਹਾ ਦੀਕਸ਼ਾ ਬਾਂਸਲ ਕੋਰਸ ਦੌਰਾਨ ਪੜ੍ਹਾਈ ਪੱਖੋਂ ਹਮੇਸ਼ਾ ਹੀ ਚੰਗੀ ਰਹੀ ਹੈ। ਇਹ ਪ੍ਰਾਪਤੀ ਉਸ ਦੀ ਲਗਨ ਅਤੇ ਮਿਹਨਤ ਦਾ ਫਲ ਹੈ। ਉਸ ਦੇ ਮਾਪੇ ਵੀ ਵਧਾਈ ਦੇ ਪਾਤਰ ਹਨ। ਕਾਲਜ ਦੇ ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ਼ ਨੇ ਦੀਕਸ਼ਾ ਬਾਂਸਲ ਦੀ ਚੰਗੀ ਸਿਹਤ ਅਤੇ ਉਸ ਦੀ ਤਰੱਕੀ ਲਈ ਕਾਮਨਾ ਕੀਤੀ। ਇਸ ਮੌਕੇ ਕੰਪਿਊਟਰ ਸਾਇੰਸ ਵਿਭਾਗ ਦੇ ਪ੍ਰੋ: ਗੁਰਬਖ਼ਸ਼ੀਸ਼ ਸਿੰਘ ਤੋਂ ਇਲਾਵਾ ਡਾ: ਗਗਨਦੀਪ ਸਿੰਘ, ਡਾ: ਸੁਭਾਸ਼ ਕੁਮਾਰ, ਡਾ: ਜਸਬੀਰ ਸਿੰਘ, ਜਗਤਾਰ ਸਿੰਘ ਤੇ ਸਮੂਹ ਕੰਪਿਊਟਰ ਸਾਇੰਸ ਵਿਭਾਗ ਦੇ ਅਧਿਆਪਕ ਹਾਜ਼ਰ ਸਨ।

# ਵਿੱਦਿਆ ਸਾਗਰ ਕਾਲਜ ਆ.ਫ ਐਜੂਕੇਸ਼ਨ ਧੂਰੀ ਨੇ ਇੰਟਰ ਕਾਲਜ ਮੁਕਾਬਲੇ ਕਰਵਾਏ



ਧੂਰੀ, 30 ਅਪ੍ਰੈਲ (ਰਾਜੇਸ਼ਵਰ ਪਿੰਟੂ, ਅਮਨ ਗਰਗ) - ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਅਤੇ ਉਹਨਾਂ ਵਿੱਚ ਛੁਪੀ ਹੋਈ ਸਮਰੱਥਾ ਨੂੰ ਉਜਾਗਰ ਕਰਨ ਲਈ ਵਿੱਦਿਆ ਸਾਗਰ ਕਾਲਜ ਆਫ ਐਜੂਕੇਸ਼ਨ ਧੂਰੀ ਵੱਲੋਂ 'ਵਿਰਸੇ ਦੀ ਗੂੰਜ' ਅੰਤਰ ਕਾਲਜ ਪ੍ਰਤੀਯੋਗਿਤਾ ਦਾ ਆਯੋਜਨ ਕੀਤਾ। ਜਾਣਕਾਰੀ ਦਿੰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਮਨਦੀਪ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਵੱਖ-ਵੱਖ ਵੰਨਗੀਆਂ ਜਿਵੇਂ ਕਿ ਕਵਿਤਾ ਉਚਾਰਣ, ਸਲੋਗਨ ਲਿਖਣਾ, ਮਿੱਟੀ ਦੇ ਖਿਡੌਣੇ, ਕੋਲਾਜ਼ ਮੇਕਿੰਗ, ਪਹਿਰਾਵਾ ਪਰਦਰਸ਼ਨੀ, ਲੋਕ ਗੀਤ, ਮਹਿੰਦੀ ਲਗਾਉਣਾ, ਰੰਗੋਲੀ, ਪੋਸਟਰ ਮੇਕਿੰਗ, ਪੱਖੀ ਬੁਣਨਾ, ਗਰੁੱਪ ਡਾਂਸ ਦੇ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਮਾਡਰਨ ਕਾਲਜ ਆਫ ਐਜੂਕੇਸ਼ਨ ਭੀਖੀ, ਮਾਡਰਨ ਕਾਲਜ ਆਫ ਐਜੂਕੇਸ਼ਨ ਰਾਣਵਾਂ, ਮਾਡਰਨ ਕਾਲਜ ਆਫ ਐਜੂਕੇਸ਼ਨ ਸ਼ੇਰਗੜ੍ਹ ਚੀਮਾਂ ਅਤੇ ਵਿੱਦਿਆ ਸਾਗਰ ਕਾਲਜ ਆਫ ਐਜੂਕੇਸ਼ਨ ਧੂਰੀ ਦੇ ਵਿੱਦਿਆਰਥੀਆਂ ਨੇ ਭਾਗ ਲਿਆ। ਇਹਨਾਂ ਮੁਕਾਬਲਿਆਂ ਦਾ ਉਦਘਾਟਨ ਡਾ. ਜਗਜੀਤ ਸਿੰਘ ਡਾਇਰੈਕਟਰ ਮਾਡਰਨ ਗਰੁੱਪ ਅਤੇ ਵਿੱਦਿਆ ਸਾਗਰ ਗਰੁੱਪ ਆਫ ਇੰਸਟੀਚਿਊਨਜ਼ ਨੇ ਕੀਤਾ। ਇਹਨਾਂ ਸਾਰੇ ਮੁਕਾਬਲਿਆਂ ਵਿੱਚ 200 ਦੇ ਕਰੀਬ ਵਿਦਿਆਰਥੀਆਂ ਨੇ ਬੜੇ ਜੋਸ਼ ਅਤੇ ਵਧ ਚੜ ਕੇ ਹਿੱਸਾ ਲਿਆ। ਅੰਤ ਵਿੱਚ ਸ. ਹਰਪਾਲ ਸਿੰਘ ਚੇਅਰਮੈਨ ਵਿੱਦਿਆ ਸਾਗਰ ਗਰੁੱਪ ਅਤੇ ਮਾਡਰਨ ਗਰੁੱਪ ਆਫ ਇਸਟੀਚਿਊਸ਼ਨਜ਼ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ। ਇਸ ਮੌਕੇ ਡਾ. ਮੀਨਾ ਕੁਮਾਰ ਪ੍ਰਿੰਸੀਪਲ ਜੈਨ ਕਾਲਜ ਮਲੇਰਕੋਟਲਾ ਅਤੇ ਮਿਸ. ਮਨਪ੍ਰੀਤ ਕੌਰ ਐਸਿਸਟੈਂਟ ਪ੍ਰੋਫੈਸਰ ਗੌ. ਕਾਲਜ ਆਫ ਐਜੂਕੇਸ਼ਨ ਮਲੇਰਕੋਟਲਾ ਨੇ ਜੱਜਾਂ ਦੀ ਭੂਮਿਕਾ ਨਿਭਾਈ। ਇਨਾਮ ਵੰਡ ਸਮਾਰੋਹ ਉਪਰੰਤ ਮਾਡਰਨ ਗਰੁੱਪ ਅਤੇ ਵਿੱਦਿਆ ਸਾਗਰ ਗਰੁੱਪ ਦੇ ਡਿਪਟੀ ਡਾਇਰੈਕਟਰ ਗੁਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਹੌਂਸਲਾ ਅਫਜਾਈ ਕਰਕੇ ਉਹਨਾਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਉਤਸਾਹਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ: ਗੀਤਿਕਾ ਸੇਠੀ, ਡਾ: ਨੀਤੂ ਸੇਠੀ, ਡਾ: ਹਰਪ੍ਰੀਤ ਕੌਰ, ਪ੍ਰੀਤਪਾਲ ਕੌਰ, ਅਨੂ ਬਾਲਾ, ਗੁਰਪ੍ਰੀਤ ਕੌਰ, ਸੰਦੀਪ ਕੌਰ, ਡਾ: ਪੁਨੀਤ ਅਮਨਦੀਪ ਸਿੰਘ ਸੋਹੀ ਹਾਜ਼ਰ ਸਨ। ਅੰਤ ਵਿੱਚ ਪ੍ਰੀਤਪਾਲ ਕੌਰ ਨੇ ਆਏ ਹੋਏ ਸਾਰੇ ਵਿਦਿਆਰਥੀਆਂ, ਜੱਜ ਸਾਹਿਬਾਨਾਂ ਅਤੇ ਹੋਰ ਮਹਿਮਾਨਾਂ ਦਾ ਧੰਨਵਾਦ ਕੀਤਾ।

# ਸੇਂਟ ਬਚਨਪੁਰੀ ਸਕੂਲ ਪੱਖੋ ਕਲਾਂ ਦਾ 10ਵੀਂ ਦਾ ਨਤੀਜਾ ਰਿਹਾ ਸ਼ਾਨਦਾਰ



ਬਰਨਾਲਾ, 30 ਅਪ੍ਰੈਲ (ਹਿਮਾਂਸ਼ੂ ਗਰਗ):ਸੀ.ਆਈ.ਐੱਸ.ਸੀ.ਈ. ਬੋਰਡ ਨਵੀ ਦਿੱਲੀ ਵੱਲੋਂ ਸ਼ੈਸਨ 2024-25 ਦੇ ਦਸਵੀਂ ਕਲਾਸ ਦੇ ਘੋਸ਼ਿਤ ਕੀਤੇ ਗਏ ਨਤੀਜੇ 'ਚ ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਦੇ ਵਿਦਿਆਰਥੀਆਂ ਦਾ ਨਤੀਜਾ 100 ਫੀਸਦੀ ਰਿਹਾ। ਸੰਸਥਾ ਚੇਅਰਮੈਨ ਰਵਿੰਦਰਜੀਤ ਸਿੰਘ ਬਿੰਦੀ, ਸਾਗਰਜੀਤ ਸਿੰਘ ਖੀਪਲ(ਡਾਇਰੈਕਟਰ) ਨੇ 10ਵੀਂ ਕਲਾਸ ਦੇ ਸ਼ਾਨਦਾਰ ਨਤੀਜੇ ਆਉਣ ਤੇ ਬੱਚਿਆਂ,ਮਾਪਿਆਂ ਅਤੇ ਅਧਿਆਪਕ ਸਾਹਿਬਾਨ ਨੂੰ ਮੁਬਾਰਕਬਾਦ ਦਿੰਦੇ ਹੋਏ ਦੱਸਿਆ ਕਿ ਸੰਸਥਾ ਦਾ 10ਵੀਂ ਕਲਾਸ ਦੇ ਸ਼ੈਸਨ 2024-25 ਦੇ 91 ਵਿਦਿਆਰਥੀਆਂ ਦਾ ਤੀਜਾ ਬੈਚ ਸੀ। 90ਪ੍ਰਤੀਸ਼ਤ ਤੋਂ ਜ਼ਿਆਦਾ ਅੰਕ ਪ੍ਰਾਪਤ ਕਰਨ ਵਾਲੇ ਸਕੂਲ ਦੇ ਚਮਕਦੇ ਸਿਤਾਰਿਆਂ ਵਿੱਚ ਰਵਨੀਤ ਕੌਰ (95.6 %), ਮਨਸਿਮਰਨ ਕੌਰ(93.8%),ਸਹਿਜਪ੍ਰੀਤ ਕੌਰ (93.6%),ਅਨੁਰੀਤ ਕੌਰ (93.6%),ਜਸ਼ਨ ਗਰਗ (92.6%),ਸਾਹਿਲਪ੍ਰੀਤ ਸਿੰਘ ਸਿੱਧੂ (92%),ਕੋਮਲਪ੍ਰੀਤ ਸਿੰਘ (91.6%) ਅਤੇ ਨਿਸ਼ਠਾ ਗੁਪਤਾ ਨੇ 90% ਅੰਕ ਪ੍ਰਾਪਤ ਕਰਕੇ ਆਏ ਸਾਲ ਦੀ ਤਰ੍ਹਾਂ ਸੰਸਥਾ ਦੀ ਬੋਰਡ ਦੇ ਨਤੀਜਿਆ ਵਿੱਚ ਚੜ੍ਹਤ ਬਣਾਈ ਰੱਖੀ। ਵਿਦਿਆਰਥੀਆਂ ਨੇ ਆਪਣੀ ਅਣਥੱਕ ਮਿਹਨਤ ਸਦਕਾ ਅਤੇ ਮਾਹਿਰ ਸਟਾਫ਼ ਦੀ ਦੇਖ ਰੇਖ ਹੇਠ 24 ਤੋਂ ਜ਼ਿਆਦਾ ਵਿਦਿਆਰਥੀਆਂ ਨੇ 80% ਤੋਂ ਜ਼ਿਆਦਾ ਅੰਕ ਪ੍ਰਾਪਤ ਕਰਕੇ ਪਹਿਲੀਆਂ ਪੁਜ਼ੀਸ਼ਨਾਂ ਹਾਸਿਲ ਕਰਕੇ ਸੰਸਥਾ,ਮਾਤਾ ਪਿਤਾ ਅਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ ਅਤੇ ਬਾਕੀ ਵਿਦਿਆਰਥੀਆਂ ਦਾ ਨਤੀਜ਼ਾ ਵੀ ਸ਼ਾਨਦਾਰ ਰਿਹਾ ਹੈ।ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਅਮਨਦੀਪ ਕੌਰ,ਵਾਈਸ ਪ੍ਰਿੰਸੀਪਲ ਸਰ ਅਨੀਸ਼ ਟੀਪੀ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕੀਤੀ ਗਈ। ਸ਼ਾਨਦਾਰ ਨਤੀਜੇ ਲਈ ਸਕੂਲ ਵਿੱਚ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪੇ ਸਾਹਿਬਾਨ ਨੂੰ ਸੰਸਥਾ ਚੇਅਰਮੈਨ ਰਵਿੰਦਰਜੀਤ ਸਿੰਘ ਬਿੰਦੀ, ਸ.ਸਾਗਰਜੀਤ ਸਿੰਘ ਖੀਪਲ(ਡਾਇਰੈਕਟਰ) ਵੱਲੋਂ ਵਧਾਈ ਦਿੱਤੀ ਗਈ ਅਤੇ ਸਕੂਲ ਦੇ ਅਧਿਆਪਕਾਂ ਦੀ ਪ੍ਰਸੰਸਾ ਕੀਤੀ,ਜਿੰਨ੍ਹਾਂ ਦੀ ਸਖਤ ਮਿਹਨਤ ਅਤੇ ਮਾਪਿਆਂ ਦੁਆਰਾ ਦਿੱਤੇ ਸਹਿਯੋਗ ਅਤੇ ਵਿਸ਼ਵਾਸ ਸਦਕਾ ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋਏ ਅਤੇ ਚੰਗੀਆਂ ਪੁਜੀਸ਼ਨਾਂ ਪ੍ਰਾਪਤ ਕੀਤੀਆਂ। ਉਨ੍ਹਾਂ ਕਾਮਨਾ ਕੀਤੀ ਕਿ ਭਵਿੱਖ ਲਈ ਬੱਚਿਆਂ ਨੇ ਜੋ ਸੁਪਨੇ ਸਿਰਜੇ ਹਨ,ਉਨ੍ਹਾਂ ਵਿੱਚ ਕਾਮਯਾਬੀ ਮਿਲੇ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਆਪਣਾ ਨਤੀਜਾ ਕਾਇਮ ਰੱਖਕੇ ਬੁਲੰਦੀਆਂ ਨੂੰ ਛੂਹਣ।ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਿਰ ਸਨ।

# ਆਮ ਆਦਮੀ ਪਾਰਟੀ ਨੇ ਐਡਵੋਕੇਟ ਗੁਰਪ੍ਰੀਤ ਸਿੰਘ ਢਿੱਲਵਾਂ ਨੂੰ ਥਾਪਿਆ ਹਲਕਾ ਭਦੌੜ ਦਾ ਕੋਆਰਡੀਨੇਟਰ



ਤਪਾ ਮੰਡੀ, 30 ਅਪ੍ਰੈਲ (ਭੂਸ਼ਨ ਘੜੈਲਾ):ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੇ ਹਿੱਸੇ ਵਜੋਂ, ਨਸ਼ਾ ਮੁਕਤੀ ਮੋਰਚੇ ਲਈ ਵਿਧਾਨ ਸਭਾ ਕੋਆਰਡੀਨੇਟਰਾਂ ਦੀ ਨਿਯੁਕਤੀਆਂ ਕੀਤੀਆਂ ਗਈਆਂ ਹਨ ਤਾਂ ਜੋ ਨਸ਼ਿਆਂ ਦੀ ਰੋਕਥਾਮ ਕੀਤੀ ਜਾ ਸਕੇ। ਜਿਸ ਤਹਿਤ ਹਲਕਾ ਭਦੌੜ ਤੋਂ ਐਡਵੋਕੇਟ ਗੁਰਪ੍ਰੀਤ ਸਿੰਘ ਢਿੱਲਵਾਂ ਨੂੰ ਹਲਕਾ ਭਦੌੜ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਐਡਵੋਕੇਟ ਗੁਰਪ੍ਰੀਤ ਸਿੰਘ ਨੇ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜੋ ਨਸ਼ਿਆਂ ਦੀ ਰੋਕਥਾਮ ਲਈ ਜੋ ਬੀੜਾ ਚੁੱਕਿਆ ਗਿਆ ਹੈ ਉਸ ਤਹਿਤ ਪੰਜਾਬ ਦੇ ਵੱਖ ਵੱਖ ਹਲਕਿਆਂ ਵਿਚ ਕੋਆਰਡੀਨੇਟਰ ਨਿਯੁਕਤ ਕੀਤੇ ਗਏ ਹਨ।ਇਸੇ ਲੜੀ ਤਹਿਤ ਹਲਕਾ ਭਦੌੜ ਤੋਂ ਜੋ ਜਿੰਮੇਵਾਰੀ ਮੈਨੂੰ ਦਿੱਤੀ ਗਈ ਹੈ ਮੈਂ ਇਸ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਤਨਦੇਹੀ ਨਾਲ ਅਦਾ ਕਰਾਂਗਾ ਅਤੇ ਵਿਧਾਨ ਸਭਾ ਹਲਕਾ ਭਦੌੜ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ। ਉਨ੍ਹਾਂ ਵੱਲੋਂ ਪਾਰਟੀ ਦੀ ਹਾਈਕਮਾਂਡ ਦਾ ਦਿਲ ਦੀਆਂ ਗਹਿਰਾਈਆਂ ਤੋਂ ਕੋਟਿ ਕੋਟਿ ਧੰਨਵਾਦ ਕੀਤਾ।ਇਸੇ ਲੜੀ ਤਹਿਤ ਹਲਕਾ ਭਦੌੜ ਤੋਂ ਜੋ ਜਿੰਮੇਵਾਰੀ ਮੈਨੂੰ ਦਿੱਤੀ ਗਈ ਹੈ ਮੈਂ ਇਸ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਤਨਦੇਹੀ ਨਾਲ ਅਦਾ ਕਰਾਂਗਾ ਅਤੇ ਵਿਧਾਨ ਸਭਾ ਹਲਕਾ ਭਦੌੜ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ। ਉਨ੍ਹਾਂ ਵੱਲੋਂ ਪਾਰਟੀ ਦੀ ਹਾਈਕਮਾਂਡ ਦਾ ਦਿਲ ਦੀਆਂ ਗਹਿਰਾਈਆਂ ਤੋਂ ਕੋਟਿ ਕੋਟਿ ਧੰਨਵਾਦ ਕੀਤਾ ਇਸ ਨਿਯੁਕਤੀ ਤੇ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਅਤੇ ਪਾਰਟੀ ਵਲੰਟੀਅਰਾ ਵੱਲੋਂ ਸੂਬੇ ਦੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਗਿਆ ।

# ਮਹਿਤਾ ਪਰਿਵਾਰ ਨੇ ਲੋੜਵੰਦ ਵਿਦਿਆਰਥਣਾਂ ਦੀ ਕੀਤੀ ਮੱਦਦ



ਤਪਾ ਮੰਡੀ, 30 ਅਪ੍ਰੈਲ (ਭੂਸ਼ਨ ਘੜੈਲਾ):ਜਿੱਥੇ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਸਕੂਲਾਂ ਵਿਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਪਰਾਲੇ ਕਰ ਰਹੀ ਹੈ, ਉਥੇ ਸਕੂਲਾਂ ਵਿੱਚ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀ ਪੜ੍ਹਾਈ 'ਚ ਮੱਦਦ ਕਰਨ ਲਈ ਸਮਾਜ ਸੇਵੀ ਮਹਿਤਾ ਪਰਿਵਾਰ ਸਕੂਲ ਨਾਲ ਲੰਮੇ ਸਮੇਂ ਤੋ ਜੁੜਿਆ ਹੋਇਆ ਹੈ। ਮਹਿਤਾ ਪਰਿਵਾਰ ਵੱਲੋਂ ਸ਼੍ਰੀਮਤੀ ਸ਼ਾਂਤੀ ਦੇਵੀ ਮੈਮੋਰੀਅਲ ਸਰਕਾਰੀ ਸਕੂਲ ਵਿੱਚ ਲੋੜਵੰਦ ਪਰਿਵਾਰ ਨਾਲ ਸਬੰਧਤ 15 ਵਿਆਰਥਣਾਂ ਨੂੰ ਦੋ-ਦੋ ਹਜ਼ਾਰ ਰੁਪਏ ਦੀ ਨਗਦ ਰਾਸ਼ੀ ਦੇ ਆਰਥਿਕ ਮਦਦ ਕੀਤੀ ਗਈ। ਇਸ ਮੌਕੇ ਸਮਾਜ ਸੇਵੀ ਦਾਦਾ ਸਵ. ਦੇਸ਼ ਰਾਜ,ਪਿਤਾ ਸੁਰੇਸ਼ ਕੁਮਾਰ ਮਹਿਤਾ ਦੇ ਪੂਰਨਿਆਂ ਤੇ ਚਲਦਿਆਂ ਉਨ੍ਹਾਂ ਦੇ ਪੁੱਤਰ ਰਾਹੁਲ ਕੁਮਾਰ ਮਹਿਤਾ ਨੇ ਕਿਹਾ ਕਿ ਭਾਵੇਂ ਇਹ 30 ਹਜ਼ਾਰ ਰੁਪਏ ਬਹੁਤ ਘੱਟ ਰਾਸ਼ੀ ਹੈ ਪਰ ਇਹ ਕੁਝ ਵਿੱਤੀ ਮੱਦਦ ਬੱਚੀਆਂ ਦੀ ਪੜ੍ਹਾਈ ਲਈ ਮਦਦਗਾਰ ਹੈ ਤੇ ਪੜ੍ਹਾਈ ਕਰਨ ਲਈ ਸਹਾਈ ਹੋਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਇਹ ਉਪਰਾਲਾ ਲੰਮੇ ਸਮੇਂ ਤੋਂ ਹਰ ਸਾਲ ਕੀਤਾ ਜਾਂਦਾ ਹੈ। ਰਾਹੁਲ ਮਹਿਤਾ ਨੇ ਕਿਹਾ ਕਿ ਔਰਤਾਂ ਦੀ ਸਿੱਖਿਆ ਤੋਂ ਬਿਨਾਂ ਦੇਸ਼ ਦਾ ਵਿਕਾਸ ਨਹੀਂ ਹੋ ਸਕਦਾ ਕਿਉਂਕਿ ਇੱਕ ਔਰਤ ਨੂੰ ਸਿੱਖਿਅਤ ਕਰਨ ਨਾਲ ਹੀ ਪੂਰਾ ਸਮਾਜ ਸਿੱਖਿਅਤ ਹੁੰਦਾ ਹੈ।ਇਸ ਲਈ ਸਮਾਜਸੇਵੀ ਲੋਕਾਂ ਨੂੰ ਸਰਕਾਰੀ ਸਕੂਲਾਂ ਦੇ ਲੋੜਵੰਦ ਵਿਦਿਆਰਥੀਆਂ ਜਾਂ ਵਿਦਿਆਰਥਣਾਂ ਦੀ ਮੱਦਦ ਜ਼ਰੂਰ ਕਰਨੀ ਚਾਹੀਦੀ ਹੈ ਤਾਂ ਕਿ ਉਹ ਪੜ੍ਹਾਈ 'ਚ ਆਪਣਾ ਨਾਂ ਬਣਾਕੇ ਟੀਚੇ 'ਤੇ ਪਹੁੰਚ ਸਕਣ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਡਿੰਪੀ ਰਾਣੀ ਅਤੇ ਸਮੂਹ ਸਟਾਫ਼ ਨੇ ਮਹਿਤਾ ਪਰਿਵਾਰ ਦੇ ਇਸ ਉਪਰਾਲੇ ਦੀ ਤਹਿਦਿਲੋਂ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ।ਇਸ ਮੌਕੇ ਮਹਿਤਾ ਪਰਿਵਾਰ ਦੇ ਰਾਹੁਲ ਮਹਿਤਾ,ਅਤੁਲ ਸਿੰਗਲਾ, ਸੁਨੀਤਾ ਰਾਣੀ,ਗੀਤੂ ਰਾਣੀ ਅਤੇ ਹੋਰ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਸਕੂਲ ਦਾ ਸਾਰਾ ਸਟਾਫ਼ ਹਾਜ਼ਰ ਸੀ।

# ਦੋ ਏਕੜ ਵਿੱਚ ਫੈਲੇ ਛੱਪੜ ਦੇ ਓਵਰ ਫਲੋਅ ਪਾਣੀ ਨਾਲ ਹੋਵੇਗੀ 170 ਏਕੜ ਰਕਬੇ ਦੀ ਸਿੰਚਾਈ



ਧੂਰੀ, 30 ਅਪ੍ਰੈਲ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਧਾਨ ਸਭਾ ਹਲਕਾ ਧੂਰੀ ਦੇ ਪਿੰਡ ਘਨੌਰ ਕਲਾਂ ਦਾ ਦੋ ਏਕੜ ਰਕਬੇ ਵਿੱਚ ਫੈਲਿਆ ਛੱਪੜ ਹੁਣ ਪਿੰਡ ਲਈ ਸ਼ਰਾਪ ਜਾਂ ਬਦਸੂਰਤੀ ਦਾ ਕੇਂਦਰ ਨਹੀਂ ਰਹੇਗਾ। ਸਗੋਂ ਹੁਣ ਇਸ ਛੱਪੜ ਦੇ ਪਾਣੀ ਨਾਲ 170 ਏਕੜ (68 ਹੈਕਟੇਅਰ ਏਰੀਆ) ਰਕਬੇ ਨੂੰ ਸਿੰਜਿਆ ਜਾ ਸਕੇਗਾ। ਇਸ ਮਹੱਤਵਪੂਰਨ ਪ੍ਰੋਜੈਕਟ ਤਹਿਤ ਪਾਈਪ ਪਾਉਣ ਦੇ ਕੰਮ ਦੀ ਪੰਜਾਬ ਰਾਜ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਸ਼ੁਰੂਆਤ ਕਰਵਾਈ। ਇਸ ਮੌਕੇ ਉਹਨਾਂ ਨਾਲ ਸ੍ਰ ਰਾਜਵੰਤ ਸਿੰਘ ਘੁਲੀ ਚੇਅਰਮੈਨ ਮੰਡੀ ਬੋਰਡ ਵੀ ਵਿਸ਼ੇਸ਼ ਤੌਰ ਉੱਤੇ ਹਾਜ਼ਰ ਸਨ। ਇਸ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਪਿੰਡ ਘਨੌਰ ਕਲਾਂ ਦੀ ਗੰਦੇ ਪਾਣੀ ਦੀ ਬਹੁਤ ਵੱਡੀ ਸਮੱਸਿਆ ਸੀ। ਪਿੰਡ ਵਾਸੀਆਂ ਵੱਲੋਂ ਇਹ ਸਮੱਸਿਆ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਂਦੀ ਗਈ ਤਾਂ ਉਹਨਾਂ ਨੇ ਪੰਜਾਬ ਸਰਕਾਰ ਦੇ ਭੂਮੀ ਰੱਖਿਆ ਅਤੇ ਜਲ ਸੰਭਾਲ ਵਿਭਾਗ ਨੂੰ ਇਸ ਦਾ ਫੌਰੀ ਹੱਲ ਕਰਨ ਲਈ ਕਿਹਾ ਸੀ। ਉਹਨਾਂ ਕਿਹਾ ਕਿ ਵਿਭਾਗ ਵੱਲੋਂ ਤਿਆਰ ਕੀਤੇ ਗਏ ਪ੍ਰੋਜੈਕਟ ਤਹਿਤ ਹੁਣ ਛੱਪੜ ਦੇ ਪਾਣੀ ਨੂੰ ਲਗਭਗ ਦੋ ਕਿਲੋਮੀਟਰ ਲੰਬੀ ਅੰਡਰਗਰਾਊਂਡ ਪਾਈਪ ਰਾਹੀਂ ਲੋਕਾਂ ਦੇ ਖੇਤਾਂ ਤੱਕ ਸਿੰਚਾਈ ਲਈ ਵਰਤਣ ਹਿੱਤ ਪਹੁੰਚਾਇਆ ਜਾਵੇਗਾ। ਪੰਜਾਬ ਸਰਕਾਰ ਅਤੇ ਨਾਬਾਰਡ ਦੇ ਇਸ ਸਾਂਝੇ ਪ੍ਰੋਜੈਕਟ ਉੱਤੇ ਕੁੱਲ 21.25 ਲੱਖ ਰੁਪਏ ਦੀ ਲਾਗਤ ਆਵੇਗੀ। ਉਹਨਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਹਰੇਕ ਪਿੰਡ ਵਿੱਚ ਇਹ ਪ੍ਰੋਜੈਕਟ ਲਗਾਇਆ ਜਾਵੇਗਾ।ਇਸ ਮੌਕੇ ਹਾਜ਼ਰ ਪਿੰਡ ਦੇ ਸਰਪੰਚ ਜਸਵਿੰਦਰ ਸਿੰਘ ਅਤੇ ਸਾਰੇ ਪੰਚਾਇਤ ਮੈਂਬਰਾਂ ਨੇ ਇਕ ਸੁਰ ਵਿੱਚ ਕਿਹਾ ਕਿ ਇਹ ਕੰਮ ਮੁਕੰਮਲ ਹੋਣ ਨਾਲ ਛੱਪੜ ਦਾ ਪਾਣੀ ਓਵਰ ਫਲੋਅ ਨਹੀਂ ਹੋਵੇਗਾ। ਪਹਿਲਾਂ ਇਹ ਪਾਣੀ ਗਲੀਆਂ ਵਿੱਚ ਘੁੰਮਦਾ ਰਹਿੰਦਾ ਸੀ, ਜਿਸ ਕਾਰਨ ਮੌਸਮੀ ਬਿਮਾਰੀਆਂ ਅਤੇ ਹਰ ਸਮੇਂ ਬਦਬੂ ਫੈਲੀ ਰਹਿੰਦੀ ਸੀ। ਬਰਸਾਤਾਂ ਵੇਲੇ ਇਹ ਸਮੱਸਿਆ ਬਹੁਤ ਹੀ ਵਿਕਰਾਲ ਰੂਪ ਧਾਰਨ ਕਰ ਲੈਂਦੀ ਸੀ। ਇਹ ਪਾਣੀ ਦੋਵੇਂ ਫਸਲਾਂ ਕਣਕ ਅਤੇ ਝੋਨੇ ਲਈ ਮਿਲੇਗਾ, ਜਦਕਿ ਪਹਿਲਾਂ ਇਹ ਪਾਣੀ ਅਜਾਈਂ ਚਲਾ ਜਾਂਦਾ ਸੀ ਪਰ ਹੁਣ ਖੇਤੀ ਲਈ ਵਰਤਿਆ ਜਾਵੇਗਾ। ਹੁਣ ਕਿਸਾਨਾਂ ਨੂੰ ਮੋਟਰਾਂ ਤੋਂ ਪਾਣੀ ਲੈਣ ਦੀ ਲੋੜ ਨਹੀਂ ਪਵੇਗੀ। ਭੂਮੀ ਅਤੇ ਜਲ ਸੰਭਾਲ ਵਿਭਾਗ ਪੰਜਾਬ ਦੇ ਮੰਡਲ ਭੂਮੀ ਰੱਖਿਆ ਅਫਸਰ ਸ੍ਰੀ ਕੇਸ਼ਵ ਕੁਮਾਰ ਨੇ ਦੱਸਿਆ ਕਿ ਇਸ ਛੱਪੜ ਵਿੱਚੋਂ ਪਾਣੀ ਖੇਤਾਂ ਤੱਕ ਪਹੁੰਚਾਉਣ ਲਈ ਸਾਢੇ ਸੱਤ ਹਾਰਸ ਪਾਵਰ ਦਾ ਸੋਲਰ ਪੰਪ ਮੋਟਰ ਨਾਲ ਚੱਲੇਗਾ। ਸੋਲਰ ਪੰਪ ਅਤੇ ਮੋਟਰ ਦਾ ਖਰਚਾ ਵੀ ਵਿਭਾਗ ਵੱਲੋਂ ਬਰਦਾਸ਼ਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਖੇਤੀ ਲਈ ਵਰਤੇ ਪਾਣੀ ਦਾ ਕਿਸੇ ਕਿਸਾਨ ਤੋਂ ਕੋਈ ਪੈਸਾ ਵੀ ਨਹੀਂ ਲਿਆ ਜਾਵੇਗਾ।

# ਚੇਅਰਮੈਨ ਘੁੱਲੀ ਵੱਲੋਂ ਸੀਵਰੇਜ਼ ਦਾ ਉਦਘਾਟਨ



ਧੂਰੀ,30 ਅਪ੍ਰੈਲ ( ਰਣਜੀਤ ਸਿੰਘ ਧੇਧਨੀ ): ਪਿਛਲੇ ਲੰਮੇ ਸਮੇਂ ਤੋਂ ਵਾਰਡ ਨੰਬਰ 1 ਦੀ ਬਸੰਤ ਕਾਲੋਨੀ ਵਿੱਚ ਸੀਵਰੇਜ਼ ਚਾਲੂ ਕਰਨ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕੈਂਪਸ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ, ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ ਅਤੇ ਚੇਅਰਮੈਨ ਸ੍ਰੀ ਅਸ਼ੋਕ ਕੁਮਾਰ ਲੱਖਾ ਨੇ ਕੀਤਾ। ਇਸ ਮੌਕੇ ਚੇਅਰਮੈਨ ਘੁੱਲੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਪੰਜਾਬ ਦਾ ਚਹੁੰ-ਮੁੱਖੀ ਵਿਕਾਸ ਬਿਨ੍ਹਾਂ ਕਿਸੇ ਭਿੰਨ-ਭੇਦ ਦੇ ਕਰਵਾਉਣ ਦੇ ਨਾਲ ਨਾਲ ਪੰਜਾਬ ਨੂੰ ਮੁੜ ਪਹਿਲੇ ਦਰਜੇ ਦਾ ਸੂਬਾ ਅਤੇ ਰੰਗਲਾ ਪੰਜਾਬ ਬਣਾਉਣ ਦੇ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਪਰਮਜੀਤ ਸਿੰਘ ਕਾਂਝਲਾ, ਮਿਉਂਸਪਲ ਕਮੇਟੀ ਦੇ ਪ੍ਰਧਾਨ ਸੰਦੀਪ ਤਾਇਲ ਪੱਪੂ ਜੌਲੀ, ਬਲਾਕ ਪ੍ਰਧਾਨ ਸੁਖਪਾਲ ਪਾਲਾ, ਸਰਬਜੀਤ ਸਿੰਘ ਮਾਮਾ, ਮਾਣਾ ਗਰੇਵਾਲ, ਐਮ ਸੀ ਬਲਜੀਤ ਕੌਰ, ਬਲਾਕ ਪ੍ਰਧਾਨ ਜਸਪਾਲ ਸਿੰਘ ਅਨਿਲ ਕੁਮਾਰ ਲੀਲਾ, ਜੰਗ ਧੂਰੀ ਹਾਜ਼ਰ ਸਨ।

# ਜੈ ਵਾਟਿਕਾ ਸਕੂਲ ਵਿਖੇ ਮਜ਼ਦੂਰ ਦਿਵਸ ਮੌਕੇ ਸਫਾਈ ਕਰਮਚਾਰੀਆਂ ਨੂੰ ਕੀਤਾ ਸਨਮਾਨਿਤ

ਬਰਨਾਲਾ, 30 ਅਪ੍ਰੈਲ (ਅਮਨਦੀਪ ਸਿੰਘ):ਜੈ ਵਾਟਿਕਾ ਪਬਲਿਕ ਸਕੂਲ ਵਿੱਚ ਮਜ਼ਦੂਰ ਦਿਵਸ ਬਹੁਤ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ, ਚੈਲੇਂਜਰ ਹਾਊਸ ਦੇ ਵਿਦਿਆਰਥੀਆਂ ਦੁਆਰਾ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਮਿਹਨਤੀ ਸਟਾਫ ਨੂੰ ਸਨਮਾਨਿਤ ਕੀਤਾ ਗਿਆ।ਮੀਟਿੰਗ ਦੀ ਸ਼ੁਰੂਆਤ ਵਿਦਿਆਰਥੀਆਂ ਦੁਆਰਾ ਪੇਸ਼ ਕੀਤੀ ਗਈ ਇੱਕ ਪ੍ਰੇਰਨਾਦਾਇਕ ਕਵਿਤਾ ਨਾਲ ਹੋਈ, ਜਿਸ ਵਿੱਚ ਮਜ਼ਦੂਰਾਂ ਦੀ ਸਖ਼ਤ ਮਿਹਨਤ ਅਤੇ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਗਈ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਆਪਣੇ ਭਾਸ਼ਣ ਰਾਹੀਂ ਇਹ ਸੰਦੇਸ਼ ਦਿੱਤਾ ਕਿ ਮਜ਼ਦੂਰ ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹਨ। ਅਧਿਆਪਕਾਂ ਨੇ ਵੀ ਸਾਰੇ ਕਰਮਚਾਰੀਆਂ ਦਾ ਤਾੜੀਆਂ ਦੀ ਗੜਗੜਾਹਟ ਨਾਲ ਸਨਮਾਨ ਕੀਤਾ। ਇਹ ਸਮਾਗਮ ਵਿਦਿਆਰਥੀਆਂ ਨੂੰ ਕਿਰਤ ਦੀ ਮਹੱਤਤਾ ਨੂੰ ਸਮਝਣ ਵਿੱਚ ਸਫਲ ਰਿਹਾ ਅਤੇ ਸਾਰਿਆਂ ਦੇ ਮਨਾਂ ਵਿੱਚ ਇੱਕ ਸਕਾਰਾਤਮਕ ਸੁਨੇਹਾ ਛੱਡਿਆ। ਇਕੱਠ ਨੂੰ ਸੰਬੋਧਨ ਕਰਦੇ ਹੋਏ ਸਕੂਲ ਦੀ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਕਿਹਾ, ਕਿ ਸਾਡੇ ਸਕੂਲ ਦੇ ਹਰੇਕ ਕਰਮਚਾਰੀ ਦਾ ਯੋਗਦਾਨ ਅਨਮੋਲ ਹੈ। ਇਹ ਦਿਨ ਸਾਨੂੰ ਸਿਖਾਉਂਦਾ ਹੈ ਕਿ ਹਰ ਕੰਮ ਮਹੱਤਵਪੂਰਨ ਹੈ ਅਤੇ ਹਰ ਵਰਕਰ ਸਤਿਕਾਰ ਦਾ ਹੱਕਦਾਰ ਹੈ।

ਸੇਵਾ ਮੁਕਤੀ 'ਤੇ ਵਿਸ਼ੇਸ਼

# ਮਨਦੀਪ ਸਿੰਘ ਸਿੱਧੂ ਆਈ.ਪੀ.ਐਸ. ; ਪੁਲਿਸਿੰਗ ਅਤੇ ਸਮਾਜ ਲਈ ਉਨ੍ਹਾਂ ਦੇ ਪ੍ਰਭਾਵਸ਼ਾਲੀ ਯੋਗਦਾਨ ਦੀ ਝਲਕ



ਸੁਨਾਮ ਊਧਮ ਸਿੰਘ ਵਾਲਾ, 30 ਅਪ੍ਰੈਲ (ਮੋਹਣ ਸ਼ਰਮਾ): ਮਨਦੀਪ ਸਿੰਘ ਸਿੱਧੂ ਆਈਪੀਐਸ, 2008 ਬੈਚ ਦੇ ਭਾਰਤੀ ਪੁਲਿਸ ਸੇਵਾ ਦੇ ਅਧਿਕਾਰੀ ਹਨ, ਜੋ ਪੰਜਾਬ 'ਚ ਕਾਨੂੰਨ ਵਿਵਸਥਾ ਅਤੇ ਸਮਾਜਿਕ ਵਿਕਾਸ ਲਈ ਆਪਣੇ ਮਹੱਤਵਪੂਰਨ ਕੰਮ ਕਰਕੇ ਜਾਣੇ ਜਾਂਦੇ ਹਨ। ਉਨ੍ਹਾਂ ਨੇ ਆਪਣੇ ਕਰੀਅਰ ਦੌਰਾਨ ਲੁਧਿਆਣਾ ਵਿੱਚ ਕਮਿਸ਼ਨਰ ਆਫ਼ ਪੁਲਿਸ ਅਤੇ ਹੁਣ ਪਟਿਆਲਾ ਵਿੱਚ ਡਿਪਟੀ ਇੰਸਪੈਕਟਰ ਜਨਰਲ (ਡੀ ਆਈ ਜੀ) ਵਰਗੀਆਂ ਪਦਵੀਆਂ ਸੰਭਾਲੀਆਂ ਹਨ। ਸਿੱਧੂ ਨੇ ਸਮੁਦਾਇਕ ਪਹੁੰਚ ਉਪਰਾਲਿਆਂ ਰਾਹੀਂ ਵੱਖਰੀ ਪਹਿਚਾਣ ਬਣਾਈ ਹੈ, ਵਿਸ਼ੇਸ਼ ਤੌਰ 'ਤੇ ਨਸ਼ਾ ਵਿਰੋਧੀ ਵੱਡੀਆਂ ਸਾਈਕਲ ਰੈਲੀਆਂ ਕਰਵਾਉਣ ਲਈ। ਉਨ੍ਹਾਂ ਦੀ ਰੈਲੀ, ਜੋ ਲੁਧਿਆਣਾ ਵਿੱਚ ਹੋਈ 25,000 ਤੋਂ ਵੱਧ ਹਿੱਸੇਦਾਰਾਂ ਨੂੰ ਸ਼ਾਮਿਲ ਕਰਨ ਵਿੱਚ ਸਫਲ ਰਹੀ ਅਤੇ ਇਸ ਨੂੰ ਏਸ਼ੀਆ ਬੁੱਕ ਆਫ਼ ਰਿਕਾਰਡਸ ਅਤੇ ਇੰਡੀਆ ਬੁੱਕ ਆਫ਼ ਰਿਕਾਰਡਸ ਵਿੱਚ ਦਰਜ ਕੀਤਾ ਗਿਆ। ਨਸ਼ਾ ਵਿਰੋਧੀ ਉਪਰਾਲਿਆਂ ਤੋਂ ਇਲਾਵਾ, ਸਿੱਧੂ ਨੇ ਸਿੱਖਿਆ ਦੇ ਪ੍ਰਸਾਰ ਲਈ ਵੀ ਯੋਗਦਾਨ ਦਿੱਤਾ ਹੈ। ਉਨ੍ਹਾਂ 4,800 ਤੋਂ ਵੱਧ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਫੀਸ ਭਰਨ ਲਈ ਆਰਥਿਕ ਸਹਾਇਤਾ ਦਿੱਤੀ ਅਤੇ ਯੁਵਕਾਂ ਲਈ ਸਕੇਟਿੰਗ ਅਤੇ ਬਾਕਸਿੰਗ ਦੀਆਂ ਸਹੂਲਤਾਂ ਵਿੱਚ ਵਾਧਾ ਕੀਤਾ। ਉਨ੍ਹਾਂ ਦੀ ਬੇਮਿਸਾਲ ਸੇਵਾ ਨੂੰ ਕਈ ਪ੍ਰਸਿੱਧ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ ਹੈ, ਜਿਸ ਵਿੱਚ ਸ਼ਾਮਲ ਹਨ -

1) ਰਾਸ਼ਟਰਪਤੀ ਪੁਲਿਸ ਪਦਕ (ਵਿਸ਼ਿਸ਼ਟ ਸੇਵਾ ਲਈ)
2) ਮੁੱਖ ਮੰਤਰੀ ਪਦਕ (ਸ਼੍ਰੇਸ਼ਠ ਸੇਵਾ ਲਈ)
3) ਡੀ.ਜੀ.ਪੀ. ਪ੍ਰਸ਼ੰਸਾ ਚਿੰਨ੍ਹ
4) ਰਾਸ਼ਟਰਪਤੀ ਪੁਲਿਸ ਪਦਕ (ਉਤਕ੍ਰਿਸ਼ਟ ਸੇਵਾ ਲਈ)
5) ਪਰਾਕ੍ਰਮ ਪਦਕ (ਅੱਤਵਾਦ ਵਿਰੋਧੀ ਮੁਹਿੰਮ ਦੌਰਾਨ ਜ਼ਖਮੀ ਹੋਣ 'ਤੇ)
6) ਕਠਿਨ ਸੇਵਾ ਮੈਡਲ
7) ਸਮਾਜਿਕ ਸੇਵਾ ਲਈ ਵਿਸ਼ੇਸ਼ ਸਨਮਾਨ

**ਕਰੀਅਰ ਦਾ ਜਾਇਜ਼ਾ** -ਮਨਦੀਪ ਸਿੰਘ ਸਿੱਧੂ ਨੇ ਪੰਜਾਬ ਪੁਲਿਸ ਵਿੱਚ ਕਈ ਜ਼ਿਲਿਆਂ ਜਿਵੇਂ ਕਿ ਸੰਗਰੂਰ, ਫਤਹਿਗੜ੍ਹ ਸਾਹਿਬ, ਖੰਨਾ ਅਤੇ ਪਟਿਆਲਾ ਵਿੱਚ ਸੀਨੀਅਰ ਸੁਪਰਿਟੈਂਡੈਂਟ ਆਫ਼ ਪੁਲਿਸ (ਐਸ ਐਸ ਪੀ) ਵਜੋਂ ਸੇਵਾਵਾਂ ਨਿਭਾਈਆਂ। ਲੁਧਿਆਣਾ ਵਿੱਚ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਡੀ ਸੀ ਪੀ) ਅਤੇ ਐਸ ਪੀ (ਹੈੱਡਕੁਆਟਰ) ਵਜੋਂ ਵੀ ਸੇਵਾ ਕੀਤੀ ਅਤੇ ਫਿਰ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਬਣੇ।

ਕਮਿਸ਼ਨਰ ਵਜੋਂ ਉਨ੍ਹਾਂ ਨੇ ਅਨੇਕ ਮਹੱਤਵਪੂਰਨ ਮਾਮਲਿਆਂ ਦੀ ਜਾਂਚ ਦੀ ਅਗਵਾਈ ਕੀਤੀ। ਜਿਸ ਵਿੱਚ ਇੱਕ ਸਾਬਕਾ ਏ.ਐਸ.ਆਈ. ਦੇ ਪਰਿਵਾਰ ਦੇ ਟ੍ਰਿਪਲ ਮਰਡਰ ਅਤੇ 8.49 ਕਰੋੜ ਰੁਪਏ ਦੀ ਲੁੱਟ ਸ਼ਾਮਿਲ ਹੈ। ਉਨ੍ਹਾਂ ਨੇ ਮਹਾਰਾਣੀ ਪ੍ਰਨੀਤ ਕੌਰ (ਪੂਰਵ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ) ਨਾਲ ਹੋਈ ਔਨਲਾਈਨ ਠੱਗੀ ਮਾਮਲੇ ਵਿੱਚ 25 ਲੱਖ ਰੁਪਏ ਦੀ ਬਰਾਮਦਗੀ ਕਰਵਾਈ। ਐਸ.ਐੱਸ.ਆਈ. ਹਰਜੀਤ ਸਿੰਘ ਦਾ ਹੱਥ ਕੱਟਣ ਵਾਲੇ ਨਿਹੰਗਾਂ ਦੀ ਦਿਲੇਰੀ ਨਾਲ ਗ੍ਰਿਫਤਾਰੀ। ਇਸ ਘਟਨਾ ਦੇ ਸਮਰਥਨ ਵਿੱਚ ਸਾਰੇ ਭਾਰਤ ਦੇ ਪੁਲਿਸ ਅਧਿਕਾਰੀਆਂ ਨੇ ਮੈਂ ਵੀ ਹਰਜੀਤ ਸਿੰਘ ਨਾਂ ਦੀ ਪੱਟੀ ਪਾਈ। ਭਾਰਤ ਦਾ ਸਭ ਤੋਂ ਵੱਡਾ ਬੈਂਕ ਡਾਕਾ (9 ਕਰੋੜ ਰੁਪਏ) ਜੋ ਲੁਧਿਆਣਾ ਵਿੱਚ ਹੋਇਆ, ਇਸਦੀ ਮੁੱਖ ਦੋਸ਼ੀ ਡਾਕੂ ਹਸੀਨਾ ਅਤੇ ਹੋਰ ਦੋਸ਼ੀਆਂ ਨੂੰ ਰਿਕਾਰਡ ਸਮੇਂ ਵਿੱਚ ਗ੍ਰਿਫਤਾਰ ਕੀਤਾ। ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀ ਕਾਨੂੰਨੀ ਅਤੇ ਸ਼ਾਂਤਮਈ ਤਰੀਕੇ ਨਾਲ ਖਨੌਰੀ ਬਾਰਡਰ ਤੋਂ ਵਾਪਸੀ, ਜੋ ਉਹ ਇੱਕ ਸਾਲ ਤੋਂ ਵੱਧ ਸਮੇਂ ਤੋਂ ਧਰਨੇ 'ਤੇ ਸਨ। ਉਨ੍ਹਾਂ ਦੀ ਅਗਵਾਈ ਨੇ ਸੁਰੱਖਿਆ ਅਤੇ ਸ਼ਾਂਤੀ ਬਣਾਈ ਰੱਖਣ ਲਈ ਉਨ੍ਹਾਂ ਦੀ ਕਾਬਲੀਅਤ ਦਿਖਾਈ।

**ਸਮੁਦਾਇਕ ਉਪਰਾਲੇ** -ਸਿੱਧੂ ਦੀ ਪੁਲਿਸਿੰਗ ਦੀ ਸੋਚ ਪਰੰਪਰਾਗਤ ਹੱਦਾਂ ਤੋਂ ਉੱਪਰ ਚਲੀ ਗਈ ਹੈ। ਉਨ੍ਹਾਂ ਨੇ ਨਸ਼ਾ ਵਿਰੋਧੀ ਜਾਗਰੂਕਤਾ ਵਧਾਉਣ ਲਈ ਵੱਡੀਆਂ ਸਾਈਕਲ ਰੈਲੀਆਂ ਕਰਵਾਈਆਂ। ਉਹਨਾਂ ਵੱਲੋਂ ਕਰਵਾਈਆਂ ਗਈਆਂ ਇਨ੍ਹਾਂ ਰੈਲੀਆਂ ਵਿੱਚ ਵੱਡੀ ਗਿਣਤੀ ਵਿੱਚ ਜੁੜਦੇ ਹੋਏ ਲੋਕਾਂ ਨੇ ਇਸ ਕਹਾਵਤ ਨੂੰ ਸਾਕਾਰ ਕਰ ਦਿੱਤਾ ਕਿ ਅਕੇਲੇ ਹੀ ਚਲੇ ਥੇ ਮੰਜ਼ਿਲ੍ਹੇ ਮਕਸੂਦ ਕੇ ਲੀਏ, ਲੋਗ ਜੁੜਤੇ ਗਏ ਕਾਰਵਾਂ ਬਨਤਾ ਗਯਾ। 2017 ਵਿੱਚ ਸੰਗਰੂਰ ਵਿੱਚ ਲਗਭਗ 6,000 ਹਿੱਸੇਦਾਰਾਂ ਨਾਲ ਸ਼ੁਰੂ ਹੋਈ ਰੈਲੀ, 2022 ਵਿੱਚ ਇਹ ਗਿਣਤੀ 16,000 'ਤੇ ਪਹੁੰਚੀ। ਲੁਧਿਆਣਾ ਦੀ ਰੈਲੀ 25,000 ਲੋਕਾਂ ਨਾਲ ਏਸ਼ੀਆ ਅਤੇ ਭਾਰਤ ਰਿਕਾਰਡ ਵਿੱਚ ਦਰਜ ਹੋਈ।

# ਮਾਝਾ-ਦੁਆਬਾ
ਆਸ ਪਾਸ

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਮਜ਼ਦੂਰ ਦਿਵਸ ਮਨਾਇਆ



ਅੰਮ੍ਰਿਤਸਰ, 30 ਅਪ੍ਰੈਲ, (ਗੁਰਦਿਆਲ ਸਿੰਘ) : ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਸਰਪ੍ਰਸਤੀ ਹੇਠ ਚੱਲ ਰਹੀ ਜ਼ਿਲ੍ਹੇ ਦੀ ਨਾਮਵਰ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਵਿਖੇ ਮਜ਼ਦੂਰ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਦੀ ਪ੍ਰਾਰਥਨਾ ਸਭਾ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਵੱਲੋਂ ਇਸ ਦਿਵਸ ਨਾਲ ਸੰਬੰਧਿਤ ਭਾਸ਼ਣ, ਕਵਿਤਾ, ਰੋਲ ਪਲੇਅ ਅਤੇ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਸਕੂਲ ਦੇ ਸਹਾਇਕ ਕਰਮਚਾਰੀਆਂ ਪ੍ਰਤੀ ਆਪਣਾ ਧੰਨਵਾਦ ਪ੍ਰਗਟ ਕਰਦੇ ਹੋਏ ਉਨ੍ਹਾਂ ਨੂੰ ਉਪਹਾਰ ਭੇਟ ਕਰਦਿਆਂ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆ । ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਜੀ ,ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਜੀ ਨੇ ਇਸ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਦਿਵਸ ਮਜ਼ਦੂਰ ਵਰਗ ਲਈ ਬਹੁਤ ਹੀ ਖਾਸ ਹੈ। ਸਾਨੂੰ ਬਿਨਾਂ ਕਿਸੇ ਭੇਦ ਭਾਵ ਦੇ ਉਹਨਾਂ ਨੂੰ ਬਣਦਾ ਸਤਿਕਾਰ ਦੇਣਾ ਚਾਹੀਦਾ ਹੈ। ਸਕੂਲ ਦੇ ਮੈਂਬਰ ਇੰਚਾਰਜ ਨਵਜੋਤ ਸਿੰਘ ਜੀ, ਮੈਂਬਰ ਇੰਚਾਰਜ ਰਣਦੀਪ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਸ ਦਿਹਾੜੇ ਦਾ ਮਨੋਰਥ ਲੋਕਾਂ ਨੂੰ ਜਾਗਰੂਕ ਕਰਨਾ ਹੈ। ਉਹਨਾਂ ਵਿਦਿਆਰਥੀਆਂ ਨੂੰ ਆਪਣੇ ਆਲੇ ਦੁਆਲੇ ਦੇ ਲੋਕਾਂ ਪ੍ਰਤੀ ਹਮਦਰਦੀ ਰੱਖਣ ਅਤੇ ਉਨ੍ਹਾਂ ਦੀ ਲੋੜ ਅਨੁਸਾਰ ਮਦਦ ਕਰਨ ਦੀ ਪ੍ਰੇਰਨਾ ਦਿੱਤੀ । ਸਕੂਲ ਦੇ ਪ੍ਰਿੰਸੀਪਲ ਸ.ਸਤਵੰਤ ਸਿੰਘ ਬੈਂਸ ਨੇ ਇਸ ਦਿਵਸ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਦੱਸਿਆ ਕਿ ਇਹ ਦਿਵਸ ਭਾਰਤ ਵਿੱਚ ਪਹਿਲੀ ਵਾਰ 1ਮਈ 1923 ਨੂੰ ਭਾਰਤ ਮਜ਼ਦੂਰ ਕਿਸਾਨ ਪਾਰਟੀ ਆਫ ਹਿੰਦੋਸਤਾਨ ਦੁਆਰਾ ਮਨਾਇਆ ਗਿਆ ਸੀ। ਇਸ ਤੋਂ ਬਾਅਦ ਮਜ਼ਦੂਰਾਂ ਦੇ ਕੰਮ ਲਈ 8ਘੰਟੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ। ਇਹ ਦਿਵਸ ਮਜ਼ਦੂਰਾਂ ਦਾ ਦੇਸ਼ ਦੀ ਆਰਥਿਕ ਉੱਨਤੀ ਵਿੱਚ ਯੋਗਦਾਨ ਨੂੰ ਦਰਸਾਉਂਦਾ ਹੈ। ਉਹਨਾਂ ਇਹ ਵੀ ਕਿਹਾ ਕਿ ਹਰ ਵਿਦਿਆਰਥੀ ਨੂੰ ਇਸ ਦਿਨ ਦੀ ਮਹੱਤਤਾ ਨੂੰ ਜਾਣਨਾ ਚਾਹੀਦਾ ਹੈ ਤਾਂ ਜੋ ਉਹ ਮੱਦਦਗਾਰ ਬਣ ਸਕੇ। ਉਹਨਾਂ ਨੇ ਸਹਾਇਕ ਕਰਮਚਾਰੀਆਂ ਦੀ ਵਧੀਆ ਸੇਵਾਵਾਂ ਦੇਣ ਲਈ ਪ੍ਰਸ਼ੰਸਾ ਕੀਤੀ ।

## ਪਿੰਡ ਬਲੇਹਰ ਖੁਰਦ ਦੇ ਸਰਪੰਚ ਨੇ 8 ਲੋੜਵੰਦ ਪਰਿਵਾਰਾਂ ਦੇ ਕਮਰਿਆਂ ਦਾ ਪਾਇਆ ਲੈਂਟਰ



ਭਿੱਖੀਵਿੰਡ, 30 ਅਪ੍ਰੈਲ ( ਸਵਿੰਦਰ ਬਲੇਹਰ): ਜ਼ਿਲ੍ਹਾ ਤਰਨਤਾਰਨ ਹਲਕਾ ਖੇਮਕਰਨ ਬਲਾਕ ਭਿੱਖੀਵਿੰਡ ਪਿੰਡ ਬਲੇਹਰ ਦੇ ਵਾਸੀ ਆਮ ਆਦਮੀ ਦੇ ਸੀਨੀਅਰ ਆਗੂ ਅਤੇ ਮੌਜੂਦਾ ਸਰਪੰਚ ਬੋਹੜ ਸਿੰਘ ਦੇ ਕੰਮਾਂ ਤੋਂ ਖੁਸ਼ ਨਜਰ ਆ ਰਹੇ ਹਨ। ਸਰਪੰਚ ਬੋਹੜ ਸਿੰਘ ਨੇ ਪੱਤਰਕਾਰ ਸਵਿੰਦਰ ਸਿੰਘ ਬਲੇਹਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਾਸੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਨੀਤੀਆਂ ਤੋਂ ਖੁਸ਼ ਨਜਰ ਆ ਰਹੇ ਹਨ । ਉਹਨਾਂ ਕਿਹਾ ਕਿ ਹਲਕਾ ਖੇਮਕਰਨ ਦੇ ਵਿਧਾਇਕ ਸਰਵਨ ਸਿੰਘ ਧੁੰਨ ਦੀ ਅਗਵਾਈ ਹੇਠ ਪਿੰਡਾਂ ਅੰਦਰ ਵਿਕਾਸ ਦੇ ਕੰਮ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੇ ਹਨ। ਇਸੇ ਲੜੀ ਤਹਿਤ ਹਲਕਾ ਵਿਧਾਇਕ ਧੁੰਨ ਦੀ ਅਗਵਾਈ ਹੇਠ ਪਿੰਡ ਬਲੇਹਰ ਖੁਰਦ ਵਿਖੇ ਲੋੜਵੰਦ ਪਰਿਵਾਰਾਂ ਦੇ 8 ਕਮਰਿਆਂ ਦਾ ਲੈਂਟਰ ਪਾਇਆ ਗਿਆ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਵੀ ਸੁੱਖ ਸਹੂਲਤਾਂ ਲੋੜਵੰਦ ਪਰਿਵਾਰਾਂ ਵਾਸਤੇ ਆ ਰਹੀਆਂ ਹਨ ਉਹ ਬਿਨਾਂ ਭੇਦਭਾਵ ਦੇ ਘਰ-ਘਰ ਪਹੁੰਚਾਈਆਂ ਜਾ ਰਹੀਆਂ ਹਨ । ਇਸ ਮੌਕੇ ਨੰਬਰਦਾਰ ਕਰਤਾਰ ਸਿੰਘ, ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਸ਼ੇਰਾ ਬਲੇਹਰ, ਮੈਂਬਰ ਪੰਚਾਇਤ ਦਿਲਬਾਗ ਸਿੰਘ ਮੈਂਬਰ ਪੰਚਾਇਤ ਜੱਜ ਵੀਰ ਸਿੰਘ ਮੈਂਬਰ ਪੰਚਾਇਤ ਨਿਸ਼ਾਨ ਸਿੰਘ ਮੈਂਬਰ ਪੰਚਾਇਤ ਤਰਸੇਮ ਸਿੰਘ ਮੈਂਬਰ ਪੰਚਾਇਤ ਬਲਵੰਤ ਸਿੰਘ, ਗੁਰਜੀਤ ਸਿੰਘ ਬਲੇਹਰ, ਸਾਬਕਾ ਸਰਪੰਚ ਬਲਕਾਰ ਸਿੰਘ ਸਾਬਕਾ ਸਰਪੰਚ ਰਸਪਾਲ ਸਿੰਘ ਗੁਰਦੇਵ ਸਿੰਘ ਪ੍ਰਧਾਨ ਡਾਕਟਰ ਰਣਬੀਰ ਸਿੰਘ ਬਲਜਿੰਦਰ ਸਿੰਘ ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ ।

## ਸੋਨੀਆ ਮਾਨ ਵੱਲੋਂ ਨਸ਼ਾ ਮੁਕਤੀ ਮੋਰਚਾ ਦੇ ਹਲਕਾ ਪੱਧਰ ਉੱਤੇ ਕੁਆਰਡੀਨੇਟਰ ਨਿਯੁਕਤ



ਅੰਮ੍ਰਿਤਸਰ, 30 ਅਪ੍ਰੈਲ, (ਬਬਲੂ ਮਹਾਜਨ) : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਲੋਕ ਵੀ ਸਰਕਾਰ ਦਾ ਸਾਥ ਦੇਣ ਲਈ ਅੱਗੇ ਆ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਸ਼ਾ ਮੁਕਤੀ ਮੋਰਚਾ ਦੇ ਮਾਝਾ ਜ਼ੋਨ ਕੁਆਰਡੀਨੇਟਰ ਮੈਡਮ ਸੋਨੀਆ ਮਾਨ ਨੇ ਪ੍ਰੈਸ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹਲਕਾ ਵਾਈਜ਼ ਨਸ਼ਾ ਮੁਕਤੀ ਮੋਰਚੇ ਦੇ ਕੁਆਰਡੀਨੇਟਰ ਨਿਯੁਕਤ ਕੀਤੇ ਗਏ ਹਨ, ਜੋ ਸ਼ਹਿਰਾਂ ਅਤੇ ਪਿੰਡਾਂ ਵਿੱਚ ਘਰ ਘਰ ਜਾ ਕੇ ਲੋਕਾਂ ਨੂੰ ਨਸ਼ੇ ਤੇ ਮਾੜੂ ਪ੍ਰਭਾਵਾਂ ਬਾਰੇ ਜਾਗਰੂਕ ਕਰਨਗੇ।

ਮੈਡਮ ਸੋਨੀਆ ਮਾਨ ਨੇ ਦੱਸਿਆ ਕਿ ਹਲਕਾ ਕੇਂਦਰੀ ਤੋਂ ਨਸ਼ਾ ਮੁਕਤੀ ਦੇ ਕੁਆਰਡੀਨੇਟਰ ਸ੍ਰੀ ਵਿਸ਼ਾਲ ਗਿੱਲ, ਉੱਤਰੀ ਤੋਂ ਰਾਹਿਤ ਸੋਨ, ਪੂਰਬੀ ਤੋਂ ਸਾਹਿਬ ਸਿੰਘ ਗਿੱਲ, ਪੱਛਮੀ ਤੋਂ ਸੁਨੀਲ ਕੁਮਾਰ, ਦੱਖਣੀ ਤੋਂ ਮਨਜੀਤ ਸਿੰਘ ਫੌਜੀ ਅਤੇ ਦਿਹਾਤੀ ਖੇਤਰ ਬਾਬਾ ਬਕਾਲਾ ਸਾਹਿਬ ਤੋਂ ਕੁਲਦੀਪ ਸਿੰਘ, ਹਲਕਾ ਅਟਾਰੀ ਤੋਂ ਗੱਜਣ ਸਿੰਘ, ਅਜਨਾਲਾ ਤੋਂ ਪੰਥਜੀਤ ਸਿੰਘ, ਹਲਕਾ ਮਜੀਠਾ ਤੋਂ ਤਰਸੇਮ ਸਿੰਘ, ਹਲਕਾ ਰਾਜਾਸਾਂਸੀ ਤੋਂ ਲਖਵਿੰਦਰ ਸਿੰਘ ਅਤੇ ਹਲਕਾ ਜੰਡਿਆਲਾ ਤੋਂ ਨਸ਼ਾ ਮੁਕਤੀ ਕੁਆਰਡੀਨੇਟਰ ਦਯਾ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ।

ਮੈਡਮ ਸੋਨੀਆ ਮਾਨ ਨੇ ਪ੍ਰੈਸ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਸਪੱਸ਼ਟ ਨਿਰਦੇਸ਼ ਹਨ ਕਿ ਨਸ਼ਾ ਵੇਚਣ ਵਾਲਾ ਭਾਵੇਂ ਕਿਸੇ ਵੀ ਆਹੁਦੇ ਤੋਂ ਕਿਉਂ ਨਾ ਹੋਵੇ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਹਾਂ। ਉਨ੍ਹਾਂ ਦੱਸਿਆ ਕਿ ਨਸ਼ੇ ਨੂੰ ਰੋਕਣ ਲਈ ਡਰੱਗ ਇੰਸਪੈਕਟਰ ਲਗਾਤਾਰ ਦਵਾਈਆਂ ਦੀਆਂ ਦੁਕਾਨਾਂ ਦੀ ਚੈਕਿੰਗ ਕਰ ਰਹੇ ਹਨ ਅਤੇ ਜਿਸ ਕਿਸੇ ਵੀ ਸਟੋਰ 'ਤੇ ਕੋਈ ਨਸ਼ਾ ਵਾਲੀ ਦਵਾਈ ਪਾਈ ਜਾਂਦੀ ਹੈ ਤਾਂ ਮਾਲਕ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਨਸ਼ੇ ਤੋਂ ਪੀੜਤ ਵਿਅਕਤੀਆਂ ਦਾ ਇਲਾਜ ਕਰਵਾਉਣ ਲਈ ਸਾਰੀਆਂ ਸਹੂਲਤਾਂ ਹਸਪਤਾਲਾਂ ਵਿੱਚ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਸੋਨੀਆ ਮਾਨ ਨੇ ਦੱਸਿਆ ਕਿ ਪਿਛਲੀਆਂ ਸਰਕਾਰਾਂ ਨੇ ਕੇਵਲ ਨਸ਼ੇ ਨੂੰ ਖਤਮ ਕਰਨ ਲਈ ਝੂਠੀਆਂ ਕਸਮਾਂ ਹੀ ਖਾਧੀਆਂ ਹਨ, ਜਦ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਸੂਬੇ ਭਰ ਵਿਚੋਂ ਨਸ਼ੇ ਨੂੰ ਖਤਮ ਕਰਨ ਲਈ ਵਿਲੇਜ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਸਾਡੀ ਸਰਕਾਰ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਲਈ ਹਰੇਕ ਜ਼ਿਲ੍ਹੇ ਵਿੱਚ ਪਹੁੰਚ ਕਰ ਰਹੇ ਹਨ।

ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੁਆਰਡੀਨੇਟਰ ਦੀਕਸ਼ਤ ਧਵਨ ਨੇ ਪ੍ਰੈਸ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਹਰੇਕ ਵਰਕਰ ਨਸ਼ੇ ਵਿਰੁੱਧ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੀ ਨਸ਼ੇ ਨੂੰ ਰੋਕਣ ਲਈ ਪੂਰੀ ਤਰ੍ਹਾਂ ਤੱਤਪਰ ਹੈ ਅਤੇ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਜ਼ਿਲ੍ਹਾ ਦਿਹਾਤੀ ਕੁਆਰਡੀਨੇਟਰ ਕੁਲਦੀਪ ਸਿੰਘ ਮੱਤੇਵਾਲ ਨੇ ਸਾਡਾ ਮੁੱਖ ਮਕਸਦ ਇਸ ਸਮੇਂ ਚਿੱਟੇ ਦੀ ਸਪਲਾਈ ਨੂੰ ਰੋਕਣ ਹੈ ਅਤੇ ਜਲਦੀ ਹੀ ਚਿੱਟੇ ਦੇ ਦੈਂਤ ਨੂੰ ਪੰਜਾਬ ਵਿੱਚੋਂ ਉਖਾੜ ਕੇ ਬਾਹਰ ਸੁੱਟਾਂਗੇ। ਉਨ੍ਹਾਂ ਪੱਤਰਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਮੁਹਿੰਮ ਵਿੱਚ ਸਾਡਾ ਸਾਥ ਦੇਣ ਤਾਂ ਜੋ ਪੰਜਾਬ ਦੀ ਨੌਜਵਾਨੀ ਨੂੰ ਨਸ਼ੇ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕ ਮੋਢੇ ਨਾਲ ਮੋਢਾ ਜੋੜ ਕੇ ਚਿੱਟੇ ਨੂੰ ਖਤਮ ਕਰਨ ਲਈ ਸਾਡਾ ਸਹਿਯੋਗ ਕਰ ਰਹੇ ਹਨ ਅਤੇ ਸਾਡੀ ਇੱਛਾ ਹੈ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾ ਸਕੇ।

## ਧਾਲੀਵਾਲ ਨੇ ਅਜਨਾਲਾ 'ਚ 6.25 ਕਰੋੜ ਦੀ ਲਾਗਤ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਕੀਤਾ ਉਦਘਾਟਨ



ਅਜਨਾਲਾ, 30 ਅਪ੍ਰੈਲ, (ਸੁਖਦੇਵ ਸਿੰਘ ਖ਼ਾਲਸਾ) : ਅੱਜ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਸ਼ਹਿਰ 'ਚ ਵੱਡੇ ਵਿਕਾਸ ਪ੍ਰੋਜੈਕਟ ਕਾਰਜਾਂ ਨੂੰ ਹੋਰ ਹੁਲਾਰਾ ਦਿੰਦਿਆਂ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਸਥਾਨਕ ਸੱਕੀ ਨਾਲੇ ਕੰਢੇ 6.25 ਕਰੋੜ ਰੁਪਏ ਦੀ ਲਾਗਤ ਨਾਲ ਨੇਪਰੇ ਚੜ੍ਹਵਾਏ ਅਜਨਾਲਾ ਸ਼ਹਿਰ ਦੇ 4 ਲੱਖ ਲੀਟਰ ਰੋਜ਼ਾਨਾ ਗੰਦੇ ਪਾਣੀ ਨੂੰ ਸਾਫ ਕਰਕੇ ਵਰਤੋਂ 'ਚ ਲਿਆਉਣ ਯੋਗ ਸਮਰੱਥਾ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਤਾੜੀਆਂ ਦੀ ਗੂੰਜ 'ਚ ਉਦਘਾਟਨ ਕੀਤਾ ਅਤੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਰੰਗਲੇ ਪੰਜਾਬ ਦੀ ਸਿਰਜਣਾ ਲਈ ਸ਼ਹਿਰੀ ਤੇ ਪੇਂਡੂ ਵਿਕਾਸ ਦੇ ਪਾੜੇ ਨੂੰ ਖਤਮ ਕਰਕੇ ਸਰਬਪੱਖੀ ਤੇ ਸ਼ਹਿਰੀ ਵਿਕਾਸ ਲਈ ਪ੍ਰਤੀਬੱਧ ਹੈ। ਕੇਂਦਰੀ ਮੋਦੀ ਸਰਕਾਰ ਵੱਲੋਂ ਪੰਜਾਬ ਦੇ ਪੇਂਡੂ ਵਿਕਾਸ ਦੇ 7000 ਕਰੋੜ ਰੁਪਏ ਦੀ ਰਾਸ਼ੀ ਮਤਰੇਈ ਮਾਂ ਵਾਲੇ ਸਲੂਕ ਤਹਿਤ ਰੋਕ ਕੇ ਰੱਖੇ ਜਾਣ ਦੇ ਬਾਵਜੂਦ ਸੂਬਾ ਸਰਕਾਰ ਆਪਣੇ ਹੋਰ ਸਰੋਤਾਂ ਤੋਂ ਹੋਈ ਆਮਦਨ ਦੇ ਖ਼ਜ਼ਾਨੇ 'ਚੋਂ ਚਾਲੂ ਮਾਲੀ ਸਾਲ 'ਚ 3500 ਕਰੋੜ ਰੁਪਏ ਪੇਂਡੂ ਸੜਕਾਂ ਦੇ ਨਿਰਮਾਣ 'ਤੇ ਖਰਚ ਕਰਨ ਜਾ ਰਹੀ ਹੈ। ਸ਼ਹਿਰੀ ਵਿਕਾਸ ਕਾਰਜਾਂ 'ਚ ਵੀ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਮੰਤਰੀ ਧਾਲੀਵਾਲ ਨੇ 6.25 ਕਰੋੜ ਰੁਪਏ ਦੀ ਲਾਗਤ ਨਾਲ ਅੱਜ ਇਸ ਅਜਨਾਲਾ ਸ਼ਹਿਰੀਆਂ ਨੂੰ ਅਰਪਿਤ ਕੀਤੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਗਾਥਾ ਬਿਆਨ ਕਰਦਿਆਂ ਇਹ ਵੀ ਕਿਹਾ ਇਸ ਪਲਾਂਟ ਦਾ 2013 'ਚ ਸਾਬਕਾ ਸਰਕਾਰਾਂ ਵੱਲੋਂ ਨੀਂਹ ਪੱਥਰ ਰੱਖਿਆ ਗਿਆ ਸੀ, ਉਹਨਾਂ ਦੱਸਿਆ ਕਿ ਇਸ ਸੀਵਰੇਜ ਦੇ ਸਾਫ ਕੀਤੇ ਪਾਣੀ ਨੂੰ ਖੇਤਾਂ ਦੀ ਸਿੰਚਾਈ 'ਚ ਲਿਆਉਣ ਲਈ ਵਿਭਾਗ ਨੂੰ ਵੱਖਰਾ ਪ੍ਰਬੰਧ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਮੌਕੇ 'ਤੇ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ, ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਥਾਂਦੇ, ਖੁਸ਼ਪਾਲ ਸਿੰਘ ਧਾਲੀਵਾਲ, ਚਰਨਜੀਤ ਸਿੰਘ ਸਿੱਧੂ, ਨਗਰ ਪੰਚਾਇਤ ਅਜਨਾਲਾ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਸ਼ਿਵਦੀਪ ਸਿੰਘ ਚਾਹਲ, ਇਕਬਾਲ ਸਿੰਘ ਸ਼ਾਹ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀ ਮੌਜੂਦ ਸਨ।

## ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਸਮਾਗਮ ਕਰਵਾਇਆ




ਅੰਮ੍ਰਿਤਸਰ, 30 ਅਪ੍ਰੈਲ, (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਗੰਡਾ ਸਿੰਘ ਕਲੋਨੀ, ਤਰਨ ਤਾਰਨ ਰੋਡ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਫਤਾਵਾਰੀ ਅੰਮ੍ਰਿਤ ਵੇਲਾ ਸਮਾਗਮ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਦੀਆਂ ਸ਼ੁਭ ਆਸੀਸਾ ਨਾਲ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਮੌਕੇ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਕਥਾ-ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੰਦੇ ਹੋਏ ਕਿਹਾ ਸੇਵਾ ਦੇ ਪੁੰਜ, ਗੁਰਮੁੱਖੀ ਲਿਪੀ ਦੇ ਰਚਨਹਾਰ, ਦੂਜੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ। ਓਹਨਾਂ ਕਿਹਾ ਗੁਰੂ ਸਾਹਿਬ ਜੀ ਦੀ ਬਾਣੀ ਸਾਨੂੰ ਨਿਮਰਤਾ, ਸੇਵਾ ਅਤੇ ਪ੍ਰਭੂ ਭਗਤੀ 'ਚ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕਰਦੀ ਹੈ। ਜਿਸ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ, ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਸੰਗਤਾਂ ਵੱਧ ਚੜ੍ਹ ਕੇ ਤਨ ਮਨ ਧੰਨ ਦੇ ਨਾਲ ਸਹਿਯੋਗ ਕਰਨ। ਇਸ ਮੌਕੇ ਦਲਬੀਰ ਸਿੰਘ, ਗੁਰਪ੍ਰੀਤ ਸਿੰਘ ਚਾਹਤ, ਸਤਵਿੰਦਰ ਪਾਲ ਸਿੰਘ, ਕਾਲੂ ਵੀਰ, ਹਰਿੰਦਰ ਸਿੰਘ ਗੋਲਡੀ, ਰਾਹੁਲ ਭਾਟੀਆ, ਸਤਵਿੰਦਰ ਪਾਲ ਸਿੰਘ ਰਿੰਕੂ ਵੀਰ ਜੀ ਸਮੇਤ ਹੋਰ ਸੰਗਤਾਂ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਗੁਰਚਰਨ ਸਿੰਘ ਕੋਹਾਲਾ ਤੇ ਹੋਰ ਮੁਲਾਜ਼ਮਾਂ ਨੂੰ ਸੇਵਾ ਮੁਕਤ ਹੋਣ 'ਤੇ ਕੀਤਾ ਸਨਮਾਨਿਤ



ਅੰਮ੍ਰਿਤਸਰ, 30 ਅਪ੍ਰੈਲ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਤੋਂ ਅੱਜ ਸੇਵਾ ਮੁਕਤ ਹੋਏ ਮੀਤ ਸਕੱਤਰ ਗੁਰਚਰਨ ਸਿੰਘ ਕੋਹਾਲਾ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਹਰਪ੍ਰੀਤ ਸਿੰਘ, ਇੰਚਾਰਜ ਸਬ-ਆਫ਼ਿਸ ਸੁਮੇਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਖ਼ਜ਼ਾਨਚੀ ਸਮਸ਼ੇਰ ਸਿੰਘ, ਸੇਵਾਦਾਰਨੀ ਬੀਬੀ ਪਰਮਜੀਤ ਕੌਰ ਤੇ ਬੀਬੀ ਬਲਵਿੰਦਰ ਕੌਰ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ ਤੇ ਹੋਰ ਅਧਿਕਾਰੀਆਂ ਨੇ ਗੁਰੂ ਬਖਸ਼ਿਸ਼ ਸਿਰੋਪਾਓ, ਸ੍ਰੀ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਤ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸਕੱਤਰ ਪ੍ਰਤਾਪ ਸਿੰਘ ਤੇ ਸਾਬਕਾ ਸਕੱਤਰ ਰਘਬੀਰ ਸਿੰਘ ਰਾਜਾਸਾਂਸੀ ਨੇ ਗੁਰਚਰਨ ਸਿੰਘ ਕੋਹਾਲਾ ਤੇ ਹੋਰ ਸੇਵਾ ਮੁਕਤ ਹੋਏ ਮੁਲਾਜ਼ਮਾਂ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਆਪਣੇ ਜ਼ੁੰਮੇ ਲੱਗੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਹੈ ਅਤੇ ਆਸ ਕਰਦੇ ਹਾਂ ਕਿ ਭਵਿੱਖ ਵਿਚ ਨਿਸ਼ਕਾਮ ਭਾਵਨਾ ਨਾਲ ਸਿੱਖ ਸੰਸਥਾ ਨੂੰ ਸਹਿਯੋਗ ਕਰਦੇ ਰਹਿਣਗੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਬਾਵਾ ਸਿੰਘ ਗੁਮਾਨਪੁਰਾ, ਵਧੀਕ ਸਕੱਤਰ ਪ੍ਰੀਤਪਾਲ ਸਿੰਘ, ਬਿਜੈ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਗੁਰਨਾਮ ਸਿੰਘ, ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਾਲ, ਇੰਚਾਰਜ ਬਲਜੀਤ ਸਿੰਘ, ਗੁਰਪ੍ਰਤਾਪ ਸਿੰਘ, ਗੁਰਮੇਜ ਸਿੰਘ, ਪ੍ਰਜਿੰਦਰ ਸਿੰਘ, ਅਕਾਊਂਟੈਂਟ ਮਨਿੰਦਰਪਾਲ ਸਿੰਘ, ਮੈਨੇਜਰ ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਰਾਜਿੰਦਰ ਸਿੰਘ ਰੂਬੀ, ਗੁਰਪ੍ਰੀਤ ਸਿੰਘ, ਯੁਵਰਾਜ ਸਿੰਘ, ਗੁਰਿੰਦਰ ਸਿੰਘ ਦੇਵਾਦਾਸਪੁਰਾ, ਸਹਾਇਕ ਸੁਪ੍ਰਿੰਟੈਂਡੈਂਟ ਸੁਰਜੀਤ ਸਿੰਘ ਰਾਣਾ, ਮੀਤ ਮੈਨੇਜਰ ਗੁਰਤਿੰਦਰਪਾਲ ਸਿੰਘ, ਲਾਲ ਸਿੰਘ, ਰਵਿੰਦਰਜੀਤ ਸਿੰਘ, ਜਸਬੀਰ ਸਿੰਘ, ਸਾਬਕਾ ਸਕੱਤਰ ਰਣਜੀਤ ਸਿੰਘ, ਮਲਕੀਤ ਸਿੰਘ ਵਰਪਾਲ, ਸਾਬਕਾ ਮੈਨੇਜਰ ਸੁਖਰਾਜ ਸਿੰਘ, ਬਾਬਾ ਸਤਨਾਮ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲੇ, ਹਜ਼ੂਰੀ ਰਾਗੀ ਭਾਈ ਜਗਸੀਰ ਸਿੰਘ ਤੇ ਭਾਈ ਵਿਰਸਾ ਸਿੰਘ, ਮਹਿੰਦਰ ਸਿੰਘ ਚੋਹਾਨਕੇ ਅਤੇ ਸੇਵਾ ਮੁਕਤ ਕਰਮਚਾਰੀਆਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

## ਜੇਕਰ ਭਾਰਤ ਪਾਕਿਸਤਾਨ ਦੀ ਜੰਗ ਲੱਗਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬ ਦੇ ਸਿੱਖਾਂ ਦਾ ਹੋਵੇਗਾ : ਮਾਨ




ਅੰਮ੍ਰਿਤਸਰ, 30 ਅਪ੍ਰੈਲ, (ਬਬਲੂ ਮਹਾਜਨ) : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਅੱਜ ਅੰਮ੍ਰਿਤਸਰ ਵਿਖੇ ਪ੍ਰੈੱਸ ਕਾਨਫਰੰਸ ਕਰਦੇ ਹੋਏ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਮਲੇ ਦੀ ਸਖਤ ਨਿੰਦਾ ਕੀਤੀ । ਉਨ੍ਹਾਂ ਕਿਹਾ ਕਿ ਇਨਸਾਨੀ ਜਾਨਾਂ ਦੀ ਨੁਕਸਾਨ ਵਾਲੀ ਹਰ ਘਟਨਾ ਦੁਖਦਾਈ ਹੈ ਅਤੇ ਇਸ ਤਰ੍ਹਾਂ ਦੇ ਹਮਲੇ ਭਾਰਤ-ਪਾਕਿਸਤਾਨ ਵਿਚਕਾਰ ਜੰਗ ਦਾ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਨੇ। ਉਨ੍ਹਾਂ ਅਪੀਲ ਕੀਤੀ ਕਿ ਦੋਵਾਂ ਦੇਸ਼ਾਂ ਨੂੰ ਸਹਿਨਸ਼ੀਲਤਾ ਦਿਖਾਉਂਦੇ ਹੋਏ ਅਮਨ ਅਤੇ ਸ਼ਾਂਤੀ ਦੀ ਦਿਸ਼ਾ ਵਿੱਚ ਅੱਗੇ ਵਧਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਜੇਕਰ ਭਾਰਤ ਪਾਕਿਸਤਾਨ ਦੀ ਜੰਗ ਲੱਗਦੀ ਹੈ ਤਾਂ ਪੰਜਾਬ ਦੀ ਧਰਤੀ 'ਤੇ ਵਧੇਰੇ ਨੁਕਸਾਨ ਹੋ ਸਕਦਾ ਹੈ। ਜਿਸ ਦੀ ਮਾਰ ਸਭ ਤੋਂ ਵੱਧ ਸਿੱਖਾਂ ਨੂੰ ਪਵੇਗੀ। ਉਹਨਾਂ ਨੇ ਕਿਹਾ ਕਿ ਸੈਨਿਕਾਂ, ਵਪਾਰੀ ਵਰਗ, ਕਿਸਾਨ ਵਰਗ, ਮਜ਼ਦੂਰ ਵਰਗ, ਨੂੰ ਜੰਗ ਦੀ ਬਜਾਏ ਅਮਨ ਦੀ ਅਪੀਲ ਕਰਨੀ ਚਾਹੀਦੀ ਹੈ। ਮਾਨ ਨੇ ਦੱਸਿਆ ਕਿ 1 ਮਈ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਸਥਾਪਨਾ ਦਿਹਾੜਾ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਪਾਰਟੀ ਦੇ ਸਾਰੇ ਆਗੂਆਂ, ਵਰਕਰਾਂ ਅਤੇ ਸਿੱਖ ਜਥੇਬੰਦੀਆਂ ਨੂੰ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਦਿਹਾੜਾ ਸਿੱਖ ਰਾਜਨੀਤੀ ਦੇ ਨਵੇਂ ਮੋੜ ਦਾ ਪਹਿਲੂ ਹੈ । ਉਹਨਾਂ ਨੇ ਵਿਸਥਾਰ ਨਾਲ ਦੱਸਿਆ ਕਿ 1 ਮਈ 1994 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਸਥਾਪਨਾ ਹੋਈ ਸੀ, ਜੋ ਪਾਰਟੀ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਰਿਆਦਾ ਅਤੇ ਮੀਰੀ ਪੀਰੀ ਦੇ ਸਿਧਾਂਤ ਅਨੁਸਾਰ ਚੱਲਦੀ ਆ ਰਹੀ ਹੈ। ਪੰਜਾਬ ਦੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਸਾਥ ਦੇਣਾ ਚਾਹੀਦਾ ਹੈ।

ਮਾਨ ਨੇ ਦੱਸਿਆ ਕਿ 3 ਮਈ ਨੂੰ ਫਿਰੋਜ਼ਪੁਰ ਵਿਖੇ ਹਸੈਨੀ ਵਾਲਾ ਬਾਰਡਰ ਖੇਲ੍ਹਵਾਉਣ ਅਤੇ ਭਾਰਤ-ਪਾਕਿਸਤਾਨ ਵਿਚਕਾਰ ਵਪਾਰਕ ਸਾਂਝ ਵਧਾਉਣ ਦੀ ਮੰਗ ਨੂੰ ਲੈ ਕੇ ਇੱਕ ਵਿਸ਼ੇਸ਼ ਕਨਫਰੰਸ ਦਾ ਆਯੋਜਨ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ, ਵਪਾਰੀ ਵਰਗ ਦੋਵਾਂ ਪਾਸਿਆਂ ਦੀ ਤਰੱਕੀ ਅਤੇ ਭਲਾਈ ਲਈ ਪਾਕਿਸਤਾਨ ਨਾਲ ਵਪਾਰ ਕਰਨ ਲਈ ਹੁਸੈਨੀ ਵਾਲਾ ਬਾਰਡਰ 'ਤੇ 3 ਮਈ ਨੂੰ ਜ਼ਰੂਰ ਪਹੁੰਚਣ।ਮਾਨ ਨੇ ਕਿਹਾ ਕਿ ਸਿਆਸੀ ਮੁੱਦਿਆਂ ਨੂੰ ਹੱਲ ਕਰਨ ਲਈ ਜੰਗ ਨਹੀਂ, ਗੱਲਬਾਤ ਦੀ ਲੋੜ ਹੈ, ਅਤੇ ਹਸੈਨੀ ਵਾਲਾ ਜਿਹਾ ਇਤਿਹਾਸਕ ਰਾਹ ਦੁਬਾਰਾ ਖੋਲ੍ਹਿਆ ਜਾਣਾ ਚਾਹੀਦਾ ਹੈ, ਜੋ ਸਿਰਫ਼ ਰਾਜਨੀਤਕ ਨਹੀਂ, ਸਾਂਝੀ ਵਿਰਾਸਤ ਅਤੇ ਵਪਾਰਕ ਹਿੱਤਾਂ ਲਈ ਵੀ ਲਾਭਕਾਰੀ ਹੋਵੇਗਾ।ਪ੍ਰੈਸ ਕਾਨਫਰੰਸ ਦੌਰਾਨ ਮਾਨ ਨੇ ਸਿੱਖ ਨੌਜਵਾਨਾਂ ਨੂੰ ਅਗੇ ਆ ਕੇ ਕੌਮੀ ਹੱਕਾਂ ਦੀ ਰਾਖੀ ਕਰਨ ਦੀ ਅਪੀਲ ਵੀ ਕੀਤੀ। ਅਖੀਰ ਉਨ੍ਹਾਂ ਪਹਿਲਗਾਮ ਹਮਲੇ ਸਬੰਧੀ ਸਰਕਾਰ ਉਤੇ ਟਿੱਪਣੀ ਕਰਦਿਆ ਕਿਹਾ ਕਿ ਇੰਡੀਆ ਦੀਆਂ ਰਾਅ ਤੇ ਹੋਰ ਖੂਫੀਆਂ ਏਜੰਸੀਆਂ ਨੇ ਇਸ ਹਮਲੇ ਦੀ ਕਿਉਂ ਨਹੀਂ ਪਹਿਲਾਂ ਰਿਪੋਰਟ ਕੀਤੀ। ਇਸਦੇ ਨਾਲ ਹੀ ਉਨ੍ਹਾ ਕਿਹਾ ਕਿ ਇੰਡੀਆ ਕੋਲ ਇਸ ਹਮਲੇ ਬਾਰੇ ਪਾਕਿਸਤਾਨ ਪ੍ਰਤੀ ਕੋਈ ਵੀ ਸਬੂਤ ਨਹੀਂ ਹੈ ਇਹ ਭਾਰਤ ਵੱਲੋਂ ਜਾਣਬੁੱਝ ਕੇ ਜੰਗ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮੌਕੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ ਜਰਨਲ ਸਕੱਤਰ ਉਪਕਾਰ ਸਿੰਘ ਸੰਧੂ ਪਰਮਿੰਦਰਪਾਲ ਸਿੰਘ ਸ਼ੁਕਰਚੱਕੀਆ ਹਰਮਨਦੀਪ ਸਿੰਘ ਸੁਲਤਾਨਵਿੰਡ ਬਲਵਿੰਦਰ ਸਿੰਘ ਕਾਲਾ ਰਵੀਸ਼ੇਰ ਸਿੰਘ ਸਿਮਰਨਸਿੰਘ ਤੇ ਹੋਰ ਹਾਜ਼ਰ ਸਨ।

## ਜਥੇਦਾਰ ਗੜਗੱਜ ਵੱਲੋਂ ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਜਿੱਤਣ ਵਾਲੇ ਪੰਜਾਬੀ ਤੇ ਸਿੱਖ ਆਗੂਆਂ ਨੂੰ ਵਧਾਈ



ਅੰਮ੍ਰਿਤਸਰ , 30 ਅਪ੍ਰੈਲ (ਬਬਲੂ ਮਹਾਜਨ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੈਨੇਡਾ ਦੀਆਂ ਫੈਡਰਲ ਚੋਣਾਂ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਖਾਸਕਰ ਸਿੱਖ ਆਗੂਆਂ ਦੀ ਜਿੱਤ ਉੱਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਸਿੱਖ ਕੌਮ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਅੱਜ ਵਿਦੇਸ਼ਾਂ ਵਿੱਚ ਸਾਡੇ ਲੋਕ ਆਪਣੀ ਲਿਆਕਤ ਤੇ ਕਰੜੀ ਮਿਹਨਤ ਨਾਲ ਵੱਡੀਆਂ ਪ੍ਰਾਪਤੀਆਂ ਹਾਸਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲੀਆ ਕੈਨੇਡਾ ਚੋਣ ਨਤੀਜਾ ਇਸ ਗੱਲ ਦਾ ਤੱਥ ਹੈ ਕਿ ਅਨੰਦਪੁਰ ਸਾਹਿਬ ਦੇ ਵਾਸੀ ਸਿੱਖ ਅੱਜ ਸਮੁੱਚੀ ਦੁਨੀਆ ਅੰਦਰ ਚੜ੍ਹਦੀ ਕਲਾ ਨਾਲ ਕਾਰਜ ਕਰ ਰਹੇ ਹਨ ਤੇ ਹਰ ਖੇਤਰ ਵਿੱਚ ਨਾਮਣਾ ਖੱਟ ਰਹੇ ਹਨ। ਉਨ੍ਹਾਂ ਜਿੱਤਣ ਵਾਲੇ ਸਮੂਹ ਪੰਜਾਬੀ ਤੇ ਸਿੱਖ ਆਗੂਆਂ ਨੂੰ ਕੈਨੇਡਾ ਅੰਦਰ ਆਪਣੀ ਮੂਲ ਪਛਾਣ ਕਾਇਮ ਰੱਖਦਿਆਂ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਲਈ ਵੀ ਪ੍ਰੇਰਿਤ ਕੀਤਾ। ਜਥੇਦਾਰ ਗੜਗੱਜ ਨੇ ਕਿਹਾ ਕਿ ਸਾਰੇ ਚੁਣੇ ਗਏ ਪੰਜਾਬੀ ਤੇ ਸਿੱਖ ਨੁਮਾਇੰਦਿਆਂ ਨੂੰ ਕੈਨੇਡਾ ਅੰਦਰ ਸਥਾਨਕ ਲੋਕਾਂ ਦੇ ਨਾਲ-ਨਾਲ ਆਪਣੇ ਭਾਈਚਾਰੇ ਦੇ ਸਰੋਕਾਰਾਂ ਦੀ ਤਰਜਮਾਨੀ ਵੀ ਜ਼ਰੂਰ ਕਰਨੀ ਚਾਹੀਦੀ ਹੈ।

## 6 ਲੱਖ ਕਿਸਾਨਾਂ ਨੂੰ 22,815 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ: ਕਟਾਰੂਚੱਕ



ਚੰਡੀਗੜ੍ਹ, , 30 ਅਪ੍ਰੈਲ (ਚ.ਨ.ਸ.) : ਸੂਬੇ ਭਰ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਪ੍ਰਕਿਰਿਆ ਤੇਜ਼ੀ ਨਾਲ ਚੱਲ ਰਹੀ ਹੈ ਅਤੇ ਹੁਣ ਤੱਕ 114 ਲੱਖ ਮੀਟ੍ਰਿਕ ਟਨ ਕਣਕ ਮੰਡੀਆਂ ਵਿੱਚ ਪਹੁੰਚ ਚੁੱਕੀ ਹੈ ਜਿਸ ਵਿੱਚੋਂ 111 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਅੱਜ ਇੱਥੇ ਅਨਾਜ ਭਵਨ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸਰਕਾਰੀ ਏਜੰਸੀਆਂ ਦੁਆਰਾ ਖਰੀਦ 100 ਲੱਖ ਮੀਟਰਿਕ ਟਨ ਦੇ ਅੰਕੜੇ ਨੂੰ ਪਾਰ ਕਰ ਗਈ ਹੈ ਅਤੇ ਮੌਜੂਦਾ ਸਮੇਂ ਮੰਡੀਆਂ ਵਿੱਚੋਂ 103 ਲੱਖ ਮੀਟਰਿਕ ਟਨ ਕਣਕ ਦੀ ਸਰਕਾਰੀ ਖਰੀਦ ਕੀਤੀ ਜਾ ਚੁੱਕੀ ਹੈ। ਕਿਸਾਨਾਂ ਨੂੰ ਅਦਾਇਗੀਆਂ ਦੇ ਸਬੰਧ ਵਿੱਚ ਉਹਨਾਂ ਦੱਸਿਆ ਕਿ ਕਿਸਾਨਾਂ ਦੇ ਖਾਤਿਆਂ ਵਿੱਚ 22815 ਕਰੋੜ ਰੁਪਏ ਦੀ ਰਕਮ ਜਮ ?ਹਾਂ ਕਰਵਾਈ ਜਾ ਚੁੱਕੀ ਹੈ। ਹੁਣ ਤੱਕ 6,28,674 ਕਿਸਾਨ ਆਪਣੀ ਉਪਜ ਮੰਡੀਆਂ ਵਿੱਚ ਲਿਆ ਚੁੱਕੇ ਹਨ। ਉਹਨਾਂ ਅੱਗੇ ਦੱਸਿਆ ਕਿ ਚੁਕਾਈ ਵੀ ਤੇਜ਼ੀ ਨਾਲ ਕੀਤੀ ਜਾ ਰਹੀ ਹੈ ਅਤੇ 47.37 ਲੱਖ ਮੀਟਰਿਕ ਟਨ ਕਣਕ ਦੀ ਚੁਕਾਈ ਹੋ ਚੁੱਕੀ ਹੈ ਜੋ ਕਿ 72 ਘੰਟਿਆਂ ਦੇ ਨਿਯਮਾਂ ਅਨੁਸਾਰ 56.6 ਫ਼ੀਸਦ ਹੈ।

ਇਸ ਤੋਂ ਇਲਾਵਾ ਸੁਚਾਰੂ ਅਤੇ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਸੂਬੇ ਭਰ ਵਿੱਚ ਕੁੱਲ 2885 ਖਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਇਨ੍ਹਾਂ ਵਿੱਚੋਂ 1864 ਨਿਯਮਤ ਕੀਤੇ ਗਏ ਹਨ ਜਦੋਂ ਕਿ 1021 ਅਸਥਾਈ ਹਨ।ਮੰਤਰੀ ਨੇ ਅੱਗੇ ਦੱਸਿਆ ਕਿ ਇਸ ਵਾਰ ਝਾੜ ਬਹੁਤ ਜ਼ਿਆਦਾ ਰਿਹਾ ਹੈ ਜਿਸ ਕਾਰਨ ਪੰਜਾਬ ਵਿੱਚ ਬੰਪਰ ਫ਼ਸਲ ਹੋਈ ਹੈ। ਇਸ ਨਾਲ 124 ਲੱਖ ਮੀਟ੍ਰਿਕ ਟਨ ਦੇ ਟੀਚੇ ਨੂੰ ਸਫਲਤਾਪੂਰਵਕ ਪੂਰਾ ਕਰਨ ਵਿੱਚ ਬਹੁਤ ਮਦਦ ਮਿਲੇਗੀ।

ਹੋਰ ਜਾਣਕਾਰੀ ਦਿੰਦਿਆਂ ਸ੍ਰੀ ਕਟਾਰੂਚੱਕ ਨੇ ਦੱਸਿਆ ਕਿ ਉਹ ਨਿਯਮਤ ਅੰਤਰਾਲਾਂ 'ਤੇ ਰਾਜ ਭਰ ਦੀਆਂ ਮੰਡੀਆਂ ਦਾ ਦੌਰਾ ਕਰ ਰਹੇ ਹਨ ਅਤੇ ਕਿਸੇ ਵੀ ਕਿਸਾਨ ਨੇ ਮੰਡੀਆਂ ਵਿੱਚ ਕੀਤੇ ਪ੍ਰਬੰਧਾਂ ਬਾਰੇ ਕੋਈ ਸ਼ਿਕਾਇਤ ਨਹੀਂ ਕੀਤੀ ਹੈ। ਇਸ ਦੇ ਨਾਲ ਹੀ ਬਾਰਦਾਨੇ, ਸਾਫ਼-ਸਫ਼ਾਈ, ਪੀਣ ਵਾਲਾ ਪਾਣੀ ਅਤੇ ਲੱਕੜ ਦੇ ਕਰੇਟ ਵਰਗੀਆਂ ਸਾਰੀਆਂ ਜ਼ਰੂਰੀ ਸਹੂਲਤਾਂ ਯਕੀਨੀ ਬਣਾਈਆਂ ਗਈਆਂ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਵਧੀਕ ਸਕੱਤਰ ਕਮਲ ਕੁਮਾਰ ਗਰਗ ਅਤੇ ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਸ਼ਾਮਿਲ ਸਨ।

## ਸਿਆਸਤ ਨਾਲ ਆਪਣੇ ਘਰ ਵਿਚ ਇਕ ਵੀ ਪੈਸਾ ਨਹੀਂ ਲਗਾਇਆ: ਨਵਜੋਤ ਸਿੱਧੂ



ਅੰਮ੍ਰਿਤਸਰ , 30 ਅਪ੍ਰੈਲ (ਬਬਲੂ ਮਹਾਜਨ): ਸਾਬਕਾ ਸਾਂਸਦ ਅਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਆਖਿਆ ਹੈ ਕਿ ਪੰਜਾਬ ਦੀ ਸਿਆਸਤ ਕਿਸ ਦਿਸ਼ਾ ਵੱਲ ਜਾ ਰਹੀ ਹੈ, ਇਹ ਲੋਕ ਤੈਅ ਕਰਨਗੇ। ਅੰਮ੍ਰਿਤਸਰ ਵਿਚ ਪ੍ਰੈਸ ਕਾਨਫਰੰਸ ਕਰਦਿਆਂ ਸਿੱਧੂ ਨੇ ਕਿਹਾ ਕਿ ਮੈਂ ਸਿਆਸਤ ਲੋਕਾਂ ਦੀ ਭਲਾਈ ਲਈ ਕੀਤੀ, ਮੈਂ ਕਿਰਦਾਰ ਨਾਲ ਕੋਈ ਸਮਝੌਤਾ ਨਹੀਂ ਕੀਤਾ। ਮੈਂ ਸਿਆਸਤ ਨਾਲ ਆਪਣੇ ਘਰ ਵਿਚ ਇਕ ਵੀ ਪੈਸਾ ਨਹੀਂ ਲਗਾਇਆ। ਇਸ ਦੇ ਨਾਲ ਹੀ ਪੱਤਰਕਾਰਾਂ ਨੇ ਜਦੋਂ ਸਿੱਧੂ ਤੋਂ ਸਵਾਲ ਕੀਤਾ ਕਿ ਉਹ ਅਜੇ ਵੀ ਕਾਂਗਰਸ ਦਾ ਹਿੱਸਾ ਹਨ ਤਾਂ ਉਨ੍ਹਾਂ ਗੋਲ-ਮੋਲ ਜਵਾਬ ਦਿੰਦਿਆਂ ਕਿਹਾ ਕਿ ਇਸ ਲਈ ਕੋਈ ਸਬੂਤ ਦੇਣ ਦੀ ਲੋੜ ਨਹੀਂ ਹੈ। ਹਾਲਾਂਕਿ ਇਸ ਪ੍ਰੈਸ ਕਾਨਫੰਸ ਦੌਰਾਨ ਸਿੱਧੂ ਸਵਾਲਾਂ ਦਾ ਸਿੱਧੇ ਤੌਰ @ਤੇ ਜਵਾਬ ਦੇਣ ਬਚਦੇ ਰਹੇ ਅਤੇ ਗੋਲ-ਮੋਲ ਗੱਲਾਂ ਕਰਕੇ ਆਪਣੀ ਗੱਲ ਰੱਖਦੇ ਰਹੇ। ਪੱਤਰਕਾਰਾਂ ਨੇ ਜਦੋਂ ਉਨ੍ਹਾਂ ਤੋਂ ਪੁੱਛਿਆ ਕਿ ਕੀ ਤੁਸੀਂ ਅਜੇ ਵੀ ਆਪਣੇ ਹਲਕੇ ਤੋਂ ਚੋਣ ਲੜੋਗੇ ਤਾਂ ਉਨ੍ਹਾਂ ਕਿਹਾ ਕਿ ਸਿੱਧੂ ਪਰਿਵਾਰ ਕਦੇ ਵੀ ਆਪਣੀ ਜ਼ੁਬਾਨ ਤੋਂ ਪਿੱਛੇ ਨਹੀਂ ਹਟਿਆ ਹੈ। ਮੁੜ ਤੋਂ ਸਰਗਰਮ ਸਿਆਸਤ ਵਿਚ ਆਉਣ ਦੇ ਸਵਾਲ @ਤੇ ਸਿੱਧੂ ਨੇ ਕਿਹਾ ਕਿ ਗੁਪਤ ਵਿਚਾਰ ਪ੍ਰਗਟ ਹੋ ਜਾਣ ਤਾਂ ਰਾਸ਼ਟਰ ਤਬਾਹ ਹੋ ਜਾਂਦਾ ਹੈ। ਮੈਂ ਕਦੋਂ ਆਵਾਂਗਾ ਇਹ ਸਮਾਂ ਦੱਸੇਗਾ। ਜਦੋਂ ਮੈਂ ਸਿਆਸਤ ਵਿਚ ਆਇਆ ਸੀ ਤਾਂ ਮੈਨੂੰ ਵੀ ਨਹੀਂ ਪਤਾ ਸੀ, ਸਿਆਸਤ ਖੁਦ ਖਿੱਚ ਕੇ ਲੈ ਆਉਂਦੀ ਹੈ। ਇਸ ਮੌਕੇ ਜਦੋਂ ਸਿੱਧੂ ਤੋਂ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ-ਪਾਕਿ ਵਿਚਾਲੇ ਬਣੇ ਤਣਾਅ ਸੰਬੰਧੀ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਦਾ ਜਵਾਬ ਸਰਕਾਰ ਦੇਵੇਗੀ।ਇਸ ਦੌਰਾਨ ਸਿੱਧੂ ਨੇ ਕਿਹਾ ਕਿ ਉਹ ਯੂ ਟਿਊਬ ÷ਤੇ ਨਵਾਂ ਚੈਨਲ ਸ਼ੁਰੂ ਕਰਨ ਜਾ ਰਹੇ ਹਨ। @ਨਵਜੋਤ ਸਿੱਧੂ ਆਫੀਸ਼ੀਅਲ@ ਨਾਂ ਦੇ ਚੈਨਲ @ਤੇ ਉਹ ਆਪਣੇ ਨਾਲ ਸਬੰਧਤ ਹਰ ਗੱਲ ਸਾਂਝੀ ਕਰਨਗੇ। ਸਿੱਧੂ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਮੈਂ ਆਤਮਨਿਰਭਰ ਹੋ ਕੇ ਆਪਣੀ ਗੱਲ ਰੱਖਾਂਗਾ। ਉਨ੍ਹਾਂ ਕਿਹਾ ਕਿ ਲੋਕ ਰੋਜ਼ਾਨਾ ਮੈਨੂੰ ਪੁੱਛਦੇ ਹਨ ਕਿ ਤੁਸੀਂ 30 ਕਿੱਲੋ ਭਾਰ ਕਿਵੇਂ ਘਟਾਇਆ, ਤੁਸੀਂ ਆਪਣਾ ਲਾਈਫ ਸਟਾਈਲ ਸਾਂਝਾ ਕਰੋ, ਕੱਪੜਿਆਂ ਦੀ ਚੋਣ ਕਿਵੇਂ ਕਰਦੇ ਹੋਏ, ਇਸ ਚੈਨਲ @ਤੇ ਮੈਂ ਆਪਣੇ ਨਾਲ ਸਬੰਧਤ ਹਰ ਗਾਂਝੀ ਦੱਸਾਂਗਾ ਤੇ ਡਾਈਟ ਚਾਟ ਵੀ ਸਾਂਝਾ ਕਰਾਂਗਾ।ਸਿੱਧੂ ਨੇ ਕਿਹਾ ਕਿ ਇਸ ਚੈਨਲ ਰਾਹੀਂ ਮੈਂ ਆਪਣੀ ਜ਼ਿੰਦਗੀ ਦਾ ਨਵਾਂ ਅਧਿਆਏ ਸ਼ੁਰੂ ਕਰਨ ਜਾ ਰਿਹਾ ਹਾਂ। ਇਸ ਚੈਨਲ ਨੂੰ ਪੂਰੀ ਤਰ੍ਹਾਂ ਪ੍ਰੋਫੈਸ਼ਨਲ ਤਰੀਕੇ ਨਾਲ ਚਲਾਇਆ ਜਾਵੇਗਾ। ਸਿੱਧੂ ਨੇ ਕਿਹਾ ਕਿ ਜਦੋਂ ਤੁਸੀਂ ਸਿਆਸਤ ਵਿਚ ਹੁੰਦੇ ਹੋ ਤਾਂ ਤੁਸੀਂ ਇਕ ਦਾਇਰੇ ਵਿਚ ਹੁੰਦੇ ਹੋ, ਬੰਦਿਸ਼ ਵਿਚ ਰਹਿ ਕੇ ਕੰਮ ਕਰਨਾ ਪੈਂਦਾ ਹੈ ਪਰ ਇਸ @ਤੇ ਕੋਈ ਦਾਇਰਾ ਕੋਈ ਬੰਦਿਸ਼ ਨਹੀਂ ਹੋਵੇਗੀ।

## ਪੰਜਾਬ ਐਂਡ ਸਿੰਧ ਬੈਂਕ ਦੇ ਮੈਨੇਜਰ ਗੁਰਮੀਤ ਸਿੰਘ ਨੇ ਚਾਰਜ ਸੰਭਾਲਿਆ




ਅੰਮ੍ਰਿਤਸਰ, 30 ਅਪ੍ਰੈਲ, (ਬਬਲੂ ਮਹਾਜਨ) : ਪੰਜਾਬ ਐਂਡ ਸਿੰਧ ਬੈਂਕ ਦੇ ਜ਼ੋਨਲ ਆਫਿਸ ਅਮ੍ਰਿਤਸਰ ਦੇ ਨਵੇਂ ਬਣੇ ਜ਼ੋਨਲ ਮੈਨੇਜਰ ਸਰਦਾਰ ਗੁਰਮੀਤ ਸਿੰਘ ਨੇ ਚਾਰਜ ਸੰਭਾਲਿਆ। ਪੰਜਾਬ ਐਂਡ ਸਿੰਧ ਬੈਂਕ ਦੇ ਸਮੂਹ ਸਟਾਫ ਨੇ ਜ਼ੋਨਲ ਮੈਨੇਜਰ ਸਰਦਾਰ ਗੁਰਮੀਤ ਸਿੰਘ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਰਦਾਰ ਗੁਰਮੀਤ ਸਿੰਘ ਨੇ ਕਿਹਾ ਮੈਂ ਬੜੇ ਭਾਗਾਂ ਵਾਲਾ ਹਾਂ ਕਿ ਮੈਨੂੰ ਗੁਰੂ ਨਗਰੀ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ ਹੈ।ਜ਼ੋਨਲ ਮੈਨੇਜਰ ਨੇ ਕਿਹਾ ਮੈਂ ਗੁਰੂ ਨਗਰੀ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਆਪਣੀ ਡਿਊਟੀ ਨੂੰ ਤਨ ਮਨ ਦੇ ਨਾਲ ਨਿਭਾਵਾਂਗਾ। ਉਹਨਾਂ ਕਿਹਾ ਸਮੂਹ ਬੈਂਕ ਕਰਮਚਾਰੀਆਂ ਦੇ ਸਹਿਯੋਗ ਦੇ ਨਾਲ ਬੈਂਕ ਨੂੰ ਹੋਰ ਬੁਲੰਦੀਆਂ 'ਤੇ ਲੈ ਕੇ ਜਾਣ ਦੇ ਲਈ ਕਾਰਜ ਕਰਾਂਗਾ।

# ਐੱਚ.ਆਰ.ਏ ਇੰਟਰਨੈਸ਼ਨਲ ਸਕੂਲ ਦਾ ਦਸਵੀਂ ਅਤੇ ਬਾਰ੍ਹਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ




ਗੁਰਦਾਸਪੁਰ, 30 ਅਪ੍ਰੈਲ (ਜਸਵਿੰਦਰ ਸਿੰਘ): ਆਈ.ਸੀ.ਐਸ.ਈ ਅਤੇ ਆਈ. ਐੱਸ. ਸੀ.ਬੋਰਡ ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਵਿੱਚੋਂ ਐੱਚ.ਆਰ.ਏ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਸਕੂਲ ਦੇ ਚੇਅਰਮੈਨ ਸ੍ਰੀਮਾਨ ਸੱਤਿਆ ਸੈਨ ਅਗਰਵਾਲ ਜੀ ਨੇ ਦੱਸਿਆ ਕਿ ਸ਼ੈਸ਼ਨ 2024-2025 ਵਿੱਚ ਕੁੱਲ 118 ਵਿਦਿਆਰਥੀਆਂ ਨੇ ਦਸਵੀਂ ਦੀ ਪ੍ਰੀਖਿਆ ਦਿੱਤੀ ਜਿਨ੍ਹਾਂ ਵਿੱਚੋਂ ਪਹਿਲਾ ਸਥਾਨ ਗਰੀਸ਼ਾ (97%) ਦੂਜਾ ਸਥਾਨ ਅੰਕਿਤਾ (96.4%) ਤੀਜਾ ਸਥਾਨ ਗੁਰਮਨ ਕੌਰ (94.4%) ਤੇ ਚੌਥਾ ਸਥਾਨ ਕਰਨਬੀਰ (94.2!) ਨੇ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਂ ਰੌਸ਼ਨ ਕੀਤਾ। ਇਸ ਤੋਂ ਇਲਾਵਾ ਅਦਿਤੀ (93.4), ਦਿਵਿਆ (93.2),ਸਹਿਜਪ੍ਰੀਤ ਸਿੰਘ (92.8), ਤਰਨਪ੍ਰੀਤ ਕੌਰ(91.2), ਪੂਨਮ ਸ਼ਰਮਾ (90.6), ਇਸ਼ਮੀਤ ਕੌਰ (90.6) ਅਤੇ ਅੰਮ੍ਰਿਤਜੋਤ ਸਿੰਘ (90.4) ਆਦਿ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ ਹਨ। ਚੇਅਰਮੈਨ ਜੀ ਨੇ ਦੱਸਿਆ ਕਿ ਇਸ ਸਾਲ ਬਾਰ੍ਹਵੀਂ ਕਲਾਸ ਦੀ ਤਕਰੀਬਨ 37 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। ਜਿਨ੍ਹਾਂ ਵਿੱਚੋਂ ਪਹਿਲਾ ਸਥਾਨ ਰਵਸ਼ਿਤਾ (ਆਰਟਸ1) (91.25%) ਦੂਜਾ ਸਥਾਨ ਰਵਨੀਤ ਕੌਰ (ਮੈਡੀਕਲ) (90.75%), ਤੀਜਾ ਸਥਾਨ ਸ਼ਿਵਮ ਸ਼ਰਮਾ (ਕਾਮਰਸ) (89.25%) ਤੇ ਮਨਤ (ਆਰਟਸ) (89.75) ਨੇ ਪ੍ਰਾਪਤ ਕੀਤਾ। ਜੋਬਨ ਪ੍ਰੀਤ ਸਿੰਘ (ਮੈਡੀਕਲ)(88!), ਚੰਦਨ ਬੈਂਸ (ਨੌਨ - ਮੈਡੀਕਲ)(86.50), ਹਰਪ੍ਰਨੀਤ ਕੌਰ (ਮੈਡੀਕਲ)(88!), ਪਰਨੀਤ ਕੌਰ (ਮੈਡੀਕਲ)(87.5!), ਜਸ਼ਨਪ੍ਰੀਤ ਕੌਰ (ਮੈਡੀਕਲ) (85.75) ਅਤੇ ਅਮੀਤੋਜ (ਕਾਮਰਸ) (81.25) ਆਦਿ ਨੇ ਸ਼ਾਨਦਾਰ ਅੰਕ ਪ੍ਰਾਪਤ ਕਰ ਕੇ ਆਪਣੇ ਸਕੂਲ ਦਾ ਮਾਣ ਵਧਾਇਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਾਡੇ ਸਕੂਲ ਦੇ ਬਾਕੀ ਵਿਦਿਆਰਥੀਆਂ ਨੇ ਵੀ ਦਸਵੀਂ ਅਤੇ ਬਾਰਵੀਂ ਕਲਾਸ ਵਿੱਚੋਂ ਬਹੁਤ ਹੀ ਵਧੀਆ ਅੰਕ ਪ੍ਰਾਪਤ ਕੀਤੇ ਹਨ। ਸਕੂਲ ਦੇ ਚੇਅਰਮੈਨ ਸ੍ਰੀਮਾਨ ਸੱਤਿਆ ਸੈਨ ਅਗਰਵਾਲ ਜੀ ਨੇ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ - ਪਿਤਾ ਨੂੰ ਵਧਾਈ ਦਿੱਤੀ, ਤੇ ਚੇਅਰਮੈਨ ਜੀ ਨੇ ਕਿਹਾ ਕਿ ਇਸ ਸ਼ਾਨਦਾਰ ਜਿੱਤ ਦਾ ਸਿਹਰਾ ਮਿਹਨਤੀ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਿਰ ਉੱਤੇ ਬੱਝਦਾ ਹੈ। ਇਸ ਮੌਕੇ ਉੱਤੇ ਮੈਡਮ ਆਂਚਲ ਅਗਰਵਾਲ ਜੀ, ਮੈਡਮ ਨੀਲੋਫਰ ਜੀ, ਮੈਡਮ ਸਵੀਨ ਪੁਰੀ ਅਤੇ ਮੈਡਮ ਨਵਦੀਪ ਕੌਰ ਜੀ ਨੇ ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਧੀਆ ਅੰਕ ਪ੍ਰਾਪਤ ਕਰਨ ਲਈ ਵਧਾਈ ਦਿੱਤੀ। ਤੇ ਉਸ ਸਮੇਂ ਸਕੂਲ ਦੇ ਸਟਾਫ ਮੈਂਬਰ ਵੀ ਮੌਜੂਦ ਸਨ।

# ਨਾਜ਼ਾਇਜ ਹੋਈ ਬਦਲੀ ਦੇ ਸਬੰਧ ਵਿੱਚ ਪੰਜਾਬ ਮੈਡੀਕਲ ਲੈਬ ਟੈਕਨੀਸ਼ਨ ਐਸੋਸੀਏਸ਼ਨ ਨੇ ਚੇਅਰਮੈਨ ਰਮਨ ਬਹਿਲ ਨੂੰ ਮੰਗ ਪੱਤਰ ਸੌਂਪਿਆ

ਗੁਰਦਾਸਪੁਰ, 30 ਅਪ੍ਰੈਲ (ਸੰਧੂ /ਬਸਰਾ): ਅੱਜ ਪੰਜਾਬ ਮੈਡੀਕਲ ਐਪ ਟੈਕਨੀਸ਼ੀਅਨ ਐਸੋਸੀਏਸ਼ਨ ਦੇ ਸੂਬਾ ਚੇਅਰਮੈਨ ਰਕੇਸ਼ ਵਿਲੀਅਮ ਅਤੇ ਪ੍ਰਧਾਨ ਬਲਦੇਵ ਸਿੰਘ ਝੰਡੇਰ ਦੀ ਸਾਂਝੀ ਪ੍ਰਧਾਨਗੀ ਦੇ ਹੇਠ ਇੱਕ ਵਫਦ ਚੇਅਰਮੈਨ ਪੰਜਾਬ ਵੈੱਲ ਸਿਸਟਮ ਕਾਰਪੋਰੇਸ਼ਨ ਰਮਨ ਨੂੰ ਮਿਲਿਆ, ਜਿਸ ਵਿੱਚ ਸੁਰਿੰਦਰ ਕੁਮਾਰ ਐਮਐਲਏ ਟੀ2 ਫਾਜ਼ਿਲਕਾ ਦੀ ਹੋਈ ਨਜਾਇਜ਼ ਬਦਲੀ ਦੇ ਸਬੰਧ ਵਿੱਚ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਸੂਬਾ ਚੇਅਰਮੈਨ ਸ਼ਰੀਰਕੇਸ਼ ਵਿਲੀਅਮ ਨੇ ਕਿਹਾ ਕਿ11.04.2025 ਨੂੰ ਸਿਵਲ ਸਰਜਨ ਫਰੀਦਕੋਟ ਜਿਸ ਕੋਲ ਫਾਜ਼ਿਲਕਾ ਦਾ ਵਾਧੂ ਚਾਰਜ ਹੈ। ਸਿਵਲ ਹਸਪਤਾਲ ਫਾਜ਼ਿਲਕਾ ਵਿੱਚ ਆਏ ਉਹਨਾਂ ਨਾਲ ਫਰੀਦਕੋਟ ਤੋਂ ਇੱਕ ਕਰਮਚਾਰੀ ਆਇਆ, ਜਿਸ ਨੇ ਕਰਮਚਾਰੀਆਂ ਨਾਲ ਆ ਕੇ ਬਦਸਲੂਕੀ ਕੀਤੀ, ਤਿੱਖੇ ਲਹਿਜੇ ਨਾਲ ਬੋਲਿਆ ਅਤੇ ਕਰਮਚਾਰੀਆਂ ਦੀ ਡਿਊਟੀ ਵਿੱਚ ਵਿਘਨ ਪਾਇਆ। ਮੁਲਾਜ਼ਮਾਂ ਨੇ ਸਿਵਲ ਸਰਜਨ ਨੂੰ ਸਪੱਸ਼ਟੀਕਰਨ ਦੇਣ ਦੀ ਕੋਸ਼ਿਸ਼ ਕੀਤੀ ਸੀ, ਪ੍ਰੰਤੂ ਸਿਵਲ ਸਰਜਨ ਨੇ ਉਸ ਕਰਮਚਾਰੀ ਦੇ ਖਿਲਾਫ ਕੁੱਝ ਨਹੀਂ ਸੁਣਿਆ ਸਗੋਂ ਉਲਟਾ ਸ੍ਰੀ ਸੁਰਿੰਦਰ ਕੁਮਾਰ MLT-B, ਜੋ ਕਿ ਇਮਾਨਦਾਰੀ ਨਾਲ ਆਪਣੀ ਡਿਊਟੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਰ ਰਿਹਾ ਸੀ, ਦੇ ਖਿਲਾਫ ਲਿਖ ਕੇ ਡਾਇਰੈਕਟਰ, ਸਿਹਤ ਸੇਵਾਵਾਂ ਨੂੰ ਭੇਜ ਦਿੱਤਾ ਅਤੇ ਉਸਦੀ ਨਜਾਇਜ਼ ਬਦਲੀ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਵਿਖੇ ਕਰਵਾ ਦਿੱਤੀ। ਜਿਸ ਨਾਲ ਸਾਡੇ ਸਮੁੱਚੇ ਐਮ ਐਲ ਟੀ ਕੈਡਰ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਹ ਕਰਮਚਾਰੀ ਪਹਿਲਾਂ ਵੀ ਕਈ ਵਾਰ ਅਜਿਹਾ ਭੱਦਾ ਵਿਵਹਾਰ ਕਰ ਚੁੱਕਾ ਹੈ, ਜਿਸ ਦੀਆਂ ਸ਼ਿਕਾਇਤਾਂ ਸਿਵਲ ਸਰਜਨ ਕੋਲ ਪੈਂਡਿੰਗ ਹਨ, ਪ੍ਰੰਤੂ ਸਿਵਲ ਸਰਜਨ ਵੱਲੋਂ ਉਸ ਕਰਮਚਾਰੀ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਜਾ ਰਿਹਾ, ਸਗੋਂ ਉਲਟਾ ਸੁਰਿੰਦਰ ਕੁਮਾਰ ਦੇ ਖਿਲਾਫ ਲਿਖ ਕੇ ਇਸ ਦੀ ਬਦਲੀ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਵਿਖੇ ਕਰਵਾ ਦਿੱਤੀ ਹੈ। ਜਿਸ 'ਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਚੇਅਰਮੈਨ ਰਮਨ ਬਹਿਲ ਨੇ ਮੌਕੇ 'ਤੇ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਨਾਲ ਗੱਲਬਾਤ ਕਰਕੇ ਵਫਦ ਨੂੰ ਪੂਰਨ ਭਰੋਸਾ ਦਵਾਇਆ ਕਿ ਉਹਨਾਂ ਨੂੰ ਇਨਸਾਫ ਦਵਾਇਆ ਜਾਏਗਾ ਅਤੇ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਜਿਸ 'ਤੇ ਵਫਦ ਨੇ ਚੇਅਰਮੈਨ ਰਮਨ ਬਹਿਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਉਹਨਾਂ ਉੱਤੇ ਪੂਰਨ ਭਰੋਸਾ ਕਿ ਉਹਨਾਂ ਨੂੰ ਜਰੂਰ ਇਨਸਾਫ ਦਵਾਇਆ ਜਾਵੇਗਾ। ਇਸ ਮੌਕੇ ਸੂਬਾ ਡੈਲੀਗੇਟ ਜਗਤਾਰ ਸਿੰਘ ਅੰਮ੍ਰਿਤਸਰ, ਹਰਜਿੰਦਰ ਸਿੰਘ ਵੇਰਕਾ, ਹਰਦੀਪ ਸਿੰਘ ਮੈਡੀਕਲ ਕਾਲਜ ਅੰਮ੍ਰਿਤਸਰ, ਗੁਰਿੰਦਰ ਸਿੰਘ ਅੰਮ੍ਰਿਤਸਰ, ਗੁਰਮਿੰਦਰ ਸਿੰਘ ਬੱਬਲਾ ਸੂਬਾ ਪ੍ਰੈਸ ਸਕੱਤਰ, ਸੁਸ਼ੀਲ ਗਿੱਲ ਸੀ ਐਚ ਸੀ ਧਾਰੀਵਾਲ, ਬਲਜੀਤ ਸਿੰਘ, ਸੂਬਾ ਕੈਸ਼ੀਅਰ ਮਨਜੀਤ ਸਿੰਘ ਰਾਣੀਆਂ, ਜਨਰਲ ਸਕੱਤਰ ਵਿਨੋਦ ਸੈਣੀ, ਪਰਮਜੀਤ ਤਰਨ ਤਾਰਨ ਅਤੇ ਰਵੀ ਪਠਾਨਕੋਟ ਆਦਿ ਹੋਰ ਬਹੁਤ ਸਾਰੇ ਹਜ਼ਾਰ ਸਨ।



# ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 5 ਮਈ ਤੋਂ ਸ਼ੁਰੂ



ਗੁਰਦਾਸਪੁਰ, 30 ਅਪ੍ਰੈਲ (ਜਗੀਰ ਸਿੰਘ ਮੰਡ/ ਸੁਰਿੰਦਰ ਸਿੰਘ ਬਸਰਾ): ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ/ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ—ਬੀ, ਚੌਥੀ ਮੰਜਿਲ, ਕਮਰਾ ਨੰ 508 ਵਿਖੇ ਮਿਤੀ 05—05—2025 ਤੱਕ ਅਰਜੀਆਂ ਦੇ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਮਿਤੀ 05—05—2025 ਤੋਂ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਬੇਰੁਜ਼ਗਾਰ ਨੌਜਵਾਨ ਲੜਕੇ/ ਲੜਕੀਆਂ ਜੋ ਘੱਟੋ-ਘੱਟ 5ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ ਵੱਖ ਬੈਂਕਾਂ ਤੋਂ ਡੇਅਰੀ ਕਰਜੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਫ਼ੀਸਦੀ ਜਨਰਲ ਅਤੇ 33 ਫ਼ੀਸਦੀ ਅ.ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ। ਚਾਹਵਾਨ ਲੜਕੇ/ ਲੜਕੀਆਂ ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ਼ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ।

# ਡੀ.ਏ.ਵੀ ਸੈਂਟਨਰੀ ਸਕੂਲ ਦੇ ਵਿਦਿਆਰਥੀਆਂ ਨੇ ਐਸ.ਓ.ਐਫ ਓਲੰਪੀਆਡ ਵਿੱਚ ਮਾਰੀ ਬਾਜ਼ੀ




ਜਗਰਾਓਂ, 30 ਅਪ੍ਰੈਲ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ ): ਡੀ.ਏ.ਵੀ ਸੈਂਟਨਰੀ ਪਬਲਿਕ ਸਕੂਲ, ਜਗਰਾਓਂ ਦੇ ਵਿਦਿਆਰਥੀਆਂ ਨੇ ਐਸ.ਓ.ਐਫ ਓਲੰਪੀਆਡ ਵਿੱਚ ਮਾਰੀ ਬਾਜ਼ੀ, ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਡੀ.ਏ.ਵੀ ਸੈਂਟਨਰੀ ਪਬਲਿਕ ਸਕੂਲ ,ਜਗਰਾਓਂ ਦੇ ਪ੍ਰਿੰਸੀਪਲ ਸ਼੍ਰੀ ਵੇਦ ਵਰਤ ਪਲਾਹ ਜੀ ਨੇ ਦੱਸਿਆ, ਕਿ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਪਹਿਲੀ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਐਸ.ਓ.ਐਫ ਵੱਲੋਂ ਕਰਵਾਏ ਗਏ ਵੱਖ-ਵੱਖ ਵਿਸ਼ਿਆਂ ਦੇ ਓਲੰਪੀਆਡ ਵਿੱਚ ਆਪਣੀ ਯੋਗਤਾ ਦਾ ਸਬੂਤ ਦਿੱਤਾ ਹੈ। ਹਰ ਸਾਲ ਆਯੋਜਿਤ, ਇਹਨਾਂ ਓਲੰਪੀਆਡਾਂ ਦਾ ਉਦੇਸ਼ ਵੱਖ-ਵੱਖ ਅਕਾਦਮਿਕ ਵਿਸ਼ਿਆਂ ਵਿੱਚ ਨੌਜਵਾਨ ਪ੍ਰਤਿਭਾਵਾਂ ਦੀ ਪਛਾਣ ਕਰਨਾ, ਪ੍ਰੇਰਿਤ ਕਰਨਾ ਅਤੇ ਇਨਾਮ ਦੇਣਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਐਸ . ਓ .ਐਫ਼ ਓਲੰਪੀਆਡ (2024-25) ਵਿੱਚ ਸਾਡੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਐਲਾਨ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ, ਕਿ ਸਾਡੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਅੰਤਰਰਾਸ਼ਟਰੀ ਜਨਰਲ ਨਾਲੇਜ ਓਲੰਪੀਆਡ (IGKO) ਅਤੇ ਇੰਟਰਨੈਸ਼ਨਲ ਇੰਗਲਿਸ਼ ਓਲੰਪੀਆਡ (IEO) ਦੋਵਾਂ ਵਿੱਚ ਸਾਨੂੰ ਮਾਣ ਦਵਾਇਆ ਕੀਤਾ ਹੈ। 10 ਗੋਲਡ ਮੈਡਲ ਫਾਰ ਐਕਸੀਲੈਂਸ ਇਨ ਜਨਰਲ ਨਾਲੇਜ (IGKO), E ਰੀਜਨਲ ਕਾਂਸੀ ਦੇ ਮੈਡਲ, 8 ਸਪੈਸ਼ਲ ਗੋਲਡ ਮੈਡਲ ਅਤੇ ਦੂਜੇ ਪਾਸੇ ਇੰਟਰਨੈਸ਼ਨਲ ਇੰਗਲਿਸ਼ ਓਲੰਪੀਆਡ (IEO) ਵਿੱਚ ਐਕਸੀਲੈਂਸ ਲਈ 20 ਗੋਲਡ ਮੈਡਲ, 7 ਸਪੈਸ਼ਲ ਗੋਲਡ ਮੈਡਲ ਹਾਸਿਲ ਕੀਤੇ ਗਏ ਹਨ। ਵਿਸ਼ੇਸ਼ ਪ੍ਰਾਰਥਨਾ ਸਭਾ ਵਿੱਚ ਪ੍ਰਿੰਸੀਪਲ ਡਾ: ਵੇਦ ਵਰਤ ਪਲਾਹ ਜੀ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਉਚੇਚੇ ਟੀਚੇ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਹ ਪੁਰਸਕਾਰ ਸਾਡੇ ਵਿਦਿਆਰਥੀਆਂ ਦੀ ਮਿਹਨਤ ਅਤੇ ਪ੍ਰਤਿਭਾ ਅਤੇ ਸਾਡੇ ਅਧਿਆਪਕਾਂ ਦੀ ਲਗਨ ਦਾ ਪ੍ਰਮਾਣ ਹਨ. ਅੰਤ ਵਿੱਚ ਉਨ੍ਹਾਂ ਨੇ ਸਾਰੇ ਜੇਤੂਆਂ ਅਤੇ ਪ੍ਰਤੀਯੋਗੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਸਮੁੱਚਾ ਸਟਾਫ਼ ਹਾਜ਼ਰ ਸੀ।

# ਐਫ.ਸੀ.ਆਈ ਦੇ ਚੇਅਰਮੈਨ ਵੱਲੋਂ ਅਨਾਜ਼ ਮੰਡੀ ਖੰਨਾਂ 'ਚ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ

ਖੰਨਾ, 30 ਅਪ੍ਰੈਲ (ਅਰਵਿੰਦਰਸਿੰਘ ਸਵੈਚ): ਏਸ਼ੀਆ ਦੀ ਸਭ ਤੋਂ ਵੱਡੀ ਦਾਣਾ ਮੰਡੀ ਖੰਨਾਂ ਵਿਖੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਫੂਡ ਕਾਰਪੋਰੇਸ਼ਨ ਆਫ਼ ਇੰਡੀਆ (ਐਫ.ਸੀ.ਆਈ.) ਸ੍ਰੀ ਆਸ਼ੂਤੋਸ਼ ਅਗਨੀਹੋਤਰੀ ਨੇ ਦੌਰਾ ਕਰਕੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜਾ ਲਿਆ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਖਰੀਦ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ ਹੈ। ਇਸ ਮੌਕੇ ਉਹਨਾਂ ਦੇ ਨਾਲ ਫੂਡ ਕਾਰਪੋਰੇਸ਼ਨ ਆਫ਼ ਇੰਡੀਆ (ਐਫ.ਸੀ.ਆਈ) ਦੇ ਜਰਨਲ ਮੈਨੇਜਰ (ਜੀ.ਐਮ) ਬੀ. ਸ਼੍ਰੀਨਿਵਾਸਨ, ਫੂਡ ਸਪਲਾਈ ਵਿਭਾਗ ਪੰਜਾਬ ਦੇ ਡਾਇਰੈਕਟਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਵੀ ਮੌਜੂਦ ਸਨ। ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਫੂਡ ਕਾਰਪੋਰੇਸ਼ਨ ਆਫ਼ ਇੰਡੀਆ (ਐਫ.ਸੀ.ਆਈ.)ਆਸ਼ੂਤੋਸ਼ ਅਗਨੀਹੋਤਰੀ ਨੇ ਕਿਹਾ ਐਫ.ਸੀ.ਆਈ ਦਾ ਮੁੱਖ ਆਦੇਸ਼ ਇਹ ਹੈ ਕਿ ਜੋ ਕਣਕ ਦੀ ਨਿਰਧਾਰਿਤ ਐਮ.ਐਸ.ਪੀ ਹੈ, ਉਸ ਅਨੁਸਾਰ ਕਿਸਾਨਾਂ ਤੋਂ ਖਰੀਦ ਕੀਤੇ ਕਣਕ ਦੀ ਅਦਾਇਗੀ ਜਲਦ ਤੋਂ ਜਲਦ ਕੀਤੀ ਜਾਵੇ। ਉਹ ਖੰਨਾਂ ਮੰਡੀ ਵਿੱਚ ਪੁੱਜੇ, ਜਿੱਥੇ ਉਹਨਾਂ ਨੇ ਕਣਕ ਦੀ ਆਮਦ, ਕਣਕ ਦੀ ਖਰੀਦ, ਕਿਸਾਨਾਂ ਅਤੇ ਆੜ੍ਹਤੀਆਂ ਨਾਲ ਵਿਸਥਾਰ ਵਿੱਚ ਗੱਲਬਾਤ ਕੀਤੀ। ਉਹਨਾਂ ਨੇ ਪੰਜਾਬ ਸਰਕਾਰ ਵੱਲੋਂ ਖਰੀਦ ਲਈ ਕੀਤੇ ਗਏ ਪ੍ਰਬੰਧਾਂ ਉੱਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਆਪਣੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਖਰੀਦ ਕੀਤੇ ਗਏ ਮਾਲ ਦੀ ਲਿਫਟਿੰਗ ਨਾਲੋ-ਨਾਲ ਯਕੀਨੀ ਬਣਾਉਣ। ਸ੍ਰੀ ਅਗਨੀਹੋਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੀਆਂ ਸਾਰੀਆ ਅਨਾਜ਼ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਪੁੱਖਤਾ ਪ੍ਰਬੰਧ ਕੀਤੇ ਗਏ ਹਨ। ਉਹਨਾਂ ਕਿਹਾ ਕਿਸਾਨਾਂ ਤੋਂ ਖਰੀਦ ਕੀਤੀ ਗਈ ਕਣਕ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 24 ਘੰਟਿਆਂ ਦੇ ਅੰਦਰ-ਅੰਦਰ ਕੀਤੀ ਜਾ ਰਹੀ ਹੈ।

# ਪੰਜਾਬ ਕਾਲਜ ਆਫ ਐਜੂਕੇਸ਼ਨ ਚੁੰਨ੍ਹੀ ਕਲਾਂ ਵਿਖੇ ਲਗਾਇਆ ਗਿਆ ਮੈਗਾ ਜ਼ੌਬ ਫੇਅਰ



ਫਤਿਹਗੜ੍ਹ ਸਾਹਿਬ, 30 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਗਰੁੱਪ ਆੱਫ ਕਾਲਜਿਸ ਦੇ ਪਲੇਸਮੈਂਟ ਸੈੱਲ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਫਤਹਿਗੜ੍ਹ ਸਾਹਿਬ ਨਾਲ ਮਿਲ ਕੇ ਚੇਅਰਮੈਨ ਨਿਰਮਲ ਸਿੰਘ, ਮੈਨੇਜਮੈਂਟ ਮੈਂਬਰ ਜੈਵੀਰ ਸਿੰਘ ਅਤੇ ਪ੍ਰਿੰਸੀਪਲ ਡਾ. ਸੁਮਨਦੀਪ ਕੌਰ ਦੀ ਅਗਵਾਈ ਹੇਠ ਮੌਜੂਦਾ ਅਤੇ ਪਾਸ ਆਊਟ ਵਿਦਿਆਰਥੀਆਂ ਲਈ 30 ਅਪ੍ਰੈਲ 2025 ਨੂੰ ਵਿਸ਼ਾਲ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ। ਭਾਗ ਲੈਣ ਵਾਲੀਆਂ ਵੱਖ ਵੱਖ ਕੰਪਨੀਆਂ, ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਕੋਆਰਡੀਨੇਟਰਾਂ ਦਾ ਪ੍ਰਿੰਸੀਪਲ ਡਾ. ਸੁਮਨਦੀਪ ਕੌਰ ਅਤੇ ਐਚ. ਓ. ਡੀ . ਡਾ. ਗੀਤਾ ਰਾਣੀ ਨੇ ਸਵਾਗਤ ਕੀਤਾ। ਇਸ ਮੌਕੇ 10 ਤੋਂ ਵੱਧ ਕੰਪਨੀਆਂ ਅਤੇ 06 ਸਕੂਲਾਂ ਦੁਆਰਾ 200 ਤੋਂ ਵੱਧ ਵਿਦਿਆਰਥੀਆਂ ਦੀ ਇੰਟਰਵਿਊ ਲਈ ਗਈ। ਰੋਜ਼ਗਾਰ ਮੇਲੇ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਇੰਟਰਵਿਊ ਦੇ ਸਖਤ ਦੌਰ ਵਿੱਚੋਂ ਨਿੱਕਲੇ। ਰੋਜ਼ਗਾਰ ਮੇਲੇ ਦੌਰਾਨ ਕੰਪਨੀਆਂ ਅਤੇ ਸਕੂਲਾਂ ਦੁਆਰਾ ਇੰਟਰਵਿਊ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਨੂੰ ਸ਼ਾਰਟ ਲਿਸਟ ਕੀਤਾ ਗਿਆ। ਕਾਲਜ ਦੇ ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਨੇ ਕਿਹਾ ਕਿ ਇਸ ਮੈਗਾ ਜ਼ੌਬ ਫੇਅਰ ਵਿੱਚ ਇਲਾਕੇ ਦੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ ਹੈ ਅਤੇ ਵੱਖ-ਵੱਖ ਨਾਮਵਰ ਕੰਪਨੀਆਂ ਵੱਲੋਂ ਵਿਦਿਆਰਥੀਆਂ ਦੀ ਚੋਣ ਕਰਕੇ ਉਹਨਾਂ ਨੂੰ ਵੱਖੋ ਵੱਖ ਖੇਤਰਾਂ ਵਿੱਚ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ। ਜਿਸ ਨਾਲ ਹੁਣ ਵਿਦਿਆਰਥੀ ਰੋਜ਼ਗਾਰ ਪ੍ਰਾਪਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣਗੇ। ਚੇਅਰਮੈਨ ਨਿਰਮਲ ਸਿੰਘ ਨੇ ਪ੍ਰਬੰਧਕੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸ਼ਾਰਟ ਲਿਸਟ ਕੀਤੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਮੌਕੇ 'ਤੇ ਜ਼ਿਲ੍ਹਾ ਰੁਜ਼ਗਾਰ ਦੇ ਕਾਰੋਬਾਰ ਬਿਊਰੋ ਫਤਹਿਗੜ੍ਹ ਸਾਹਿਬ ਦੇ ਅਧਿਕਾਰੀ ਜਸਵਿੰਦਰ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਮਨੋਰਥ ਨਾਲ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀਆਂ ਵੱਖ ਵੱਖ ਵਿੱਦਿਅਕ ਸੰਸਥਾਵਾਂ ਵਿੱਚ ਅਜਿਹੇ ਮੈਗਾ ਜੋਬ ਫੇਅਰ ਲਗਾਏ ਜਾਂਦੇ ਹਨ, ਜਿਸ ਦੀ ਕੜੀ ਤਹਿਤ ਪੰਜਾਬ ਕਾਲਜ ਆਫ ਐਜੂਕੇਸ਼ਨ ਚੁੰਨ੍ਹੀ ਕਲਾਂ ਵਿਖੇ ਰੁਜ਼ਗਾਰ ਮੇਲਾ ਲਗਾਇਆ ਗਿਆ ਹੈ ਤੇ ਇਸ ਮੇਲੇ ਵਿੱਚ ਵਿਦਿਆਰਥੀਆਂ ਪ੍ਰਤੀ ਕਾਫੀ ਉਤਸ਼ਾਹ ਵੀ ਦੇਖਣ ਨੂੰ ਮਿਲਿਆ।

# ਕੰਗ ਨੂੰ ਚੇਅਰਮੈਨ ਨਿਯੁਕਤ ਕਰਕੇ ਮੰਡੀਆਂ ਦਾ ਪ੍ਰਬੰਧ ਦਰੁਸਤ ਕੀਤਾ :ਕੋਮਲ ਸਿੰਘ



ਬਾਬਾ ਬਕਾਲਾ, 30 ਅਪ੍ਰੈਲ ( ਬਲਰਾਜ ਸਿੰਘ ਰਾਜਾ):ਅੱਜ ਮਾਰਕੀਟ ਕਮੇਟੀ ਰਈਆ ਵਿਖੇ ਆੜ੍ਹਤੀਆਂ ਐਸੋਸੀਏਸ਼ਨ ਦੇ ਪ੍ਰਧਾਨ ਕੋਮਲ ਸਿੰਘ ਮਾਨ, ਲੇਬਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਾਜ਼ਰ ਸਿੰਘ ਅਤੇ ਰਈਆ ਮੰਡੀ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਮੋਹਨ ਸਿੰਘ ਨੇ ਸਮੂਹ ਆੜ੍ਹਤੀਆਂ ਨੇ ਮਾਰਕੀਟ ਕਮੇਟੀ ਰਈਆ ਦੇ ਚੇਅਰਮੈਨ ਸੁਰਜੀਤ ਸਿੰਘ ਕੰਗ ਨਾਲ ਮੀਟਿੰਗ ਕੀਤੀ। ਜਿਸ ਵਿੱਚ ਦਾਣਾ ਮੰਡੀ ਰਈਆ ਦੇ ਨਵ-ਨਿਯੁਕਤ ਪ੍ਰਧਾਨ ਕੋਮਲ ਸਿੰਘ ਫੇਰੂਮਾਨ ਅਤੇ ਲੇਬਰ ਯੂਨੀਅਨ ਦੇ ਪ੍ਰਧਾਨ ਨਾਜ਼ਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਚੇਅਰਮੈਨ ਸੁਰਜੀਤ ਸਿੰਘ ਕੰਗ ਨੂੰ ਨਿਯੁਕਤ ਕਰਕੇ ਮੰਡੀਆਂ ਦੇ ਪ੍ਰਬੰਧ ਦਰੁਸਤ ਕੀਤੇ ਗਏ ਹਨ। ਜਿਸ ਲਈ ਪੂਰੀ ਮੰਡੀ ਦੇ ਆੜ੍ਹਤੀਆਂ, ਕਿਸਾਨਾਂ ਅਤੇ ਲੇਬਰ ਯੂਨੀਅਨ ਨੇ ਮਾਨ ਸਰਕਾਰ ਦਾ ਧੰਨਵਾਦ ਕੀਤਾ ਅਤੇ ਮੰਡੀ ਦੇ ਪ੍ਰਬੰਧ ਤਸੱਲੀ ਪ੍ਰਗਟ ਕੀਤੀ। ਸੁਰਜੀਤ ਸਿੰਘ ਕੰਗ ਨੇ ਆੜ੍ਹਤੀਆਂ, ਖ਼ਰੀਦ ਏਜੰਸੀਆਂ, ਗੱਡੀਆਂ ਵਾਲਿਆਂ ਅਤੇ ਮਾਰਕੀਟ ਕਮੇਟੀ ਦੇ ਸਟਾਫ਼ ਨਾਲ ਮੀਟਿੰਗਾਂ ਕਰਨ ਸਦਕਾ ਪ੍ਰਬੰਧ ਬਿਲਕੁਲ ਸਹੀ ਚੱਲ ਰਿਹਾ ਹੈ । ਕੰਗ ਨੇ ਕਿਹਾ ਕਿ ਰਈਆ ਮੰਡੀ ਵਿੱਚ ਕਿਸਾਨਾਂ, ਆੜ੍ਹਤੀਆਂ ਅਤੇ ਲੇਬਰ ਯੂਨੀਅਨ ਇੱਕ ਦੂਸਰੇ ਨਾਲ ਇੱਕ ਪਰਿਵਾਰ ਦੀ ਤਰ੍ਹਾਂ ਚਲਦੇ ਹਨ ਅਤੇ ਮਾਰਕੀਟ ਕਮੇਟੀ ਸਟਾਫ਼ ਅਤੇ ਖ਼ਰੀਦ ਏਜੰਸੀਆਂ ਵੀ ਆਪਣਾ ਕੰਮ ਬਾਖ਼ੂਬੀ ਨਿਭਾ ਰਹੇ ਹਨ । ਮੰਡੀਆਂ ਦੇ ਵਧੀਆਂ ਪ੍ਰਬੰਧਾਂ ਲਈ ਮਾਨ ਸਰਕਾਰ ਵਧਾਈ ਦੀ ਪਾਤਰ ਹੈ। ਇਸ ਮੌਕੇ ਕੋਮਲ ਮਾਨ ਪ੍ਰਧਾਨ ਦੇ ਨਾਲ ਚੁਣੀ ਹੋਈ 9 ਮੈਂਬਰੀ ਕਮੇਟੀ ਗੁਰਮੇਜ ਸਿੰਘ ਕੋਟ ਮਹਿਤਾਬ, ਤਿਲਕ ਰਾਜ, ਅਭੀਨਵ ਜੋਸ਼ੀ, ਜੈਮਲ ਸਿੰਘ ਖੋਜਕੀਪੁਰ, ਰਾਜੇਸ਼ ਟਾਂਗਰੀ, ਜਸਵਿੰਦਰ ਸਿੰਘ ਢਿੱਲੋਂ, ਨਿਰਮਲ ਸਿੰਘ ਪੱਡਾ, ਗੁਰਸਰਨ ਸਿੰਘ ਸੈਣੀ ਅਤੇ ਦਵਿੰਦਰ ਸਿੰਘ ਭੰਗੂ ਸਮੇਤ 55 ਦੇ ਕਰੀਬ ਆੜ੍ਹਤੀਏ ਮੀਟਿੰਗ ਵਿੱਚ ਸ਼ਾਮਲ ਸਨ।

# ਵਿਦਿਆਰਥੀਆਂ ਵੱਲੋਂ ਉਤਸ਼ਾਹ ਪੂਰਵਕ ਮਨਾਇਆ ਗਿਆ ਮਜ਼ਦੂਰ ਦਿਵਸ





ਅਹਿਮਦਗੜ੍ਹ, 30 ਅਪ੍ਰੈਲ (ਅਮਰਜੀਤ ਸਿੰਘ ਸੰਧੂ/ਨਿੱਕੂ ਵਰਮਾ): ਪੈਰਾਗੌਨ ਇੰਟਰਨੈਸ਼ਨਲ ਸਕੂਲ ਨੇ ਮਜ਼ਦੂਰ ਦਿਵਸ ਮਨਾਉਣ ਲਈ ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ, ਜਿਸ ਵਿੱਚ ਉਨ੍ਹਾਂ ਮਿਹਨਤੀ ਵਿਅਕਤੀਆਂ ਦਾ ਸਨਮਾਨ ਕੀਤਾ ਗਿਆ ਜੋ ਸਾਡੇ ਸਕੂਲ ਨੂੰ ਸਾਫ਼, ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਕੰਮ ਕਰਦੇ ਹਨ। ਪਹਿਲੀ ਜਮਾਤ ਦੇ ਵਿਦਿਆਰਥੀਆਂ, ਜਿਨ੍ਹਾਂ ਵਿੱਚ ਫਤਿਹਵੀਰ ਸਿੰਘ, ਜਪਨੀਤ ਕੌਰ ਗਰੇਵਾਲ, ਅਵਲੀਨ ਕੌਰ, ਜਸਨੀਤ ਕੌਰ, ਗੁਰਅਸ਼ੀਸ਼ ਸਿੰਘ, ਅਮਨਜੋਤ ਸਿੰਘ, ਸਮਰਪ੍ਰਤਾਪ ਸਿੰਘ, ਯੁੱਧਵੀਰ ਸਿੰਘ, ਮਨਵੀਰ ਸਿੰਘ, ਹਸਨਪ੍ਰੀਤ ਕੌਰ, ਸਚਲੀਨ ਕੌਰ, ਜਪਨੀਤ ਕੌਰ, ਹਰਸਿਮਰਨ ਕੌਰ, ਜਸਕਰਨ ਸਿੰਘ ਅਤੇ ਦੀਪਿੰਦਰ ਸਿੰਘ ਸ਼ਾਮਲ ਸਨ, ਨੇ ਅਸੈਂਬਲੀ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਉਨ੍ਹਾਂ ਨੇ ਵੱਖ ਵੱਖ ਭੂਮਿਕਾਵਾਂ, ਭਾਸ਼ਣਾਂ, ਕਵਿਤਾਵਾਂ ਅਤੇ ਗੀਤਾਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ, ਕਿਰਤ ਦੀ ਮਹੱਤਤਾ ਅਤੇ ਹਰੇਕ ਵਿਅਕਤੀ ਦੀ ਮਿਹਨਤ ਦੇ ਮੁੱਲ ਨੂੰ ਉਜਾਗਰ ਕੀਤਾ। ਪ੍ਰਸ਼ੰਸਾ ਦੇ ਪ੍ਰਤੀਕ ਵਜੋਂ, ਪਹਿਲੀ ਜਮਾਤ ਦੇ ਵਿਦਿਆਰਥੀਆਂ ਨੇ ਸਾਰੇ ਸਹਾਇਕਾਂ ਨੂੰ ਉਨ੍ਹਾਂ ਦੇ ਅਣਥੱਕ ਯਤਨਾਂ ਲਈ ਧੰਨਵਾਦ ਪ੍ਰਗਟ ਕਰਦੇ ਹੋਏ ਬੈਚ ਭੇਟ ਕੀਤੇ। ਇਸ ਤੋਂ ਇਲਾਵਾ, ਸਾਡੇ ਸਤਿਕਾਰਯੋਗ ਡਾਇਰੈਕਟਰ ਡਾ. ਸੁਰਿੰਦਰਪਾਲ ਸੋਫਤ, ਚੇਅਰਪਰਸਨ ਸ਼੍ਰੀਮਤੀ ਸੁਮਨ, ਅਤੇ ਪ੍ਰਿੰਸੀਪਲ ਸ਼੍ਰੀਮਤੀ ਮਨਜੀਤ ਕੌਰ ਸਿੱਧੂ ਨੇ ਸਹਾਇਕਾਂ ਨੂੰ ਤੋਹਫ਼ੇ ਭੇਟ ਕੀਤੇ, ਉਨ੍ਹਾਂ ਦੇ ਸਮਰਪਣ ਅਤੇ ਵਚਨਬੱਧਤਾ ਨੂੰ ਹੋਰ ਮਾਨਤਾ ਦਿੱਤੀ। ਵਿਸ਼ੇਸ਼ ਅਸੈਂਬਲੀ ਧੰਨਵਾਦ ਦੇ ਸੰਦੇਸ਼ ਨਾਲ ਸਮਾਪਤ ਹੋਈ, ਕਿਉਂਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸਹਾਇਕਾਂ ਦਾ ਉਨ੍ਹਾਂ ਦੇ ਸਮਰਪਣ ਅਤੇ ਸਖ਼ਤ ਮਿਹਨਤ ਲਈ ਧੰਨਵਾਦ ਕੀਤਾ। ਇਹ ਜਸ਼ਨ ਹਰੇਕ ਵਿਅਕਤੀ ਦੇ ਕੰਮ ਦਾ ਸਤਿਕਾਰ ਕਰਨ ਅਤੇ ਕਦਰ ਕਰਨ ਦੀ ਮਹੱਤਤਾ ਨੂੰ ਯਾਦ ਦਿਵਾਉਂਦਾ ਹੈ, ਭਾਵੇਂ ਉਨ੍ਹਾਂ ਦੀ ਭੂਮਿਕਾ ਕੋਈ ਵੀ ਹੋਵੇ।

# ਅੱਗ ਨਾਲ ਸੜੀ ਕਣਕ ਦਾ ਕਿਸਾਨਾਂ ਨੂੰ ਮੁਆਵਜ਼ਾ ਦੇਵੇ ਸਰਕਾਰ: : ਘੋੜੇਚੱਕ



ਭੋਗਪੁਰ, 30 ਅਪ੍ਰੈਲ ( ਸੈਣੀ ਜੰਡੀਰ): ਭਾਰਤੀ ਕਿਸਾਨ ਯੂਨੀਅਨ ਏਕਤਾ ਦੇ ਜ਼ਿਲ੍ਹਾ ਪ੍ਰਧਾਨ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਅੱਗ ਲੱਗਣ ਦੇ ਕਾਰਨ ਹਜ਼ਾਰਾਂ ਏਕੜ ਕਣਕ ਅਤੇ ਤੂੜੀ ਬਣਾਉਣ ਲਈ ਰੱਖਿਆ ਹੋਇਆ ਨਾੜ ਸੜ ਕੇ ਸੁਆਹ ਹੋ ਗਿਆ। ਕੁਝ ਜ਼ਿਲ੍ਹਿਆਂ ਵਿੱਚ ਬਹੁਤ ਜ਼ਿਆਦਾ ਨੁਕਸਾਨ ਹੋਇਆ, ਪਰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਕਿਸੇ ਕਿਸਮ ਦਾ ਮੁਆਵਜ਼ਾ ਨਹੀਂ ਦਿੱਤਾ ਗਿਆ। ਕਿਸਾਨ ਆਗੂ ਰਣ ਸਿੰਘ ਘੋੜੇਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਅੱਗ ਲੱਗਣ ਦੀਆਂ ਘਟਨਾਵਾਂ ਦੀ ਉੱਚ ਪੱਧਰੀ ਜਾਂਚ ਕਰਵਾਵੇ। ਪੀੜਤ ਕਿਸਾਨਾਂ ਨੂੰ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ ।

# ਯੁੱਧ ਨਸ਼ਿਆਂ ਵਿਰੁੱਧ ਤਹਿਤ ਵਿੱਢੇ ਯੁੱਧ 'ਚ ਲੋਕਾਂ ਦੀ ਜਿੱਤ ਯਕੀਨੀ : ਮਿਆਦੀਆਂ



ਚੋਗਾਵਾਂ, 30 ਅਪ੍ਰੈਲ (ਸੁਬੇਗ ਸਿੰਘ ਸੋਨਾ) : ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਅੰਮ੍ਰਿਤਸਰ ਦਿਹਾਤੀ ਦਲਜੀਤ ਸਿੰਘ ਮਿਆਦੀਆਂ ਜੀ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਜੋ ਮੁਹਿੰਮ ਚਲਾਈ ਗਈ ਹੈ ਉਸ ਵਿੱਚ ਵੱਡੇ ਪੱਧਰ 'ਤੇ ਸਫਲਤਾ ਹਾਸਲ ਹੋ ਰਹੀ ਹੈ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਅੰਮ੍ਰਿਤਸਰ ਦਿਹਾਤੀ ਸਰਦਾਰ ਦਲਜੀਤ ਸਿੰਘ ਮਿਆਦੀਆਂ ਜੀ ਨੇ ਕਿਹਾ ਕਿ ਨਸ਼ਾ ਮੁਕਤ ਦੀ ਜਿੰਮੇਵਾਰੀ ਪੰਜਾਬ ਪੁਲਿਸ ਦੇ ਹੱਥ ਵਿੱਚ ਸੌਂਪੀ ਗਈ ਹੈ। ਉਹਨਾਂ ਕਿਹਾ ਕਿ ਪੰਜਾਬ ਪੁਲਿਸ ਨੂੰ ਦਿੱਤੇ ਨਿਰਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਹਰ ਖੇਤਰ ਨੂੰ ਨਸ਼ਾ ਮੁਕਤ ਬਣਾਉਣ ਲਈ ਉਹ ਯੋਜਨਾ ਬਣਾਉਣ ਉਹਨਾਂ ਇਹ ਵੀ ਕਿਹਾ ਜੇਕਰ ਤੈਅ ਕੀਤੀ ਸੀਮਾ ਦੇ ਬਾਅਦ ਵਿੱਡੀ ਯੋਜਨਾ ਵਿੱਚ ਕੋਈ ਗੜਬੜੀ ਆਉਂਦੀ ਹੈ ਤਾਂ ਤੁਰੰਤ ਕਾਰਵਾਈ ਕੀਤੀ ਜਾਏਗੀ। ਉਹਨਾਂ ਦੱਸਿਆ ਕਿ ਜੇਕਰ ਤੈਅ ਕੀਤੇ ਸਮੇਂ ਤੋਂ ਬਾਅਦ ਵੀ ਕਿਸੇ ਖੇਤਰ ਵਿੱਚ ਨਸ਼ੀਲੇ ਪਦਾਰਥ ਪਾਏ ਜਾਂਦੇ ਹਨ, ਤਾਂ ਉਸ ਖੇਤਰ ਦੇ ਅਧਿਕਾਰੀਆਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਦਲਜੀਤ ਸਿੰਘ ਮਿਆਦੀਆਂ ਜੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਿਸ਼ਨ ਯੁੱਧ ਨਸ਼ਿਆਂ ਵਿਰੁੱਧ ਨੂੰ ਕਾਮਯਾਬ ਕਰਨ ਲਈ ਜੋ ਸਖਤ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਸ ਦਾ ਹਰੇਕ ਵਰਗ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ। ਤੇ ਲੋਕਾਂ ਨੂੰ ਇਹ ਯਕੀਨੀ ਵੀ ਹੋ ਗਿਆ ਹੈ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਲੋਕਾਂ ਨਾਲ ਸੂਬੇ ਵਿੱਚ ਜੋ ਨਸ਼ਿਆਂ ਦਾ ਸਫਾਇਆ ਕਰਨ ਦਾ ਵਾਅਦਾ ਕੀਤਾ ਗਿਆ ਹੈ, ਉਸ ਨੂੰ ਹੁਣ ਲੋਕ ਪੂਰਾ ਹੁੰਦਿਆਂ ਵੀ ਵੇਖਣਗੇ।

# ਵਿਧਾਇਕ ਵੱਲੋਂ ਸਕੂਲਾਂ ਵਿੱਚ 96 ਲੱਖ ਦੇ ਵਿਕਾਸ ਕਾਰਜ ਦਾ ਉਦਘਾਟਨ

ਬਾਬਾ ਬਕਾਲਾ,30 ਅਪ੍ਰੈਲ (ਬਲਰਾਜ ਸਿੰਘ ਰਾਜਾ): ਪੰਜਾਬ ਸਰਕਾਰ ਵੱਲੋਂ ਸਿਹਤ, ਸਿੱਖਿਆ ਆਦਿ ਮਹੱਤਵਪੂਰਨ ਖੇਤਰਾਂ ਵਿੱਚ ਮਿਸਾਲੀ ਕ੍ਰਾਂਤੀਆਂ ਲਿਆਂਦੀਆਂ ਜਾ ਰਹੀਆਂ ਹਨ। ਸਿੱਖਿਆ ਖੇਤਰ ਵਿੱਚ ਕਰੋੜਾਂ ਰੁਪਏ ਦੇ ਫ਼ੰਡ ਜਾਰੀ ਕਰਕੇ ਪੰਜਾਬ ਸਰਕਾਰ ਵੱਲੋਂ ਇਸ ਖੇਤਰ ਵਿੱਚ ਵੱਡੀ ਕ੍ਰਾਂਤੀ ਲਿਆਂਦੀ ਹੈ। ਇਹ ਸ਼ਬਦ ਅੱਜ ਬਾਬਾ ਬਕਾਲਾ ਦੇ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰੱਈਆ ਵਿਚ ਕਹੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਆਉਣ ਨਾਲ ਸੂਬੇ ਦੇ ਸਿੱਖਿਆ ਦੇ ਮਿਆਰ ਵਿੱਚ ਵੀ ਵਾਧਾ ਹੋਇਆ ਹੈ ਅਤੇ ਪਹਿਲੀ ਵਾਰ ਹੋਇਆ ਹੈ ਕਿ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਤੋ ਹਟਾ ਕੇ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਈਆ ਲੜਕੀਆਂ ਵਿਖੇ 38 ਲੱਖ 41 ਹਜ਼ਾਰ ਰੁਪਏ ਦੀ ਲਾਗਤ ਨਾਲ ਦੋ ਨਵੇਂ ਕਲਾਸ ਰੂਮ, ਨਵੀਂ ਚਾਰਦੀਵਾਰੀ,ਇਕ ਲਾਇਬਰੇਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਈਆ ਲੜਕੇ ਵਿਖੇ 13 ਲੱਖ 10 ਹਜ਼ਾਰ ਰੁਪਏ ਦੀ ਲਾਗਤ ਨਾਲ ਸਕੂਲ ਦੀ ਚਾਰਦੀਵਾਰੀ ਅਤੇ ਖੇਡ ਸਟੇਡੀਅਮ ਦਾ ਨਿਰਮਾਣ,ਦਾ ਉਦਘਾਟਨ ਕੀਤਾ।

# ਸ਼੍ਰੀ ਪਰਸ਼ੂਰਾਮ ਜੈਯੰਤੀ ਮੌਕੇ ਗਊਆਂ ਨੂੰ ਪਾਈਆਂ ਗਈਆਂ ਜਲੇਬੀਆਂ

ਜ਼ੀਰਾ, 30 ਅਪ੍ਰੈਲ (ਦੀਪਕ ਭਾਰਗੋ) :ਜੀਰਾ ਦੀ ਨਵ ਨਿਯੁਕਤ ਧਾਰਮਿਕ ਸੰਸਥਾ ਸ੍ਰੀ ਭਗਵਾਨ ਪਰਸ਼ੂਰਾਮ ਬ੍ਰਾਹਮਣ ਸਭਾ ਜੀਰਾ ਵੱਲੋਂ ਸ੍ਰੀ ਪਰਸੂ ਰਾਮ ਜੈਯੰਤੀ ਮੌਕੇ ਗਊਸ਼ਾਲਾ ਪਿੰਜਰ ਪੋਲ ਵਿੱਚ ਗਊਆਂ ਨੂੰ ਜਲੇਬੀਆਂ ਪਾਈਆਂ ਗਈਆਂ। ਇਸ ਸਭ ਦੀ ਜਾਣਕਾਰੀ ਦਿੰਦੇ ਹੋਏ ਸਰਪ੍ਰਸਤ ਕੁਲ ਭੂਸ਼ਣ ਸ਼ਰਮਾ ਤੇ ਪ੍ਰਧਾਨ ਨੀਰਜ ਕੁਮਾਰ ਸ਼ਰਮਾ ਵੱਲੋਂ ਦੱਸਿਆ ਗਿਆ ਕਿ 27 ਤਰੀਕ ਦਿਨ ਐਤਵਾਰ ਨੂੰ ਪਹਿਲਾ ਦਿਵਿਆ ਜੋਤੀ ਸੰਸਥਾਨ ਵੱਲੋਂ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਸ਼੍ਰੀ ਬਜਰੰਗ ਭਵਨ ਮੰਦਰ ਜ਼ੀਰਾ ਵਿਚ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦੇ ਜੀਵਨ ਤੇ ਕਥਾ ਕੀਰਤਨ ਕੀਤਾ ਗਿਆ। ਇਸ ਮੌਕੇ ਸ਼ਹਿਰ ਭਰ ਵਿੱਚੋਂ ਬ੍ਰਾਹਮਣ ਪਰਿਵਾਰਾਂ ਤੋਂ ਇਲਾਵਾ ਸਮਾਜ ਸੇਵੀ ਧਾਰਮਿਕ ਰਾਜਨੀਤਿਕ ਆਗੂਆਂ ਵੱਲੋਂ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ ਗਈ। ਵਿਸ਼ੇਸ਼ ਤੌਰ 'ਤੇ ਵਿਧਾਇਕ ਨਰੇਸ਼ ਕਟਾਰੀਆ, ਚੇਅਰਮੈਨ ਚੰਦ ਸਿੰਘ ਗਿੱਲ, ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ, ਹਰਪ੍ਰੀਤ ਸਿੰਘ ਹੀਰੋ ਅਕਾਲੀ ਦਲ, ਹਰਬੀਰ ਇੰਦਰ ਸਿੰਘ ਬੀਜੇਪੀ ਵੱਲੋਂ ਇਸ ਕਥਾ ਦਾ ਆਨੰਦ ਲਿਆ ਗਿਆ ਇਸ ਕਥਾ ਤੋਂ ਬਾਅਦ ਲੰਗਰ ਸੇਵਾ ਨੂੰ ਨਿਭਾਉਣ ਦੀ ਜ਼ਿੰਮੇਵਾਰੀ ਬਰਫ਼ਾਨੀ ਸੇਵਾ ਦਲ ਵੱਲੋਂ ਨਿਭਾਈ ਗਈ। ਇਸ ਮੌਕੇ ਚਰਨਜੀਤ ਸਿੰਘ ਸਿੱਕੀ ਪੰਜਾਬ ਪ੍ਰਧਾਨ, ਅਮਨ ਛਾਬੜਾ, ਪਿਆਰਾ ਸਿੰਘ ਢਿੱਲੋਂ, ਚਾਂਦ ਅਰੋੜਾ, ਅਨਵਰ ਹੁਸੈਨ, ਅਸ਼ੋਕ ਕਥੂਰੀਆ, ਪਵਨ ਕੁਮਾਰ ਲੱਲੀ, ਰਿੰਕੂ ਹਾਜ਼ਰ ਰਹੇ

# ਸੁਪਰ ਸਿੱਖਸ ਸਿਡਨੀ ਨੇ ਆਪਣੀ ਖੇਡ ਪ੍ਰਾਪਤੀਆਂ ਵਾਲੀ ਮਨਾਈ 15ਵੀਂ ਵਰ੍ਹੇਗੰਢ




ਲੁਧਿਆਣਾ, 30 ਅਪ੍ਰੈਲ (ਕਰਨੈਲ ਸਿੰਘ ਐੱਮ.ਏ.): ਆਸਟਰੇਲੀਆ ਦੇ ਵਿੱਚ ਸਿੱਖ ਕਮਿਊਨਿਟੀ ਨੇ ਜਿੱਥੇ ਵੱਖ-ਵੱਖ ਖੇਤਰਾਂ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ, ਉੱਥੇ ਖੇਡਾਂ ਦੇ ਵਿੱਚ ਵੀ ਪੰਜਾਬੀਆਂ ਖਾਸ ਕਰਕੇ ਸਿੱਖਾਂ ਦੀ ਦਿਨੋ-ਦਿਨ ਵੱਖਰੀ ਪਹਿਚਾਣ ਬਣ ਰਹੀ ਹੈ। ਹੁਣ ਉਹ ਦਿਨ ਦੂਰ ਨਹੀਂ ਜਦੋਂ ਆਸਟਰੇਲੀਆ ਦੀਆਂ ਕੌਮੀ ਪੱਧਰ ਦੀਆਂ ਵੱਖ-ਵੱਖ ਖੇਡਾਂ ਨਾਲ ਸਬੰਧਿਤ ਟੀਮਾਂ ਵਿੱਚ ਸਾਡੇ ਸਿੱਖ ਖਿਡਾਰੀ ਵੀ ਖੇਡਿਆ ਕਰਨਗੇ। ਕੌਮੀ ਟੀਮਾਂ ਵਿੱਚ ਕ੍ਰਿਕਟ ਦੇ ਵਿੱਚ ਤਾਂ ਪੰਜਾਬ ਦੇ ਜਾਇਆਂ ਨੇ ਖੇਡਣ ਦੀ ਪਿਰਤ ਪਾ ਦਿੱਤੀ ਹੈ , ਜਦਕਿ ਬਾਕੀ ਟੀਮਾਂ ਵਿੱਚ ਅਜੇ ਸਮੇਂ ਦਾ ਇੰਤਜ਼ਾਰ ਹੈ। ਸਿਡਨੀ ਵਿਖੇ ਸੁਪਰ ਸਿੱਖਸ ਨਾਮ ਦੀ ਸੰਸਥਾ ਜੋ 15 ਸਾਲ ਪਹਿਲਾਂ 2010 ਵਿੱਚ ਹੋਂਦ ਵਿੱਚ ਆਈ ਸੀ। ਜਿਸਨੇ ਵਾਲੀਵਾਲ, ਬਾਸਕਟਬਾਲ, ਕ੍ਰਿਕਟ ਖੇਡ ਨਾਲ ਆਪਣੀ ਸ਼ੁਰੂਆਤ ਕੀਤੀ ਇਸ ਵਕਤ ਫੁੱਟਬਾਲ ਦੇ ਵਿੱਚ ਵੀ ਸੁਪਰ ਸਿੱਖਸ ਦਾ ਵਡਮੁੱਲਾ ਯੋਗਦਾਨ ਹੈ। ਸੁਪਰ ਸਿੱਖਸ ਦੇ ਮੁਖੀ ਬਲਰਾਜ ਸਿੰਘ ਉਗਰਾ ਨਾਲ ਮੈਂ ਪਿਛਲੀ ਵਾਰ 2019 ਦੇ ਵਿੱਚ ਵਾਰਤਾਲਾਪ ਕੀਤੀ ਸੀ। ਇਸ ਵਾਰ ਸਾਡਾ ਅਚਨਚੇਤ ਸਿਡਨੀ ਹਰਬਲ ਬ੍ਰਿਜ 'ਤੇ ਮੇਲ ਹੋਇਆ । ਉਹਨਾਂ ਨੇ ਆਪਣੀ ਸੰਸਥਾ ਸੁਪਰ ਸਿੱਖਸ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ, ਜਿਸ ਨੂੰ ਦੇਖ ਕੇ ਸਹਿਜੇ ਹੀ ਅੰਦਾਜ਼ਾ ਲੱਗਦਾ ਸੀ ਕਿ ਇਸ ਸੰਸਥਾ ਨੇ ਆਸਟਰੇਲੀਆ ਵਿਖੇ ਹੋਣ ਵਾਲੀਆਂ 2032 ਬ੍ਰਿਸਬੈਨ ਓਲੰਪਿਕ ਖੇਡਾਂ ਦੀ ਤਿਆਰੀ ਲਈ ਆਪਣੀ ਨੀਂਹ ਰੱਖ ਦਿੱਤੀ ਹੈ ਅਤੇ ਯਕੀਨਨ 2032 ਦੀਆਂ ਉਲੰਪਿਕ ਖੇਡਾਂ ਵਿੱਚ ਸਿੱਖ ਖ਼ਿਡਾਰੀ ਆਸਟਰੇਲੀਆਈ ਟੀਮਾਂ ਵੱਖ-ਵੱਖ ਟੀਮਾਂ ਵਿੱਚ ਨੁਮਾਇੰਦਗੀ ਕਰਨਗੇ । 2025 ਦੇ ਅਪ੍ਰੈਲ ਮਹੀਨੇ ਤੀਜੇ ਹਫਤੇ ਹੋਈਆਂ 37ਵੀਆਂ ਆਸਟਰੇਲੀਆ ਸਿੱਖ ਖੇਡਾਂ ਵਿੱਚ ਸੁਪਰ ਸਿੱਖਸ ਦੇ ਖਿਡਾਰੀਆਂ ਨੇ ਬਸਕਟਬਾਲ ਲੜਕੀਆਂ ਵਿੱਚ ਡਿਵੀਜ਼ਨ ਨੰਬਰ 1 ਅਤੇ ਡਿਵੀਜ਼ਨ ਨੰਬਰ 2 ਵਿੱਚ ਚੈਂਪੀਅਨ, ਅੰਡਰ 16 ਮੁੰਡਿਆਂ ਵਿੱਚ ਵੀ ਚੈਂਪੀਅਨ ਅਤੇ ਅੰਡਰ 12 ਸਾਲ ਕੁੜੀਆਂ ਵਿੱਚ ਵੀ ਚੈਂਪੀਅਨ ਬਣਨ ਦਾ ਮਾਣ ਹਾਸਿਲ ਕੀਤਾ । ਇਸ ਤੋਂ ਇਲਾਵਾ ਵਾਲੀਬਾਲ ਓਪਨ ਵਿੱਚ ਲੜਕੀਆਂ ਦੇ ਵਰਗ ਵਿੱਚ ਚੈਂਪੀਅਨ ਅਤੇ ਮੁੰਡਿਆਂ ਦੇ ਵਰਗ ਵਿੱਚ ਤੀਸਰਾ ਸਥਾਨ ਹਾਸਿਲ ਕੀਤਾ। ਪਾਵਰ ਲਿਫਟਿੰਗ ਵਿੱਚ ਮਹਿਮਾ ਬੇਦੀ ਨੇ 63 ਕਿਲੋਗ੍ਰਾਮ ਵਰਗ ਵਿੱਚ ਸੋਨ ਤਗਮਾ ਜਿੱਤਣ ਦਾ ਮਾਣ ਹਾਜ਼ਰ ਕੀਤਾ । ਸਿੱਖ ਖੇਡਾਂ 2025 ਵਿੱਚ ਸੁਪਰ ਸਿੱਖਸ ਦੀ ਇਹ ਇੱਕ ਵਡਮੁੱਲੀ ਪ੍ਰਾਪਤੀ ਹੈ। ਆਸਟਰੇਲੀਆ ਦੀਆਂ ਦੂਸਰੀਆਂ ਸਟੇਟਾਂ ਵਿੱਚ ਵੀ ਕਈ ਸਿੱਖਾਂ ਨਾਲ ਸੰਬੰਧਿਤ ਖੇਡ ਸੰਸਥਾਵਾਂ ਖੇਡਾਂ ਦੀ ਬਿਹਤਰੀ ਤੇ ਆਪਣੇ ਖਿਡਾਰੀਆਂ ਦਾ ਮੁਕਾਮ ਉੱਚਾ ਚੁੱਕਣ ਲਈ ਉਪਰਾਲੇ ਕਰ ਰਹੀਆਂ ਹਨ। ਜੋ ਇੱਕ ਵਧਾਈ ਦੀਆਂ ਪਾਤਰ ਹਨ ।ਪ੍ਰਮਾਤਮਾ ਕਰੇ ਸੁਪਰ ਸਿੱਖਸ ਦੇ ਆਰੰਭੇ ਉਪਰਾਲਿਆਂ ਨੂੰ ਬੂਰ ਪਾਵੇ ਅਤੇ 2032 ਦੀਆਂ ਓਲੰਪਿਕ ਖੇਡਾਂ ਵਿੱਚ ਸਿੱਖਾਂ ਦੇ ਮਾਣ ਨੂੰ ਪੂਰੀ ਦੁਨੀਆ ਵਿੱਚ ਵਧਾਵੇ ।

# ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਪੂਰਵਕ ਮਨਾਇਆ



ਲੁਧਿਆਣਾ, 30 ਅਪ੍ਰੈਲ (ਕਰਨੈਲ ਸਿੰਘ ਐੱਮ.ਏ.): ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿੱਚ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ । ਜਿਨ੍ਹਾਂ ਵਿੱਚ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ । ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕਰਵਾਏ ਗਏ । ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ । ਗਿਆਨੀ ਹਰਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ । ਸ਼ਾਮ ਦੇ ਪ੍ਰੋਗਰਾਮ ਵਿੱਚ ਗਿਆਨੀ ਸੰਦੀਪ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸੰਗਤਾਂ ਨਾਲ ਸੂਰਜ ਪ੍ਰਕਾਸ਼ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ । ਰਹਿਰਾਸ ਸੋਦਰ ਦੀ ਚੌਂਕੀ ਤੋਂ ਬਾਅਦ ਗੁਰੂ ਰਾਮ ਦਾਸ ਸੇਵਾ ਸੋਸਾਇਟੀ ਵਾਲੀਆਂ ਬੀਬੀਆਂ ਨੇ ਅਤੇ ਉਸਤਾਦ ਰਣਧੀਰ ਸਿੰਘ ਜੀ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਸ੍ਰਵਣ ਕਰਵਾਇਆ ਅਤੇ ਗੁਰੂ ਜਸ ਨਾਲ ਜੋੜਿਆ। ਭਾਰੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕੀਤਾ । ਬਾਅਦ ਵਿੱਚ ਗਿਆਨੀ ਬਚਿੱਤਰ ਸਿੰਘ ਚਮਕੌਰ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਅੰਗਦ ਦੇਵ ਜੀ ਦੀ ਜੀਵਨੀ ਬਾਰੇ ਅਤੇ ਉਨ੍ਹਾਂ ਦੇ ਦੱਸੇ ਹੋਏ ਪੂਰਨਿਆਂ ਤੇ ਚੱਲਣ ਵਾਸਤੇ ਸੰਗਤਾਂ ਨੂੰ ਦੱਸਿਆ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਦਰਸ਼ਨ ਸਿੰਘ ਅਤੇ ਤਜਿੰਦਰ ਸਿੰਘ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਗੁਰੂ ਰਾਮ ਦਾਸ ਸੇਵਾ ਸੋਸਾਇਟੀ ਵਾਲੀਆਂ ਬੀਬੀਆਂ ਦਾ ਸਨਮਾਨ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਅਤੇ ਕੀਰਤਨ ਦਾ ਆਨੰਦ ਮਾਣਿਆ ਕਰਨ ਅਤੇ ਆਪਣਾ ਜੀਵਨ ਸਫਲਾ ਕਰਨ । ਸੰਗਤਾਂ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚਗਰ, ਮਲਕੀਤ ਸਿੰਘ, ਯਸਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰਪਾਲ ਸਿੰਘ, ਚਰਨਜੀਤ ਸਿੰਘ ਪਾਇਲ, ਮਨਜੀਤ ਸਿੰਘ ਪਾਇਲ, ਗੁਰਚਰਨ ਸਿੰਘ, ਹਰਨੇਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਤਰਲੋਕ ਸਿੰਘ ਸਚਦੇਵਾ, ਜਗਜੀਵਨ ਸਿੰਘ ਸੋਹਨਪਾਲ, ਵੀਰਨਜੀਤ ਸਿੰਘ ਸੋਹਨਪਾਲ, ਦਰਸਨ ਸਿੰਘ ਸੋਹਨਪਾਲ, ਵਰਿੰਦਰਮੋਹਨ ਸਿੰਘ, ਜਗਜੀਤ ਸਿੰਘ, ਤਰਲੋਕ ਸਿੰਘ, ਮਨਿੰਦਰ ਸਿੰਘ ਹਾਜ਼ਰ ਸਨ ।



# ਪਟਿਆਲਾ-ਆਸ/ਪਾਸ



*ਡੀ.ਸੀ. ਵੱਲੋਂ ਡੰਪ ਸਾਈਟ ਦਾ ਜਾਇਜ਼ਾ*

## ਨਗਰ ਨਿਗਮ ਨੂੰ ਪੁਰਾਣੇ ਕੂੜੇ ਦਾ ਹੋਰ ਤੇਜ਼ੀ ਨਾਲ ਨਿਪਟਾਰਾ ਕਰਨ ਦੀ ਹਦਾਇਤ

### ☛ਜ਼ਿਲ੍ਹਾ ਪ੍ਰਸ਼ਾਸਨ ਤੇ ਨਗਰ ਨਿਗਮ ਮੁਸਤੈਦ, ਡੰਪ ਨੂੰ ਅੱਗ ਲੱਗਣ ਤੋਂ ਲੋਕਾਂ ਨੂੰ ਘਬਰਾਹਟ 'ਚ ਨਾ ਆਉਣ ਦੀ ਅਪੀਲ



ਪਟਿਆਲਾ, 30 ਅਪ੍ਰੈਲ (ਰੁਪਾਣਾ/ਵਿਨੋਦ ਸ਼ਰਮਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਇੱਥੇ ਨਗਰ ਨਿਗਮ ਦੇ ਕੂੜੇ ਦੇ ਡੰਪ ਦਾ ਜਾਇਜ਼ਾ ਲੈ ਕੇ ਨਗਰ ਨਿਗਮ ਨੂੰ ਹਦਾਇਤ ਕੀਤੀ ਕਿ ਪੁਰਾਣੇ ਪਏ ਕੂੜੇ ਦੇ ਜਲਦ ਨਿਪਟਾਰੇ ਲਈ ਯਤਨ ਹੋਰ ਤੇਜ ਕੀਤੇ ਜਾਣ। ਡਿਪਟੀ ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਵੀ ਕੂੜੇ ਦੇ ਡੰਪ ਨੂੰ ਅੱਗ ਲੱਗਣ ਤੋਂ ਕਿਸੇ ਤਰ੍ਹਾਂ ਦੀ ਘਬਰਾਹਟ ਵਿੱਚ ਨਾ ਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਨਾਲ ਹੀ ਨਗਰ ਨਿਗਮ ਵੱਲੋਂ ਕੀਤੇ ਜਾ ਰਹੇ ਪ੍ਰਬੰਧਾਂ 'ਤੇ ਤਸੱਲੀ ਦਾ ਇਜ਼ਹਾਰ ਵੀ ਕੀਤਾ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਕੂੜੇ ਦੇ ਨਿਪਟਾਰੇ ਸਮੇਤ ਕੂੜੇ ਨੂੰ ਗਰਮੀਆਂ ਵਿੱਚ ਲੱਗਣ ਵਾਲੀ ਅੱਗ ਤੋਂ ਬਚਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਸਮੇਤ ਹੋਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸ਼ਹਿਰ ਵਾਸੀਆਂ ਨੂੰ ਪੁਰਾਣੇ ਪਏ ਕੂੜੇ ਦੇ ਢੇਰ ਤੋਂ ਪੱਕੇ ਤੌਰ 'ਤੇ ਨਿਜਾਤ ਦਿਵਾਉਣ ਲਈ ਕੂੜੇ ਨੂੰ ਵਿਗਿਆਨਕ ਤੇ ਵਾਤਾਵਰਣ ਪੱਖੀ ਢੰਗਾਂ ਨਾਲ ਠਿਕਾਣੇ ਲਗਾਉਣ ਦੇ ਯਤਨਾਂ ਨੂੰ ਹੋਰ ਤੇਜ਼ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੂੜੇ ਦੇ ਢੇਰ ਨੂੰ ਲੱਗੀ ਅੱਗ ਕੰਟਰੋਲ ਹੇਠ ਹੈ ਅਤੇ ਇਸ ਨੂੰ ਅੱਗੇ ਵਧਣ ਤੋਂ ਰੋਕਣ ਲਈ ਨਗਰ ਨਿਗਮ ਦੇ ਪ੍ਰਸ਼ਾਸਨ ਚੌਕਸੀ ਨਾਲ ਪੁਖ਼ਤਾ ਇਤਜ਼ਾਮ ਕਰ ਰਿਹਾ ਹੈ, ਇਸ ਲਈ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਫ਼ਵਾਹਾਂ ਤੇ ਘਬਰਾਹਟ ਤੋਂ ਬਚਣਾ ਚਾਹੀਦਾ ਹੈ। ਡਾ. ਪ੍ਰੀਤੀ ਯਾਦਵ ਨੇ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿੱਚ ਹੀ ਸੁੱਕਾ ਤੇ ਗਿੱਲਾ ਕੂੜਾ ਵੱਖੋ-ਵੱਖ ਕਰਨਾ ਯਕੀਨੀ ਬਣਾਉਣ ਤਾਂ ਕਿ ਕੂੜੇ ਦੇ ਸਰੋਤ ਤੋਂ ਹੀ ਉਸ ਨੂੰ ਵਾਤਾਵਰਣ ਪੱਖੀ ਢੰਗਾਂ ਨਾਲ ਠਿਕਾਣੇ ਲਾਉਣ ਦੇ ਯਤਨ ਸ਼ੁਰੂ ਹੋ ਜਾਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਨੂੰ ਆਪਣੇ ਘਰਾਂ ਵਿੱਚ ਵੱਖੋ-ਵੱਖ ਡਸਟਬਿਨ ਰੱਖਦੇ ਹੋਏ ਪਲਾਸਟਿਕ ਤੇ ਪੋਲੀਥੀਨ ਦੇ ਲਿਫਾਫਿਆਂ ਸਮੇਤ ਨਾ ਗਲਣਯੋਗ ਕੂੜਾ ਵੱਖ ਕਰਕੇ ਡਸਟਬਿਨ ਵਿੱਚ ਪਾਉਣਾਜ ਚਾਹੀਦਾ ਹੈ ਅਤੇ ਰਸੋਈ ਦਾ ਵੇਸਟ ਤੇ ਗਲਣਯੋਗ ਕੂੜਾ ਵੱਖਰੇ ਡਸਟਬਿਨ ਵਿੱਚ ਪਾਉਣਾ ਚਾਹੀਦਾ ਹੈ, ਤਾਂ ਕਿ ਕੂੜੇ ਦੇ ਡੰਪ ਉਪਰ ਗਰਮੀਆਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਨਾ ਵਾਪਰਨ। ਇਸ ਮੌਕੇ ਨਗਰ ਨਿਗਮ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਪਟਿਆਲਾ 'ਚ 4 ਮਈ ਨੂੰ ਹੋਵੇਗੀ ਨੀਟ ਦੀ ਪ੍ਰੀਖਿਆ: ਡਾ. ਪ੍ਰੀਤੀ ਯਾਦਵ

ਪਟਿਆਲਾ, 30 ਅਪ੍ਰੈਲ (ਚ.ਨ.ਸ.) : ਪਟਿਆਲਾ ਵਿਖੇ 4 ਮਈ, ਦਿਨ ਐਤਵਾਰ ਨੂੰ ਹੋਣ ਵਾਲੀ ਨੀਟ ਦੀ ਪ੍ਰੀਖਿਆ ਦੀਆਂ ਤਿਆਰੀਆਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ 'ਚ ਸਹਾਇਕ ਕਮਿਸ਼ਨਰ (ਜ) ਰਿਚਾ ਗੋਇਲ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਸਿੱਖਿਆ ਵਿਭਾਗ, ਪੁਲਿਸ ਵਿਭਾਗ ਅਤੇ ਹੋਰਨਾਂ ਵਿਭਾਗੀ ਅਧਿਕਾਰੀਆਂ ਨੂੰ ਸਮਾਂ ਰਹਿੰਦਿਆਂ ਨੀਟ ਪ੍ਰੀਖਿਆ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਪੁਖ਼ਤਾ ਪ੍ਰਬੰਧ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਪ੍ਰੀਖਿਆ ਸੈਂਟਰਾਂ ਵਿਖੇ ਤਜਰਬੇਕਾਰ ਸਟਾਫ਼ ਲਗਾਇਆ ਜਾਵੇ ਅਤੇ ਟਰੈਫ਼ਿਕ ਪਲਾਨ ਤਿਆਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪ੍ਰੀਖਿਆ ਦੀ ਤਿਆਰੀ ਦੇ ਕੰਮ ਵਿੱਚ ਕਿਸੇ ਵੀ ਪ੍ਰਕਾਰ ਦੀ ਤਰੁੱਟੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਲਈ ਪੀਣ ਵਾਲੇ ਪਾਣੀ ਆਦਿ ਦਾ ਪ੍ਰਬੰਧ ਵੀ ਰੱਖਿਆ ਜਾਵੇ।ਡਾ. ਪ੍ਰੀਤੀ ਯਾਦਵ ਨੇ ਪੁਲਿਸ ਵਿਭਾਗ ਨੂੰ ਸੁਰੱਖਿਆ ਪ੍ਰਬੰਧਾਂ ਸਬੰਧੀ ਹਦਾਇਤ ਕਰਦਿਆਂ ਕਿਹਾ ਕਿ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ ਸਖਤ ਸੁਰੱਖਿਆ ਪ੍ਰਬੰਧ ਰੱਖੇ ਜਾਣ 'ਤੇ ਉਮੀਦਵਾਰ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਨੂੰ ਪ੍ਰੀਖਿਆ ਕੇਂਦਰ 'ਚ ਦਾਖਲ ਨਾ ਹੋਣ ਦਿੱਤਾ ਜਾਵੇ ਤੇ ਤਲਾਸ਼ੀ ਲਈ ਸਟਾਫ਼ ਦੀਆਂ ਡਿਊਟੀਆਂ ਲਗਾਈਆਂ ਜਾਣ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਪ੍ਰੀਖਿਆ ਪੀ.ਐਮ. ਕੇ.ਵੀ. ਨੰ: 1 ਪਟਿਆਲਾ ਕੈਂਟ, ਕੇ.ਵੀ. ਨੰ: 2 ਪਟਿਆਲਾ ਕੈਂਟ, ਪੀ.ਐਮ. ਸ੍ਰੀ ਕੇ.ਵੀ. ਨੰ: 3 ਪਟਿਆਲਾ ਕੈਂਟ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨਜ਼, ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਤੇ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੁਰਾਣੀ ਪੁਲਿਸ ਲਾਈਨ ਪਟਿਆਲਾ ਵਿਖੇ ਹੋਵੇਗੀ। ਡਿਪਟੀ ਕਮਿਸ਼ਨਰ ਨੇ ਇਸ ਪ੍ਰੀਖਿਆ ਵਿੱਚ ਬੈਠਣ ਵਾਲੇ ਸਮੂਹ ਉਮੀਦਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰੀਖਿਆ ਲਈ ਦੁਪਹਿਰ 1:30 ਵਜੇ ਤੋਂ ਪਹਿਲਾਂ ਪਹਿਲਾਂ ਪ੍ਰੀਖਿਆ ਕੇਂਦਰਾਂ ਅੰਦਰ ਪਹੁੰਚਣ ਤਾਂ ਜੋ ਉਹਨਾਂ ਨੂੰ ਆਖ਼ਰੀ ਸਮੇਂ ਕਿਸੇ ਵੀ ਪ੍ਰੇਸ਼ਾਨੀ ਜਾਂ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਪ੍ਰੀਖਿਆ ਦਾ ਸਮਾਂ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਹੋਵੇਗਾ। ਮੀਟਿੰਗ 'ਚ ਐਸ.ਪੀ. ਵੈਭਵ ਚੌਧਰੀ, ਸਤੀਸ਼ ਕੁਮਾਰ (ਪੀ.ਸੀ.ਐਸ. ਸਿਖਲਾਈ ਅਧੀਨ) ਜ਼ਿਲ੍ਹਾ ਸੂਚਨਾ ਅਫ਼ਸਰ ਸੰਜੀਵ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ, ਪ੍ਰਿੰਸੀਪਲ ਡਾ. ਅਰੁਣ ਕੁਮਾਰ, ਡੀ.ਐਸ.ਪੀ. ਸੁਖਬੀਰ ਸਿੰਘ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

## ਸੜਕਾਂ 'ਤੇ ਖੜ੍ਹ ਕੇ ਬਿਆਨ ਦੇਣ ਵਾਲਿਆਂ ਦੀ ਹੀ ਦੇਣ ਹਨ ਕੂੜੇ ਦੇ ਪੁਰਾਣੇ ਢੇਰ : ਅਜੀਤਪਾਲ ਸਿੰਘ ਕੋਹਲੀ

### ☛ਵਿਧਾਇਕ ਵੱਲੋਂ ਨਗਰ ਨਿਗਮ ਵੱਲੋਂ ਕੂੜੇ ਦੇ ਡੰਪ ਨੂੰ ਲੱਗੀ ਅੱਗ 'ਤੇ ਕਾਬੂ ਪਾਉਣ ਦੇ ਯਤਨਾਂ ਦੀ ਸ਼ਲਾਘਾ

### ☛ਪਟਿਆਲਾ ਵਾਸੀਆਂ ਨੂੰ ਜਲਦ ਮਿਲੇਗੀ ਡੰਪ ਤੋਂ ਪੱਕੇ ਤੌਰ 'ਤੇ ਨਿਜਾਤ



ਪਟਿਆਲਾ, 30 ਅਪ੍ਰੈਲ (ਗੁਰਮੁੱਖ ਰੁਪਾਣਾ) : ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਮੁੜ ਕੂੜੇ ਦੇ ਡੰਪ ਦਾ ਜਾਇਜ਼ਾ ਲਿਆ ਅਤੇ ਨਗਰ ਨਿਗਮ ਵੱਲੋਂ ਕੂੜੇ ਦੇ ਡੰਪ ਨੂੰ ਗਰਮੀ ਵਧਣ ਕਰਕੇ ਲੱਗੀ ਅੱਗ ਨੂੰ ਬੁਝਾਉਣ ਦੇ ਲਈ ਤੁਰੰਤ ਕੀਤੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਦੱਸਿਆ ਕਿ ਨਿਗਮ ਦੀ ਟੀਮ ਨੇ ਬਹੁਤ ਮੁਸ਼ੱਕਤ ਨਾਲ ਅੱਗ 'ਤੇ ਕਾਬੂ ਪਾ ਲਿਆ ਹੈ ਅਤੇ ਸਾਰੀਆਂ ਟੀਮਾਂ ਨੇ ਨਿਰੰਤਰ 24 ਘੰਟੇ ਨਿਗਰਾਨੀ ਕੀਤੀ ਹੈ। ਕੋਹਲੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਵੀਰ ਸਿੰਘ, ਨਿਗਮ ਦੀ ਹੈਲਥ ਤੇ ਸੈਨੀਟੇਸ਼ਨ ਬ੍ਰਾਂਚ ਸਮੇਤ ਫਾਇਰ ਬ੍ਰਿਗੇਡ ਵੱਲੋਂ ਪੂਰੀ ਟੀਮ ਨੇ ਪੂਰੀ ਚੌਕਸੀ ਨਾਲ ਕੀਤੇ ਅੱਗ ਬੁਝਾਊ ਯਤਨਾਂ ਸਦਕਾ ਹੁਣ ਅੱਗ ਬਿਲਕੁਲ ਬੁੱਝ ਚੁੱਕੀ ਹੈ, ਇਸ ਲਈ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਦੂਜੀ ਵਾਰ ਇਸ ਡੰਪ ਦਾ ਜਾਇਜ਼ਾ ਲੈ ਰਹੇ ਹਨ। ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਨੇ ਪਿਛਲੀਆਂ ਸਰਕਾਰਾਂ ਵਿੱਚ ਸੱਤਾ ਦਾ ਸੁੱਖ ਮਾਨਣ ਵਾਲਿਆਂ ਅਤੇ ਹੁਣ ਸੜਕਾਂ 'ਤੇ ਖੜ੍ਹਕੇ ਕੂੜੇ ਦੇ ਡੰਪ ਬਾਰੇ ਬਿਆਨਬਾਜ਼ੀ ਕਰਨ ਵਾਲਿਆਂ ਨੂੰ ਕੋਸਦਿਆਂ ਕਿਹਾ ਕਿ ਇਹ ਡੰਪ ਪੁਰਾਣੀਆਂ ਸਰਕਾਰਾਂ ਦੀ ਹੀ ਦੇਣ ਹਨ, ਇਸ ਲਈ ਇਨ੍ਹਾਂ ਬਾਰੇ ਹੁਣ ਰਾਜਨੀਤੀ ਕਰਨੀ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਅਤੇ ਉਹ ਖ਼ੁਦ ਲੋਕਾਂ ਦੇ ਸੇਵਕ ਹੋਣ ਕਰਕੇ ਸ਼ਹਿਰ ਦੇ ਸੁਧਾਰ ਲਈ ਯਤਨਸ਼ੀਲ ਹਨ, ਕਿਉਂਕਿ ਚੋਣਾਂ ਸਮੇਂ ਸਿਆਸਤ ਹੋ ਚੁੱਕੀ ਹੈ ਅਤੇ ਹੁਣ ਸੇਵਾ ਦਾ ਸਮਾਂ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਘੱਟ ਸਮੇਂ ਵਿੱਚ ਬਹੁਤ ਕੁਝ ਹਾਸਲ ਕਰਨਾ ਚਾਹੁੰਦੇ ਹਨ। ਵਿਧਾਇਕ ਅਜੀਤਪਾਲ ਸਿੰਘ ਨੇ ਕਿਹਾ ਕਿ ਨਗਰ ਨਿਗਮ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇੱਕ ਬਹੁਤ ਵੱਡੀ ਤਜਵੀਜ ਤਿਆਰ ਕੀਤੀ ਹੈ ਅਤੇ ਬਹੁਤ ਜਲਦ ਪਟਿਆਲਾ ਵਾਸੀਆਂ ਨੂੰ ਇਸ ਡੰਪ ਤੋਂ ਪੱਕੇ ਤੌਰ 'ਤੇ ਨਿਜਾਤ ਮਿਲ ਜਾਵੇਗੀ। ਇਸ ਮੌਕੇ ਨਗਰ ਨਿਗਮ ਦੇ ਹੋਰ ਅਫ਼ਸਰ ਰਾਜਿੰਦਰ ਕੌਸ਼ਲ ਤੇ ਹੋਰ ਅਧਿਕਾਰੀਆਂ ਤੋਂ ਇਲਾਵਾ ਕੌਂਸਲਰ ਗੁਰਜੀਤ ਸਿੰਘ ਸਾਹਨੀ, ਤਰਨਜੀਤ ਸਿੰਘ ਕੋਹਲੀ, ਦਵਿੰਦਰਪਾਲ ਸਿੰਘ ਮਿੱਕੀ, ਨਰੇਸ਼ ਕੁਮਾਰ ਕਾਕਾ, ਵਿਕਰਮ ਸ਼ਰਮਾ, ਰਣਜੀਤ ਸਿੰਘ ਚੰਡੋਕ, ਪੁਨੀਤ ਬੁੱਧੀਰਾਜਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

## ਡਾ. ਬਲਬੀਰ ਸਿੰਘ ਵੱਲੋਂ ਐਕਸੀਲੈਂਸ ਇਨ ਡੈਂਟਲ ਹੈਲਥ ਕੇਅਰ ਐਵਾਰਡ ਨਾਲ ਡਾ. ਦੀਪ ਸਿੰਘ ਸਨਮਾਨਤ



ਪਟਿਆਲਾ, 30 ਅਪ੍ਰੈਲ (ਚ.ਨ.ਸ.): ਦੰਦਾਂ ਦੇ ਮਾਹਰ ਡਾ. ਦੀਪ ਸਿੰਘ ਵੱਲੋਂ ਲੰਬੇ ਸਮੇਂ ਤੋਂ ਸਮਾਜ ਦੀ ਸੇਵਾ ਕੀਤੀ ਜਾ ਰਹੀ ਹੈ ਜਿਵੇਂ ਕਿ ਮੈਡੀਕਲ ਕੈਂਪ ਲਗਾਉਣੇ, ਫਰੀ ਦਵਾਈਆਂ ਵੰਡਣੀਆਂ, ਲੋੜਵੰਦਾਂ ਦਾ ਫਰੀ ਇਲਾਜ ਕਰਨਾ, ਕੈਂਸਰ ਦੇ ਮਰੀਜ਼ਾਂ ਨੂੰ ਅਵੇਅਰ ਕਰਨਾ, ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਤੋਂ ਦੂਰ ਰਹਿਣ ਦੀ ਸਲਾਹ ਦੇਣੀ ਅਤੇ ਸਹੀ ਸਮੇਂ 'ਤੇ ਇਲਾਜ ਸ਼ੁਰੂ ਕਰਕੇ ਜਾਨਾਂ ਬਚਾਉਣੀਆਂ। ਇਹ ਸੇਵਾਵਾਂ ਲਗਾਤਾਰ ਜਾਰੀ ਹਨ। ਸਰਕਾਰ ਵੱਲੋਂ ਜਿੱਥੇ ਮੁਹੱਲਾ ਕਲੀਨਿਕ ਖੋਲ੍ਹੇ ਜਾ ਰਹੇ ਹਨ ਉੱਥੇ ਵਰਿਸ਼ਠਾ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਵਿਚ ਸਮੇਂ-ਸਮੇਂ 'ਤੇ ਪ੍ਰਾਈਵੇਟ ਹਸਪਤਾਲ ਦੇ ਡਾਕਟਰਾਂ ਦਾ ਸਹਿਯੋਗ ਲਿਆ ਜਾਵੇਗਾ। ਹੁਣ ਤੱਕ 350 ਤੋਂ ਜ਼ਿਆਦਾ ਦੰਦਾਂ ਦੇ ਜਾਂਚ ਕੈਂਪ ਲਗਾਏ ਜਾ ਚੁੱਕੇ ਹਨ ਅਤੇ 650 ਤੋਂ ਜ਼ਿਆਦਾ ਮਰੀਜ਼ਾਂ ਦੇ ਦੰਦਾਂ ਦੀਆਂ ਬੀੜਾਂ ਲਗਾਈਆਂ ਜਾ ਚੁੱਕੀਆਂ ਹਨ। ਇਹਨਾਂ ਸੇਵਾਵਾਂ ਨੂੰ ਦੇਖਦੇ ਹੋਏ ਪੰਜਾਬ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਬੁੱਧੀਜੀਵੀ ਵਰਗ ਦੇ ਲੋਕਾਂ ਵੱਲੋਂ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਡਾ. ਦੀਪ ਸਿੰਘ ਦਾ ਸਨਮਾਨ ਕੀਤਾ ਗਿਆ।

## 'ਭਾਰਤ ਦੀ ਸਟੀਲ ਵੂਮੈਨ' ਅਤੇ 'ਧੀ ਪੰਜਾਬ ਦੀ' ਡਾ. ਹਰਸ਼ਿੰਦਰ ਕੌਰ ਸਨਮਾਨਤ



ਪਟਿਆਲਾ, 30 ਅਪ੍ਰੈਲ (ਰੁਪਾਣਾ) : ਬੱਚਿਆਂ ਦੇ ਮਾਹਰ ਅਤੇ ਪ੍ਰਸਿੱਧ ਸਮਾਜ ਸੇਵਕ ਡਾ. ਹਰਸ਼ਿੰਦਰ ਕੌਰ, ਜਿਨ੍ਹਾਂ ਨੂੰ 'ਭਾਰਤ ਦੀ ਸਟੀਲ ਵੂਮੈਨ' ਅਤੇ 'ਧੀ ਪੰਜਾਬ ਦੀ' ਵਜੋਂ ਜਾਣਿਆ ਜਾਂਦਾ ਹੈ, ਨੂੰ ਦਿਸ਼ਾ ਫਾਊਂਡੇਸ਼ਨ ਵੱਲੋਂ ਆਯੋਜਿਤ ਪ੍ਰਭਾਵਸ਼ਾਲੀ ਸਮਾਗਮ ਵਿੱਚ ਪੰਜਾਬ ਦੇ ਮਾਣਯੋਗ ਗਵਰਨਰ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਦੁਆਰਾ ਸਨਮਾਨਿਤ ਕੀਤਾ ਗਿਆ। ਡਾ. ਹਰਸ਼ਿੰਦਰ ਕੌਰ ਨੂੰ ਡਾ. ਹਰਸ਼ ਚੈਰੀਟੇਬਲ ਟਰੱਸਟ ਰਾਹੀਂ ਮਾਦਾ ਭਰੂਣ ਹੱਤਿਆ ਨੂੰ ਰੋਕਣ ਅਤੇ ਪੰਜਾਬ ਦੀਆਂ 431 ਗਰੀਬ ਕੁੜੀਆਂ ਨੂੰ ਸਿੱਖਿਆ ਦੇਣ ਲਈ 37 ਸਾਲ ਪੂਰੇ ਕਰਨ 'ਤੇ ਸਨਮਾਨਿਤ ਕੀਤਾ ਗਿਆ। ਉਹ ਪਹਿਲਾਂ ਹੀ ਵੱਖ-ਵੱਖ ਪਿੰਡ ਪੱਧਰੀ ਸੰਗਠਨਾਂ, ਰਾਜ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਗਠਨਾਂ ਤੋਂ 3000 ਤੋਂ ਵੱਧ ਪੁਰਸਕਾਰ ਪ੍ਰਾਪਤ ਕਰ ਚੁੱਕੀ ਹੈ। ਭਾਰਤ ਦੇ ਰਾਸ਼ਟਰਪਤੀ ਦੁਆਰਾ ਭਾਰਤ ਦੀਆਂ ਚੋਟੀ ਦੀਆਂ 100 ਮਹਿਲਾ ਪ੍ਰਾਪਤੀਆਂ ਵਿੱਚੋਂ ਇੱਕ ਵਜੋਂ ਸਨਮਾਨਿਤ, ਉਹ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਮਾਦਾ ਭਰੂਣ ਹੱਤਿਆ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਨਿਰੰਤਰ ਕੰਮ ਕਰ ਰਹੀ ਹੈ। ਉਹ ਨਿਯਮਿਤ ਤੌਰ 'ਤੇ ਵੱਖ-ਵੱਖ ਅਖਬਾਰਾਂ, ਸੋਸ਼ਲ ਮੀਡੀਆ ਪਲੇਟਫਾਰਮਾਂ, ਰੇਡੀਓ, ਟੀਵੀ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਬਾਰੇ ਲਿਖਦੀ ਹੈ। ਪੰਦਰਾਂ ਦਿਨ ਪਹਿਲਾਂ ਉਸ ਨੂੰ ਫਰਿਜ਼ਨੋ ਅਮਰੀਕਾ ਵਿੱਚ ਇੰਡੋ ਅਮਰੀਕਨ ਹੈਰੀਟੇਜ ਫੋਰਮ ਦੁਆਰਾ 'ਪੰਜਾਬ ਦੀ ਸ਼ੇਰਨੀ' ਵਜੋਂ ਸਨਮਾਨਿਤ ਕੀਤਾ ਗਿਆ ਸੀ ਜਿੱਥੇ ਉਸ ਦੀਆਂ ਦੋ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਸਨ ਜਿਸ ਨਾਲ ਹੁਣ ਤੱਕ ਉਸ ਦੀਆਂ ਲਿਖੀਆਂ ਕੁੱਲ 49 ਕਿਤਾਬਾਂ ਬਣ ਗਈਆਂ ਹਨ। ਉਨ੍ਹਾਂ ਨੇ ਵੱਖ-ਵੱਖ ਵਿਸ਼ਿਆਂ 'ਤੇ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਲਈ ਉਸਨੂੰ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਰਾਜ ਪੱਧਰੀ ਪੁਰਸਕਾਰ ਦਿੱਤੇ ਗਏ ਸਨ। ਉਸਦੀ ਦਾਜ ਵਿਰੋਧੀ ਮੁਹਿੰਮ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਹੁਲਾਰਾ ਮਿਲਿਆ ਹੈ ਕਿਉਂਕਿ ਵੱਖ-ਵੱਖ ਦੇਸ਼ਾਂ ਦੇ ਵਿਦਿਆਰਥੀ ਉਸਦੀ ਲਹਿਰ ਨਾਲ ਜੁੜ ਗਏ ਹਨ। ਉਹ ਅਤੇ ਉਸ ਦੇ ਪਤੀ ਡਾ. ਗੁਰਪਾਲ ਸਿੰਘ ਰੋਜ਼ਾਨਾ ਸਿਹਤ ਅਤੇ ਕੁਦਰਤੀ ਖੁਰਾਕ ਦੇ ਵੱਖ-ਵੱਖ ਪਹਿਲੂਆਂ 'ਤੇ ਨਵੀਨਤਮ ਖੋਜਾਂ ਸਾਂਝੀਆਂ ਕਰ ਰਹੇ ਹਨ, ਤਾਂ ਜੋ ਲੋਕ ਸਿਹਤ ਪ੍ਰਤੀ ਜਾਗਰੂਕ ਹੋਣ।

## 90 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 30 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਗੁਰਪ੍ਰੀਤ ਸਿੰਘ ਪੁੱਤਰ ਗੁਰਤੇਜ ਸਿੰਘ ਵਾਸੀ ਗੋਪੀ ਪੱਤੀ ਡਕਾਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏ.ਐਸ.ਆਈ. ਕੁਲਦੀਪ ਸਿੰਘ ਸਮੇਤ ਪੁਲਿਸ ਪਾਰਟੀ ਮੈਣ ਚੌਂਕ ਬਾਈਪਾਸ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ 'ਤੇ 90 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਅਦਾਲਤ ਵੱਲੋਂ ਦੀਪਕ ਦੀਪੂ ਬਰੀ

ਪਟਿਆਲਾ, 30 ਅਪ੍ਰੈਲ (ਚ.ਨ.ਸ.) : ਮਾਣਯੋਗ ਅਦਾਲਤ ਰੁਪਿੰਦਰਜੀਤ ਕੌਰ ਚਾਹਲ ਪਟਿਆਲਾ ਨੇ ਐਫ.ਆਈ.ਆਰ. ਨੰਬਰ 84 ਸਾਲ 2014 ਅਧੀਨ ਧਾਰਾ 379-ਬੀ, 411, 201, 34 ਆਈ.ਪੀ.ਸੀ. ਥਾਣਾ ਕੋਤਵਾਲੀ ਵਿਖੇ ਦੀਪਕ ਦੀਪੂ ਅਤੇ ਕਰਨ ਪੁੱਤਰ ਤ੍ਰਿਲੋਕ ਵਾਸੀ ਬਲਾਕ ਨੰਬਰ 1 ਸੰਜੇ ਕਲੋਨੀ ਪਟਿਆਲਾ ਨੂੰ ਵਕੀਲ ਦਿਲਪ੍ਰੀਤ ਸਿੰਘ ਅਤੇ ਵਕੀਲ ਰਣਜੀਤ ਸਿੰਘ ਖੁਰਮੀ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਉਕਤ ਦੀਪਕ ਦੀਪੂ ਨੂੰ ਬਾਇੱਜ਼ਤ ਬਰੀ ਕਰ ਦਿੱਤਾ।

## ਹੋਮਿਓਪੈਥਿਕ ਕੈਂਪ ਦੌਰਾਨ ਮਰੀਜ਼ਾਂ ਦਾ ਕੀਤਾ ਚੈਕਅੱਪ, ਦਵਾਈਆਂ ਮੁਫ਼ਤ ਦਿੱਤੀਆਂ



ਪਟਿਆਲਾ, 30 ਅਪ੍ਰੈਲ (ਚ.ਨ.ਸ.): ਜ਼ਿਲ੍ਹਾ ਹੋਮਿਓਪੈਥਿਕ ਅਫ਼ਸਰ ਪਟਿਆਲਾ ਡਾ. ਰਾਜੀਵ ਕੁਮਾਰ ਜ਼ਿੰਦੀਆ ਦੀ ਨਿਗਰਾਨੀ 'ਚ ਡਾ. ਸ਼ੀਤਲ ਚੌਧਰੀ, ਹੋਮਿਓਪੈਥਿਕ ਮੈਡੀਕਲ ਅਫ਼ਸਰ ਸਰਕਾਰੀ ਹੋਮਿਓਪੈਥਿਕ ਡਿਸਪੈਂਸਰੀ, ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਵੱਲੋਂ ਪਿੰਡ ਸ਼ੇਰਮਾਜਰਾ ਪਟਿਆਲਾ ਵਿਖੇ ਮੁਫ਼ਤ ਹੋਮਿਓਪੈਥੀ ਕੈਂਪ ਲਗਾਇਆ ਗਿਆ, ਜਿੱਥੇ ਮਰੀਜ਼ਾਂ ਦਾ ਮੁਆਇਨਾ ਕਰਕੇ ਉਨ੍ਹਾਂ ਨੂੰ ਮੁਫ਼ਤ ਹੋਮਿਓਪੈਥਿਕ ਦਵਾਈਆਂ ਦਿੱਤੀਆਂ ਗਈਆਂ। ਡਾ. ਚੌਧਰੀ ਨੇ ਦੱਸਿਆ ਕਿ ਹੋਮਿਓਪੈਥਿਕ ਦਵਾਈਆਂ ਬਹੁਤ ਹੀ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਹਨ, ਜਿਸ ਨਾਲ ਬੀਮਾਰੀਆਂ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾ ਸਕਦਾ ਹੈ ਅਤੇ ਇਸ ਦਾ ਕੋਈ ਗਲਤ ਪ੍ਰਭਾਵ ਵੀ ਨਹੀਂ ਪੈਂਦਾ। ਡਾ. ਸ਼ੀਤਲ ਨੇ ਇਸ ਕੈਂਪ ਵਿਚ (ਲੂ) ਗਰਮੀ ਤੋਂ ਬਚਣ ਲਈ ਜਾਣਕਾਰੀ ਦਿੱਤੀ। ਇਸ ਮੌਕੇ 166 ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ ਅਤੇ ਮੁਫ਼ਤ ਦਵਾਈਆਂ ਦਿੱਤੀਆਂ।

## ਬਗੈਰ ਕਿਸੇ ਡਰ ਭੈਅ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਪਬਲਿਕ ਅੱਗੇ ਆਵੇ : ਵੈਭਵ ਚੌਧਰੀ



ਪਟਿਆਲਾ, 30 ਅਪ੍ਰੈਲ (ਚ.ਨ.ਸ.) : ਨਸ਼ਿਆਂ ਵਿਰੁੱਧ ਲੰਮੇ ਸਮੇਂ ਤੋਂ ਕੰਮ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਦੇ ਸਰਪ੍ਰਸਤਾ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਐਸ.ਪੀ. ਹੈਡਕੁਆਰਟਰ-ਕਮ-ਜ਼ਿਲ੍ਹਾ ਕਮਿਓਨਿਟੀ ਅਫਸਰ ਵੈਭਵ ਚੌਧਰੀ ਨਾਲ ਮੁਲਾਕਾਤ ਕੀਤੀ ਅਤੇ ਵਿਸਥਾਰਪੂਰਵਕ ਉਹਨਾਂ ਦੀ ਟੀਮ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ, ਇਸ ਮੌਕੇ ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਲਿਪਿਸਾ ਕੰਬੋਜ, ਆਨਿਕਾ ਭੱਟੀ, ਮਾਨਿਕ ਵਰਮਾ ਨੇ ਸ਼ਿਰਕਤ ਕੀਤੀ। ਇਸ ਮੌਕੇ ਐਸ.ਪੀ. ਹੈਡਕੁਆਰਟਰ ਵੈਭਵ ਚੌਧਰੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਐਸ ਐਸ ਪੀ. ਡਾ. ਨਾਨਕ ਸਿੰਘ ਵੱਲੋਂ ਸਖਤ ਹਿਦਾਇਤਾਂ ਹਨ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਨਾ ਬਖਸ਼ਿਆ ਜਾਵੇ ਅਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਸੀਲ ਕੀਤੀਆਂ ਜਾਣ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ ਇਸ ਲਈ ਬਗੈਰ ਕਿਸੇ ਡਰ ਭੈ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ ਤਾ ਅਸੀਂ ਨਸ਼ਿਆਂ ਨੂੰ ਪੰਜਾਬ ਵਿੱਚੋਂ ਜੜੋਂ ਖਤਮ ਕਰ ਸਕਾਂਗੇ, ਉਹਨਾਂ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ, ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹਨਾਂ ਵੱਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਹੋਈ ਹੈ ਉਹ ਬਹੁਤ ਹੀ ਸ਼ਲਾਘਾਯੋਗ ਹੈ।

## ਪਿੰਡ ਮਸੀਂਗਣ 'ਚ ਮੁਫ਼ਤ ਹੋਮਿਓਪੈਥਿਕ ਮੈਡੀਕਲ ਕੈਂਪ ਲਗਾਇਆ



ਦੇਵੀਗੜ੍ਹ, 30 ਅਪ੍ਰੈਲ (ਗੁਰਜੀਤ ਸਿੰਘ ਢੋਟ) : ਡਾ ਜਗਪਾਲਇੰਦਰ ਸਿੰਘ ਸਿਵਲ ਸਰਜਨ ਪਟਿਆਲਾ ਅਤੇ ਡਾ ਰਾਜੀਵ ਜਿੰਦੀਆ ਜਿਲਾ ਹੋਮੋਈਓਪੈਥਿਕ ਅਫਸਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ ਜੈਦੀਪ ਭਾਟੀਆ ਸੀਨੀਅਰ ਮੈਡੀਕਲ ਅਫਸਰ ਦੀ ਯੋਗ ਅਗਵਾਈ ਹੇਠ ਪਿੰਡ ਮਸੀਂਗਣ ਵਿਚ ਮੁਫਤ ਹੋਮਿਓਪੈਥਿਕ ਕੈਂਪ ਲਗਾਇਆ ਗਿਆ, ਜਿਸ ਵਿਚ ਡਾ. ਅਮਨਦੀਪ ਸਿੰਘ ਸੋਹਲ ਹੋਮਿਓਪੈਥਿਕ ਮੈਡੀਕਲ ਅਫਸਰ ਦੁਆਰਾ 169 ਮਰੀਜ਼ਾਂ ਦਾ ਚੈੱਕ ਅੱਪ ਕੀਤਾ ਗਿਆ ਅਤੇ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਉਹਨਾਂ ਦੱਸਿਆ ਕਿ ਹੋਮਿਓਪੈਥੀ ਪ੍ਰਣਾਲੀ ਦੁਆਰਾ ਹਰ ਇੱਕ ਬਿਮਾਰੀ ਦਾ ਇਲਾਜ ਸੰਭਵ ਹੈ ਅਤੇ ਤਸੱਲੀ ਬਖ਼ਸ਼ ਕੀਤਾ ਜਾਂਦਾ ਹੈ। ਹੋਮਿਓਪੈਥਿਕ ਪ੍ਰਣਾਲੀ ਦੁਆਰਾ ਬਿਮਾਰੀ ਨੂੰ ਜੜ੍ਹ ਤੋਂ ਖਤਮ ਕੀਤਾ ਜਾਂਦਾ ਹੈ ਅਤੇ ਇਸ ਦਾ ਕੋਈ ਬੁਰਾ ਪ੍ਰਭਾਵ ਵੀ ਨਹੀਂ ਪੈਂਦਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੂਨਮ ਗੁਪਤਾ ਏ ਐਨ ਐਮ, ਆਸ਼ਾ ਵਰਕਰ ਅਤੇ ਮਰੀਜ਼ ਮੌਜੂਦ ਸਨ।

## ਪਹਿਲਗਾਮ ਵਿਖੇ ਮਾਰੇ ਬੇਕਸੂਰਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ



ਪਟਿਆਲਾ, 30 ਅਪ੍ਰੈਲ (ਚ.ਨ.ਸ.) : ਬਾਰਾਂਦਰੀ ਗਾਰਡਨਜ਼ ਵਿੱਚ ਸਮੂੰਹ ਸੈਰ ਪ੍ਰੇਮਰੀਆਂ ਵੱਲੋਂ ਸਰਬਤ ਦੇ ਭਲੇ ਲਈ ਅਤੇ ਪਹਿਲਗਾਮ ਵਿਖੇ ਸੈਰ ਪ੍ਰੇਮੀਆਂ ਨੂੰ ਬੇਕਸੂਰ ਦਰਦਨਾਕ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਉਹਨਾਂ ਦੀ ਆਤਮਿਕ ਸ਼ਾਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਸਬੰਧੀ ਅਰਦਾਸ ਕੀਤੀ ਗਈ। ਅਰਦਾਸ ਅੰਮ੍ਰਿਤਧਾਰੀ ਸਿੰਘ ਸਾਹਿਬ ਵੱਲੋਂ ਕੀਤੀ ਗਈ। ਸਮੂਹਿਕ ਅਰਦਾਸ ਵਿੱਚ ਲਗਭਗ 150 ਸੈਰ ਪ੍ਰੇਮੀਆਂ ਨੇ ਦਿਲ ਦੀ ਗਹਿਰਾਈਆਂ ਤੋਂ ਦੁਆ ਕੀਤੀ। ਇਹ ਸੰਖੇਪ ਸਮਾਗਮ ਸ. ਜਸਵੰਤ ਸਿੰਘ ਕੌਲੀ ਦੀ ਅਗਵਾਈ ਅਤੇ ਗੁਰਚਰਨ ਸਿੰਘ ਲੱਖਾ ਦੀ ਸਲਾਹ ਨਾਲ ਕੀਤਾ ਗਿਆ, ਜਿਸ ਵਿੱਚ ਡਾ. ਜੀ.ਐਸ. ਆਨੰਦ ਸਾਬਕਾ ਡਾਇਰੈਕਟਰ ਐਨ.ਆਈ.ਐਸ., ਨਰੈਣ ਬਾਲਾ ਆਨੰਦ, ਵਿਨੋਦ ਸੁਰਮਾ ਜਨ: ਸਕੱਤਰ ਜਨਹਿੱਤ ਸਮਿਤੀ, ਸੋਨੀਆ ਵਰਮਾ, ਹੈਪੀ ਵਰਮਾ, ਫਿਟਨੈਸ ਕਲੱਬ, ਰਾਜਿੰਦਰ ਸਿੰਘ ਅੱਜੀ ਫਿਟਨੈਸ ਲਵਰਜ ਪੰਜਾਬ, ਮਿਸਜ਼ ਅੱਜੀ, ਹਰਜੀਤ ਕੌਰ ਰੋਜੀ, ਜਸਵਿੰਦਰ ਕੌਰ, ਰਣਜੀਤ ਕੌਰ, ਬਾਵਾ ਇੰਦਰਜੀਤ ਕੌਰ, ਹਰੀ ਚੰਦ ਬਾਂਸਲ, ਜੋਗਿੰਦਰ ਸਿੰਘ ਤੁਲੀ, ਤਰਨਜੀਤ ਸਿੰਘ, ਪ੍ਰਮਿੰਦਰ ਸਿੰਘ, ਜਗਦੀਸ਼ ਜੱਗੀ ਗਰੁੱਪ, ਰਾਜੂ ਗਰੁਪ, ਜਸਪਾਲ ਸਿੰਘ ਮੈਨੇਜਰ, ਜੁਬੇਦਾ ਖਾਨਮ, ਪ੍ਰਕਾਸ਼ ਰਾਮ, ਰਵਿੰਦਰ ਗਰਗ, ਸਿਕੰਦਰ ਪਾਲ ਸਿੰਘ, ਯੋਗਾ ਟੀਚਰ ਸੁਭਾਸ਼ ਸ਼ਰਮਾ, ਜਗਜੀਤ ਕੌਰ, ਮਿਸਿਜ਼ ਬਹਿਲ, ਬਟਰ ਫਲਾਈ ਗਰੁੱਪ, ਗੁਰਚਰਨ ਸਿੰਘ ਲੱਖਾ, ਜਗਪ੍ਰੀਤ ਮਹਾਜਨ, ਅਰਵਿੰਦਰ ਕੌਰ ਆਦਿ ਹਾਜ਼ਰ ਸਨ।

## ਪਰਮਜੀਤ ਸਿੰਘ ਮਹਿਮੂਦਪੁਰ ਨੂੰ ਸਦਮਾ, ਪਿਤਾ ਦਾ ਦੇਹਾਂਤ



ਦੇਵੀਗੜ੍ਹ, 30 ਅਪ੍ਰੈਲ (ਗੁਰਜੀਤ ਸਿੰਘ ਢੋਟ) : ਖੇਤੀਬਾੜੀ ਵਿਕਾਸ ਬੈਂਕ ਦੇਵੀਗੜ੍ਹ ਦੇ ਚੇਅਰਮੈਨ ਪਰਮਜੀਤ ਸਿੰਘ ਮਹਿਮੂਦਪੁਰ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਪਿਤਾ ਕਰਨੈਲ ਸਿੰਘ ਬੈਣੀਵਾਲ ਉਹਨਾਂ ਨੂੰ ਸਦੀਵੀਂ ਵਿਛੋੜਾ ਦੇ ਗਏ ਉਨ੍ਹਾਂ ਦਾ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਮਹਿਮੂਦਪੁਰ ਵਿਖੇ ਅੱਜ ਕੀਤਾ ਗਿਆ। ਉਨ੍ਹਾਂ ਨਾਲ ਇਲਾਕੇ ਦੀਆਂ ਸ਼ਖਸੀਅਤਾਂ ਤੇਜਿੰਦਰਪਾਲ ਸਿੰਘ ਸੰਧੂ ਜੋਗਿੰਦਰ ਸਿੰਘ ਕਾਕੜਾ, ਜਗਜੀਤ ਸਿੰਘ ਕੋਹਲੀ, ਪ੍ਰੇਮ ਸਿੰਘ ਚੰਦੂਮਾਜਰਾ, ਗੁਰਜੀਤ ਸਿੰਘ ਉੱਪਲੀ ਤੋਂ ਇਲਾਵਾ ਹੋਰ ਵੀ ਇਲਾਕੇ ਦੀਆਂ ਸ਼ਖਸੀਅਤਾਂ ਵੱਲੋਂ ਉਹਨਾਂ ਨਾਲ ਦੁੱਖ ਸਾਂਝਾ ਕੀਤਾ ਗਿਆ। ਕਰਨੈਲ ਸਿੰਘ ਬੈਣੀਵਾਲ ਦੀ ਅੰਤਿਮ ਅਰਦਾਸ 9 ਮਈ ਦਿਨ ਸ਼ੁੱਕਰਵਾਰ ਨੂੰ ਉਹਨਾਂ ਦੇ ਜੱਦੀ ਪਿੰਡ ਮਹਿਮੂਦਪੁਰ ਵਿਖੇ ਦੁਪਹਿਰ 12 ਤੋਂ 1 ਵਜੇ ਦਰਮਿਆਨ ਹੋਵੇਗੀ। ਚੇਅਰਮੈਨ ਪਰਮਜੀਤ ਸਿੰਘ ਮਹਿਮੂਦਪੁਰ ਵੱਲੋਂ ਇਲਾਕੇ ਦੀਆਂ ਸੰਗਤਾਂ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਗਈ।

## ਮੋਟਰਸਾਈਕਲ ਚੋਰੀ, ਮਾਮਲਾ ਦਰਜ

ਪਟਿਆਲਾ, 30 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਅਮਨਦੀਪ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਧਰਮਸ਼ਾਲਾ ਬਾਬਾ ਜੋਰਾਵਰ ਸਿੰਘ ਦੇ ਨੇੜੇ ਘਾਸ ਮੰਡੀ ਪਟਿਆਲਾ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਆਪਣਾ ਮੋਟਰਸਾਈਕਲ ਜੋ ਕਿ ਛੋਟੀ ਬਾਰਾਦਰੀ ਪਟਿਆਲਾ ਵਿਖੇ ਖੜ੍ਹਾ ਕੀਤਾ ਸੀ, ਜਦੋਂ ਕੁੱਝ ਸਮੇਂ ਬਾਅਦ ਆ ਕੇ ਦੇਖਿਆ ਤਾ ਮੋਟਰਸਾਈਕਲ ਗਾਇਬ ਸੀ, ਜੋ ਕਿਸੇ ਅਣਪਛਾਤੇ ਵਿਅਕਤੀਆਂ ਨੇ ਚੋਰੀ ਕਰ ਲਿਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਪ੍ਰੀਤ ਨਗਰ ਵੈਲ.ਫੇਅਰ ਸੁਸਾਇਟੀ ਸਮਾਣਾ ਨੇ ਮਾਂ ਭਗਵਤੀ ਦਾ ਜਾਗਰਣ ਕਰਵਾਇਆ

### ☛ਵਿਧਾਇਕ ਜੌੜਾਮਾਜਰਾ, ਚੇਅਰਮੈਨ ਗੱਜੂਮਾਜਰਾ, ਜੰਟਾ ਬਾਬਾ, ਪ੍ਰਧਾਨ ਮਿੱਤਲ, ਬੀ.ਕੇ.ਗੁਪਤਾ, ਹੈਪੀ ਢੀਂਗੜਾ ਨੇ ਭਾਰੀ ਹਾਜ਼ਰੀ



ਸਮਾਣਾ, 30 ਅਪ੍ਰੈਲ (ਜਵੰਦਾ/ਜਵੰਦਾ) : ਪ੍ਰੀਤ ਨਗਰ ਵੈਲਫੇਅਰ ਸੋਸਾਇਟੀ ਸਮਾਣਾ ਵੱਲੋਂ ਸਥਾਨਕ ਮੁਹੱਲਾ ਪ੍ਰੀਤ ਨਗਰ ਵਿਖੇ ਪ੍ਰਧਾਨ ਸੰਜੇ ਸਾਹਨੀ ਦੀ ਅਗਵਾਈ ਹੇਠ ਮਾਂ ਭਗਵਤੀ ਦਾ ਪਹਿਲਾ ਜਾਗਰਣ ਬਹੁਤ ਹੀ ਧੂਮਧਾਮ ਅਤੇ ਸ਼ਰਧਾਪੂਰਵਕ ਕਰਵਾਇਆ ਗਿਆ। ਇਸ ਮੌਕੇ ਸਮਾਜ ਸੇਵੀ ਬੀ.ਕੇ. ਗੁਪਤਾ ਮੀਨਾ ਅਤੇ ਅਰੋੜਾ ਬਿਰਾਦਰ ਦੇ ਪ੍ਰਧਾਨ ਜਤਿੰਦਰ ਢੀਂਗੜਾ ਹੈਪੀ ਨੇ ਜੋਤੀ ਪ੍ਰਚੰਡ ਦੀ ਰਸਮ ਅਦਾ ਕਰਦੇ ਹੋਏ ਜਾਗਰਣ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਸਾਬਕਾ ਮੰਤਰੀ ਅਤੇ ਹਲਕਾ ਵਿਧਾਇਕ ਸਰਦਾਰ ਚੇਤਨ ਸਿੰਘ ਜੌੜਾਮਾਜਰਾ, ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਜੰਟਾ ਬਾਬਾ ਦਰਗਾਹ ਬਾਬਾ ਸ਼ਯੀਅਦ ਹਜ਼ਰਤ ਅਲੀ (ਬਸਤੀ ਗੋਬਿੰਦ ਨਗਰ ਰਾਜਲਾ ਰੋਡ), ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਗੋਪਾਲ ਕ੍ਰਿਸ਼ਨ ਗਰਗ, ਪ੍ਰਿੰਸੀਪਲ ਮੋਹਨ ਲਾਲ ਸ਼ਰਮਾ, ਕੋਮਲ ਮਹੰਤ, ਡਾ ਸੁਰਜੀਤ ਸਿੰਘ ਦਈਆ, ਕੌਂਸਲਰ ਧਰਮਪਾਲ ਨਾਹਰ, ਕੁਲਦੀਪ ਸਿੰਘ ਬਦੇਸ਼ਾ ਬਿੱਟੂ, ਸੁਨੈਨਾ ਮਿੱਤਲ, ਆਲੀਆ ਮਹੰਤ, ਬਲਾਕ ਪ੍ਰਧਾਨ ਦੀਪਕ ਵਧਵਾ, ਕੁਲਦੀਪ ਸਿੰਘ ਵਿਰਕ, ਸਰਬਜੀਤ ਸਿੰਘ ਤੁੱਲੀ, ਸੰਦੀਪ ਸ਼ਰਮਾ ਰਾਣਾ ਮਿਆਲਾਂ, ਮਨਜੀਤ ਦੇ ਈ, ਰਜਿੰਦਰ ਕੁਮਾਰ ਅਤੇ ਦਵਿੰਦਰ ਜੈ ਸਿੰਘ ਆਦਿ ਨਾਮੀ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ ਅਤੇ ਮਾਤਾ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਭਜਨ ਗਾਇਕ ਮਨੋਜ ਰਜਨ ਐਂਡ ਪਾਰਟੀ ਵੱਲੋਂ ਭੇਟਾਂ ਰਾਹੀਂ ਮਾਤਾ ਦਾ ਗੁਣਗਾਨ ਕੀਤਾ ਗਿਆ ਅਤੇ ਸੰਸਥਾ ਵੱਲੋਂ ਸੰਗਤਾਂ ਲਈ ਅਟੁੱਟ ਲੰਗਰ ਦਾ ਭੰਡਾਰਾ ਵੀ ਲਗਾਇਆ ਗਿਆ। ਇਸ ਮੌਕੇ ਲਕਸ਼ਮਣ ਦਾਸ, ਸ਼ਿਵ ਸ਼ਰਮਾ, ਵਿਜੇ ਕੁਮਾਰ, ਡਿੰਪਲ ਕੁਮਾਰ, ਪੱਪੀ ਰੇਤੇ ਬਜਰੀ ਵਾਲੇ, ਮਦਨ ਲਾਲ, ਰਾਜਨ ਲੂੰਬਾ ਬਲਦੇਵ ਸਿੰਘ, ਰਾਕੇਸ਼ ਵਧਵਾ, ਮਨਜੀਤ ਜੇ ਈ, ਧਰਮਪਾਲ, ਤਰੁਨ ਅਰੋੜਾ, ਸੰਜੇ ਸਿੰਗਲਾ, ਰਮਨਦੀਪ ਸ਼ਰਮਾ, ਅਨਮੋਲ ਫੈਸ਼ਨ, ਜੱਸ ਸ਼ਰਮਾ, ਗੁਰਜੰਟ ਦਾਨੀਪੁਰ, ਡਾ ਇੰਦਰਜੀਤ, ਅਜੇ ਆਦਿ ਵੀ ਮੌਜੂਦ ਰਹੇ।

## 32 ਕਿੱਲੋ ਭੁੱਕੀ ਬ੍ਰਾਮਦ

ਪਟਿਆਲਾ, 30 ਅਪ੍ਰੈਲ (ਵਿਨੋਦ ਸ਼ਰਮਾ : ਥਾਣਾ ਸੰਭੂ ਪੁਲਿਸ ਨੇ ਕਥਿਤ ਦੋਸ਼ੀ ਗੁਰਸ਼ਰਨ ਸਿੰਘ ਪੁੱਤਰ ਸਤਵਿੰਦਰ ਸਿੰਘ ਵਾਸੀ ਪਿੰਡ ਲੋਹਗੜ੍ਹ ਥਾਣਾ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਬਲਬੀਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਟੀ-ਪੁਆਇੰਟ ਸੰਜਰਪੁਰ ਮਹਿਮਦਪੁਰ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਪਰ 15 ਕਿਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਈ। ਇਸੇ ਤਰ੍ਹਾਂ ਥਾਣਾ ਸਿਟੀ ਰਾਜਪੁਰਾ ਪੁਲਿਸ ਨੇ ਕਥਿਤ ਦੋਸ਼ੀਆਂ ਗੁਰਪ੍ਰੀਤ ਸਿੰਘ ਵਾਸੀ ਗਲੀ ਨੰ. 06 ਸ਼ਹੀਦ ਭਗਤ ਸਿੰਘ ਨਗਰ ਬਠਿੰਡਾ ਥਾਣਾ ਕੈਨਾਲ ਕਲੋਨੀ ਜਿਲਾ ਬਠਿੰਡਾ, ਪਾਰੋ ਦੇਵੀ ਵਾਸੀ ਗਲੀ ਨੰ. 1 ਢਿੱਲੋਂ ਬਸਤੀ ਨਰੋਣਾ ਰੋਡ ਬਠਿੰਡਾ ਥਾਣਾ ਕੈਨਾਲ ਕਲੋਨੀ ਜਿਲਾ ਬਠਿੰਡਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਪ੍ਰਮਜੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਨੇੜੇ ਮਿਡਵੇ ਢਾਬਾ ਰਾਜਪੁਰਾ ਮੌਜੂਦ ਸੀ, ਜੋ ਬੱਸ ਵਿੱਚੋ ਉਤਰੇ ਦੋਸ਼ੀਆਨ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ 17 ਕਿਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਈ।

## ਡਾ. ਬੀ. ਐੱਸ. ਸੰਧੂ ਮੈਮੋਰੀਅਲ ਸਕੂਲ ਦੇ ਵਿਦਿਆਰਥੀਆਂ ਨੇ ਰਾਜ ਪੱਧਰੀ ਕਿੱਕ ਬਾਕਸਿੰਗ ਮੁਕਾਬਲਿਆਂ 'ਚ ਜਿੱਤੇ ਤਮ.ਗੇ



ਦੇਵੀਗੜ੍ਹ, 30 ਅਪ੍ਰੈਲ (ਗੁਰਜੀਤ ਸਿੰਘ ਢੋਟ) : ਡਾ. ਬੀ ਐਸ ਸੰਧੂ ਮੈਮੋਰੀਅਲ ਪਬਲਿਕ ਸਕੂਲ, ਘੜਾਮ ਰੋਡ ਜੁਲਾਹ ਖੇੜੀ ਦੇ ਵਿਦਿਆਰਥੀਆਂ ਨੇ ਵਾਕੋ ਇੰਡੀਆ ਕਿੱਕ ਬਾਕਸਿੰਗ ਫੈਡਰੇਸ਼ਨ ਵੱਲੋਂ ਮਹਾਰਾਜਾ ਰਣਜੀਤ ਸਿੰਘ ਖਾਲਸਾ ਕਾਲਜ, ਬਠਿੰਡਾ ਵਿਖੇ ਕਰਵਾਏ ਗਏ ਰਾਜ ਪੱਧਰੀ ਕਿੱਕ ਬਾਕਸਿੰਗ ਮੁਕਾਬਲਿਆਂ ਵਿੱਚ ਭਾਗ ਲੈਂਦੇ ਆਏ ਇਸ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਈ ਤਗਮੇ ਜਿੱਤ ਕੇ ਸਕੂਲ ਦੀ ਝੋਲੀ ਪਾਏ ਹਨ। ਜ਼ਿਕਰਯੋਗ ਹੈ ਕਿ ਇੰਦਰਜੀਤ ਸਿੰਘ ਨੇ ਦੋ ਚਾਂਦੀ ਦੇ ਤਗਮੇ, ਅਭਿਰਾਜ ਵੀਰ ਸਿੰਘ ਨੇ ਇੱਕ ਚਾਂਦੀ ਦਾ ਤਗਮਾ, ਗੈਰੀ ਨੇ ਦੋ ਕਾਂਸੇ ਦੇ ਤਗਮੇ ਅਤੇ ਪ੍ਰਿੰਸਪਾਲ ਸਿੰਘ ਨੇ ਇੱਕ ਕਾਂਸੇ ਦਾ ਤਗਮਾ ਹਾਸਿਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਚੇਅਰਮੈਨ ਸ੍. ਹਰਦੀਪ ਸਿੰਘ ਸੰਧੂ ਅਤੇ ਪ੍ਰਿੰਸੀਪਲ ਸ੍ਰੀਮਤੀ ਰਜਿੰਦਰ ਕੌਰ ਸੰਧੂ ਵੱਲੋਂ ਸਕੂਲ ਪਹੁੰਚਣ 'ਤੇ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਨੂੰ ਸ਼ਾਨਦਾਰ ਭਵਿੱਖ ਲਈ ਢੇਰ ਸਾਰੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਇਹ ਸ਼ਾਨਦਾਰ ਜਿੱਤ ਸਕੂਲ ਦੀ ਖੇਡਾਂ ਪ੍ਰਤੀ ਵਚਨਬੱਧਤਾ, ਕਿੱਕ ਬਾਕਸਿੰਗ ਕੋਚ ਰਵਿੰਦਰ ਸਿੰਘ ਅਤੇ ਵਿਦਿਆਰਥੀਆਂ ਦੀ ਲਗਨ ਅਤੇ ਮਿਹਨਤ ਦਾ ਪ੍ਰਮਾਣ ਹੈ।



# ਪਟਿਆਲਾ-ਆਸ/ਪਾਸ



# ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ 37 ਸਾਲ ਦੀ ਸ਼ਾਨਦਾਰ ਸੇਵਾ ਨਿਭਾਅ ਕੇ ਸੇਵਾ ਮੁਕਤ

## ➢ਐਸ.ਐਸ.ਪੀਜ਼ ਡਾ. ਨਾਨਕ ਸਿੰਘ, ਸਰਤਾਜ ਸਿੰਘ ਚਹਿਲ, ਮੁਹੰਮਦ ਸਰਫ਼ਰਾਜ ਆਲਮ ਤੇ ਗਗਨ ਅਜੀਤ ਸਿੰਘ ਵੱਲੋਂ ਸ਼ਾਨਦਾਰ ਵਿਦਾਇਗੀ ਪਾਰਟੀ

ਪਟਿਆਲਾ, 30 ਅਪ੍ਰੈਲ (ਰੁਪਾਣਾ/ਵਿਨੋਦ ਸ਼ਰਮਾ/ਅਮਰਜੀਤ) : ਪਟਿਆਲਾ ਰੇਂਜ ਦੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੂੰ 37 ਸਾਲ 23 ਦਿਨ ਦੀ ਸ਼ਾਨਦਾਰ ਸੇਵਾ ਨਿਭਾਅ ਕੇ ਅੱਜ ਸੇਵਾ ਮੁਕਤ ਹੋਣ ਮੌਕੇ ਰੇਂਜ ਦੇ ਸਾਰੇ ਜ਼ਿਲ੍ਹਿਆਂ ਦੇ ਐਸ.ਐਸ.ਪੀਜ਼ ਡਾ. ਨਾਨਕ ਸਿੰਘ, ਸਰਤਾਜ ਸਿੰਘ ਚਹਿਲ, ਮੁਹੰਮਦ ਸਰਫ਼ਰਾਜ ਆਲਮ ਤੇ ਗਗਨ ਅਜੀਤ ਸਿੰਘ ਵੱਲੋਂ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਦੌਰਾਨ ਵੱਡੀ ਗਿਣਤੀ ਸੇਵਾ ਮੁਕਤ ਉਚ ਅਧਿਕਾਰੀਆਂ ਤੋਂ ਇਲਾਵਾ ਪਟਿਆਲਾ ਰੇਂਜ ਦੇ ਮੌਜੂਦਾ ਅਧਿਕਾਰੀ ਵੀ ਮੌਜੂਦ ਸਨ। ਇਸ ਮੌਕੇ ਮਨਦੀਪ ਸਿੰਘ ਸਿੱਧੂ ਨੇ ਆਪਣੀ ਸੇਵਾ ਦੀ ਸ਼ੁਰੂਆਤ ਤੋਂ ਲੈਕੇ ਸੇਵਾ ਮੁਕਤੀ ਤੱਕ ਦੇ ਸ਼ਾਨਦਾਰ ਸਫ਼ਰ ਦਾ ਜਿਕਰ ਕਰਦਿਆਂ ਭਾਵੁਕ ਤਕਰੀਰ 'ਚ ਕਿਹਾ ਕਿ ਉਨ੍ਹਾਂ ਨੂੰ ਆਪਣੀ ਖਾਕੀ ਵਰਦੀ 'ਤੇ ਤਾਂ ਮਾਣ ਹੈ ਹੀ ਬਲਕਿ ਉਨ੍ਹਾਂ ਵਿੱਚ ਦੌੜਦੇ 'ਖਾਕੀ ਬਲੱਡ' 'ਤੇ ਵੀ ਬਹੁਤ ਮਾਣ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇੱਕ ਸਧਾਰਨ ਪਰਿਵਾਰ 'ਚੋਂ ਉਠਕੇ ਪੁਲਿਸ ਦੇ ਇਸ ਉਚ ਅਧਿਕਾਰੀ ਤੱਕ ਦਾ ਸਫ਼ਰ ਕੀਤਾ ਤੇ ਔਖੇ ਵੇਲੇ ਨੌਕਰੀ ਕਰਦਿਆਂ ਗੋਲੀਆਂ ਦਾ ਵੀ ਸਾਹਮਣਾ ਕੀਤਾ ਪਰ ਹਮੇਸ਼ਾ ਬੁਲੰਦ ਹੌਂਸਲੇ ਨਾਲ ਹੀ ਲੋਕਾਂ ਵਿੱਚ ਵਿਚਰਦੇ ਹੋਏ ਟੀਮ ਵਰਕ ਨੂੰ ਪਹਿਲ ਦਿੱਤੀ। ਸੇਵਾ ਮੁਕਤ ਹੋ ਰਹੇ ਡੀ.ਆਈ.ਜੀ ਸਿੱਧੂ ਨੇ ਮੌਜੂਦਾ ਅਧਿਕਾਰੀਆਂ ਨੂੰ ਨਸੀਹਤ ਦਿੱਤੀ ਕਿ ਉਹ ਜੇਕਰ ਆਮ ਲੋਕਾਂ ਦਾ ਦਰਦ ਮਹਿਸੂਸ ਕਰਨਗੇ ਤਾਂ ਸਾਡੀ ਸੇਵਾ ਕੀਤੀ ਸਫ਼ਲ ਹੋਵੇਗੀ। ਉਨ੍ਹਾਂ ਕਿਹਾ ਕਿ ਲੋਕ ਸੁੱਤੇ ਹੁੰਦੇ ਹਨ ਤੇ ਪੁਲਿਸ ਜਾਗਦੀ ਹੁੰਦੀ ਹੈ ਤੇ ਲੋਕਾਂ ਦੀ ਸਭ ਤੋਂ ਵੱਧ ਸੁੱਖ ਉਸ ਇਲਾਕੇ ਦੀ ਪੁਲਿਸ ਮੰਗਦੀ ਹੈ। ਇਸ ਮੌਕੇ ਪਟਿਆਲਾ ਦੇ ਐਸ.ਐਸ.ਪੀ. ਡਾ. ਨਾਨਕ ਸਿੰਘ, ਸੰਗਰੂਰ ਦੇ ਐਸ.ਐਸ.ਪੀ. ਸਰਤਾਜ ਸਿੰਘ ਚਹਿਲ, ਬਰਨਾਲਾ ਦੇ ਐਸ.ਐਸ.ਪੀ ਮੁਹੰਮਦ ਸਰਫ਼ਰਾਜ ਆਲਮ ਤੇ ਮਲੇਰਕੋਟਲਾ ਦੇ ਐਸ.ਐਸ.ਪੀ. ਗਗਨ ਅਜੀਤ ਸਿੰਘ ਨੇ ਡੀ.ਆਈ.ਜੀ. ਸਿੱਧੂ ਨਾਲ ਆਪਣੇ ਕੀਤੇ ਕੰਮਾਂ ਦੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਹੱਲਾਸ਼ੇਰੀ ਦਿੰਦੇ ਹੋਏ ਰਾਹ ਦਸੇਰਾ ਬਣੇ ਰਹੇ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਸਾਬਕਾ ਏ.ਡੀ.ਜੀ.ਪੀ. ਗੁਰਿੰਦਰ ਸਿੰਘ ਢਿੱਲੋਂ, ਸਾਬਕਾ ਆਈ.ਜੀ. ਪਰਮਜੀਤ ਸਿੰਘ ਗਿੱਲ ਤੇ ਅਮਰ ਸਿੰਘ ਚਾਹਲ ਨੇ ਵੀ ਡੀ.ਆਈ.ਜੀ. ਸਿੱਧੂ ਦੀ ਪੇਸ਼ੇਵਾਰ ਕਾਬਲੀਅਤ ਤੇ ਇੱਕ ਜ਼ਹੀਨ ਅਫ਼ਸਰ ਵਜੋਂ ਨਿਭਾਈਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ। ਇਸ ਦੌਰਾਨ ਪਟਿਆਲਾ ਰੇਂਜ ਦੇ ਸਮੂਹ ਐਸ.ਐਸ.ਪੀਜ਼ ਤੇ ਡੀ.ਆਈ.ਜੀ ਦਫ਼ਤਰ ਵੱਲੋਂ ਮਨਦੀਪ ਸਿੰਘ ਸਿੱਧੂ ਦਾ ਸਨਮਾਨ ਕੀਤਾ ਗਿਆ ਅਤੇ ਪੂਰੀ ਸ਼ਾਨ-ਓ-ਸ਼ੌਕਤ ਨਾਲ ਸੇਵਾ ਮੁਕਤ ਹੋ ਰਹੇ ਆਪਣੇ ਡੀ.ਆਈ.ਜੀ. ਨੂੰ ਨਿੱਘੀ ਵਿਦਾਇਗੀ ਦਿੱਤੀ ਗਈ। ਸਮਾਰੋਹ ਮੌਕੇ ਮਨਦੀਪ ਸਿੰਘ ਸਿੱਧੂ ਦੇ ਧਰਮ ਪਤਨੀ ਡਾ. ਸੁਖਮੀਨ ਸਿੱਧੂ, ਭਰਾ ਸਰਬੀਰ ਇੰਦਰ ਸਿੰਘ ਸਿੱਧੂ, ਬੇਟਾ ਅਮਿਤੇਸ਼ਵਰ ਸਿੰਘ ਸਿੱਧੂ ਸਮੇਤ ਐਸ.ਐਸ.ਪੀ ਵਿਜੀਲੈਂਸ ਬਿਊਰੋ ਰਾਜਪਾਲ ਸਿੰਘ, ਏ.ਆਈ.ਜੀ. ਜੋਨਲ ਸੀ.ਆਈ.ਡੀ. ਗੁਰਮੀਤ ਸਿੰਘ, ਐਸ.ਪੀ. ਦਿਲਪ੍ਰੀਤ ਸਿੰਘ, ਐਸ.ਪੀ ਪਲਵਿੰਦਰ ਸਿੰਘ ਚੀਮਾ, ਇੰਟੈਲੀਜੈਂਸ ਬਿਊਰੋ ਤੋਂ ਪਰਮਜੀਤ ਸ਼ਰਮਾ, ਸੇਵਾ ਮੁਕਤ ਅਧਿਕਾਰੀ ਰਤਨ ਲਾਲ ਮੌਂਗਾ, ਬਲਕਾਰ ਸਿੰਘ ਸਿੱਧੂ, ਅਜੇ ਮਲੂਜਾ, ਰਣਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਗਿੱਲ, ਸਤਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਘੁੰਮਣ, ਗੁਰਦੀਪ ਸਿੰਘ, ਸਮਸ਼ੇਰ ਸਿੰਘ ਬੋਪਾਰਾਏ, ਕੇਸਰ ਸਿੰਘ, ਮਨਜੀਤ ਸਿੰਘ, ਸ਼ਰਨਜੀਤ ਸਿੰਘ, ਆਰ.ਐਸ. ਹਰਾ, ਕਸ਼ਮੀਰ ਸਿੰਘ ਗਿੱਲ, ਗੁਰਸ਼ਰਨ ਸਿੰਘ ਬੇਦੀ, ਨਰਿੰਦਰ ਕੌਸ਼ਲ, ਡੀ.ਆਈ.ਜੀ ਦਫ਼ਤਰ ਦੇ ਸੁਪਰਡੈਂਟ ਲਾਭ ਸਿੰਘ ਸਮੇਤ ਵੱਡੀ ਗਿਣਤੀ ਹੋਰ ਪੁਲਿਸ ਅਧਿਕਾਰੀਆਂ ਨੇ ਸ਼ਿਰਕਤ ਕੀਤੀ।




# ਸਿਹਤ ਮੰਤਰੀ ਵੱਲੋਂ ਵੱਡੀ ਤੇ ਛੋਟੀ ਨਦੀ ਦੀ ਸਫ਼ਾਈ ਮਈ ਮਹੀਨੇ 'ਚ ਮੁਕੰਮਲ ਕਰਨ ਦੇ ਨਿਰਦੇਸ਼

## ਵੱਡੀ ਤੇ ਛੋਟੀ ਨਦੀ ਦੇ ਨਾਲ ਲੱਗਦੇ ਖੇਤਰਾਂ ਦਾ ਡਾ. ਬਲਬੀਰ ਸਿੰਘ ਵੱਲੋਂ ਦੌਰਾ

ਪਟਿਆਲਾ, 30 ਅਪ੍ਰੈਲ (ਰੁਪਾਣਾ): ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦੀ ਵੱਡੀ ਤੇ ਛੋਟੀ ਨਦੀ ਦੇ ਨਾਲ ਲੱਗਦੇ ਇਲਾਕਿਆਂ ਦਾ ਦੌਰਾ ਕਰਦਿਆਂ ਅਧਿਕਾਰੀਆਂ ਨੂੰ ਮਈ ਮਹੀਨੇ 'ਚ ਨਦੀਆਂ ਦੀ ਪੂਰੀ ਸਫ਼ਾਈ ਕਰਨ ਸਮੇਤ ਨਦੀਆਂ ਦੇ ਆਲੇ-ਦੁਆਲੇ ਹੋਏ ਨਾਜਾਇਜ਼ ਕਬਜ਼ਿਆਂ ਨੂੰ ਹਟਵਾਉਣ ਤੇ ਨਦੀਆਂ ਦੇ ਨਾਲ ਗਰੀਨ ਬੈਲਟ ਵਿਕਸਤ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਪੀ.ਡੀ.ਏ. ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਸਮੇਤ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਡਾ. ਬਲਬੀਰ ਸਿੰਘ ਨੇ ਵੱਡੀ ਤੇ ਛੋਟੀ ਨਦੀ ਦੇ ਨਾਲ ਲੱਗਦੇ ਸਾਰੇ ਇਲਾਕੇ ਦਾ ਜਾਇਜ਼ਾ ਲੈਣ ਉਪਰੰਤ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੂਰੀ ਤਰ੍ਹਾਂ ਚੌਕਸ ਹੈ ਇਸ ਲਈ ਪਟਿਆਲਾ ਵਿੱਚ ਦੁਬਾਰਾ ਹੜ੍ਹ ਵਰਗੀ ਸਥਿਤੀ ਪੈਦਾ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਡਰੇਨੇਜ਼ ਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਈ ਮਹੀਨੇ ਦੇ ਅੰਦਰ ਹੀ ਨਦੀਆਂ ਦੀ ਸਫ਼ਾਈ ਦਾ ਕੰਮ ਮੁਕੰਮਲ ਕਰਨ ਤੇ ਜਿੱਥੇ ਬੰਨ੍ਹ ਬਣਾਉਣ ਦੀ ਜ਼ਰੂਰਤ ਹੈ, ਉਥੇ ਤੁਰੰਤ ਕੰਮ ਸ਼ੁਰੂ ਕੀਤਾ ਜਾਵੇ। ਉਨ੍ਹਾਂ ਫਲੌਲੀ ਵਿਖੇ ਵੱਡੀ ਨਦੀ ਨਾਲ ਪਈ ਜਗ੍ਹਾ ਨੂੰ ਗਰੀਨ ਬੈਲਟ ਵਜੋਂ ਵਿਕਸਤ ਕਰਨ ਲਈ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ। ਸਿਹਤ ਮੰਤਰੀ ਨੇ ਕਿਹਾ ਕਿ ਵੱਡੀ ਨਦੀ ਵਿੱਚ ਆਲੇ-ਦੁਆਲੇ ਦੀਆਂ ਕਲੋਨੀਆਂ ਦਾ ਗਿਰਦਾ ਗੰਦਾ ਪਾਣੀ ਦੌਲਤਪੁਰ ਨੇੜੇ 15 ਐਮ.ਐਲ.ਡੀ. ਦਾ ਐਸ.ਟੀ.ਪੀ. ਤੇ ਸੰਨੀ ਇਨਕਲੇਵ ਦੇ ਪਿਛਲੇ ਪਾਸੇ 26 ਐਮ.ਐਲ.ਡੀ. ਦਾ ਸੀਵਰੇਜ਼ ਟ੍ਰੀਟਮੈਂਟ ਪਲਾਂਟ ਲੱਗਣ ਨਾਲ ਬੰਦ ਹੋ ਜਾਵੇਗਾ ਤੇ ਇਹ ਪਲਾਂਟ ਸਤੰਬਰ ਮਹੀਨੇ ਵਿੱਚ ਸ਼ੁਰੂ ਹੋ ਜਾਣਗੇ। ਆਪਣੇ ਦੌਰੇ ਦੌਰਾਨ ਡਾ. ਬਲਬੀਰ ਸਿੰਘ ਨੇ ਜੁਝਾਰ ਨਗਰ ਵਿਖੇ ਪਾਰਕ ਨੇ ਨੇੜੇ ਪਈ ਖਾਲੀ ਜਗ੍ਹਾ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਇਥੇ ਪ੍ਰਾਇਮਰੀ ਸਕੂਲ ਬਣਾਉਣ ਲਈ ਕਾਰਵਾਈ ਅਰੰਭਣ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜੁਝਾਰ ਨਗਰ ਦਾ ਸਕੂਲ ਗੁਰਦੁਆਰਾ ਸਾਹਿਬ ਵਿਖੇ ਚੱਲ ਰਿਹਾ ਹੈ ਤੇ ਇਥੇ 150 ਤੋਂ ਵੱਧ ਬੱਚੇ ਸਿੱਖਿਆ ਲੈ ਰਹੇ ਹਨ, ਇਸ ਲਈ ਪਾਰਕ ਨਾਲ ਪਈ ਜਗ੍ਹਾ 'ਤੇ ਸਰਕਾਰੀ ਸਕੂਲ ਬਣਾਇਆ ਜਾਵੇਗਾ, ਜਿਸ ਦਾ ਇਲਾਕੇ ਨੂੰ ਵੱਡਾ ਲਾਭ ਹੋਵੇਗਾ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਅਰਬਨ ਅਸਟੇਟ ਵਿਖੇ ਪੁੱਡਾ ਭਵਨ 'ਚ ਪੁੱਡਾ ਵੱਲੋਂ ਵਿਕਸਤ ਕੀਤੀਆਂ ਅਰਬਨ ਅਸਟੇਟ, ਪੁੱਡਾ ਇਨਕਲੇਵਜ਼ ਦੇ ਹੋਰ ਕਲੋਨੀਆਂ ਦੀਆਂ ਰੈਜੀਡੈਂਸ ਵੇਲਫੇਅਰ ਸੁਸਾਇਟੀਆਂ ਨਾਲ ਬੈਠਕ ਕਰਦਿਆਂ ਕਿਹਾ ਕਿ ਇਨ੍ਹਾਂ ਕਲੋਨੀਆਂ ਦੀਆਂ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣਗੀਆਂ। ਉਨ੍ਹਾਂ ਵੈਲਫੇਅਰ ਸੁਸਾਇਟੀਜ਼ ਨਾਲ ਸੜ੍ਹਕਾਂ ਦੀ ਮੁਰੰਮਤ, ਪਾਰਕਾਂ ਦੀ ਸਫ਼ਾਈ ਸਮੇਤ ਅਰਬਨ ਅਸਟੇਟ ਵਿੱਚ ਸਕੂਲ ਬਣਾਉਣ ਵਰਗੇ ਮਸਲਿਆਂ 'ਤੇ ਚਰਚਾ ਕਰਦਿਆਂ ਕਿਹਾ ਕਿ ਮੀਟਿੰਗ ਦੌਰਾਨ ਵਿਚਾਰੇ ਗਏ ਸਾਰੇ ਕੰਮਾਂ ਨੂੰ ਸਮਾਂਬੱਧ ਕਰਕੇ ਮੁਕੰਮਲ ਕੀਤਾ ਜਾਵੇਗਾ। ਇਸ ਮੌਕੇ ਕੌਂਸਲਰ ਮੋਹਿਤ ਕੁਮਾਰ, ਪ੍ਰਿਤਪਾਲ ਸਿੰਘ ਭੰਡਾਰੀ ਮੌਜੂਦ ਸਨ।



# ਚੇਅਰਮੈਨ ਹਡਾਣਾ ਵੱਲੋਂ ਡਰਾਈਵਰ-ਕੰਡਕਟਰਾਂ ਦਾ ਸਨਮਾਨ



ਪਟਿਆਲਾ, 30 ਅਪ੍ਰੈਲ (ਅਮਰਜੀਤ ਸਿੰਘ) : ਪੀ ਆਰ ਟੀ ਸੀ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਡਿਊਟੀ ਦੌਰਾਨ ਇਮਾਨਦਾਰੀ ਅਤੇ ਚੰਗੀ ਕਾਰਗੁਜ਼ਾਰੀ ਦੇ ਨਾਲ ਨਾਲ ਮਨੁੱਖਤਾ ਦੀ ਸੇਵਾ ਕਰਨ ਵਾਲੇ ਡਰਾਇਵਰ ਕਡੰਕਟਰਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਅਤੇ ਕਿਹਾ ਕਿ ਇਨ੍ਹਾਂ ਵੱਲੋਂ ਕੀਤੇ ਕਾਰਜਾਂ ਨਾਲ ਪੀ ਆਰ ਟੀ ਸੀ ਪ੍ਰਤੀ ਲੋਕਾਂ ਦਾ ਵਿਸ਼ਵਾਸ ਦੁੱਗਣਾ ਹੋਣ ਦੇ ਨਾਲ ਅਕਸ ਹੋਰ ਚੰਗਾ ਹੋਣ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸਾਰੇ ਡਰਾਇਵਰ ਕਡੰਕਟਰ ਪੀ ਆਰ ਟੀ ਸੀ ਦਾ ਮਾਲੀਆਂ ਵਧਾਉਣ ਵਿੱਚ ਅਹਿਮ ਰੋਲ ਅਦਾ ਕਰਦੇ ਹਨ। ਦੱਸਣਯੋਗ ਹੈ ਕਿ ਬੀਤੇ ਦਿਨੀਂ ਕੁਝ ਡਰਾਇਵਰ ਕਡੰਕਟਰਾਂ ਵੱਲੋਂ ਡਿਊਟੀ ਦੌਰਾਨ ਲੋਕ ਹਿੱਤ ਲਈ ਕੀਤੇ ਕੰਮਾਂ ਦੀ ਲੋਕਾਂ ਵੱਲੋਂ ਵੀ ਬੇਹੱਦ ਤਾਰੀਫ ਕੀਤੀ ਜਾ ਰਹੀ ਹੈ। ਚੇਅਰਮੈਨ ਹਡਾਣਾ ਨੇ ਕਿਹਾ ਕਿ ਇਸ ਤਰ੍ਹਾਂ ਹੀ ਹੋਰ ਡਰਾਇਵਰ ਕਡੰਕਟਰਾਂ ਵੱਲੋਂ ਬੱਸ ਸਟੈਂਡ ਇੰਚਾਰਜ ਦੀ ਹਾਜ਼ਰੀ ਵਿੱਚ ਸਵਾਰੀ ਨੂੰ ਉਸਦਾ ਪਾਸਪੋਰਟ, ਪਰਸ, ਸੋਨੇ ਦੇ ਜੇਵਰ ਅਤੇ ਨਗਦੀ ਵਾਪਸ ਕਰਕੇ ਅਜੋਕੇ ਦੌਰ ਵਿੱਚ ਵੀ ਇਮਾਨਦਾਰੀ ਦੀ ਮਿਸਾਲ ਨੂੰ ਜਿੰਦਾ ਰੱਖਿਆ ਹੈ। ਇਸ ਮੌਕੇ ਐਮ ਡੀ ਬਿਕਰਮਜੀਤ ਸਿੰਘ ਸ਼ੇਰਗਿੱਲ, ਜਤਿੰਦਰ ਪਾਲ ਸਿੰਘ ਗਰੇਵਾਲ ਐਕਸੀਅਨ ਅਤੇ ਜੀ ਐਮ ਪਟਿਆਲਾ, ਡਾ ਹਰਨੇਕ ਸਿੰਘ ਰਿਟਾ ਭਾਸ਼ਾ ਵਿਭਾਗ, ਬਿਕਰਮਜੀਤ ਸਿੰਘ ਪੀ ਏ ਚੇਅਰਮੈਨ, ਲਾਲੀ ਰਹਿਲ ਪੀ ਏ ਟੂ ਚੇਅਰਮੈਨ, ਰਮਨਜੋਤ ਸਿੰਘ ਪੀ ਏ, ਅਮਨਦੀਪ ਸਿੰਘ ਸਬ ਇੰਸਪੈਕਟਰ, ਗੁਰਿੰਦਰਪਾਲ ਸਿੰਘ ਅਦਾਲਤੀਵਾਲਾ, ਰਾਜਾ ਧੰਜੂ ਸਰਪੰਚ, ਹਰਪਿੰਦਰ ਚੀਮਾ, ਅਰਵਿੰਦਰ ਸਿੰਘ ਤੋਂ ਇਲਾਵਾ ਦਫਤਰੀ ਸਟਾਫ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# ਕੋਰਟ ਕੰਪਲੈਕਸ ਵਿਖੇ ਨਵੇਂ ਸੀ.ਜੇ.ਐਮ. ਅਤੇ ਏ.ਸੀ.ਜੇ.ਐਮ. ਸਮੇਤ ਕਈ ਜੱਜ ਹੋਏ ਇੱਧਰੋਂ-ਉੱਧਰ

ਪਟਿਆਲਾ, 30 ਅਪ੍ਰੈਲ (ਵਿਨੋਦ ਸ਼ਰਮਾ) : ਕੋਰਟ ਕੰਪਲੈਕਸ ਪਟਿਆਲਾ ਵਿਖੇ ਨਵੇਂ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਏਕਤਾ ਸਹੋਤਾ ਅਤੇ ਵਧੀਕ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਮਾਨੀ ਅਰੋੜਾ ਅਤੇ ਕੁੱਝ ਐਡੀਸ਼ਨਲ ਸੈਸ਼ਨ ਜੱਜਾਂ ਅਤੇ ਕੁੱਝ ਜੁਡੀਸ਼ੀਅਲ ਮੈਜਿਸਟ੍ਰੇਟਾਂ ਨੇ ਆਪਣੇ ਅਹੁਦੇ ਸੰਭਾਲ ਲਏ ਹਨ, ਜਿਨ੍ਹਾਂ ਵਿਚ ਕੁੱਝ ਨਿਯੁਕਤੀਆਂ ਨਵੀਆਂ ਹੋਈਆਂ ਹਨ ਅਤੇ ਕੁੱਝ ਪੁਰਾਣੇ ਜੱਜ ਸਾਹਿਬਾਨ ਇੱਧਰੋਂ-ਉਧਰ ਹੋ ਕੇ ਆਏ ਹਨ।

# ਸੜਕ ਹਾਦਸੇ 'ਚ ਇੱਕ ਜ਼ਖ਼ਮੀ

ਪਟਿਆਲਾ, 30 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਸਰਬਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਖੇੜੀ ਮੁਸਲਮਾਨਾ ਅਣਪਛਾਤੇ ਕਾਰ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਿਤਾ ਮੋਟਰਸਾਈਕਲ 'ਤੇ ਸਵਾਰ ਹੋ ਕੇ ਛੋਟੀ ਨਦੀ ਲੱਕੜ ਮੰਡੀ ਪਟਿਆਲਾ ਪਾਸ ਜਾ ਰਿਹਾ ਸੀ, ਜੋ ਅਣਪਛਾਤੇ ਡਰਾਈਵਰ ਨੇ ਆਪਣੀ ਕਾਰ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਪਿਤਾ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੇ ਪਿਤਾ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਗੁਰੂਦੁਆਰਾ ਸਾਹਿਬ ਡਕਾਲਾ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ 'ਤੇ ਹਰਚੰਦ ਸਿੰਘ ਬਰਸਟ ਨੇ ਗੁਰੂ ਚਰਨਾਂ ਵਿੱਚ ਲਗਵਾਈ ਹਾਜ਼ਰੀ



ਡਕਾਲਾ, 30 ਅਪ੍ਰੈਲ (ਗੁਰਜੀਤ ਸਿੰਘ ਢੋਟ) : ਗੁਰਦੁਆਰਾ ਸਾਹਿਬ ਡਕਾਲਾ ਵਿਖੇ ਮਾਰਕੀਟ ਕਮੇਟੀ ਡਕਾਲਾ ਦੇ ਚੇਅਰਮੈਨ ਹਨੀ ਮਾਹਲਾ ਵੱਲੋਂ ਅਕਾਲ ਪੁਰਖ ਦੇ ਸ਼ੁਕਰਾਨੇ ਲਈ ਰਖਵਾਏ ਗਏ ਸ਼੍ਰੀ ਅਖੰਡ ਪਾਠ ਦੇ ਭੋਗ 'ਤੇ ਪੰਜਾਬ ਰਾਜ ਮੰਡੀ ਬੋਰਡ ਦੇ ਚੇਅਰਮੈਨ ਸ.ਹਰਚੰਦ ਸਿੰਘ ਬਰਸਟ , ਸੂਬਾ ਜਨਰਲ ਸਕੱਤਰ ਆਮ ਆਦਮੀ ਪਾਰਟੀ (ਆਪ) ਪੰਜਾਬ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਕੇ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਸ.ਬਰਸਟ ਨੇ ਆਮ ਆਦਮੀ ਪਾਰਟੀ ਵੱਲੋਂ ਹਨੀ ਮਾਹਲਾ ਨੂੰ ਮਾਰਕਿਟ ਦੇ ਚੇਅਰਮੈਨ ਦੇ ਅਹੁਦੇ ਨਾਲ ਸਨਮਾਨਤ ਕਰਨ 'ਤੇ ਉਹਨਾਂ ਨੂੰ ਵਧਾਈਆਂ ਦਿੱਤੀਆਂ ਤੇ ਇਸਦੇ ਨਾਲ ਹੀ ਹਨੀ ਮਾਹਲਾ ਜੀ ਵੱਲੋਂ ਪੂਰੀ ਤਨਦੇਹੀ, ਇਮਾਨਦਾਰੀ ਅਤੇ ਲਗਨ ਨਾਲ ਕੰਮ ਕੀਤਾ ਜਾਵੇਗਾ ਤਾਂ ਜੋਂ ਮੰਡੀਆਂ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਆੜਤੀਆਂ ਵਰਗ ਕਿਸੇ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਇਸਦੇ ਨਾਲ ਹੀ ਸ.ਬਰਸਟ ਨੇ ਕਿਹਾ ਕਿ ਪਾਰਟੀ ਲਈ ਮਿਹਨਤ ਕਰਨ ਵਾਲੇ ਆਗੂਆਂ ਨੂੰ ਜਿਹਨਾਂ ਵਿੱਚੋਂ ਆਮ ਘਰਾਂ ਦੇ ਬੱਚਿਆਂ ਨੂੰ ਪੰਜਾਬ ਦੀਆਂ ਸਾਰੀਆਂ ਮਾਰਕਿਟ ਕਮੇਟੀਆਂ ਦੇ ਚੇਅਰਮੈਨ ਦੀ ਜ਼ੁੰਮੇਵਾਰੀਆਂ ਨਾਲ ਸਨਮਾਨਤ ਕੀਤਾ ਗਿਆ ਹੈ, ਆਉਣ ਵਾਲੇ ਸਮੇਂ ਵਿੱਚ ਹੋਰ ਸਾਥੀਆਂ ਨੂੰ ਵੀ ਜ਼ੁੰਮੇਵਾਰੀਆਂ ਨਾਲ ਨਵਾਜਿਆ ਜਾਵੇਗਾ ਤੇ ਪਾਰਟੀ ਹੋਰ ਤਕੜੇ ਹੋਕੇ ਕੰਮ ਕਰੇਗੀ। ਇਸ ਮੌਕੇ ਸ.ਬਰਸਟ ਨੇ ਆਈ ਹੋਈ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਜੀਵਨ ਵਿੱਚ ਤਰੱਕੀਆਂ ਹਾਂਸਲ ਕਰਨ ਅਤੇ ਆਉਣ ਵਾਲੇ ਸਮੇਂ ਵਿੱਚ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨ ਦੀ ਅਰਦਾਸ ਕੀਤੀ ਗਈ। ਇਸ ਮੌਕੇ ਮੰਦੀਪ ਸਿੰਘ ਜ਼ਿਲ੍ਹਾ ਮੰਡੀ ਅਫਸਰ, ਸਕੱਤਰ ਭਰਪੂਰ ਸਿੰਘ, ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੱਤ, ਬਲਕਾਰ ਡਕਾਲਾ, ਦਰਸ਼ਨ ਸਿੰਘ, ਸ਼ੈਲੀ ਡਕਾਲਾ ਅਤੇ ਸਮੂਹ ਨਗਰ ਨਿਵਾਸੀ ਪਿੰਡ ਡਕਾਲਾ ਮੌਜੂਦ ਰਹੇ।

# ਲੋੜਵੰਦ ਮਰੀਜ਼ਾਂ ਲਈ ਖ਼ੂਨਦਾਨ ਕੈਂਪ ਲਗਾਇਆ

ਭੁਨਰਹੇੜੀ, 30 ਅਪ੍ਰੈਲ (ਗੁਰਜੀਤ ਸਿੰਘ ਢੋਟ) : ਮਨੁੱਖਤਾ ਦੇ ਭਲੇ ਲਈ ਸਹਿਯੋਗ ਵੈਲਫੇਅਰ



ਆਰਗੇਨਾਈਜੇਸ਼ਨ ਨਾਲ ਜੁੜੇ ਹੋਏ ਭੁਪਿੰਦਰ ਸਿੰਘ ਪਟਿਆਲਾ ਨੇ ਲਾਈਫ ਲਾਈਨ ਬਲੱਡ ਸੈਂਟਰ ਵਿਖੇ ਪਹੁੰਚ ਕੇ ਆਪਣੇ ਪਲੇਟਲੈੱਟ ਸੈੱਲ ਦਾਨ ਕੀਤੇ। ਵਲੰਟੀਅਰ ਦੀ ਹੌਂਸਲਾ ਅਫਜਾਈ ਲਈ ਮਾਸਟਰ ਮੋਟੀਵੇਟਰ ਤੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਹਰਦੀਪ ਸਿੰਘ ਸਨੌਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਹਰਦੀਪ ਸਿੰਘ ਸਨੌਰ ਤੇ ਜਸਪਾਲ ਸਿੰਘ ਜੋਸ਼ਨ ਨੇ ਕਿਹਾ ਕਿ ਪਲੇਟਲੈੱਟ ਸੈੱਲ ਦਾਨ ਕਰਨਾ ਬਹੁਤ ਵੱਡੀ ਪਰਉਪਕਾਰ ਦੀ ਸੇਵਾ ਹੈ, ਕਿਉਂਕਿ ਇਹ ਇੱਕ ਅਜਿਹਾ ਤਰਲ ਹੈ ਕਿ ਬਾਜ਼ਾਰ ਵਿਚ ਕਿਸੇ ਵੀ ਥਾਂ ਤੋਂ ਖਰੀਦਿਆ ਨਹੀਂ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੁਦਰਤ ਵੱਲੋਂ ਬਖਸ਼ਿਸ਼ ਹੋਣ 'ਤੇ ਹੀ ਦਾਨ ਕਰਨ ਦੀ ਤਾਕਤ ਮਿਲਦੀ ਹੈ। ਜੋਸ਼ਨ ਨੇ ਕਿਹਾ ਕਿ ਤੰਦਰੁਸਤ ਨੌਜਵਾਨਾਂ ਨੂੰ ਇਸ ਮਹਾਨ ਸੇਵਾ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਵਿਚ ਸਹਿਯੋਗ ਹੋ ਸਕੇ। ਪਰਿਵਾਰਕ ਮੈਂਬਰ ਰਿਪੂਜੀਤ ਸਿੱਧੂ ਨੇ ਸੈੱਲ ਦਾਨੀ ਦਾ ਸਤਿਕਾਰ ਸਹਿਤ ਧੰਨਵਾਦ ਕੀਤਾ। ਇਸ ਮੌਕੇ ਡਾਕਟਰ ਅਰਸ਼ਪ੍ਰੀਤ ਕੌਰ, ਸਾਗਰ ਅਰੋੜਾ, ਮਿਸ਼ਨਰੀ ਕਾਰਕੁੰਨ ਸੁਖਦੀਪ ਸਿੰਘ ਸੋਹਲ, ਹਰੀਸ਼ ਕੁਮਾਰ ਮੰਥਨ ਅਵੇਅਰਨੈਸ ਸੁਸਾਇਟੀ, ਸਤਨਾਮ ਸਿੰਘ ਸੈਂਟਾ ਤੇ ਰਜਿੰਦਰ ਵਰਮਾ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਨਾਲ ਫਰੀਡਮ ਫਾਈਟਰ ਉਤਰਾਧਿਕਾਰੀ ਸੰਸਥਾ ਦੀ ਮੀਟਿੰਗ

ਸਮਾਣਾ, 30 ਅਪ੍ਰੈਲ (ਵਿਜੇ ਕੁਮਾਰ) : ਮਿੰਨੀ ਸਕੱਤਰੇਤ ਪਟਿਆਲਾ 'ਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਜਿਲਾ ਪ੍ਰਸ਼ਾਸ਼ਨ ਵੱਲੋਂ ਏ.ਡੀ.ਸੀ. ਨਵਜੋਤ ਸ਼ਰਮਾ ਅਤੇ ਦਫਤਰ ਸੁਪਰਡੈਂਟ ਰਘਬੀਰ ਸਿੰਘ ਵੱਲੋਂ ਫਰੀਡਮ ਫਾਈਟਰ ਉਤਰਾਧਿਕਾਰੀ ਸੰਸਥਾ ਰਜਿ:196 ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਜਿਲਾ ਅਧਿਕਾਰੀਆਂ ਅਤੇ ਫਰੀਡਮ ਫਾਇਟਰ ਪ੍ਰੀਵਾਰਾਂ ਨੇ ਪਹਿਲਗਾਮ 'ਚ ਅੱਤਵਾਦੀ ਹਮਲੇ ਦੌਰਾਨ ਹੋਏ ਸ਼ਹੀਦਾਂ ਨੂੰ ਦੋ ਮਿੰਟ ਦਾ ਮੋਨਧਾਰ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਉਪਰੰਤ ਉਕਤ ਅਧਿਕਾਰੀਆਂ ਨੇ ਫਰੀਡਮ ਫਾਇਟਰ ਪ੍ਰੀਵਾਰਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਲਈ ਭਰੋਸਾ ਦਿੱਤਾ। ਇਸ ਮੀਟਿੰਗ ਵਿਚ ਸੰਸਥਾ ਰਜਿ: 196 ਦੇ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਧਨੇਠਾ, ਸੈਕਟਰੀ ਸੁਖਵਿੰਦਰ ਸਿੰਘ ਖੁਰਾਨਾ, ਕੈਸ਼ੀਅਰ ਜਸਵੀਰ ਸਿੰਘ, ਸਰਪ੍ਰਸਤ ਫਰੀਡਮ ਫਾਇਟਰ ਮੋਹਕਮ ਸਿੰਘ ਚੋਹਾਨ, ਜ਼ਿਲ੍ਹੇ ਦੇ ਸਾਰੇ ਬਲਾਕਾਂ ਤੋ ਉਤਰਾਅਧਿਕਾਰੀਆਂ ਤੋਂ ਇਲਾਵਾ ਵੱਖ-ਵੱਖ ਮਹਿਕਮਿਆਂ ਦੇ ਦੇ ਅਧਿਕਾਰੀ ਵੀ ਪੁਜੇ ਹੋਏ ਸਨ। ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਸੁਤੰਤਰਤਾ ਸੰਗਰਾਮੀ ਪ੍ਰੀਵਾਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕੀਤਾ ਜਾ ਰਿਹਾ। ਇਸ ਮੌਕੇ ਉਤਰਾਅਧਿਕਾਰੀ ਵਿਜੇ ਕੁਮਾਰ ਜੋ ਸਮਾਣਾ ਤੋਂ ਆਏ ਹੋਏ ਸਨ ਨੇ ਕਿਹਾ ਕਿ ਉਨ੍ਹਾਂ ਜਿਲਾ ਪ੍ਰਸ਼ਾਸਨ ਦੀਆਂ ਹਦਾਇਤਾਂ 'ਤੇ ਕਈ ਵਾਰ ਆਪਣੀ ਸਮੱਸਿਆ ਸੰਬਧੀ ਕਾਰਜ ਸਾਧਕ ਅਫਸਰ ਸਮਾਣਾ ਨੂੰ ਮਿਲਕੇ ਜਾਣੂ ਕਰਵਾਇਆ ਹੈ, ਪਰ ਉਹ ਉਨ੍ਹਾਂ ਦੀ ਸੁਣਵਾਈ ਕਰਨ ਲਈ ਤਿਆਰ ਨਹੀਂ। ਇਸ ਮੌਕੇ ਬਲਾਕ ਪਟਿਆਲਾ ਦੇ ਪ੍ਰਧਾਨ ਬੇਅੰਤ ਸਿੰਘ, ਸਮਾਣਾ ਦੇ ਪ੍ਰਧਾਨ ਵਿਜੇ ਕੁਮਾਰ ਵਰਮਾ,ਮੀਤ ਪ੍ਰਧਾਨ ਰਾਜਪੁਰਾ ਜੋਗਿੰਦਰ ਸਿੰਘ, ਸੁਖਜਿੰਦਰ ਸਿੰਘ ਦੇਵੀਗੜ੍ਹ, ਜੋਗਿੰਦਰ ਸਿੰਘ ਬਾਗੀ, ਜਰਨੈਲ ਸਿੰਘ ਪਟਿਆਲਾ,ਬਚਿੱਤਰ ਸਿੰਘ,ਸੁਰਿੰਦਰ ਸਿੰਘ ਪਾਤੜਾਂ,ਬਲਦੇਵ ਸਿੰਘ, ਹਰਚੰਦ ਸਿੰਘ, ਅਨਿਲ ਕੁਮਾਰ ਸਮਾਣਾ, ਰਾਜਵੀਰ ਸਿੰਘ ਚਹਿਲ, ਪਰਮਜੀਤ ਕੌਰ ਚੌਹਠ,ਮਾਲਵਿੰਦਰ ਕੌਰ, ਸਰਬਜੀਤ ਕੌਰ,ਬਲਜੀਤ ਸਿੰਘ, ਸਵਰਨ ਸਿੰਘ, ਕਰਨੈਲ ਸਿੰਘ, ਰੇਸ਼ਮ ਸਿੰਘ ਆਦਿ ਵੀ ਮੌਜੂਦ ਸਨ।



# ਵਿਦਿਆਰਥਣ ਦੀ ਮੌਤ 'ਤੇ ਅਥਾਰਿਟੀਜ਼ ਨੇ ਪ੍ਰਗਟਾਇਆ ਦੁੱਖ

ਪਟਿਆਲਾ, 30 ਅਪ੍ਰੈਲ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਦੇ ਬੀਬੀ ਸਾਹਿਬ ਕੌਰ ਹੋਸਟਲ ਵਿੱਚ ਇੱਕ ਵਿਦਿਆਰਥਣ ਦੀ ਮੌਤ ਹੋ ਜਾਣ ਦੀ ਦੁਖਦ ਖ਼ਬਰ ਸਾਹਮਣੇ ਆਈ ਹੈ। ਸਬੰਧਤ ਲੜਕੀ ਯੂਨੀਵਰਸਿਟੀ ਦੇ ਪੰਜ ਸਾਲਾ ਇੰਟੀਗਰੇਟਿਡ ਕੋਰਸ ਵਿੱਚ ਤੀਜੇ ਸਾਲ ਦੀ ਵਿਦਿਆਰਥਣ ਸੀ। ਯੂਨੀਵਰਸਿਟੀ ਅਥਾਰਿਟੀਜ਼ ਨੇ ਦੱਸਿਆ ਕਿ ਸੂਚਨਾ ਮਿਲਣ ਉੱਤੇ ਯੂਨੀਵਰਸਿਟੀ ਅਥਾਰਿਟੀਜ਼ ਤੋਂ ਡੀਨ ਅਕਾਦਮਿਕ ਮਾਮਲੇ ਅਤੇ ਰਜਿਸਟਰਾਰ ਦੀ ਅਗਵਾਈ ਵਿੱਚ ਮੁੱਖ ਸੁਰੱਖਿਆ ਅਫ਼ਸਰ, ਸੀਨੀਅਰ ਮੈਡੀਕਲ ਅਫ਼ਸਰ ਅਤੇ ਹੋਰ ਸਬੰਧਤ ਅਮਲਾ ਤੁਰੰਤ ਮੌਕੇ ਉੱਤੇ ਪਹੁੰਚ ਗਿਆ ਸੀ। ਇਸ ਬਾਰੇ ਸਥਾਨਕ ਪੁਲਿਸ ਨੂੰ ਤੁਰੰਤ ਸੂਚਿਤ ਕਰ ਦਿੱਤਾ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਅਥਾਰਿਟੀਜ਼ ਵੱਲੋਂ ਇਸ ਘਟਨਾ ਉੱਤੇ ਗਹਿਰੀ ਸੰਵੇਦਨਾ ਪ੍ਰਗਟਾਈ ਗਈ ਹੈ।

# ਮਾਤਾ ਕੁਸ਼ੱਲਿਆ ਹਸਪਤਾਲ ਦੇ ਨਵੇਂ ਬਣੇ ਮੈਡੀਕਲ ਸੁਪਰਡੈਂਟ ਡਾ. ਐਸ. ਜੇ. ਸਿੰਘ ਦਾ ਸਨਮਾਨ



ਪਟਿਆਲਾ, 30 ਅਪ੍ਰੈਲ (ਚ.ਨ.ਸ.) :ਪਟਿਆਲਾ ਸੋਸ਼ਲ ਵੈਲਫੇਅਰ ਸੁਸਾਇਟੀ ਲੋਕ ਭਲਾਈ ਦੇ ਕੰਮ ਲਗਾਤਾਰ ਕਰ ਰਹੀ ਹੈ। ਮੈਡੀਕਲ ਕੈਂਪ, ਖੂਨਦਾਨ ਕੈਂਪ, ਬੱਚਿਆਂ ਨੂੰ ਪੜ੍ਹਾਈ ਵਿੱਚ ਹੌਸਲਾ ਹਫਜਾਈ ਕੀਤੀ ਜਾਂਦੀ ਹੈ। ਸਿੰਗਲ ਵਰਤੋਂ ਵਾਲੇ ਪਲਾਸਟਿਕ ਨੂੰ ਰੋਕਣ ਹਿੱਤ ਕੰਮ ਕੀਤਾ ਜਾਂਦਾ ਹੈ। ਲੋਕਾਂ ਨੂੰ ਕੱਪੜੇ ਜਾਂ ਜੂਟ ਦੇ ਥੈਲੇ ਵਰਤਣ ਦੀ ਅਪੀਲ ਕੀਤੀ ਜਾਂਦੀ ਹੈ। ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਅੱਜ ਮਾਤਾ ਕੁਸ਼ੱਲਿਆ ਹਸਪਤਾਲ ਦੇ ਨਵੇਂ ਬਣੇ ਸੁਪਰਡੈਂਟ ਡਾ. ਐਸ.ਜੇ. ਸਿੰਘ ਲਾਂਭਾ ਦਾ ਬੁਕੇ ਦੇ ਕੇ ਸਨਮਾਨ ਕੀਤਾ ਗਿਆ। ਡਾ.ਐਸ.ਜੇ ਸਿੰਘ ਬਹੁਤ ਹੀ ਮਿਹਨਤੀ ਅਫਸਰ ਹਨ। ਇਹ ਕਈ ਪਦਾਂ 'ਤੇ ਕੰਮ ਕਰ ਚੁੱਕੇ ਹਨ ਅਤੇ ਆਪਣੀ ਛਾਪ ਛੱਡੀ ਹੈ। ਇਸ ਅਵਸਰ 'ਤੇ ਵਿਜੈ ਕੁਮਾਰ ਗੋਇਲ ਪ੍ਰਧਾਨ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ, ਡਾ. ਵਿਕਾਸ ਗੋਇਲ, ਡਾ. ਨਿਰਮਲ ਐਸ.ਐਮ.ਓ ਡਾ. ਸੁਨੰਦਾ ਹਾਜ਼ਰ ਸਨ।

# ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਸਕੂਲਾਂ 'ਚ ਹੋਏ ਨਵੇਂ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ



ਪਾਤੜਾਂ, 30 ਅਪ੍ਰੈਲ (ਹਰਮਿੰਦਰ ਕਰਤਾਰਪੁਰ) : ਸ਼ੁਤਰਾਣਾ ਹਲਕੇ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਅੱਜ ਹਲਕੇ ਦੇ ਸੱਤ ਸਕੂਲਾਂ ਵਿੱਚ ਹੋਏ ਲੱਖਾਂ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕਰਕੇ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ। ਉਨ੍ਹਾਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਬੂਰੜ, ਸਰਕਾਰੀ ਸੀਨੀਅਰ ਸੈਕੰਡਰੀ ਤੇ ਪ੍ਰਾਇਮਰੀ ਸਕੂਲ ਦੁਗਾਲ, ਸਰਕਾਰੀ ਪ੍ਰਾਇਮਰੀ ਸਕੂਲ ਦੁਗਾਲ ਕਲਾ, ਸਰਕਾਰੀ ਪ੍ਰਾਇਮਰੀ ਦੁਗਾਲ ਖ਼ੁਰਦ, ਸਰਕਾਰੀ ਮਿਡਲ ਸਕੂਲ ਚੁਨਾਗਰਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਚੁਨਗਰਾ ਵਿਖੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਐਮ ਐਲ ਏ ਕੁਲਵੰਤ ਸਿੰਘ ਬਾਜ਼ੀਗਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਸਿੱਖਿਆ ਦੀ ਗੁਣਵੱਤਾ ਵਿਚ ਲਿਆਂਦੀ ਗਈ ਤਬਦੀਲੀ ਨੇ ਪੰਜਾਬ ਦੇ ਲੋਕਾਂ ਦਾ ਸਰਕਾਰੀ ਸਕੂਲਾਂ ਵਿੱਚ ਪਿਛਲੀਆਂ ਸਰਕਾਰਾਂ ਸਮੇਂ ਖੁੱਸਿਆ ਵਿਸ਼ਵਾਸ ਬਹਾਲ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਸਮੁੱਚੇ ਪੰਜਾਬ ਵਿੱਚ 2000 ਕਰੋੜ ਰੁਪਏ ਦੀ ਲਾਗਤ ਨਾਲ 12000 ਸਰਕਾਰੀ ਸਕੂਲਾਂ ਨੂੰ ਨਿਵੇਕਲੀ ਦਿੱਖ ਦਿੱਤੀ ਜਾ ਰਹੀ ਹੈ। ਇਸ ਮੌਕੇ ਇਹਨਾਂ ਸਕੂਲਾਂ ਦੇ ਅਧਿਆਪਕਾਂ ਤੋਂ ਇਲਾਵਾ ਇਲਾਕੇ ਦੇ ਪੰਚ-ਸਰਪੰਚ ਅਤੇ ਮੋਹਤਬਰ ਮੌਜੂਦ ਸਨ।

# ਸੁਪਰਡੈਂਟ ਸੁਖਜਿੰਦਰ ਸਿੰਘ ਹੋਏ ਸੇਵਾ ਮੁਕਤ

ਪਟਿਆਲਾ, 30 ਅਪ੍ਰੈਲ (ਰੁਪਾਣਾ) : ਸਿਵਲ ਸਰਜਨ ਦਫਤਰ ਵਿਖੇ ਬਤੌਰ ਸੁਪਰਡੈਂਟ ਸੇਵਾਂਵਾਂ ਨਿਭਾਅ ਰਹੇ ਸ੍ਰੀ ਸੁਖਜਿੰਦਰ ਸਿੰਘ 58 ਸਾਲ ਦੀ ਉੱਮਰ ਤੱਕ ਸਰਕਾਰੀ ਨੋਕਰੀ ਵਿਚ ਸੇਵਾਵਾਂ ਦੇਣ ਉਪਰੰਤ ਅਪਣੇ ਅਹੁਦੇ ਤੋਂ ਰਿਟਾਇਰ ਹੋ ਗਏ ਹਨ । ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਸੁਖਜਿੰਦਰ ਸਿੰਘ 2000 ਵਿੱਚ ਸਿਹਤ ਵਿਭਾਗ ਵਿਚ ਸੀਨੀਅਰ ਅਸਿਸਟੈਂਟ ਦੀ ਪੋਸਟ ਤੇ ਤਾਇਨਾਤ ਹੋਏ ਸਨ ਅਤੇ ਸਾਲ 2012 ਵਿੱਚ ਬਤੌਰ ਸੁਪਰਡੈਂਟ ਪ੍ਰਮੋਟ ਹੋਏ ਅਤੇ ਕਰਮਚਾਰੀ ਨੇ ਵਿਭਾਗ ਨੂੰ ਆਪਣੀਆਂ 25 ਸਾਲ ਵਧੀਆ ਸੇਵਾਵਾਂ ਦਿੱਤੀਆ । ਆਪਣੀਆਂ ਸਰਕਾਰੀ ਸੇਵਾਵਾਂ ਦਾ ਸਮਾਂ ਪੂਰਾ ਕਰਨ ਤੇ 58 ਸਾਲ ਦੀ ਉਮਰ ਪੂਰੀ ਕਰਨ ਤੇ ਵਿਭਾਗ ਵੱਲੋਂ ਸੇਵਾ ਮੁਕਤ ਕਰ ਦਿੱਤਾ ਗਿਆ ਹੈ।ਉਹਨ੍ਹਾਂ ਕਿਹਾ ਕਿ ਕਰਮਚਾਰੀ ਨੇ ਪੂਰੀ ਇਮਾਨਦਾਰੀ,ਨਿਪੁੰਨਤਾ , ਤਨਦੇਹੀ ਅਤੇ ਲਗਨ ਨਾਲ ਵਿਭਾਗ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ। ਸੁਖਜਿੰਦਰ ਸਿੰਘ ਨੇ ਸਿਵਲ ਸਰਜਨ ਦਫਤਰ ਦੀਆਂ ਸਾਰੀਆਂ ਬਰਾਂਚਾ ਦੇ ਮੁਲਾਜਮਾਂ ਦਾ ਉਨ੍ਹਾਂ ਨੂੰ ਕੰਮ-ਕਾਜ ਵਿੱਚ ਸਹਿਯੋਗ ਲਈ ਧੰਨਵਾਦ ਕੀਤਾ ।



# ਪੰਜਾਬੀ ਯੂਨੀਵਰਸਿਟੀ ਨੇ ਮਨਾਇਆ ਸਥਾਪਨਾ ਦਿਵਸ

ਪਟਿਆਲਾ, 30 ਅਪ੍ਰੈਲ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦਾ ਸਥਾਪਨਾ ਦਿਵਸ ਇਸ ਵਾਰ 'ਦਸਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ' ਦੇ ਉਦਘਾਟਨ ਨਾਲ਼ ਮਨਾਇਆ ਗਿਆ। ਪੰਜਾਬੀ ਸਾਹਿਤ ਅਧਿਐਨ ਵਿਭਾਗ ਵੱਲੋਂ 'ਪੰਜਾਬੀ ਸਾਹਿਤ ਅਤੇ ਸਭਿਆਚਾਰ: ਸਥਿਤੀ ਤੇ ਸੰਭਾਵਨਾਵਾਂ' ਵਿਸ਼ੇ ਉੱਤੇ ਕਰਵਾਈ ਜਾ ਰਹੀ ਇਸ ਕਾਨਫ਼ਰੰਸ ਦੇ ਉਦਘਾਟਨੀ ਸਮਾਰੋਹ ਮੌਕੇ ਸਥਾਪਨਾ ਦਿਵਸ ਸਬੰਧੀ ਭਾਸ਼ਣ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਪ੍ਰੋ. ਬੀ. ਐੱਸ. ਘੁੰਮਣ ਵੱਲੋਂ ਦਿੱਤਾ ਗਿਆ। ਇਸ ਮੌਕੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਵੀਡੀਓ ਸੰਦੇਸ਼ ਰਾਹੀਂ ਆਪਣਾ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਕੋਲ਼ ਆਪਣੀ ਇੱਕ ਗੌਰਵਮਈ ਵਿਰਾਸਤ ਹੈ ਜਿਸ ਉੱਤੇ ਸਾਨੂੰ ਸਾਰਿਆਂ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀ ਬਿਹਤਰੀ ਲਈ ਹਰੇਕ ਅਧਿਆਪਕ ਦਾ ਫਰਜ਼ ਹੈ ਕਿ ਉਹ ਆਪਣੇ ਆਪਣੇ ਹਿੱਸੇ ਦੀ ਬਣਦੀ ਜ਼ਿੰਮੇਵਾਰੀ ਸੁਹਿਰਦਤਾ ਨਾਲ਼ ਨਿਭਾਵੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਵੀ ਪੰਜਾਬੀ ਯੂਨੀਵਰਸਿਟੀ ਦੀ ਮਹਾਨਤਾ ਨੂੰ ਸਮਝਦਿਆਂ ਇਸ ਤੋਂ ਲਾਭ ਉਠਾਉਣਾ ਚਾਹੀਦਾ ਹੈ। ਪ੍ਰੋ. ਬੀ. ਐੱਸ. ਘੁੰਮਣ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਪੰਜਾਬ ਨੂੰ ਜਿੰਨੇ ਵਿਦਵਾਨ ਪੰਜਾਬੀ ਯੂਨੀਵਰਸਿਟੀ ਨੇ ਦਿੱਤੇ ਹਨ ਓਨੇ ਸ਼ਾਇਦ ਹੀ ਕਿਸੇ ਹੋਰ ਅਦਾਰੇ ਨੇ ਦਿੱਤੇ ਹੋਣ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਅਗਾਂਹਵਧੂ ਵਿਚਾਰਾਂ ਅਤੇ ਨਵੀਂਆਂ ਪਹਿਲਕਦਮੀਆਂ ਦੀ ਨਰਸਰੀ ਹੈ। ਇਹ ਉਹ ਅਦਾਰਾ ਹੈ ਜਿੱਥੇ ਹਰ ਤਰ੍ਹਾਂ ਦੇ ਵਿਚਾਰਾਂ ਨੂੰ ਬਰਾਬਰ ਦੀ ਜਗ੍ਹਾ ਮਿਲਦੀ ਹੈ। ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਨੇ ਸਵਾਗਤੀ ਭਾਸ਼ਣ ਦੌਰਾਨ ਪੰਜਾਬੀ ਯੂਨੀਵਰਸਿਟੀ ਵੱਲੋਂ ਕੀਤੀ ਜਾ ਰਹੀਆਂ ਵੱਖ-ਵੱਖ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਅਕਾਦਮਿਕ ਅਤੇ ਪ੍ਰਬੰਧਨ ਪੱਖੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਉਠਾਏ ਜਾ ਰਹੇ ਵੱਖ-ਵੱਖ ਕਦਮਾਂ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੇ ਨਵੇਂ ਕੋਰਸਾਂ ਵਿੱਚ ਦਾਖ਼ਲ ਹੋਣ ਵਾਲ਼ੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਕੈਨੇਡਾ ਦੀ ਥਾਮਸਨ ਰਿਵਰਜ਼ ਯੂਨੀਵਰਸਿਟੀ ਤੋਂ ਪ੍ਰੋਫ਼ੈਸਰ ਅਮੈਰੀਟਸ ਪ੍ਰੋ. ਸੁਰਿੰਦਰ ਧੰਜਲ ਨੇ ਸਥਾਪਨਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਯੂਨੀਵਰਸਿਟੀ ਅਸਲ ਵਿੱਚ ਵਿਦਿਆਰਥੀਆਂ ਨਾਲ਼ ਹੀ ਬਣਦੀ ਹੈ। ਇਸ ਲਈ ਯੂਨੀਵਰਸਿਟੀਆਂ ਨੂੰ ਵਿਦਿਆਰਥੀ ਕੇਂਦਰਿਤ ਅਕਾਦਮਿਕ ਮਾਹੌਲ ਦੀ ਸਿਰਜਣਾ ਵੱਲ ਧਿਆਨ ਦੇਣਾ ਚਾਹੀਦਾ ਹੈ। ਕਾਨਫ਼ਰੰਸ ਦਾ ਮੁੱਖ-ਸੁਰ ਭਾਸ਼ਣ ਉੱਘੇ ਵਿਦਵਾਨ ਪ੍ਰੋ. ਤੇਜਵੰਤ ਸਿੰਘ ਗਿੱਲ ਵੱਲੋਂ ਦਿੱਤਾ ਗਿਆ। ਭਾਸ਼ਣ ਦੌਰਾਨ ਉਨ੍ਹਾਂ ਵੱਖ-ਵੱਖ ਖੇਤਰਾਂ ਵਿੱਚ ਕੀਤੇ ਆਪਣੇ ਕਾਰਜਾਂ ਦੇ ਹਵਾਲੇ ਨਾਲ਼ ਗੱਲ ਕੀਤੀ। ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਨੇ ਧੰਨਵਾਦੀ ਭਾਸ਼ਣ ਦੌਰਾਨ ਯੂਨਵਰਸਿਟੀ ਵਿਖੇ ਸਥਾਪਿਤ ਕੀਤੀ ਗਈ ਡਿਜੀਟਲਕਰਣ ਸਬੰਧੀ ਲੈਬ ਬਾਰੇ ਜਾਣਕਾਰੀ ਦਿੱਤੀ। ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਦਾ ਕਾਰਜ ਡੀਨ ਅਲੂਮਨੀ ਡਾ. ਗੁਰਮੁਖ ਸਿੰਘ ਅਤੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਦੇ ਮੁਖੀ ਡਾ. ਪਰਮੀਤ ਕੌਰ ਨੇ ਕੀਤਾ। ਜ਼ਿਕਰਯੋਗ ਹੈ ਕਿ ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਵੱਡੀ ਉਮਰ ਦੇ ਤਿੰਨ ਸਾਬਕਾ ਕਰਮਚਾਰੀਆਂ ਸ੍ਰੀ ਰਾਜਿੰਦਰ ਕੁਮਾਰ ਮਲਹੋਤਰਾ, ਡਾ. ਰਾਮ ਮੂਰਤੀ ਗੋਇਲ ਅਤੇ ਪ੍ਰੋ. ਕਿਰਪਾਲ ਕਜ਼ਾਕ ਨੂੰ ਸਨਮਾਨਿਤ ਵੀ ਕੀਤਾ ਗਿਆ।




# ਵਿਰਕ ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਹਲਕਾ ਪਟਿਆਲਾ ਦਿਹਾਤੀ ਦਾ ਕੁਆਰਡੀਨੇਟਰ ਲਗਾਇਆ



ਪਟਿਆਲਾ, 30 ਅਪ੍ਰੈਲ (ਚ.ਨ.ਸ.) : ਹਰਪਾਲ ਸਿੰਘ ਵਿਰਕ ਸਰਪੰਚ ਅਮਨ ਵਿਹਾਰ ਗ੍ਰਾਮ ਪੰਚਾਇਤ ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਡਾ. ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਵੱਲੋਂ ਹਲਕਾ ਪਟਿਆਲਾ ਦਿਹਾਤੀ ਦਾ ਕੋਆਰਡੀਨੇਟਰ ਲਗਾਇਆ ਹੈ । ਉਨ੍ਹਾਂ ਮੁੱਖ ਮੰਤਰੀ ਅਤੇ ਸਿਹਤ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਵਿਸ਼ਵਾਸ ਦਿਵਾਉਂਦੇ ਹਨ ਕਿ ਜੋ ਡਿਊਟੀ ਉਨ੍ਹਾਂ ਨੂੰ ਸੌਂਪੀ ਗਈ ਹੈ ਉਹ ਉਸ ਨੂੰ ਆਪਣੀ ਤਨਦੇਹੀ ਨਾਲ ਨਿਭਾਉਣਗੇ।

# ਕੁੱਟਮਾਰ ਸਬੰਧੀ ਮਾਮਲਾ ਦਰਜ

ਪਟਿਆਲਾ, 30 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਸਨੌਰ ਪੁਲਿਸ ਕੋਲ ਜਰਨੈਲ ਸਿੰਘ ਪੁੱਤਰ ਸੰਪੂਰਨ ਸਿੰਘ ਵਾਸੀ ਪਿੰਡ ਪੁਰ ਨੇ ਕਥਿਤ ਦੋਸ਼ੀਆਂ ਰਾਹੁਲ ਵਾਸੀ ਗਲੀ ਨੰ. 30 ਅਨੰਦ ਨਗਰ-ਬੀ ਤ੍ਰਿਪੜੀ, ਗੱਜੂ ਵਾਸੀ ਪਿੰਡ ਭਾਂਖਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਆਪਣੀਆ ਮੱਝਾਂ ਨੂੰ ਚਰਾਨ ਲਈ ਪਿੰਡ ਪੁਰ ਦੇ ਸੂਏ ਪੁਲ ਪਰ ਗਿਆ ਸੀ, ਜਿੱਥੇ ਉਕਤ ਕਥਿਤ ਦੋਸ਼ੀਆਂ ਨਾਲ ਮਾਮੂਲੀ ਤਕਰਾਰਬਾਜੀ ਹੋਣ ਕਾਰਨ ਦੋਸ਼ੀਆਂ ਨੇ ਉਸ ਦੀ ਘੇਰ ਕੇ ਕੁੱਟਮਾਰ ਕੀਤੀ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਅਣਪਛਾਤੇ ਵਿਅਕਤੀ ਦੀ ਰੇਲ ਗੱਡੀ ਦੀ ਚਪੇਟ 'ਚ ਆਉਣ ਕਾਰਨ ਮੌਤ

ਪਟਿਆਲਾ, 30 ਅਪ੍ਰੈਲ (ਚ.ਨ.ਸ.) : ਇੱਕ ਅਪਣਪਛਾਤੇ ਵਿਅਕਤੀ ਦੀ ਰੇਲ ਗੱਡੀ ਦੀ ਚਪੇਟ 'ਚ ਆਉਣ ਕਾਰਨ ਮੌਤ ਹੋ ਗਈ ਹੈ ਤੇ ਉਸਦੀ ਲਾਸ਼ ਨੂੰ ਰਾਜਿੰਦਰਾ ਹਸਪਤਾਲ ਦੀ ਮੋਰਚਰੀ ਵਿਚ ਰਖਵਾਇਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜੀ.ਆਰ.ਪੀ. ਪਟਿਆਲਾ ਦੇ ਏ.ਐਸ.ਆਈ. ਕਰਨੈਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਉਮਰ ਕਰੀਬ 60-65 ਸਾਲ, ਦਾੜੀ ਕੱਟੀ ਹੋਈ, ਰੰਗ ਸਾਂਵਲਾ ਤੇ ਸਰੀਰ ਪਤਲਾ ਹੈ। ਉਸਨੇ ਚੈਕਦਾਰ ਨੀਲਾ ਪਰਨਾ ਬੰਨ੍ਹਿਆ ਹੈ ਤੇ ਅਸਮਾਨੀ ਕੁੜਤਾ ਪਜਾਮਾ ਪਾਇਆ ਹੈ। ਇਸ ਸਬੰਧੀ ਥਾਣਾ ਜੀ.ਆਰ.ਪੀ. ਪਟਿਆਲਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ, ਤਾਂ ਜੋ ਇਸ ਦੇ ਸਕੇ ਸਬੰਧੀ ਲਾਸ਼ ਲੈ ਕੇ ਅੰਤਿਮ ਰਸਮਾਂ ਪੂਰੀਆਂ ਕਰ ਸਕਣ।

